# ਗੁਰੂ ਗੋਬਿੰਦ ਸਿੰਘ

(ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ-ਚਿੰਨ)

## *ਇਕ ਸਰਵੇਖਣ*

ਗੁਰਬਚਨ ਸਿੰਘ ਨਈਅਰ
ਸੁਖਦਿਆਲ ਸਿੰਘ

ਪੰਜਾਬ ਇਤਿਹਾਸ ਅਧਿਐਨ ਵਿਭਾਗ
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਗੁਰੂ ਗੋਬਿੰਦ ਸਿੰਘ

## ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ-ਚਿੰਨ

## ਇਕ ਸਰਵੇਖਣ

ਗੁਰਬਚਨ ਸਿੰਘ ਨਈਅਰ
ਸੁਖਦਿਆਲ ਸਿੰਘ

ਪੰਜਾਬ ਇਤਿਹਾਸ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
1989

ਪਹਿਲੀ ਵਾਰ : 1100 ਕਾਪੀਆਂ
ਮਾਰਚ, 1989

ਸ੍ਰ. ਤੀਰਥ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ
ਅਤੇ ਯੂਨੀਵਰਸਿਟੀ ਪ੍ਰੈਸ, ਪਟਿਆਲਾ ਦੁਆਰਾ ਮੁਦ੍ਰਿਤ ।

# ਤੱਤਕਰਾ

# ਮੁੱਖ-ਬੰਧ

ਪੰਜਾਬ ਇਤਿਹਾਸ ਅਧਿਐਨ ਵਿਭਾਗ ਦਾ ਮੁੱਖ ਉਦੇਸ਼ ਪੰਜਾਬ ਦੇ ਇਤਿਹਾਸ ਦੀ ਖੋਜ ਹੈ । ਇਸ ਉਦੇਸ਼ ਦੀ ਪੂਰਤੀ ਲਈ ਬਹੁ-ਪੱਖੀ ਯੋਜਨਾਵਾਂ ਬਣਾਈਆਂ ਗਈਆਂ ਹਨ । ਇਨ੍ਹਾਂ ਯੋਜਨਾਵਾਂ ਵਿਚ ਦਸ ਗੁਰੂ ਸਾਹਿਬਾਨ ਦੀਆਂ ਯਾਤਰਾਵਾਂ ਦਾ ਸਥਾਨਕ ਪਰੰਪਰਾਵਾਂ ਦੇ ਆਧਾਰ ਤੇ ਸਰਵੇਖਣ ਕਰਾਉਣ ਦੀ ਵੀ ਯੋਜਨਾ ਸ਼ਾਮਲ ਹੈ । ਇਸ ਯੋਜਨਾ ਅਧੀਨ ਪਹਿਲਾਂ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਯਾਤਰਾਵਾਂ ਦਾ ਸਰਵੇਖਣ ਕਰਵਾਇਆ ਗਿਆ ਜੋ ਪੁਸਤਕ ਦੇ ਰੂਪ ਵਿਚ ਪਾਠਕਾਂ ਦੇ ਸਾਹਮਣੇ ਆ ਚੁੱਕਿਆ ਹੈ ਅਤੇ ਹੁਣ ਗੁਰੂ ਗੋਬਿੰਦ ਸਿੰਘ ਜੀ ਦੀਆਂ ਯਾਤਰਾਵਾਂ ਦਾ ਸਰਵੇਖਣ ਪੂਰਾ ਕਰ ਕੇ 'ਗੁਰੂ ਗੋਬਿੰਦ ਸਿੰਘ—ਯਾਤਰਾ ਅਸਥਾਨ, ਪਰੰਪਰਾਵਾਂ ਅਤੇ ਯਾਦ ਚਿੰਨ' ਦੇ ਸਿਰਲੇਖ ਅਧੀਨ ਇਹ ਪੁਸਤਕ ਤਿਆਰ ਕੀਤੀ ਗਈ ਹੈ ।

ਲੱਗਭਗ ਸਾਰੇ ਭਾਰਤ ਦੀ ਪਾਵਨ ਸਰ ਜ਼ਮੀਨ ਨੂੰ ਸਿੱਖ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਹੈ । ਇਸ ਦੀ ਯਾਦ ਅੱਜ ਵੀ ਕਈ ਅਸਥਾਨਾਂ ਤੇ ਉਸਾਰੇ ਗਏ ਗੁਰਧਾਮਾਂ ਤੋਂ ਸਜੀਵ ਹੁੰਦੀ ਹੈ । ਮੈਨੂੰ ਬਹੁਤ ਪ੍ਰਸੰਨਤਾ ਹੈ ਕਿ ਪੰਜਾਬੀ ਯੂਨੀਵਰਸਿਟੀ ਦੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਨੇ ਸਿੱਖ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਗਈ ਯਾਤਰਾ ਅਸਥਾਨਾਂ, ਪਰੰਪਰਾਵਾਂ ਅਤੇ ਯਾਦ ਚਿੰਨਾਂ ਦੀ ਵੱਡਮੁੱਲੀ ਵਰਾਸਤ ਨੂੰ ਸੰਭਾਲ ਕੇ ਰੱਖਣ ਦੇ ਉਪਰਾਲੇ ਆਰੰਭ ਕੀਤੇ ਹਨ । ਇਹ ਪੁਸਤਕ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਸੰਬੰਧਤ ਪਾਵਨ ਅਸਥਾਨਾਂ, ਉਨ੍ਹਾਂ ਨਾਲ ਜੁੜੀਆਂ ਸਥਾਨਕ ਪਰੰਪਰਾਵਾਂ ਅਤੇ ਅਭੁੱਲ ਯਾਦਾਂ ਦਾ ਇਤਿਹਾਸਕ ਮੁਲਾਂਕਣ ਕਰਦੀ ਹੈ । ਇਸ ਪੁਸਤਕ ਦੀ ਵਿਲੱਖਣਤਾ ਕਈਆਂ ਗੱਲਾਂ ਵਿਚ ਨਿੱਖਰ ਕੇ ਸਾਡੇ ਸਾਹਮਣੇ ਆਉਂਦੀ ਹੈ ਜਿਸ ਵਿਚ ਪ੍ਰਥਮ ਦਰਜਾ ਇਸ ਗੱਲ ਦਾ ਹੈ ਕਿ ਸਥਾਨਕ ਪਰੰਪਰਾਵਾਂ ਦੇ ਸਰਵੇਖਣ ਦੇ ਫਲ-ਸਰੂਪ ਇਸ ਪੁਸਤਕ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀਆਂ ਕਈ ਪੀਡੀਆਂ ਗੰਢਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਗਿਆ ਹੈ । ਨਿਸਚੇ ਹੀ ਇਹ ਪੁਸਤਕ ਦਸਵੇਂ ਗੁਰੂ ਸਾਹਿਬ ਦੇ ਜੀਵਨ ਤੇ ਸ਼ਖਸੀਅਤ ਸੰਬੰਧੀ ਇਕ ਨਵੇਂ ਇਤਿਹਾਸਕ ਸੋਮੇ ਦੀ ਮਹੱਤਤਾ ਦਰਸਾਉਂਦੀ ਹੈ ।

ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਯਾਤਰਾਵਾਂ ਦਾ ਘੇਰਾ ਬਹੁਤ ਵਿਸ਼ਾਲ ਹੈ ਅਤੇ ਇਹ ਆਧੁਨਿਕ ਪੰਜਾਬ ਦੇ ਮੋਟੇ ਮੋਟੇ ਖੇਤਰਾਂ ਜਿਵੇਂ ਰੋਪੜ, ਲੁਧਿਆਣਾ, ਫ਼ਰੀਦਕੋਟ, ਸੰਗਰੂਰ, ਬਠਿੰਡਾ ਆਦਿ ਤੱਕ ਹੀ ਸੀਮਤ ਨਹੀਂ ਸਗੋਂ ਹਰਿਆਣਾ ਹਿਮਾਚਲ ਪ੍ਰਦੇਸ਼, ਦਿੱਲੀ, ਉੱਤਰ-ਪ੍ਰਦੇਸ਼, ਬਿਹਾਰ, ਰਾਜਸਥਾਨ, ਮੱਧ ਪ੍ਰਦੇਸ਼, ਮਹਾਰਾਸ਼ਟਰਾ ਆਦਿ ਦੇ ਖੇਤਰਾਂ ਤੱਕ ਵਿਸਤ੍ਰਿਤ ਹੈ ਪਰੰਤੂ ਗੌਰਵ ਵਾਲੀ ਗੱਲ ਇਹ ਹੈ ਕਿ ਮਾਲਵੇ ਦੀ ਧਰਤੀ, ਜਿਸ ਵਿਚ ਅਸੀਂ ਵਿਚਰ ਰਹੇ ਹਾਂ, ਨੂੰ ਗੁਰੂ ਸਾਹਿਬ ਨੇ ਵਿਸ਼ੇਸ਼ ਮਹਾਨਤਾ ਦਾ ਪਾਤਰ ਬਣਾਇਆ । ਗੁਰੂ ਸਾਹਿਬ ਅਤੇ ਸਿੰਘਾਂ ਪ੍ਰਤੀ ਸਰਕਾਰ ਵੱਲੋਂ ਛੇੜੇ ਗਏ ਖੁਲ੍ਹ-ਮਖੁਲ੍ਹੇ ਸੰਘਰਸ਼ ਵਿਚ ਮਾਲਵੇ ਦੀ ਧਰਤੀ ਦੇ ਵਸਨੀਕਾਂ ਦਾ ਇਕ ਵੱਡਾ ਅਤੇ ਮਹੱਤਵਪੂਰਨ ਯੋਗਦਾਨ ਹੈ । ਗੁਰੂ ਸਾਹਿਬ ਵੱਲੋਂ ਬਾਦਸ਼ਾਹ ਔਰੰਗਜ਼ੇਬ ਨੂੰ ਕਾਂਗੜ ਤੋਂ ਲਿਖਿਆ ਗਿਆ ਪੱਤਰ ਜੋ 'ਜ਼ਫ਼ਰਨਾਮਾ' ਦੇ ਨਾਮ ਨਾਲ ਪ੍ਰਸਿੱਧ ਹੋਇਆ ਇਸ ਕਥਨ ਦੀ ਸ਼ਾਹਦੀ ਭਰਦਾ ਹੈ ਕਿ ਗੁਰੂ ਸਾਹਿਬ ਨੂੰ ਮਾਲਵੇ ਦੇ ਵਸਨੀਕਾਂ ਉਤੇ ਅਤਿਅੰਤ ਭਰੋਸਾ ਸੀ :

که تشریف در قصبه کانگڑ کند — وزاں پس ملاقات باہم شود

نه ذره دریں راه خطره تراست — ہمه قوم برار حکم تراست

ਆਸ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਸੰਬੰਧੀ 'ਸਥਾਨਕ ਪਰੰਪਰਾਵਾਂ ਦੇ ਆਧਾਰ ਤੇ ਇਸ ਪੁਸਤਕ ਵਿਚ ਦਿੱਤੀ ਗਈ ਜਾਣਕਾਰੀ ਸਿੱਖ ਇਤਿਹਾਸ ਦੀ ਇਸ ਨਾਜ਼ਕ ਤੇ ਨਿਰਣਾਜਨਕ ਖੋਜ ਨੂੰ ਇਕ ਨਵੀਂ ਸੇਧ ਪ੍ਰਦਾਨ ਕਰੇਗੀ।

ਭਗਤ ਸਿੰਘ
ਵਾਈਸ-ਚਾਂਸਲਰ

# ਭੂਮਿਕਾ

ਸੰਨ 1975 ਈ. ਵਿਚ ਗੁਰੂ ਤੇਗ ਬਹਾਦਰ ਜੀ ਦੇ ਤੀਜੇ ਸ਼ਹੀਦੀ ਸ਼ਤਾਬਦੀ ਸਮਾਰੋਹ ਦੇ ਸੰਬੰਧ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਵੱਲੋਂ ਸਿੱਖ ਗੁਰੂ ਸਾਹਿਬਾਨ ਦੀਆਂ ਯਾਤਰਾਵਾਂ ਦੇ ਸਰਵੇਖਣ ਦੀ ਇਕ ਨਵੀਂ ਬਹੁ-ਪੱਖੀ ਯੋਜਨਾ ਆਰੰਭ ਕੀਤੀ ਗਈ ਸੀ। ਇਸ ਦਾ ਮਨੋਰਥ ਇਹ ਸੀ ਕਿ ਗੁਰੂ ਸਾਹਿਬਾਨ ਦੀਆਂ ਯਾਤਰਾਵਾਂ ਨਾਲ ਸੰਬੰਧਤ ਸਥਾਨਕ ਰਵਾਇਤਾਂ ਨੂੰ ਇਕੱਤਰ ਕੀਤਾ ਜਾਵੇ ਅਤੇ ਲਿਖਤੀ ਰੂਪ ਵਿਚ ਸਿੱਖ ਇਤਿਹਾਸ ਦੇ ਵਿਦਿਆਰਥੀਆਂ ਲਈ ਇਕ ਨਵਾਂ ਸੋਮਾ ਸਾਹਮਣੇ ਲਿਆਂਦਾ ਜਾਵੇ। ਇਤਿਹਾਸ ਦੋ ਮੁੱਖ ਰੂਪਾਂ ਵਿਚ ਸਾਂਭਿਆ ਜਾਂਦਾ ਹੈ। ਇਕ ਰੂਪ ਹੈ ਲਿਖਤੀ ਸਰੋਤ ਅਤੇ ਦੂਜਾ ਰੂਪ ਹੈ ਅਲਿਖਤ ਸੋਮੇਂ। ਅਲਿਖਤ ਸੋਮਿਆਂ ਵਿਚ ਪੀੜ੍ਹੀ ਦਰ ਪੀੜ੍ਹੀ ਚਲੀਆਂ ਆ ਰਹੀਆਂ ਜ਼ਬਾਨੀ ਗੱਲਾਂ, ਯਾਦਾਂ ਅਤੇ ਲੋਕ ਗੀਤ ਹੁੰਦੇ ਹਨ। ਇਹੀ ਗੱਲਾਂ ਅਤੇ ਯਾਦਾਂ ਹੌਲੀ ਹੌਲੀ ਰਵਾਇਤਾਂ ਜਾਂ ਪਰੰਪਰਾਵਾਂ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਇਸ ਪ੍ਰਕਾਰ ਪਰੰਪਰਾਵਾਂ ਅਲਿਖਤ ਇਤਿਹਾਸ ਦਾ ਇਕ ਪ੍ਰਮੁੱਖ ਸੋਮਾ ਬਣ ਕੇ ਸਾਹਮਣੇ ਆਉਂਦੀਆਂ ਹਨ। ਅੰਗਰੇਜ਼ ਇਤਿਹਾਸਕਾਰ ਪਾਲ ਥੌਂਪਸਨ ਨੇ ਆਪਣੀ ਰਚਨਾ 'ਦਾ ਵਾਇਸ ਆਫ ਦਾ ਪਾਸਟ : ਓਰਲ ਹਿਸਟਰੀ' (ਆਕਸਫੋਰਡ ਯੂਨੀਵਰਸਿਟੀ ਪ੍ਰੈਸ, ਪੰਨਾ 54) ਵਿਚ ਇਨ੍ਹਾਂ ਹੀ ਪਰੰਪਰਾਵਾਂ ਨੂੰ ਮੌਖਿਕ ਇਤਿਹਾਸ ਦਾ ਨਾਂ ਦਿੱਤਾ ਹੈ। ਉਹ ਲਿਖਦਾ ਹੈ ਕਿ ਮੌਖਿਕ ਇਤਿਹਾਸ ਦੀ ਸਥਾਪਨਾ ਇਤਿਹਾਸਕ ਦਸਤਾਵੇਜ਼ੀਕਰਨ ਦੀ ਆਧੁਨਿਕ ਤਕਨੀਕ ਵਜੋਂ 1948 ਈ. ਵਿਚ ਉਸ ਸਮੇਂ ਹੋਈ ਜਦੋਂ ਕੋਲੰਬੀਆ ਯੂਨੀਵਰਸਿਟੀ ਦੇ ਇਤਿਹਾਸਕਾਰ ਪ੍ਰੋਫ਼ੈਸਰ ਐਲਨ ਨੇਵਨ ਨੇ ਅਮਰੀਕੀ ਜੀਵਨ ਵਿਚੋਂ ਕੁਝ ਮਹੱਤਵਪੂਰਨ ਵਿਅਕਤੀਆਂ ਦੀਆਂ ਯਾਦਾਂ ਨੂੰ ਅੰਕਿਤ ਕਰਨਾ ਆਰੰਭਿਆ। ਪ੍ਰੋਫ਼ੈਸਰ ਐਲਨ ਨੇਵਨ ਇਸ ਨੂੰ ਸਪਸ਼ਟ ਰੂਪ ਦਿੰਦਿਆਂ ਹੋਇਆਂ ਲਿਖਦਾ ਹੈ ਕਿ ਕਿਸੇ ਕੌਮ ਦਾ ਇਤਿਹਾਸ ਉਸਦੇ ਵਿਧਾਨ ਮੰਡਲ ਜਾਂ ਜੰਗ ਦੇ ਮੈਦਾਨਾਂ ਵਿਚ ਨਹੀਂ ਸਗੋਂ ਇਹ ਲੋਕਾਂ ਦੀਆਂ ਚੰਗੇ ਮਾੜੇ ਦਿਨਾਂ ਵਿਚ ਇਕ ਦੂਸਰੇ ਨਾਲ ਕੀਤੀਆਂ ਗੱਲਾਂ, ਯਾਤਰਾਵਾਂ ਅਤੇ ਜਾਨਣ ਵਾਲੇ ਢੰਗਾਂ ਵਿਚ ਸਮੋਇਆ ਹੋਇਆ ਹੈ।

ਇਸ ਪ੍ਰਕਾਰ ਯੂਰਪੀਅਨ ਇਤਿਹਾਸਕਾਰਾਂ ਨੇ ਰਵਾਇਤ ਨੂੰ ਜਾਂ ਮੂੰਹੋਂ ਮੂੰਹੀਂ ਚਲੀ ਆ ਰਹੀ ਯਾਦ ਨੂੰ ਇਤਿਹਾਸ ਦੇ ਇਕ ਅਲਿਖਤ ਸੋਮੇਂ ਦੇ ਤੌਰ ਉਤੇ ਮਹੱਤਤਾ ਦਿੱਤੀ ਹੈ। ਸਿੱਖ ਇਤਿਹਾਸ ਵਿਚ ਤਾਂ ਰਵਾਇਤ ਦੀ ਮਹੱਤਤਾ ਹੋਰ ਵੀ ਜ਼ਿਆਦਾ ਹੈ ਕਿਉਂਕਿ ਹੁਣ ਤੱਕ ਜਿੰਨਾ ਵੀ ਸਿੱਖ ਇਤਿਹਾਸ ਗੁਰਮੁਖੀ ਸੋਮਿਆਂ ਵਿਚ ਲਿਖਿਆ ਮਿਲਦਾ ਹੈ ਉਹ ਤਕਰੀਬਨ ਸਾਰੇ ਦਾ ਸਾਰਾ ਹੀ ਰਵਾਇਤਾਂ ਜਾਂ ਬਜ਼ੁਰਗਾਂ ਕੋਲੋਂ ਸੁਣੀਆਂ ਸੁਣਾਈਆਂ ਗੱਲਾਂ ਉਤੇ ਹੀ ਆਧਾਰਤ ਹੈ। ਅਸੀਂ ਅਜੇ ਤੱਕ ਸਿੱਖ ਇਤਿਹਾਸ ਵਿਚ ਅਲਿਖਤੀ ਸੋਮੇਂ ਜਾਂ ਰਵਾਇਤ ਨੂੰ ਕੋਈ ਵਿਦਵਤਾ ਭਰੀ ਤਰਤੀਬ ਨਹੀਂ ਦੇ ਸਕੇ। ਇਸ ਲਈ ਸਾਨੂੰ ਇਤਿਹਾਸ ਦੇ ਅਲਿਖਤੀ ਸੋਮੇਂ ਜਾਂ ਰਵਾਇਤਾਂ ਨੂੰ ਉਸਾਰੂ ਸੋਚ ਅਨੁਸਾਰ ਲੈਣਾ ਚਾਹੀਦਾ ਹੈ। ਲੋਕ-ਯਾਦਾਂ ਜਾਂ ਰਵਾਇਤਾਂ ਜਾਂ ਪਰੰਪਰਾਵਾਂ ਦਾ ਤਾਤਪਰਜ ਲੱਗਭਗ ਇਕੋ ਹੀ ਹੈ। 'ਪਰੰਪਰਾ' ਸ਼ਬਦ ਤੋਂ ਰਵਾਇਤ, ਪਿਤਾ-ਪੁਰਖੀ ਲੀਹ ਜਾਂ ਕਲਾ ਸਿਧਾਂਤ ਦਾ ਸੰਕੇਤ ਮਿਲਦਾ ਹੈ। ਪਰੰਪਰਾ ਤੋਂ ਭਾਵ ਹੈ ਪੀੜ੍ਹੀ-ਦਰ-ਪੀੜ੍ਹੀ ਜਾਂ

ਪੁਸ਼ਤ-ਦਰ-ਪੁਸ਼ਤ ਕਿਸੇ ਵਿਸ਼ਵਾਸ, ਅਭਿਆਸ, ਕਿੱਸਾ-ਕਹਾਣੀ, ਪ੍ਰਸੰਗ ਆਦਿ ਦਾ ਅਲਿਖਤ ਸੰਚਾਰਣ ਜਾਂ ਇਕ ਥਾਂ ਤੋਂ ਦੂਜੇ ਥਾਂ ਪੁੱਜਣ ਦੀ ਕ੍ਰਿਆ। ਅਲਿਖਤ ਜਾਂ ਮੌਖਿਕ ਰਵਾਇਤਾਂ ਭੂਤਕਾਲ ਸੰਬੰਧੀ ਵਿਵਰਣਤ ਕਥਨ ਹਨ ਜੋ ਉਪਲਬਧ ਸ਼ਬਦੀ ਪ੍ਰਮਾਣ ਜਾਂ ਸ਼ਾਹਦੀ ਦਾ ਸੁਮੇਲ ਹਨ (ਜਾਨ ਵੈਨਸੀਨਾ, ਓਰਲ ਟਰੈਡੀਸ਼ਨ : ਏ ਸਟੱਡੀ ਇਨ ਹਿਸਟਾਰੀਕਲ ਮੈਥਡਾਲੋਜੀ, ਗਰੇਟ ਬ੍ਰਿਟੇਨ. 1973, ਪੰਨਾ 19)। ਸ਼ਬਦੀ ਰਵਾਇਤ ਅਸਲ ਵਿਚ ਰਾਸ਼ਟਰੀ ਪਰੰਪਰਾ ਹੈ ਜੋ ਜਨ ਕਥਨਾਂ—ਮਨੁੱਖਾਂ, ਤੀਵੀਆਂ ਅਤੇ ਬੱਚਿਆਂ ਦੇ ਮੂੰਹਾਂ ਵਿਚ ਖਿਲਰੀ ਪਈ ਹੈ।

ਆਮ ਤੌਰ ਤੇ ਪਰੰਪਰਾ ਨੂੰ ਦੋ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੀ ਉਹ ਜਿਸ ਵਿਚ ਅਜਿਹੇ ਸੋਮੇਂ ਅਤੇ ਸਾਧਨ ਆਉਂਦੇ ਹਨ ਜਿਨ੍ਹਾਂ ਦੇ ਪਿਛੋਕੜ ਨੂੰ ਕਿਸੇ ਵਿਸ਼ੇਸ਼ ਵਿਅਕਤੀ ਤੱਕ ਉਲੀਕਿਆ ਜਾ ਸਕੇ ਅਤੇ ਜੋ ਕਿਸੇ ਨਿਸਚਿਤ ਮਨੋਰਥ ਨੂੰ ਮੁੱਖ ਰੱਖਦਿਆਂ ਹੋਇਆਂ ਸੰਚਾਰਣ ਵਿਚ ਲਿਆਂਦੇ ਗਏ ਹੋਣ ਭਾਵੇਂ ਉਹ ਅਛੋਹ ਅਤੇ ਸੁਰੱਖਿਅਤ ਰੂਪ ਵਿਚ ਸੁਰਜੀਵ ਤੁਰੇ ਆ ਰਹੇ ਹੋਣ ਜਾਂ ਸੰਚਾਰਣ ਦੇ ਅਮਲ ਵਿਚ ਭੰਨ ਤੋੜ ਉਪਰੰਤ ਵਿਰੂਪ ਕਰ ਦਿੱਤੇ ਗਏ ਹੋਣ। ਦੂਜੀ ਉਹ ਜਿਸ ਵਿਚ ਉਹ ਸਮੂਹ ਸੋਮੇਂ ਆਉਂਦੇ ਹਨ ਜਿਨ੍ਹਾਂ ਤੋਂ ਨਿਜੀ ਉਤਪਾਦਕਤਾ ਉਲੀਕੀ ਨਾ ਜਾ ਸਕੇ ਅਤੇ ਜੋ ਆਪਣੇ ਆਪ ਰੂਪਮਾਨ ਹੋਏ ਹੋਣ। ਇਸ ਕਿਸਮ ਵਿਚ ਗਲਪ, ਕਥਾ, ਕਲਪਿਤ ਜਾਂ ਮਿਥਿਹਾਸਕ ਕਿੱਸਾ-ਕਹਾਣੀ ਆਦਿ ਪ੍ਰਸੰਗ, ਅਖਾਉਤਾਂ ਅਤੇ ਲੋਕ ਗੀਤ ਆਉਂਦੇ ਹਨ। ਅਜਿਹੀਆਂ ਸਮੂਹ ਅਗਿਆਤ ਜਾਂ ਗੁਮਨਾਮ ਅਲਿਖਤ ਰਵਾਇਤਾਂ ਦਾ ਸੰਚਾਰਣ ਲਗਾਤਾਰ ਅਤੇ ਸੁਭਾਵਕ ਹੀ ਹੁੰਦਾ ਰਹਿੰਦਾ ਹੈ।

ਅਲਿਖਤ ਜਾਂ ਮੌਖਿਕ ਰਵਾਇਤਾਂ ਭੂਤਕਾਲ ਨੂੰ ਮੁੜ ਉਸਾਰਣ ਹਿੱਤ ਪ੍ਰਯੋਗ ਵਿਚ ਲਿਆਂਦੇ ਜਾਣ ਵਾਲੇ ਸੁਖਾਵੇਂ ਉਪਲਬਧ ਵਸੀਲੇ ਹਨ। ਮੌਖਿਕ ਪਰੰਪਰਾਵਾਂ ਬਹੁਤ ਸਾਰੇ ਲਿਖਤੀ ਸਾਧਨਾਂ ਦਾ ਮੂਲ ਮੰਨੀਆਂ ਜਾਂਦੀਆਂ ਹਨ ਪਰੰਤੂ ਇਹ ਅਤੀ ਜ਼ਰੂਰੀ ਹੈ ਕਿ ਇਨ੍ਹਾਂ ਦੀ ਪ੍ਰਮਾਣਿਕਤਾ ਦਾ ਮੁਲਾਂਕਣ ਕਰਨ ਸਮੇਂ ਸਾਵਧਾਨੀ ਅਤੇ ਚੇਤੰਨਤਾ ਤੋਂ ਕੰਮ ਲਿਆ ਜਾਵੇ। ਇਕ ਵਾਰ ਕਿਸੇ ਪਰੰਪਰਾ ਦੀ ਗਵਾਹੀ ਨੂੰ ਚੰਗੀ ਤਰ੍ਹਾਂ ਸਮਝ ਲੈਣ ਉਪਰੰਤ ਅਸੀਂ ਉਸ ਰਵਾਇਤ ਸੰਬੰਧੀ ਉਪਲਬਧ ਪ੍ਰਮਾਣਾਂ ਦੀ ਤੁਲਨਾ ਦੁਆਰਾ ਆਲੋਚਨਾਤਮਕ ਅਧਿਐਨ ਜਾਂ ਵਿਸ਼ਲੇਸ਼ਣ ਦੇ ਅੰਤਮ ਪੜਾ ਉਤੇ ਪੁੱਜ ਸਕਦੇ ਹਾਂ। ਇਸ ਪ੍ਰਕਾਰ ਅਸੀਂ ਰਵਾਇਤਾਂ ਜਾਂ ਮੌਖਿਕ ਗਵਾਹੀਆਂ ਨੂੰ ਵਰਤ ਕੇ ਸੁਚੱਜੇ ਅਤੇ ਸ਼ਲਾਘਾਯੋਗ ਸਿੱਟੇ ਕੱਢ ਸਕਦੇ ਹਾਂ।

ਸਿੱਖ ਇਤਿਹਾਸ ਦੇ ਮੂਲ ਗੁਰਮੁਖੀ ਸੋਮਿਆਂ ਨੂੰ ਪੜ੍ਹਦਿਆਂ ਸਾਡੇ ਸਾਹਮਣੇ ਚਮਤਕਾਰ ਜਾਂ ਕਰਾਮਾਤਾਂ ਭਰਪੂਰ ਘਟਨਾਵਾਂ ਆਮ ਤੌਰ ਤੇ ਆਉਂਦੀਆਂ ਹਨ। ਇਸਦਾ ਇਕ ਕਾਰਣ ਮੁੱਖ ਤੌਰ ਉਤੇ ਇਹੀ ਹੈ ਕਿ ਸਿੱਖ ਇਤਿਹਾਸ ਦੇ ਗੁਰਮੁਖੀ ਸਰੋਤਾਂ ਦਾ ਮੁੱਖ ਆਧਾਰ ਰਵਾਇਤਾਂ, ਪਰੰਪਰਾਵਾਂ ਜਾਂ ਮੂੰਹੋਂ-ਮੂੰਹੀਂ ਤੁਰੀਆਂ ਆ ਰਹੀਆਂ ਲੋਕ-ਕਥਾਵਾਂ ਹਨ। ਸਿੱਖ ਗੁਰੂ ਸਹਿਬਾਨ ਨੇ ਇਕ ਅਜਿਹੇ ਸਮੇਂ ਵਿਚ ਲੋਕਾਂ ਵਿਚ ਸਿੱਖ ਧਰਮ ਦੇ ਰੂਪ ਵਿਚ ਮਨੁੱਖੀ ਸ਼ਖਸੀਅਤ ਨੂੰ ਸਰਬ ਪੱਖਾਂ ਤੋਂ ਕਾਬਲ ਬਣਾਉਣ ਲਈ ਪ੍ਰਚਾਰ ਦੇ ਦੌਰੇ ਆਰੰਭੇ ਜਿਹੜਾ ਸਮਾਂ ਵਹਿਮਾਂ, ਭਰਮਾਂ, ਫੋਕੇ ਰੀਤੀ-ਰਿਵਾਜਾਂ ਅਤੇ ਅੰਧ-ਵਿਸ਼ਵਾਸ਼ਾਂ ਵਿਚ ਗ੍ਰਸਿਆ ਪਿਆ ਸੀ। ਜਦੋਂ ਸਭ ਪਾਸੇ ਕੂੜ ਹੀ ਪ੍ਰਧਾਨ ਸੀ ਤਾਂ ਸਿੱਖ ਗੁਰੂ ਸਾਹਿਬਾਨ ਦੀ ਕਰਨੀ ਅਤੇ ਕਥਨੀ ਦੇ ਇਕਸਾਰ ਸੁਮੇਲ ਨੇ ਲੋਕਾਂ ਵਿਚ ਕਰਾਮਾਤਾਂ ਦਾ ਰੂਪ ਧਾਰਨ ਕਰ ਲਿਆ। ਇਹੀ ਕਰਾਮਾਤੀ ਰੂਪ ਹੌਲੀ ਹੌਲੀ ਲੋਕ-ਕਥਾਵਾਂ ਦਾ ਰੂਪ ਧਾਰ ਕੇ ਮਿਥਿਹਾਸ ਵੱਲ ਵਧਣਾ ਸ਼ੁਰੂ ਹੋ ਗਿਆ। ਕਰਾਮਾਤ ਜਾਂ ਚਮਤਕਾਰ ਦੀ ਬਹੁਲਤਾ ਹਮੇਸ਼ਾ ਹੀ ਮਿਥਿਹਾਸ ਵੱਲ ਜਾਂਦੀ ਹੈ। ਇਸ ਲਈ ਸਿੱਖ ਇਤਿਹਾਸ ਦੇ ਮੂਲ ਸੋਮਿਆਂ ਨੂੰ ਸਮਝਣ ਲਈ ਪਰਪਰਾ ਅਤੇ ਲੋਕ-ਕਥਾਵਾਂ ਨੂੰ ਸਮਝਣਾ ਅਤੀ ਜ਼ਰੂਰੀ ਹੈ।

ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਜਨਮ ਸਾਖੀਆਂ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਗੁਰ ਬਿਲਾਸ ਆਦਿ ਮੌਖਿਕ ਗਵਾਹੀਆਂ ਦੇ ਆਧਾਰ ਉਤੇ

ਹੀ ਲਿਖੇ ਹੋਏ ਗ੍ਰੰਥ ਹਨ। ਇਨ੍ਹਾਂ ਦੇ ਲੇਖਕਾਂ ਨੇ ਆਪਣੇ ਸਮੇਂ ਦੀਆਂ ਪ੍ਰਚੱਲਤ ਰਵਾਇਤਾਂ ਨੂੰ ਕਲਮ-ਬੰਦ ਕਰ ਕੇ ਸਾਡੇ ਤੱਕ ਪਹੁੰਚਾ ਦਿੱਤਾ ਹੈ। ਹੁਣ ਸਾਡਾ ਇਹ ਕਰਤਵ ਹੈ ਕਿ ਅਸੀਂ ਇਨ੍ਹਾਂ ਮੌਖਿਕ ਗਵਾਹੀਆਂ ਜਾਂ ਰਵਾਇਤਾਂ ਨੂੰ ਇਤਿਹਾਸ ਦੇ ਮੂਲ ਸੋਮੇ ਦੇ ਤੌਰ ਉਤੇ ਵਰਤੋਂ ਵਿਚ ਲਿਆਈਏ। ਇਹ ਇਸ ਗੱਲ ਉਤੇ ਨਿਰਭਰ ਕਰਦਾ ਹੈ ਕਿ ਸਾਡੀ ਸੂਝ-ਬੂਝ ਵਿਚ ਰਵਾਇਤ ਦੀ ਕਿੰਨੀ ਜਾਣਕਾਰੀ ਅਤੇ ਮਹੱਤਤਾ ਹੈ ਅਤੇ ਇਹ ਗੱਲ ਅਸੀਂ ਇਸ ਪੁਸਤਕ ਦੇ ਪਾਠਕਾਂ ਉਤੇ ਛੱਡਦੇ ਹਾਂ ਕਿਉਂਕਿ ਇਸ ਸਮੇਂ ਹੱਥਲੀ ਪੁਸਤਕ ਨੂੰ ਖੋਜ-ਜਗਤ ਵਿਚ ਪੇਸ਼ ਕਰਨ ਦਾ ਸਾਡਾ ਮਨੋਰਥ ਪਰੰਪਰਾ ਇਕੱਤਰ ਕਰਨ ਉਪਰੰਤ ਇਕ ਨਵਾਂ ਸਰੋਤ ਸਾਹਮਣੇ ਲਿਆਉਣਾ ਹੈ।

ਉਪਰੋਕਤ ਪੱਖ ਵੱਲ ਇਕ ਕਦਮ ਪੁੱਟਦੇ ਹੋਏ ਗੁਰੂ ਸਾਹਿਬਾਨ ਦੀਆਂ ਯਾਤਰਾਵਾਂ ਨਾਲ ਸੰਬੰਧਤ ਅਸਥਾਨਾਂ ਦੇ ਸਰਵੇਖਣ ਦੀ ਯੋਜਨਾ ਬਣਾਈ ਗਈ ਸੀ। ਇਸ ਯੋਜਨਾ ਦੇ ਮਨੋਰਥ ਅਧੀਨ ਹਰ ਥਾਂ ਉਤੇ ਜਾ ਕੇ ਉਥੋਂ ਦੇ ਬਜ਼ੁਰਗਾਂ ਅਤੇ ਵਿਦਵਾਨ ਪੁਰਸ਼ਾਂ ਨਾਲ ਗੱਲਾਂ ਬਾਤਾਂ ਕਰਨ ਉਪਰੰਤ ਗੁਰੂ ਸਾਹਿਬ ਨਾਲ ਸੰਬੰਧਤ ਸਥਾਨਕ ਰਵਾਇਤਾਂ ਬਾਰੇ ਜਾਣਕਾਰੀ ਹਾਸਲ ਕਰਨ ਦਾ ਵੱਡਮੁੱਲਾ ਉਪਰਾਲਾ ਕਰਨਾ ਸੀ : ਕਿਉਂਕਿ ਇਹ ਸਮਾਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਸ਼ਤਾਬਦੀ ਦਾ ਸਮਾਂ ਸੀ ਇਸ ਲਈ ਆਰੰਭ ਗੁਰੂ ਤੇਗ ਬਹਾਦਰ ਜੀ ਦੀਆਂ ਯਾਤਰਾਵਾਂ ਦੇ ਸਰਵੇਖਣ ਤੋਂ ਹੀ ਕੀਤਾ ਗਿਆ। ਇਸ ਸਰਵੇਖਣ ਦੀ ਇਕੱਤਰ ਕੀਤੀ ਪੂਰੀ ਸਮੱਗਰੀ, 'ਗੁਰੂ ਤੇਗ ਬਹਾਦਰ--ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ' ਪੁਸਤਕ ਵਿਚ ਪ੍ਰਕਾਸ਼ਤ ਕੀਤੀ ਜਾ ਚੁੱਕੀ ਹੈ।

ਇਸ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਦੀਆਂ ਯਾਤਰਾਵਾਂ ਦਾ ਸਰਵੇਖਣ ਆਰੰਭ ਕੀਤਾ ਗਿਆ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਪਿਛੋਂ ਕੇਵਲ ਗੁਰੂ ਗੋਬਿੰਦ ਸਿੰਘ ਜੀ ਹੀ ਅਜਿਹੇ ਗੁਰੂ ਸਨ ਜਿਹੜੇ ਭਾਰਤ ਵਿਚਲੀਆਂ ਦੂਰ ਦੁਰਾਡੀਆਂ ਥਾਂਵਾਂ ਤੱਕ ਗਏ ਸਨ। ਇਸ ਪੱਖ ਤੋਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਯਾਤਰਾਵਾਂ ਵੀ ਉਤਨੀਆਂ ਹੀ ਵਿਸ਼ਾਲ ਹਨ ਜਿੰਨੀਆਂ ਕਿ ਗੁਰੂ ਨਾਨਕ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਯਾਤਰਾ ਅਸਥਾਨ ਪੰਜਾਬ ਤੋਂ ਛੁੱਟ ਹਿਮਾਚਲ ਪ੍ਰਦੇਸ਼, ਹਰਿਆਣਾ, ਦਿੱਲੀ, ਉੱਤਰ-ਪ੍ਰਦੇਸ਼, ਬਿਹਾਰ, ਰਾਜਸਥਾਨ, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਵਰਗੇ ਵਿਸ਼ਾਲ ਰਾਜ ਵਿਚ ਸਥਿਤ ਹਨ।

ਗੁਰੂ ਜੀ ਦਾ ਜਨਮ ਪਟਣਾ ਸਾਹਿਬ (ਬਿਹਾਰ) ਵਿਚ ਹੋਇਆ ਅਤੇ ਉਮਰ ਦੇ ਪਹਿਲੇ ਪੰਜ ਛੇ ਸਾਲ ਉਥੇ ਹੀ ਗੁਜ਼ਰੇ। ਫਿਰ ਗੁਰੂ ਤੇਗ ਬਹਾਦਰ ਜੀ ਦੇ ਆਦੇਸ਼ ਅਨੁਸਾਰ ਬਾਲ ਗੋਬਿੰਦ ਜੀ ਨੂੰ ਬਾਕੀ ਦੇ ਪਰਿਵਾਰ ਸਮੇਤ ਪੰਜਾਬ ਬੁਲਾਇਆ ਗਿਆ। ਪਟਣਾ ਸਾਹਿਬ ਤੋਂ ਪੰਜਾਬ ਪਹੁੰਚਦਿਆਂ ਇਕ ਬਹੁਤ ਲੰਮੇ ਰਸਤ ਨੂੰ ਤਹਿ ਕਰਨਾ ਪੈਂਦਾ ਹੈ। ਇਸ ਰਸਤੇ ਵਿਚ ਅਨੇਕਾਂ ਥਾਵਾਂ ਜਿਨ੍ਹਾਂ ਦਾ ਇਸ ਪੁਸਤਕ ਦੇ ਇੰਦਰਾਜਾਂ ਵਿਚ ਵਿਸਥਾਰ ਪੂਰਬਕ ਹਾਲ ਦਿੱਤਾ ਗਿਆ ਹੈ ਅਜਿਹੀਆਂ ਹਨ ਜਿਨ੍ਹਾਂ ਨਾਲ ਬਾਲਕ ਗੋਬਿੰਦ ਜੀ ਦੇ ਪਰਿਵਾਰ ਸਮੇਤ ਆਉਣ ਦੀਆਂ ਰਵਾਇਤਾਂ ਜੁੜੀਆਂ ਹੋਈਆਂ ਹਨ।

ਸੰਨ 1675 ਈ: ਵਿਚ ਗੁਰਗੱਦੀ ਪ੍ਰਾਪਤ ਕਰਨ ਪਿਛੋਂ ਗੁਰੂ ਗੋਬਿਦ ਸਿੰਘ ਜੀ ਆਨੰਦਪੁਰ ਸਾਹਿਬ ਤੋਂ ਪਾਉਂਟਾ ਸਾਹਿਬ ਗਏ ਅਤੇ ਕੁਝ ਸਮੇਂ ਪਿੱਛੋਂ ਆਨੰਦਪੁਰ ਸਾਹਿਬ ਵਾਪਸ ਪਰਤ ਆਏ। ਇਸ ਆਉਣ ਅਤੇ ਜਾਣ ਦੇ ਰਸਤੇ ਵਿਚ ਅਨੇਕਾਂ ਥਾਂਵਾਂ ਅਜਿਹੀਆਂ ਹਨ ਜਿਨ੍ਹਾਂ ਬਾਰੇ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਗੁਰੂ ਜੀ ਇਨ੍ਹਾਂ ਸਫ਼ਰਾਂ ਸਮੇਂ ਇਨ੍ਹਾਂ ਥਾਂਵਾਂ ਉਤੇ ਠਹਿਰੇ ਸਨ। ਆਨੰਦਪੁਰ ਸਾਹਿਬ ਵਿਖੇ ਰਹਿੰਦਿਆਂ ਹੋਇਆਂ ਇਥੋਂ ਦੇ ਆਲੇ ਦੁਆਲੇ ਦੇ ਇਲਾਕੇ ਵਿਚ ਅਨੇਕਾਂ ਥਾਂਵਾਂ ਉਤੇ ਗੁਰੂ ਜੀ ਗਏ ਜਾਂ ਉਥੇ ਜਾ ਕੇ ਗੁਰੂ ਜੀ ਨੇ ਦੁਸ਼ਮਣ ਨਾਲ ਯੁੱਧ ਕੀਤਾ। ਸੰਨ 1705 ਈਸਵੀ ਵਿਚ ਗੁਰੂ ਸਾਹਿਬ ਆਨੰਦਪੁਰ ਸਾਹਿਬ ਛੱਡ ਕੇ ਚਮਕੌਰ ਸਾਹਿਬ ਵਿਖੇ ਦੁਸ਼ਮਣ ਨਾਲ ਜੂਝਦੇ ਹੋਏ ਮਾਲਵੇ ਦੇ ਵਿਸ਼ਾਲ ਇਲਾਕੇ

ਵਿਚੋਂ ਵਿਚਰਦੇ ਹੋਏ ਮੁਕਤਸਰ ਪਹੁੰਚੇ ਅਤੇ ਦੁਸ਼ਮਣ ਨਾਲ ਨਿਰਣਾਇਕ ਜੰਗ ਕੀਤਾ ਅਤੇ ਫਿਰ ਤਲਵੰਡੀ ਸਾਬੋ ਪਹੁੰਚੇ । ਇਸ ਜੰਗੀ ਦੌਰੇ ਦੇ ਦੌਰਾਨ ਸੈਂਕੜੇ ਹੀ ਥਾਂਵਾਂ ਆਉਂਦੀਆਂ ਹਨ। ਹਰ ਥਾਂ ਨਾਲ ਕਿਸੇ ਨਾ ਕਿਸੇ ਕਿਸਮ ਦੀ ਪਰੰਪਰਾ ਜੁੜੀ ਹੋਈ ਹੈ। ਤਲਵੰਡੀ ਸਾਬੋ ਤੋਂ ਗੁਰੂ ਸਾਹਿਬ ਕਈ ਸੈਂਕੜੇ ਮੀਲਾਂ ਦਾ ਰਸਤਾ ਤਹਿ ਕਰਦੇ ਹੋਏ ਨਾਂਦੇੜ ਸਾਹਿਬ ਪਹੁੰਚੇ ਜਿਥੇ ਅਨੇਕ ਥਾਂਵਾਂ ਹਨ ਜਿਨ੍ਹਾਂ ਨਾਲ ਗੁਰੂ ਜੀ ਦੇ ਆਉਣ ਦੀ ਯਾਦ ਜੁੜੀ ਹੋਈ ਹੈ ਪਰੰਤੂ ਇਤਨੀਆਂ ਥਾਂਵਾਂ ਬਾਰੇ ਕਿਸੇ ਵੀ ਪੁਸਤਕ ਵਿਚ ਕਿਸੇ ਪ੍ਰਕਾਰ ਦੀ ਜਾਣਕਾਰੀ ਨਹੀਂ ਮਿਲਦੀ । ਇਨ੍ਹਾਂ ਥਾਂਵਾਂ ਨਾਲ ਸੰਬੰਧਤ ਰਵਾਇਤਾਂ ਦੀ ਤਾਂ ਗੱਲ ਹੀ ਦੂਰ ਰਹੀ ਇਸ ਸੰਬੰਧੀ ਕਈ ਨਵੀਨ ਨੁਕਤੇ ਉਜਾਗਰ ਹੁੰਦੇ ਹਨ ਜੋ ਕਈ ਇਤਿਹਾਸਕ ਸ਼ੰਕੇ ਦੂਰ ਕਰਨ ਵਿਚ ਸਹਾਈ ਹੁੰਦੇ ਹਨ । ਉਦਾਹਰਣ ਵਜੋਂ ਸਭ ਤੋਂ ਅਹਿਮ ਦੋ ਘਟਨਾਵਾਂ ਸਾਡੇ ਸਾਹਮਣੇ ਆਉਂਦੀਆਂ ਹਨ ਜਿਨ੍ਹਾਂ ਬਾਰੇ ਕਿਸੇ ਪੁਸਤਕ ਵਿਚ ਕੋਈ ਵਰਣਨ ਨਹੀਂ ਹੈ ਅਤੇ ਜੇ ਹੈ ਤਾਂ ਅਧੂਰਾ ਜਾਂ ਅਨਿਸਚਤ ਹੈ। ਇਹ ਦੋ ਘਟਨਾਵਾਂ ਸਿੱਖਾਂ ਵੱਲੋਂ ਦੁਸ਼ਮਣ ਦੇ ਕੁੱਝ ਪਿੰਡਾਂ ਨੂੰ ਲੁੱਟਣ ਨਾਲ ਸੰਬੰਧਤ ਹਨ। ਇਕ ਤਾਂ ਨਾਦੌਣ ਦੀ ਲੜਾਈ ਦੇ ਪਿੱਛੋਂ ਸਿੰਘਾਂ ਹੱਥੋਂ ਅਲਸੂਨ ਪਿੰਡ ਨੂੰ ਲੁੱਟਣ ਅਤੇ ਦੂਜਾ ਰੋਪੜ ਜ਼ਿਲੇ ਦੇ ਨਗਰ ਨੰਗਲ ਦੇ ਨੇੜੇ ਬਿਭੌਰ ਸਾਹਿਬ ਵਿਖੇ ਰਹਿੰਦਿਆਂ ਖੇੜਾ ਅਤੇ ਕਲਮੋਟ ਦੇ ਪਿੰਡਾਂ ਦੇ ਲੋਕਾਂ ਨਾਲ ਜੰਗ ਕਰਨ ਦੀ।

ਆਲਸੂਨ ਕੱਹ ਮਾਰਿ ਕੈ ਇਹ ਦਿਸਿ ਕੀਯੋ ਪਿਯਾਨ ॥
ਭਾਂਤਿ ਅਨੇਕਨ ਕ ਕਰੇ ਪੁਰ ਅਨੰਦ ਸੁਖ ਆਨ ॥
ਬਚਿੱਤ੍ਰ ਨਾਟਕ ਧਿਆਇ (1) 1124 ॥

ਤਬੈ ਖਾਲਸੇ ਆਇ ਕੈ ਘੇਰ ਲਈ ਕਲਮੋਟਿ ।
ਦੂਹ ਓਰ ਤੇ ਪ੍ਰਬਲ ਹੀ ਭਈ ਬੰਦੂਕਨ ਚੋਟ ।
(ਸ੍ਰੀ ਗੁਰ ਸੋਭਾ, ਧਿਆਏ ਦਸਵਾਂ, ਬੰਦ 13)

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਿੱਖਾਂ ਨੂੰ ਅਲਸੂਨ ਅਤੇ ਕਲਮੋਟ ਦੇ ਪਿੰਡਾਂ ਨੂੰ ਉਜਾੜਨ ਦੀ ਲੋੜ ਕਿਉਂ ਪਈ ? ਤੇਜਾ ਸਿੰਘ ਗੰਡਾ ਸਿੰਘ 'ਏ ਸ਼ਾਰਟ ਹਿਸਟਰੀ ਆਫ਼ ਦੀ ਸਿੱਖਸ' ਵਿਚ ਲਿਖਦੇ ਹਨ ਕਿ ਇਹ ਪਿੰਡ ਪਠਾਣਾਂ ਦੇ ਸਨ। ਇਸ ਕਰਕੇ ਪਠਾਣਾਂ ਵੱਲੋਂ ਗੁਰੂ ਜੀ ਦੀ ਵਿਰੋਧਤਾ ਹੋਣ ਕਰ ਕੇ ਲੁੱਟਣੇ ਪਏ ਪਰ ਜਦੋਂ ਅਸੀਂ ਇਨ੍ਹਾਂ ਥਾਵਾਂ ਉਤੇ ਜਾ ਕੇ ਉਥੋਂ ਦੇ ਲੋਕਾਂ ਨਾਲ ਗੱਲਾਂ ਬਾਤਾਂ ਕਰ ਕੇ ਸਥਾਨਕ ਰਵਾਇਤਾਂ ਨੂੰ ਜਾਨਣ ਦਾ ਯਤਨ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਨ੍ਹਾਂ ਪਿੰਡਾਂ ਦੀ ਆਬਾਦੀ ਮੁੱਢ ਤੋਂ ਅੱਜ ਤੱਕ ਹਿੰਦੂ ਜਾਤੀ ਦੇ ਲੋਕਾਂ ਦੀ ਤੁਰੀ ਆਉਂਦੀ ਹੈ। ਅਲਸੂਨ ਹਿਮਾਚਲ ਪ੍ਰਦੇਸ਼ ਦੇ ਹਮੀਰਪੁਰ ਜ਼ਿਲੇ ਵਿਚ ਨਾਦੌਣ ਤੋਂ ਧਮੋਟ ਅਤੇ ਝਲਾਨ ਪਿੰਡ ਲੰਘ ਕੇ ਲੱਗਭਗ 25 ਕਿਲੋਮੀਟਰ ਦੀ ਵਿੱਥ ਉਤੇ ਸਥਿਤ ਹੈ । ਸਥਾਨਕ ਰਵਾਇਤ ਅਨੁਸਾਰ ਇੱਥੋਂ ਦੇ ਵਸਨੀਕ ਮੁੱਢ ਕਦੀਮ ਤੋਂ ਹੀ ਬ੍ਰਾਮਣ ਲੋਕ ਹਨ। ਇਸੇ ਤਰ੍ਹਾਂ ਪਿੰਡ ਖੇੜਾ ਅਤੇ ਕਲਮੋਟ ਰੋਪੜ ਦੇ ਨੰਗਲ ਸ਼ਹਿਰ ਤੋਂ ਲੱਗਭਗ 12 ਕਿਲੋਮੀਟਰ ਦੀ ਵਿੱਥ ਉਤੇ ਹਨ । ਸਥਾਨਕ ਰਵਾਇਤ ਅਨੁਸਾਰ ਇਨ੍ਹਾਂ ਪਿੰਡਾਂ ਦੇ ਲੋਕ ਵੀ ਮੁੱਢ ਤੋਂ ਹੀ ਰਾਜਪੂਤ ਜਾਤੀ ਦੇ ਹੀ ਤੁਰੇ ਆ ਰਹੇ ਹਨ। ਅਲਸੂਨ ਅਤੇ ਖੇੜਾ ਕਲਮੋਟ ਕਹਿਲੂਰ ਦੀ ਰਿਆਸਤ ਵਿਚ ਸਨ ਅਤੇ ਇਥੋਂ ਦੇ ਵਸਨੀਕ ਕਹਿਲੂਰ ਦੇ ਰਾਜੇ ਭੀਮ ਚੰਦ ਦੇ ਸ਼ਰਧਾਲੂ ਸਨ। ਗੁਰੂ ਜੀ ਕਹਿਲੂਰ ਦੀ ਰਿਆਸਤ ਨਾਲ ਯੁੱਧਾਂ ਵਿਚ ਰੁੱਝੇ ਹੋਏ ਸਨ । ਇਸ ਲਈ ਇਨ੍ਹਾਂ ਪਿੰਡਾਂ ਦੇ ਵਸਨੀਕਾਂ ਵੱਲੋਂ ਸਮੇਂ ਸਮੇਂ ਉਤੇ ਗੁਰੂ ਜੀ ਦੀ ਵਿਰੋਧਤਾ ਹੁੰਦੀ ਰਹਿੰਦੀ ਸੀ।

ਜਦੋਂ ਗੁਰੂ ਜੀ ਤਲਵੰਡੀ ਸਾਬੋ ਤੋਂ ਦੱਖਣ ਵੱਲ ਨੂੰ ਗਏ ਤਾਂ ਰਸਤੇ ਵਿਚ ਦੋ ਥਾਂਵਾ ਨੋਹਰ ਅਤੇ ਨਰਾਇਣਾ (ਰਾਜਸਥਾਨ) ਸਨ। ਇਕ ਦੋ ਥਾਂਵਾਂ ਤੋਂ ਇਸ ਸੰਬੰਧੀ ਅਜਿਹੀਆਂ ਰਵਾਇਤਾਂ ਮਿਲਦੀਆਂ ਹਨ ਜਿਨ੍ਹਾਂ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ

ਬੰਦਾ ਬਹਾਦਰ ਨਾਲ ਪਹਿਲੋਂ ਹੀ ਕੁੱਝ ਸੰਪਰਕ ਹੋਵੇ। ਉਦਾਹਰਣ ਵਜੋਂ ਇਨ੍ਹਾਂ ਥਾਂਵਾਂ ਬਾਰੇ ਇਹ ਸਥਾਨਕ ਰਵਾਇਤ ਪ੍ਰਚਲਤ ਹੈ ਕਿ ਗੁਰੂ ਜੀ ਨੇ ਇੱਥੇ ਪਹੁੰਚ ਕੇ ਇੱਥੋਂ ਦੇ ਧਾਰਮਿਕ ਮੁੱਖੀਆਂ ਨਾਲ ਗੱਲਾਂ ਬਾਤਾਂ ਕਰਦਿਆਂ ਕਿਹਾ ਸੀ ਕਿ ਉਹ ਦੱਖਣ ਵੱਲ ਜਾ ਕੇ ਮਾਧੋ ਦਾਸ ਬੈਰਾਗੀ ਨੂੰ ਮਿਲਣਗੇ। ਅਸੀਂ ਇਸ ਗੱਲ ਨੂੰ ਪਿੱਛੋਂ ਜੁੜੀ ਕਹਾਣੀ ਕਹਿ ਕੇ ਰੱਦ ਕਰ ਸਕਦੇ ਹਾਂ ਪਰੰਤੂ ਇਸ ਬਾਰੇ ਇਹ ਵੀ ਤਾਂ ਜਾਣਨਾ ਜ਼ਰੂਰੀ ਹੈ ਕਿ ਇਸ ਕਿਸਮ ਦੀ ਰਵਾਇਤ ਕੇਵਲ ਇਨ੍ਹਾਂ ਹੀ ਥਾਂਵਾਂ ਨਾਲ ਕਿਉਂ ਜੁੜੀ ?

ਗੁਰੂ ਜੀ ਦੀਆਂ ਯਾਤਰਾਵਾਂ ਨਾਲ ਸੰਬੰਧਤ ਕੁੱਝ ਪੁਸਤਕਾਂ ਸਾਡੇ ਸਾਹਮਣੇ ਹਨ ਜਿਨ੍ਹਾਂ ਤੋਂ ਸਾਨੂੰ ਗੁਰੂ ਜੀ ਦੀਆਂ ਯਾਤਰਾਵਾਂ ਬਾਰੇ ਕੁੱਝ ਸੰਖੇਪ ਜਾਂ ਸੀਮਤ ਜਿਹੀ ਜਾਣਕਾਰੀ ਮਿਲਦੀ ਹੈ ਜਿਸ ਨੂੰ ਹੱਥਲੀ ਪੁਸਤਕ ਵਿਚ ਦ੍ਰਿਸ਼ਟੀਗੋਚਰ ਰੱਖਿਆ ਗਿਆ ਹੈ ਪਰੰਤੂ ਇਹ ਵੀ ਬੇਤਰਤੀਬੀ ਅਤੇ ਅਧੂਰੀ ਹੈ। ਇਸ ਵਿਸ਼ੇ ਉਤੇ ਸਭ ਤੋਂ ਪਹਿਲੀ ਪੁਸਤਕ 'ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ' ਹੈ। ਇਹ ਪੋਥੀ ਲੱਗਭਗ 1830 ਦੀ ਰਚਨਾ ਹੈ ਅਤੇ ਕਿਸੇ ਉਦਾਸੀ ਸਾਧੂ ਵੱਲੋਂ ਕੀਤਾ ਗਿਆ ਯਤਨ ਹੈ। ਇਸ ਉਦਾਸੀ ਸਾਧੂ ਦਾ ਨਾਂ ਆਮ ਤੌਰ ਤੇ ਦਿਆਲ ਦਾਸ ਲਿਆ ਜਾਂਦਾ ਹੈ ਪਰ ਪੋਥੀ ਦੇ ਅੱਗੜ ਪਿੱਛੜ ਇਸਦੇ ਕਰਤਾ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਜਿੱਥੇ ਇਹ ਪੋਥੀ ਗੁਰੂ ਤੇਗ਼ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਯਾਤਰਾਵਾਂ ਬਾਰੇ ਸਭ ਤੋਂ ਪਹਿਲੀ ਜਾਣਕਾਰੀ ਦਿੰਦੀ ਹੈ ਅਤੇ ਇਸ ਪ੍ਰਕਾਰ ਇਕ ਤਕੜੀ ਮਹੱਤਤਾ ਰਖਦੀ ਹੈ ਉਥੇ ਇਸ ਦਾ ਘੇਰਾ ਬਹੁਤ ਹੀ ਸੀਮਤ ਹੈ ਅਤੇ ਇਸ ਸੀਮਤ ਘੇਰੇ ਦੀਆਂ ਯਾਤਰਾਵਾਂ ਬਾਰੇ ਵੀ ਕੋਈ ਤਰਤੀਬ ਪੇਸ਼ ਨਹੀਂ ਕਰਦੀ। ਇਸਦਾ ਘੇਰਾ ਕੇਵਲ ਮਾਲਵੇ ਅਤੇ ਬਾਂਗਰ ਇਲਾਕੇ ਦੀਆਂ ਥਾਂਵਾਂ ਤੱਕ ਹੀ ਸੀਮਤ ਹੈ।

ਦੂਜੀ ਪੁਸਤਕ ਸਾਡੇ ਸਾਹਮਣੇ ਭਾਈ ਸੰਤੋਖ ਸਿਘ ਦਾ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਹੈ। ਇਸ ਗ੍ਰੰਥ ਦੀਆਂ ਵਿਸ਼ੇਸ਼ਤਾਵਾਂ ਦੇ ਨਾਲ ਨਾਲ ਜਿਹੜੀ ਘਾਟ ਰੜਕਦੀ ਹੈ ਉਹ ਇਹ ਹੈ ਕਿ ਕਵੀ ਸੰਤੋਖ ਸਿੰਘ ਨੇ ਗੁਰੂ ਸਾਹਿਬਾਨ ਨਾਲ ਸੰਬੰਧਤ ਕਿਸੇ ਵੀ ਘਟਨਾ ਨੂੰ ਵਰਣਨ ਕਰਨ ਲੱਗਿਆਂ ਇਤਿਹਾਸ ਅਤੇ ਮਿਥਿਹਾਸ ਵਿਚ ਕੋਈ ਠੋਸ ਲਕੀਰ ਨਹੀਂ ਖਿੱਚੀ ਅਤੇ ਇਸਦਾ ਆਧਾਰ ਵੀ ਬਹੁਤ ਥਾਈਂ ਉਪਰ ਕਥਿਤ ਸਾਖੀ ਪੋਥੀ ਵਿਚਲੀਆਂ ਸਾਖੀਆਂ ਹੀ ਬਣਾਈਆਂ ਗਈਆਂ ਹਨ।

ਇਨ੍ਹਾਂ ਪਿੱਛੋਂ ਕੰਮ ਪੰਡਿਤ ਤਾਰਾ ਸਿੰਘ ਨਰੋਤਮ ਨੇ ਕੀਤਾ ਹੈ। ਪੰਡਿਤ ਤਾਰਾ ਸਿੰਘ ਨਿਰਮਲੇ ਸੰਤ ਸਨ ਅਤੇ ਪਟਿਆਲਾ ਰਿਆਸਤ ਦੀ ਸਹਾਇਤਾ ਨਾਲ ਸਿੱਖ ਇਤਿਹਾਸ ਨੂੰ ਲਿਖਣ ਦਾ ਕੰਮ ਕਰਦੇ ਸਨ। ਇਨ੍ਹਾਂ ਨੇ 'ਸ੍ਰੀ ਗੁਰੂ ਤੀਰਥ ਸੰਗ੍ਰਹਿ' ਨਾਂ ਦੀ ਪੁਸਤਕ ਵਿਚ ਸਿੱਖ ਗੁਰੂ ਸਾਹਿਬਾਨ ਨਾਲ ਸੰਬੰਧਤ ਗੁਰਦੁਆਰਿਆਂ ਬਾਰੇ ਜਾਣਕਾਰੀ ਦਿੱਤੀ ਹੈ। ਇਹ ਪੁਸਤਕ ਸੰਨ 1884 ਈ. ਦੀ ਰਚਨਾ ਹੈ। ਇਸ ਪੁਸਤਕ ਵਿਚ ਹਰ ਗੁਰੂ ਨਾਲ ਸੰਬੰਧਤ ਗੁਰਦੁਆਰਿਆਂ ਦੀ ਸੂਚੀ ਮਿਲਦੀ ਹੈ ਪਰ ਇਹ ਸੂਚੀ ਵੀ ਕ੍ਰਮਬੱਧ ਨਹੀਂ ਹੈ। ਪੰਡਿਤ ਤਾਰਾ ਸਿੰਘ ਦੇ ਕੰਮ ਦੀ ਮਹੱਤਤਾ ਸਾਖੀ ਪੋਥੀ ਵਿਚਲੀਆਂ ਸਾਖੀਆਂ ਅਤੇ ਭਾਈ ਸੰਤੋਖ ਸਿੰਘ ਵੱਲੋਂ ਲਿਖੀ ਗਈ ਜਾਣਕਾਰੀ ਨਾਲੋਂ ਕਿਤੇ ਵੱਧ ਹੈ ਕਿਉਂਕਿ ਲੇਖਕ ਨੇ ਇਕ ਤਾਂ ਸਾਖੀ ਪੋਥੀ ਨਾਲੋਂ ਕਿਤੇ ਜ਼ਿਆਦਾ ਅਸਥਾਨਾਂ ਬਾਰੇ ਜਾਣਕਾਰੀ ਦਿੱਤੀ ਹੈ ਅਤੇ ਦੂਜਾ ਭਾਈ ਸੰਤੋਖ ਸਿੰਘ ਦੇ ਮੁਕਾਬਲੇ ਉਤੇ ਇਨ੍ਹਾਂ ਨੇ ਬਹੁਤ ਸੰਕੋਚਵੀਂ ਅਤੇ ਇਤਿਹਾਸਕ ਤੱਥਾਂ ਦੇ ਆਧਾਰ ਉਤੇ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਹੈ। ਇਸੇ ਲਈ ਅਸੀਂ ਹੱਥਲੀ ਪੁਸਤਕ ਵਿਚ 'ਸ੍ਰੀ ਗੁਰੂ ਤੀਰਥ ਸੰਗ੍ਰਹਿ' ਵਿਚੋਂ ਗੁਰੂ ਗੋਬਿੰਦ ਸਿੰਘ ਸੰਬੰਧੀ ਮੂਲ ਵਿਸਥਾਰ ਨੂੰ ਅੰਤਿਕਾ ਦੇ ਰੂਪ ਵਿਚ ਹੂ ਬਹੂ ਪਾਠਕਾਂ ਦੀ ਦ੍ਰਿਸ਼ਟੀਗੋਚਰ ਕੀਤਾ ਹੈ। ਅਜਿਹਾ ਕਰਦੇ ਹੋਏ ਕਿਤੇ ਕਿਤੇ ਅੱਖਰਾਂ ਵਿਚ ਇਕਸਾਰਤਾ ਲਿਆਉਣ ਹਿੱਤ ਜਾਂ ਕੁਝ ਹੋਰਨਾਂ ਕਾਰਨਾਂ ਕਰਕੇ ਕੁਝ ਆਵਸ਼ਕ ਸੁਧਾਰ ਕਰਨਾ ਪਿਆ ਹੈ। ਆਧੁਨਿਕ ਦ੍ਰਿਸ਼ਟੀਕੋਣ ਤੋਂ ਇਹ ਪੁਸਤਕ ਵੀ ਸਾਡੀ ਲੋੜ ਪੂਰੀ ਨਹੀਂ ਕਰਦੀ।

ਵਿਚੋਂ ਵਿਚਰਦੇ ਹੋਏ ਮੁਕਤਸਰ ਪਹੁੰਚੇ ਅਤੇ ਦੁਸ਼ਮਣ ਨਾਲ ਨਿਰਣਾਇਕ ਜੰਗ ਕੀਤਾ ਅਤੇ ਫਿਰ ਤਲਵੰਡੀ ਸਾਬੋ ਪਹੁੰਚੇ । ਇਸ ਜੰਗੀ ਦੌਰੇ ਦੇ ਦੌਰਾਨ ਸੈਂਕੜੇ ਹੀ ਥਾਂਵਾਂ ਆਉਂਦੀਆਂ ਹਨ। ਹਰ ਥਾਂ ਨਾਲ ਕਿਸੇ ਨਾ ਕਿਸੇ ਕਿਸਮ ਦੀ ਪਰੰਪਰਾ ਜੁੜੀ ਹੋਈ ਹੈ। ਤਲਵੰਡੀ ਸਾਬੋ ਤੋਂ ਗੁਰੂ ਸਾਹਿਬ ਕਈ ਸੈਂਕੜੇ ਮੀਲਾਂ ਦਾ ਰਸਤਾ ਤਹਿ ਕਰਦੇ ਹੋਏ ਨਾਂਦੇੜ ਸਾਹਿਬ ਪਹੁੰਚੇ ਜਿਥੇ ਅਨੇਕ ਥਾਂਵਾਂ ਹਨ ਜਿਨ੍ਹਾਂ ਨਾਲ ਗੁਰੂ ਜੀ ਦੇ ਆਉਣ ਦੀ ਯਾਦ ਜੁੜੀ ਹੋਈ ਹੈ ਪਰੰਤੂ ਇਤਨੀਆਂ ਥਾਂਵਾਂ ਬਾਰੇ ਕਿਸੇ ਵੀ ਪੁਸਤਕ ਵਿਚ ਕਿਸੇ ਪ੍ਰਕਾਰ ਦੀ ਜਾਣਕਾਰੀ ਨਹੀਂ ਮਿਲਦੀ । ਇਨ੍ਹਾਂ ਥਾਂਵਾਂ ਨਾਲ ਸੰਬੰਧਤ ਰਵਾਇਤਾਂ ਦੀ ਤਾਂ ਗੱਲ ਹੀ ਦੂਰ ਰਹੀ ਇਸ ਸੰਬੰਧੀ ਕਈ ਨਵੀਨ ਨੁਕਤੇ ਉਜਾਗਰ ਹੁੰਦੇ ਹਨ ਜੋ ਕਈ ਇਤਿਹਾਸਕ ਸ਼ੰਕੇ ਦੂਰ ਕਰਨ ਵਿਚ ਸਹਾਈ ਹੁੰਦੇ ਹਨ । ਉਦਾਹਰਣ ਵਜੋਂ ਸਭ ਤੋਂ ਅਹਿਮ ਦੋ ਘਟਨਾਵਾਂ ਸਾਡੇ ਸਾਹਮਣੇ ਆਉਂਦੀਆਂ ਹਨ ਜਿਨ੍ਹਾਂ ਬਾਰੇ ਕਿਸੇ ਪੁਸਤਕ ਵਿਚ ਕੋਈ ਵਰਣਨ ਨਹੀਂ ਹੈ ਅਤੇ ਜੇ ਹੈ ਤਾਂ ਅਧੂਰਾ ਜਾਂ ਅਨਿਸਚਤ ਹੈ। ਇਹ ਦੋ ਘਟਨਾਵਾਂ ਸਿੱਖਾਂ ਵੱਲੋਂ ਦੁਸ਼ਮਣ ਦੇ ਕੁੱਝ ਪਿੰਡਾਂ ਨੂੰ ਲੁੱਟਣ ਨਾਲ ਸੰਬੰਧਤ ਹਨ। ਇਕ ਤਾਂ ਨਾਦੌਣ ਦੀ ਲੜਾਈ ਦੇ ਪਿੱਛੋਂ ਸਿੰਘਾਂ ਹੱਥੋਂ ਅਲਸੂਨ ਪਿੰਡ ਨੂੰ ਲੁੱਟਣ ਅਤੇ ਦੂਜਾ ਰੋਪੜ ਜ਼ਿਲੇ ਦੇ ਨਗਰ ਨੰਗਲ ਦੇ ਨੇੜੇ ਬਿਭੌਰ ਸਾਹਿਬ ਵਿਖੇ ਰਹਿੰਦਿਆਂ ਖੇੜਾ ਅਤੇ ਕਲਮੋਟ ਦੇ ਪਿੰਡਾਂ ਦੇ ਲੋਕਾਂ ਨਾਲ ਜੰਗ ਕਰਨ ਦੀ।

ਆਲਸੂਨ ਕੱਹ ਮਾਰਿ ਕੈ ਇਹ ਦਿਸਿ ਕੀਯੋ ਪਿਯਾਨ ॥
ਭਾਂਤਿ ਅਨੇਕਨ ਕ ਕਰੇ ਪੁਰ ਅਨੰਦ ਸੁਖ ਆਨ ॥
ਬਚਿੱਤ੍ਰ ਨਾਟਕ ਧਿਆਇ (1) 1124 ॥

ਤਬੈ ਖਾਲਸੇ ਆਇ ਕੈ ਘੇਰ ਲਈ ਕਲਮੋਟਿ ।
ਦੂਹ ਓਰ ਤੇ ਪ੍ਰਬਲ ਹੀ ਭਈ ਬੰਦੂਕਨ ਚੋਟ ।
(ਸ੍ਰੀ ਗੁਰ ਸੋਭਾ, ਧਿਆਇ ਦਸਵਾਂ, ਬੰਦ 13)

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਿੱਖਾਂ ਨੂੰ ਅਲਸੂਨ ਅਤੇ ਕਲਮੋਟ ਦੇ ਪਿੰਡਾਂ ਨੂੰ ਉਜਾੜਨ ਦੀ ਲੋੜ ਕਿਉਂ ਪਈ ? ਤੇਜਾ ਸਿੰਘ ਗੰਡਾ ਸਿੰਘ 'ਏ ਸ਼ਾਰਟ ਹਿਸਟਰੀ ਆਫ਼ ਦੀ ਸਿੱਖਸ' ਵਿਚ ਲਿਖਦੇ ਹਨ ਕਿ ਇਹ ਪਿੰਡ ਪਠਾਣਾਂ ਦੇ ਸਨ। ਇਸ ਕਰਕੇ ਪਠਾਣਾਂ ਵੱਲੋਂ ਗੁਰੂ ਜੀ ਦੀ ਵਿਰੋਧਤਾ ਹੋਣ ਕਰ ਕੇ ਲੁੱਟਣੇ ਪਏ ਪਰ ਜਦੋਂ ਅਸੀਂ ਇਨ੍ਹਾਂ ਥਾਵਾਂ ਉਤੇ ਜਾ ਕੇ ਉਥੋਂ ਦੇ ਲੋਕਾਂ ਨਾਲ ਗੱਲਾਂ ਬਾਤਾਂ ਕਰ ਕੇ ਸਥਾਨਕ ਰਵਾਇਤਾਂ ਨੂੰ ਜਾਣਨ ਦਾ ਯਤਨ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਨ੍ਹਾਂ ਪਿੰਡਾਂ ਦੀ ਆਬਾਦੀ ਮੁੱਢ ਤੋਂ ਅੱਜ ਤੱਕ ਹਿੰਦੂ ਜਾਤੀ ਦੇ ਲੋਕਾਂ ਦੀ ਤੁਰੀ ਆਉਂਦੀ ਹੈ। ਅਲਸੂਨ ਹਿਮਾਚਲ ਪ੍ਰਦੇਸ਼ ਦੇ ਹਮੀਰਪੁਰ ਜ਼ਿਲੇ ਵਿਚ ਨਾਦੌਣ ਤੋਂ ਧਮੋਟ ਅਤੇ ਝਲਾਨ ਪਿੰਡ ਲੰਘ ਕੇ ਲੱਗਭਗ 25 ਕਿਲੋਮੀਟਰ ਦੀ ਵਿੱਥ ਉਤੇ ਸਥਿਤ ਹੈ । ਸਥਾਨਕ ਰਵਾਇਤ ਅਨੁਸਾਰ ਇੱਥੋਂ ਦੇ ਵਸਨੀਕ ਮੁੱਢ ਕਦੀਮ ਤੋਂ ਹੀ ਬ੍ਰਾਮਣ ਲੋਕ ਹਨ। ਇਸੇ ਤਰ੍ਹਾਂ ਪਿੰਡ ਖੇੜਾ ਅਤੇ ਕਲਮੋਟ ਰੋਪੜ ਦੇ ਨੰਗਲ ਸ਼ਹਿਰ ਤੋਂ ਲੱਗਭਗ 12 ਕਿਲੋਮੀਟਰ ਦੀ ਵਿੱਥ ਉਤੇ ਹਨ । ਸਥਾਨਕ ਰਵਾਇਤ ਅਨੁਸਾਰ ਇਨ੍ਹਾਂ ਪਿੰਡਾਂ ਦੇ ਲੋਕ ਵੀ ਮੁੱਢ ਤੋਂ ਹੀ ਰਾਜਪੂਤ ਜਾਤੀ ਦੇ ਹੀ ਤੁਰੇ ਆ ਰਹੇ ਹਨ। ਅਲਸੂਨ ਅਤੇ ਖੇੜਾ ਕਲਮੋਟ ਕਹਿਲੂਰ ਦੀ ਰਿਆਸਤ ਵਿਚ ਸਨ ਅਤੇ ਇਥੋਂ ਦੇ ਵਸਨੀਕ ਕਹਿਲੂਰ ਦੇ ਰਾਜੇ ਭੀਮ ਚੰਦ ਦੇ ਸ਼ਰਧਾਲੂ ਸਨ। ਗੁਰੂ ਜੀ ਕਹਿਲੂਰ ਦੀ ਰਿਆਸਤ ਨਾਲ ਯੁੱਧਾਂ ਵਿਚ ਰੁੱਝੇ ਹੋਏ ਸਨ । ਇਸ ਲਈ ਇਨ੍ਹਾਂ ਪਿੰਡਾਂ ਦੇ ਵਸਨੀਕਾਂ ਵੱਲੋਂ ਸਮੇਂ ਸਮੇਂ ਉਤੇ ਗੁਰੂ ਜੀ ਦੀ ਵਿਰੋਧਤਾ ਹੁੰਦੀ ਰਹਿੰਦੀ ਸੀ।

ਜਦੋਂ ਗੁਰੂ ਜੀ ਤਲਵੰਡੀ ਸਾਬੋ ਤੋਂ ਦੱਖਣ ਵੱਲ ਨੂੰ ਗਏ ਤਾਂ ਰਸਤੇ ਵਿਚ ਦੋ ਥਾਂਵਾ ਨੌਹਰ ਅਤੇ ਨਰਾਇਣਾ (ਰਾਜਸਥਾਨ) ਸਨ। ਇਕ ਦੋ ਥਾਂਵਾਂ ਤੋਂ ਇਸ ਸੰਬੰਧੀ ਅਜਿਹੀਆਂ ਰਵਾਇਤਾਂ ਮਿਲਦੀਆਂ ਹਨ ਜਿਨ੍ਹਾਂ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ

ਬੰਦਾ ਬਹਾਦਰ ਨਾਲ ਪਹਿਲੋਂ ਹੀ ਕੁੱਝ ਸੰਪਰਕ ਹੋਵੇ। ਉਦਾਹਰਣ ਵਜੋਂ ਇਨ੍ਹਾਂ ਥਾਂਵਾਂ ਬਾਰੇ ਇਹ ਸਥਾਨਕ ਰਵਾਇਤ ਪ੍ਰਚਲਤ ਹੈ ਕਿ ਗੁਰੂ ਜੀ ਨੇ ਇੱਥੇ ਪਹੁੰਚ ਕੇ ਇੱਥੋਂ ਦੇ ਧਾਰਮਿਕ ਮੁੱਖੀਆਂ ਨਾਲ ਗੱਲਾਂ ਬਾਤਾਂ ਕਰਦਿਆਂ ਕਿਹਾ ਸੀ ਕਿ ਉਹ ਦੱਖਣ ਵੱਲ ਜਾ ਕੇ ਮਾਧੋ ਦਾਸ ਬੈਰਾਗੀ ਨੂੰ ਮਿਲਣਗੇ। ਅਸੀਂ ਇਸ ਗੱਲ ਨੂੰ ਪਿੱਛੋਂ ਜੁੜੀ ਕਹਾਣੀ ਕਹਿ ਕੇ ਰੱਦ ਕਰ ਸਕਦੇ ਹਾਂ ਪਰੰਤੂ ਇਸ ਬਾਰੇ ਇਹ ਵੀ ਤਾਂ ਜਾਣਨਾ ਜ਼ਰੂਰੀ ਹੈ ਕਿ ਇਸ ਕਿਸਮ ਦੀ ਰਵਾਇਤ ਕੇਵਲ ਇਨ੍ਹਾਂ ਹੀ ਥਾਂਵਾਂ ਨਾਲ ਕਿਉਂ ਜੁੜੀ ?

ਗੁਰੂ ਜੀ ਦੀਆਂ ਯਾਤਰਾਵਾਂ ਨਾਲ ਸੰਬੰਧਤ ਕੁੱਝ ਪੁਸਤਕਾਂ ਸਾਡੇ ਸਾਹਮਣੇ ਹਨ ਜਿਨ੍ਹਾਂ ਤੋਂ ਸਾਨੂੰ ਗੁਰੂ ਜੀ ਦੀਆਂ ਯਾਤਰਾਵਾਂ ਬਾਰੇ ਕੁੱਝ ਸੰਖੇਪ ਜਾਂ ਸੀਮਤ ਜਿਹੀ ਜਾਣਕਾਰੀ ਮਿਲਦੀ ਹੈ ਜਿਸ ਨੂੰ ਹੱਥਲੀ ਪੁਸਤਕ ਵਿਚ ਦ੍ਰਿਸ਼ਟੀਗੋਚਰ ਰੱਖਿਆ ਗਿਆ ਹੈ ਪਰੰਤੂ ਇਹ ਵੀ ਬੇਤਰਤੀਬੀ ਅਤੇ ਅਧੂਰੀ ਹੈ। ਇਸ ਵਿਸ਼ੇ ਉਤੇ ਸਭ ਤੋਂ ਪਹਿਲੀ ਪੁਸਤਕ 'ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ' ਹੈ। ਇਹ ਪੋਥੀ ਲੱਗਭਗ 1830 ਦੀ ਰਚਨਾ ਹੈ ਅਤੇ ਕਿਸੇ ਉਦਾਸੀ ਸਾਧੂ ਵੱਲੋਂ ਕੀਤਾ ਗਿਆ ਯਤਨ ਹੈ। ਇਸ ਉਦਾਸੀ ਸਾਧੂ ਦਾ ਨਾਂ ਆਮ ਤੌਰ ਤੇ ਦਿਆਲ ਦਾਸ ਲਿਆ ਜਾਂਦਾ ਹੈ ਪਰ ਪੋਥੀ ਦੇ ਅੱਗੜ ਪਿੱਛੜ ਇਸਦੇ ਕਰਤਾ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਜਿੱਥੇ ਇਹ ਪੋਥੀ ਗੁਰੂ ਤੇਗ਼ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਯਾਤਰਾਵਾਂ ਬਾਰੇ ਸਭ ਤੋਂ ਪਹਿਲੀ ਜਾਣਕਾਰੀ ਦਿੰਦੀ ਹੈ ਅਤੇ ਇਸ ਪ੍ਰਕਾਰ ਇਕ ਤਕੜੀ ਮਹੱਤਤਾ ਰਖਦੀ ਹੈ ਉਥੇ ਇਸ ਦਾ ਘੇਰਾ ਬਹੁਤ ਹੀ ਸੀਮਤ ਹੈ ਅਤੇ ਇਸ ਸੀਮਤ ਘੇਰੇ ਦੀਆਂ ਯਾਤਰਾਵਾਂ ਬਾਰੇ ਵੀ ਕੋਈ ਤਰਤੀਬ ਪੇਸ਼ ਨਹੀਂ ਕਰਦੀ। ਇਸਦਾ ਘੇਰਾ ਕੇਵਲ ਮਾਲਵੇ ਅਤੇ ਬਾਂਗਰ ਇਲਾਕੇ ਦੀਆਂ ਥਾਵਾਂ ਤੱਕ ਹੀ ਸੀਮਤ ਹੈ।

ਦੂਜੀ ਪੁਸਤਕ ਸਾਡੇ ਸਾਹਮਣੇ ਭਾਈ ਸੰਤੋਖ ਸਿਘ ਦਾ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਹੈ। ਇਸ ਗ੍ਰੰਥ ਦੀਆਂ ਵਿਸ਼ੇਸ਼ਤਾਵਾਂ ਦੇ ਨਾਲ ਨਾਲ ਜਿਹੜੀ ਘਾਟ ਰੜਕਦੀ ਹੈ ਉਹ ਇਹ ਹੈ ਕਿ ਕਵੀ ਸੰਤੋਖ ਸਿੰਘ ਨੇ ਗੁਰੂ ਸਾਹਿਬਾਨ ਨਾਲ ਸੰਬੰਧਤ ਕਿਸੇ ਵੀ ਘਟਨਾ ਨੂੰ ਵਰਣਨ ਕਰਨ ਲੱਗਿਆਂ ਇਤਿਹਾਸ ਅਤੇ ਮਿਥਿਹਾਸ ਵਿਚ ਕੋਈ ਠੋਸ ਲਕੀਰ ਨਹੀਂ ਖਿੱਚੀ ਅਤੇ ਇਸਦਾ ਆਧਾਰ ਵੀ ਬਹੁਤ ਥਾਈਂ ਉਪਰ ਕਥਿਤ ਸਾਖੀ ਪੋਥੀ ਵਿਚਲੀਆਂ ਸਾਖੀਆਂ ਹੀ ਬਣਾਈਆਂ ਗਈਆਂ ਹਨ।

ਇਨ੍ਹਾਂ ਪਿੱਛੋਂ ਕੰਮ ਪੰਡਿਤ ਤਾਰਾ ਸਿੰਘ ਨਰੋਤਮ ਨੇ ਕੀਤਾ ਹੈ। ਪੰਡਿਤ ਤਾਰਾ ਸਿੰਘ ਨਿਰਮਲੇ ਸੰਤ ਸਨ ਅਤੇ ਪਟਿਆਲਾ ਰਿਆਸਤ ਦੀ ਸਹਾਇਤਾ ਨਾਲ ਸਿੱਖ ਇਤਿਹਾਸ ਨੂੰ ਲਿਖਣ ਦਾ ਕੰਮ ਕਰਦੇ ਸਨ। ਇਨ੍ਹਾਂ ਨੇ 'ਸ੍ਰੀ ਗੁਰੂ ਤੀਰਥ ਸੰਗ੍ਰਹਿ' ਨਾਂ ਦੀ ਪੁਸਤਕ ਵਿਚ ਸਿੱਖ ਗੁਰੂ ਸਾਹਿਬਾਨ ਨਾਲ ਸੰਬੰਧਤ ਗੁਰਦੁਆਰਿਆਂ ਬਾਰੇ ਜਾਣਕਾਰੀ ਦਿੱਤੀ ਹੈ। ਇਹ ਪੁਸਤਕ ਸੰਨ 1884 ਈ. ਦੀ ਰਚਨਾ ਹੈ। ਇਸ ਪੁਸਤਕ ਵਿਚ ਹਰ ਗੁਰੂ ਨਾਲ ਸੰਬੰਧਤ ਗੁਰਦੁਆਰਿਆਂ ਦੀ ਸੂਚੀ ਮਿਲਦੀ ਹੈ ਪਰ ਇਹ ਸੂਚੀ ਵੀ ਕ੍ਰਮਬੱਧ ਨਹੀਂ ਹੈ। ਪੰਡਿਤ ਤਾਰਾ ਸਿੰਘ ਦੇ ਕੰਮ ਦੀ ਮਹੱਤਤਾ ਸਾਖੀ ਪੋਥੀ ਵਿਚਲੀਆਂ ਸਾਖੀਆਂ ਅਤੇ ਭਾਈ ਸੰਤੋਖ ਸਿੰਘ ਵੱਲੋਂ ਲਿਖੀ ਗਈ ਜਾਣਕਾਰੀ ਨਾਲੋਂ ਕਿਤੇ ਵੱਧ ਹੈ ਕਿਉਂਕਿ ਲੇਖਕ ਨੇ ਇਕ ਤਾਂ ਸਾਖੀ ਪੋਥੀ ਨਾਲੋਂ ਕਿਤੇ ਜ਼ਿਆਦਾ ਅਸਥਾਨਾਂ ਬਾਰੇ ਜਾਣਕਾਰੀ ਦਿੱਤੀ ਹੈ ਅਤੇ ਦੂਜਾ ਭਾਈ ਸੰਤੋਖ ਸਿੰਘ ਦੇ ਮੁਕਾਬਲੇ ਉਤੇ ਇਨ੍ਹਾਂ ਨੇ ਬਹੁਤ ਸੰਕੋਚਵੀਂ ਅਤੇ ਇਤਿਹਾਸਕ ਤੱਥਾਂ ਦੇ ਆਧਾਰ ਉਤੇ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਹੈ। ਇਸੇ ਲਈ ਅਸੀਂ ਹੱਥਲੀ ਪੁਸਤਕ ਵਿਚ 'ਸ੍ਰੀ ਗੁਰੂ ਤੀਰਥ ਸੰਗ੍ਰਹਿ' ਵਿਚੋਂ ਗੁਰੂ ਗੋਬਿੰਦ ਸਿੰਘ ਸੰਬੰਧੀ ਮੂਲ ਵਿਸਥਾਰ ਨੂੰ ਅੰਤਿਕਾ ਦੇ ਰੂਪ ਵਿਚ ਹੂ ਬਹੂ ਪਾਠਕਾਂ ਦੀ ਦ੍ਰਿਸ਼ਟੀਗੋਚਰ ਕੀਤਾ ਹੈ। ਅਜਿਹਾ ਕਰਦੇ ਹੋਏ ਕਿਤੇ ਕਿਤੇ ਅੱਖਰਾਂ ਵਿਚ ਇਕਸਾਰਤਾ ਲਿਆਉਣ ਹਿੱਤ ਜਾਂ ਕੁਝ ਹੋਰਨਾਂ ਕਾਰਨਾਂ ਕਰਕੇ ਕੁਝ ਆਵਸ਼ਕ ਸੁਧਾਰ ਕਰਨਾ ਪਿਆ ਹੈ। ਆਧੁਨਿਕ ਦ੍ਰਿਸ਼ਟੀਕੋਣ ਤੋਂ ਇਹ ਪੁਸਤਕ ਵੀ ਸਾਡੀ ਲੋੜ ਪੂਰੀ ਨਹੀਂ ਕਰਦੀ।

ਪੰਡਿਤ ਤਾਰਾ ਸਿੰਘ ਤੋਂ ਪਿਛੋਂ ਗੁਰਦੁਆਰਿਆਂ ਦੇ ਸੰਬੰਧ ਵਿਚ ਗਿਆਨੀ ਗਿਆਨ ਸਿੰਘ ਦੀ ਲਿਖਤ ਹੈ ਜਿਹੜੀ ਸੰਨ 1890 ਅਤੇ ਇਸ ਤੋਂ ਪਿੱਛੋਂ ਵੀਹਵੀਂ ਸਦੀ ਦੇ ਦੂਜੇ ਦਹਾਕੇ ਦਾ ਕੰਮ ਹੈ ਪਰੰਤੂ ਇਸ ਲੇਖਕ ਦਾ ਮੁੱਖ ਆਧਾਰ ਪੰਡਿਤ ਤਾਰਾ ਸਿੰਘ ਦੀ ਪੁਸਤਕ ਹੀ ਹੈ। ਗਿਆਨੀ ਗਿਆਨ ਸਿੰਘ ਵੀ ਨਿਰਮਲੇ ਵਿਦਵਾਨ ਸਨ ਅਤੇ ਪੰਡਿਤ ਤਾਰਾ ਸਿੰਘ ਨਰੋਤਮ ਦੇ ਸ਼ਗਿਰਦ ਸਨ। ਇਨ੍ਹਾਂ ਨੇ 'ਗੁਰਧਾਮ ਸੰਗ੍ਰਿਹ' ਪੁਸਤਕ ਵਿਚ ਗੁਰਦੁਆਰਿਆਂ ਦਾ ਸੰਖੇਪ ਵੇਰਵਾ ਦਿੱਤਾ ਹੈ। ਇਨ੍ਹਾਂ ਦੀਆਂ ਬਾਕੀ ਪੁਸਤਕਾਂ ਵਿਚ ਵੀ ਗੁਰਦੁਆਰਿਆਂ ਸੰਬੰਧੀ ਸੰਖੇਪ ਨੋਟ ਮਿਲ ਜਾਂਦੇ ਹਨ।

ਗਿਆਨੀ ਠਾਕਰ ਸਿੰਘ ਨੇ 'ਗੁਰਦੁਆਰਾ ਦਰਸ਼ਨ' ਨਾਮੀ ਪੁਸਤਕ 1823 ਈ. ਵਿਚ ਪ੍ਰਕਾਸ਼ਤ ਕਰਵਾਈ ਪਰ ਇਸ ਵਿਚ ਵੀ ਬਹੁਤ ਸੰਖੇਪ ਜਾਣਕਾਰੀ ਹੈ : ਭਾਵੇਂ ਇਹ ਵੀ ਕੇਵਲ ਗੁਰਦੁਆਰਿਆਂ ਨਾਲ ਹੀ ਸੰਬੰਧਤ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼' ਵਿਚ ਇਨ੍ਹਾਂ ਸਭ ਪੁਸਤਕਾਂ ਨਾਲੋਂ ਜ਼ਿਆਦਾ ਜਾਣਕਾਰੀ ਦਿੱਤੀ ਹੈ ਪਰ ਇਹ ਵੀ ਛੋਟੇ ਛੋਟੇ ਨੋਟ ਹੀ ਹਨ ਜੋ ਵਿਸ਼ੇਸ਼ ਕਰਕੇ ਗੁਰਦੁਆਰਿਆਂ ਨਾਲ ਲੁਆਈਆਂ ਗਈਆਂ ਜਾਗੀਰਾਂ ਜਾਂ ਵਾਰਸ਼ਿਕ ਆਮਦਨ ਨਾਲ ਸੰਬੰਧਤ ਜਾਣਕਾਰੀ ਦਿੰਦੇ ਹਨ।

ਇਸ ਪ੍ਰਕਾਰ ਸਾਡੀ ਇਸ ਪੁਸਤਕ ਦਾ ਘੇਰਾ ਜਿਥੇ ਵਿਸ਼ਾਲ ਹੈ ਉਥੇ ਇਕੱਤਰ ਕੀਤੀ ਜਾਣਕਾਰੀ ਇਤਿਹਾਸਕ ਤੱਥਾਂ ਨਾਲ ਮੇਲ ਕੇ ਦੇਣ ਦੇ ਉਪਰਾਲੇ ਕੀਤੇ ਗਏ ਹਨ ਅਤੇ ਯਾਤਰਾਵਾਂ ਦੀ ਪੂਰੀ ਪੂਰੀ ਤਰਤੀਬ ਦਿੱਤੀ ਗਈ ਹੈ। ਯਤਨ ਕੀਤਾ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਰਵਾਇਤ ਨੂੰ ਲਿਖਤੀ ਸੋਮਿਆਂ ਨਾਲ ਮਿਲਾ ਕੇ ਸੋਧਿਆ ਜਾਵੇ ਪਰੰਤੂ ਹਰ ਸਥਾਨਕ ਰਵਾਇਤ ਨੂੰ ਅਜਿਹੀ ਨਿਗਰ ਕਸਵੱਟੀ ਉਤੇ ਪਰਖਣਾ ਇਸ ਪੁਸਤਕ ਦੇ ਆਕਾਰ ਦੇ ਵਸ ਦੀ ਗੱਲ ਨਹੀਂ। ਇਸ ਲਈ ਇਹ ਅਨਮੋਲਕ ਸਮਗਰੀ ਇਤਿਹਾਸਕ ਖੋਜੀਆਂ ਸਾਹਮਣੇ ਇਸ ਮਨੋਰਥ ਅਤੇ ਆਸ਼ੇ ਨਾਲ ਰੱਖੀ ਜਾਂਦੀ ਹੈ ਕਿ ਇਸ ਉਤੇ ਹੋਰ ਖੋਜ ਹੋ ਸਕੇ। ਸਾਡੇ ਸਾਹਮਣੇ ਗੁਰੂ ਜੀ ਦੇ ਜੀਵਨ ਸੰਬੰਧੀ ਘਟਨਾਵਾਂ ਬਾਰੇ ਵਾਕਫ਼ੀ ਦੇਣ ਲਈ ਗੁਰੂ ਜੀ ਦੀ ਆਪਣੀ ਸਵੈਜੀਵਨੀ 'ਬਚਿੱਤ੍ਰ ਨਾਟਕ' ਅਤੇ ਗੁਰੂ ਜੀ ਦੇ ਸਮਕਾਲੀ ਕਵੀ ਸੈਨਾਪਤਿ ਦੀ ਕ੍ਰਿਤ 'ਸ੍ਰੀ ਗੁਰੂ ਸੋਭਾ' ਹਨ। ਇਨ੍ਹਾਂ ਵਿਚੋਂ ਜਿੰਨੀ ਵੀ ਵਾਕਫ਼ੀਅਤ ਮਿਲਦੀ ਹੈ ਉਹ ਇਤਿਹਾਸਕ ਦ੍ਰਿਸ਼ਟੀਕੋਨ ਤੋਂ ਬਹੁਤ ਉੱਚ ਪੱਧਰ ਦੀ ਅਤੇ ਭਰੋਸੇਯੋਗ ਹੈ। 'ਬਚਿੱਤ੍ਰ ਨਾਟਕ' ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ-ਕਥਾ ਹੈ। ਇਸ ਵਿਚ ਲੱਗਭਗ 1697-98 ਤੱਕ ਦੀਆਂ ਘਟਨਾਵਾਂ ਸੰਬੰਧੀ ਲਿਖਿਆ ਗਿਆ ਹੈ ਅਤੇ ਭੰਗਾਣੀ, ਨਾਦੌਣ, ਆਨੰਦਪੁਰ ਸਾਹਿਬ ਆਦਿ ਦੇ ਯੁੱਧਾਂ ਬਾਰੇ ਬਹੁਤ ਅਹਿਮ ਜਾਣਕਾਰੀ ਦਿੱਤੀ ਗਈ ਹੈ। ਕਵੀ ਸੈਨਾਪਤਿ ਦੀ ਕ੍ਰਿਤ 'ਸ੍ਰੀ ਗੁਰ ਸੋਭਾ' ਜੋ ਸੰਨ 1711 ਈ. ਵਿਚ ਸਮਾਪਤ ਹੋਈ ਦਾ ਸਭ ਤੋਂ ਮਹੱਤਵਪੂਰਣ ਪੱਖ ਗੁਰੂ ਜੀ ਦੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਆਗਰੇ ਵਿਖੇ ਮਿਲਣ ਅਤੇ ਗੁਰੂ ਜੀ ਦੇ ਅੰਤਮ ਸਮੇਂ ਦੀਆਂ ਘਟਨਾਵਾਂ ਦਾ ਹੈ। ਇਹ ਦੋ ਪੱਖ ਕਾਫ਼ੀ ਗੁੰਝਲ ਭਰਪੂਰ ਸਨ ਪਰ ਕਵੀ ਸੈਨਾਪਤਿ ਨੇ ਜਿਥੇ ਦਸਮ ਗੁਰੂ ਦੇ ਜੀਵਨ ਦੇ ਬਹੁਤ ਸਾਰੇ ਪੱਖਾਂ ਨੂੰ ਸਪਸ਼ਟ ਕੀਤਾ ਹੈ ਉਥੇ ਇਨ੍ਹਾਂ ਗੁੰਝਲਾਂ ਨੂੰ ਹੱਲ ਕਰ ਕੇ ਬਹੁਤ ਵਡਮੁੱਲੀ ਜਾਣਕਾਰੀ ਦਿੱਤੀ ਹੈ ਜਿਸ ਨੂੰ ਹੱਥਲੀ ਪੁਸਤਕ ਵਿਚ ਮਹੱਤਤਾ ਦਿੱਤੀ ਗਈ ਹੈ। ਕਾਫ਼ੀ ਅਰਸੇ ਪਿੱਛੋਂ ਜਿਹੜੀ ਦੂਸਰੀ ਪੁਸਤਕ ਸਾਡੇ ਸਾਹਮਣੇ ਆਉਂਦੀ ਹੈ ਉਹ ਹੈ ਭਾਈ ਕੇਸਰ ਸਿੰਘ ਛਿਬਰ ਦਾ 'ਬੰਸਾਵਲੀਨਾਮਾ'। ਇਹ 1769 ਈਸਵੀ ਦੀ ਰਚਨਾ ਹੈ। ਭਾਈ ਕੇਸਰ ਸਿੰਘ ਛਿਬਰ ਖੁਦ ਬ੍ਰਾਹਮਣ ਸੀ ਅਤੇ ਸਿੱਖ ਰਹਿਤ-ਮਰਯਾਦਾ ਦਾ ਧਾਰਨੀ ਨਹੀਂ ਸੀ। ਕੁੱਝ ਇਕ ਗੱਲਾਂ ਨੂੰ ਅੱਖੋਂ ਪਰੋਖੇ ਕਰ ਕੇ ਇਸ ਪੁਸਤਕ ਵਿਚੋਂ ਵੱਡਮੁਲੀ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਭਾਈ ਸਰੂਪ ਦਾਸ ਭੱਲਾ ਦੀ ਕ੍ਰਿਤ 'ਮਹਿਮਾ ਪ੍ਰਕਾਸ਼' ਸੰਨ 1776 ਦੀ ਲਿਖਤ ਹੈ ਅਤੇ ਇਸ ਵਿਚ ਇਕ ਅਧਿਆਇ ਗੁਰੂ ਗੋਬਿੰਦ ਸਿੰਘ ਜੀ ਸੰਬੰਧੀ ਦਿੱਤਾ ਗਿਆ ਹੈ। ਇਹ ਵੀ ਇਕ

ਉਪਯੋਗੀ ਸੋਮਾ ਹੈ। 'ਗੁਰਬਿਲਾਸ ਪਾਤਸ਼ਾਹੀ ਦਸ' ਭਾਈ ਕੋਇਰ ਸਿੰਘ ਦੀ ਰਚਨਾ ਹੈ ਅਤੇ ਇਹ ਨਿਰੋਲ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਹੀ ਰੋਸ਼ਨੀ ਪਾਉਂਦੀ ਹੈ। ਕਈਆਂ ਵਿਦਵਾਨਾਂ ਦੇ ਕਥਨ ਅਨੁਸਾਰ ਇਸ ਦੀ ਰਚਨਾ ਸੰਨ 1751 ਈ. ਵਿਚ ਹੋਈ। ਇਸੇ ਦੇ ਹੀ ਆਧਾਰ ਉਤੇ ਭਾਈ ਸੁੱਖਾ ਸਿੰਘ ਨੇ 1797 ਈ. ਵਿਚ 'ਗੁਰਬਿਲਾਸ ਪਾਤਸ਼ਾਹੀ ਦਸਵੀਂ' ਲਿਖਿਆ ਸੀ। ਇਨ੍ਹਾਂ ਪੁਸਤਕਾਂ ਵਿਚ ਗੁਰੂ ਜੀ ਸੰਬੰਧੀ ਬਹੁਤ ਉਪਯੋਗੀ ਜਾਣਕਾਰੀ ਮਿਲਦੀ ਹੈ।

ਧਿਆਨ ਦੇਣ ਯੋਗ ਇਕ ਗੱਲ ਇਹ ਹੈ ਕਿ ਸਾਨੂੰ ਕਿਸੇ ਲੇਖਕ ਦੀ ਰਚਨਾ ਨੂੰ ਵਰਣਨ ਕਰਨ ਤੋਂ ਪਹਿਲਾਂ ਉਸ ਲੇਖਕ ਦੇ ਆਪਣੇ ਸੁਭਾਉ, ਸੋਚਣੀ ਅਤੇ ਉਸ ਦੀ ਲਿਖਤ ਦੇ ਮਨੋਰਥ ਨੂੰ ਜ਼ਰੂਰ ਪਰਖ ਲੈਣਾ ਚਾਹੀਦਾ ਹੈ। ਜਿੰਨੀਆਂ ਵੀ ਮੁੱਢਲੀਆਂ ਗੁਰਮੁਖੀ ਲਿਖਤਾਂ ਸਾਨੂੰ ਉਪਲਬਧ ਹਨ ਉਨ੍ਹਾਂ ਵਿਚੋਂ ਬਹੁਤੀਆਂ ਦੇ ਲੇਖਕ ਸਿੱਖੀ ਅਨੁਸ਼ਾਸਨ ਦੇ ਅਨੁਆਈ ਨਹੀਂ ਸਨ। ਇਹੀ ਕਾਰਨ ਹੈ ਕਿ ਇਸ ਕਿਸਮ ਦੇ ਲੇਖਕਾਂ ਵੱਲੋਂ ਗੁਰੂ ਜੀ ਦੇ ਜੀਵਨ ਪੱਖਾਂ ਨੂੰ ਨਿਖਾਰਨ ਨਾਲੋਂ ਉਨ੍ਹਾਂ ਬਾਰੇ ਕਈ ਥਾਂਈਂ ਸ਼ੱਕ-ਸੁਬਹੇ ਖੜੇ ਕੀਤੇ ਗਏ ਹਨ। ਕਹਿਣ ਦਾ ਭਾਵ ਇਹ ਹੈ ਕਿ ਭਾਵੇਂ ਗੁਰੂ ਜੀ ਦੇ ਜੀਵਨ ਬਾਰੇ ਅਨੇਕਾਂ ਪੁਸਤਕਾਂ ਮਿਲਦੀਆਂ ਹਨ ਪਰ ਉਨ੍ਹਾਂ ਵਿਚੋਂ ਕੁਝ ਇਕ ਨੂੰ ਛੱਡ ਕੇ ਬਾਕੀ ਸਭ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਪੂਰੀਆਂ ਨਹੀਂ ਉਤਰਦੀਆਂ। ਇਨ੍ਹਾਂ ਦੀ ਕੁਝ ਪੱਖਾਂ ਸੰਬੰਧੀ ਜਾਣਕਾਰੀ ਲੈਣ ਲਈ ਸਹਾਇਤਾ ਲਈ ਜਾ ਸਕਦੀ ਹੈ। ਸੰਬੰਧਤ ਥਾਵਾਂ ਤੋਂ ਇਕੱਤਰ ਕੀਤੀਆਂ ਰਵਾਇਤਾਂ ਨੂੰ ਵੀ ਇਨ੍ਹਾਂ ਨਾਲ ਤੁਲਨਾਇਆ ਜਾ ਸਕਦਾ ਹੈ। ਇਸ ਕਰਕੇ ਪ੍ਰਾਪਤ ਲਿਖਤੀ ਸੋਮਿਆਂ ਅਤੇ ਪ੍ਰਚਲਤ ਸਥਾਨਕ ਰਵਾਇਤਾਂ ਨੂੰ ਆਪਸ ਵਿਚ ਮੇਲਣ ਦਾ ਯਤਨ ਕੀਤਾ ਗਿਆ ਹੈ। ਜਿਥੇ ਲਿਖਤੀ ਸੋਮੇਂ ਚੁੱਪ ਹਨ ਉਥੇ ਰਵਾਇਤ ਨੂੰ ਸੋਧ-ਸੰਵਾਰ ਕੇ ਵਰਤਿਆ ਗਿਆ ਹੈ। ਪਰ ਇਸ ਦਾ ਭਾਵ ਇਹ ਨਹੀਂ ਕਿ ਰਵਾਇਤਾਂ ਤੋਂ ਪ੍ਰਾਪਤ ਕੀਤੀ ਗਈ ਸੂਚਨਾ ਨਿਰਸੰਦੇਹ ਹੀ ਸਹੀ ਹੋਵੇ। ਇਸ ਲਈ ਅਜਿਹੀਆਂ ਪਰੰਪਰਾਗਤ ਗਵਾਹੀਆਂ ਨੂੰ ਇਤਿਹਾਸਕ ਕਸਵਟੀ ਉਤੇ ਪਰਖਣ ਲਈ ਖੋਜੀ ਵਿਦਵਾਨਾਂ ਨੂੰ ਇਹ ਅਹਿਮ ਸੋਮਾ ਭੇਟ ਕਰ ਰਹੇ ਹਾਂ।

ਇਥੇ ਇਕ ਗੱਲ ਇਹ ਵੀ ਵਰਣਨ ਯੋਗ ਹੈ ਕਿ ਗੁਰੂ ਸਾਹਿਬ ਨਾਲ ਸੰਬੰਧਤ ਪਰੰਪਰਾਵਾਂ ਦਾ ਮੁੱਖ ਕੇਂਦਰ ਉਸ ਥਾਂ ਦਾ ਗੁਰਦੁਆਰਾ ਹੀ ਹੁੰਦਾ ਹੈ। ਪਿੰਡਾਂ ਵਿਚਲੇ ਗੁਰਦੁਆਰਿਆਂ ਦੇ ਮੁੱਖ ਗ੍ਰੰਥੀਆਂ ਨੂੰ ਆਪਣੇ ਆਪਣੇ ਗੁਰਦੁਆਰੇ ਦੇ ਪਿਛੋਕੜ ਦੇ ਸੰਬੰਧ ਵਿਚ ਕੁਝ ਨਾ ਕੁਝ ਜਾਣਨਾ ਹੀ ਪੈਂਦਾ ਹੈ। ਇਸ ਕਰਕੇ ਗੁਰੂ ਸਾਹਿਬਾਨ ਨਾਲ ਸੰਬੰਧਤ ਰਵਾਇਤ ਮੁੱਖ ਰੂਪ ਵਿਚ ਗੁਰਦੁਆਰੇ ਵਿਚੋਂ ਹੀ ਤੁਰਦੀ ਹੈ। ਇਹੀ ਕਾਰਨ ਹੈ ਕਿ ਜਿਸ ਥਾਂ ਉਤੇ ਕੋਈ ਗੁਰਦੁਆਰਾ ਨਹੀਂ ਅਸੀਂ ਉਥੋਂ ਗੁਰੂ ਸਾਹਿਬਾਨ ਦੇ ਸੰਬੰਧ ਵਿਚ ਕੋਈ ਵੀ ਪਰੰਪਰਾਗਤ ਗੱਲ ਨਹੀਂ ਸੁਣ ਸਕਦੇ। ਇਸ ਦੇ ਕਈ ਕਾਰਨ ਹਨ। ਪਹਿਲਾ ਤਾਂ ਇਹ ਕਿ ਇਤਿਹਾਸਕ ਗੁਰਦੁਆਰਾ ਬਣਾਇਆ ਹੀ ਉਦੋਂ ਜਾਂਦਾ ਹੈ ਜਦੋਂ ਕਿ ਉਸਦੇ ਪਿਛੋਕੜ ਨੂੰ ਜਾਣ ਲਿਆ ਜਾਂਦਾ ਹੈ। ਅੱਜ ਕੱਲ੍ਹ ਦੇ ਮੁਹੱਲਿਆਂ ਵਿਚਲੇ ਜਾਂ ਨਵੀਆਂ ਵਸੀਆਂ ਬਸਤੀਆਂ ਵਿਚ ਬਣ ਰਹੇ ਗੁਰਦੁਆਰਿਆਂ ਨੂੰ ਛੱਡ ਕੇ ਜਿਹੜੇ ਪਿੰਡ-ਪੱਧਰ ਦੇ ਗੁਰਦੁਆਰੇ ਬਣੇ ਹੋਏ ਹਨ ਉਨ੍ਹਾਂ ਦਾ ਕੋਈ ਨਾ ਕੋਈ ਆਧਾਰ ਜਾਂ ਇਤਿਹਾਸ ਹੁੰਦਾ ਹੈ ਭਾਵੇਂ ਉਹ ਕਿਸੇ ਗੁਰੂ ਸਾਹਿਬ ਦੀ ਯਾਤਰਾ ਦੀ ਯਾਦ ਵਿਚ ਹੋਵੇ, ਭਾਵੇਂ ਕਿਸੇ ਸਿੱਖ ਇਤਿਹਾਸਕ ਨਾਇਕ ਨਾਲ ਸੰਬੰਧਤ ਹੋਵੇ ਅਤੇ ਭਾਵੇਂ ਕਿਸੇ ਅਕਾਲੀ ਮੋਰਚੇ ਨਾਲ ਸੰਬੰਧਤ ਸ਼ਹੀਦ ਹੋਏ ਨੇਤਾ ਜਾਂ ਸੇਵਕ ਦੀ ਯਾਦਗਾਰ ਹੋਵੇ। ਇਸ ਲਈ ਕਿਸੇ ਵੀ ਥਾਂ ਤੋਂ ਕੋਈ ਰਵਾਇਤ ਜਾਣਨ ਲਈ ਉਥੇ ਗੁਰਦੁਆਰੇ ਦਾ ਹੋਣਾ ਨਿਸਚੇ ਹੀ ਸਹਾਈ ਹੁੰਦਾ ਹੈ ਪਰ ਗੁਰਦੁਆਰੇ ਦੀ ਪਛੋਕੜ ਦਾ ਅਲੋਚਨਾਤਮਕ ਅਧਿਐਨ ਜ਼ਰੂਰੀ ਹੈ। ਦੂਜੀ ਗੱਲ ਇਹ ਹੈ ਕਿ ਤਕਰੀਬਨ ਹਰ ਗੁਰਦੁਆਰੇ ਵਿਚ ਭਾਈ ਸੰਤੋਖ ਸਿੰਘ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੀ ਕਥਾ ਹੁੰਦੀ ਹੈ ਜਾਂ ਫਿਰ ਹਰ ਗੁਰਦੁਆਰੇ ਦਾ ਗ੍ਰੰਥੀ ਆਪਣੇ ਕੋਲ ਭਾਈ ਸੰਤੋਖ ਸਿੰਘ ਦੀ ਇਸ ਰਚਨਾ ਨੂੰ ਰੱਖਦਾ ਹੈ ਕਿਉਂਕਿ ਇਹ ਗ੍ਰੰਥ ਸਿੱਖ ਸੰਗਤਾਂ ਵਿਚ ਕਥਾ ਕਰਨ

ਲਈ ਇਕ ਮੁੱਖ ਆਧਾਰ ਸਮਝਿਆ ਗਿਆ ਹੈ। ਭਾਈ ਸੰਤੋਖ ਸਿਘ ਨੇ ਵਿਸ਼ਾਲ ਯਾਤਰਾਵਾਂ ਕੀਤੀਆਂ ਅਤੇ ਸਥਾਨਕ ਪਰੰਪਰਾਵਾਂ ਨੂੰ ਇਕੱਤਰ ਕਰ ਕੇ ਗ੍ਰੰਥ ਦਾ ਰੂਪ ਦਿੱਤਾ ਹੈ। ਇਸ ਲਈ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚੋਂ ਹਰ ਗ੍ਰੰਥੀ ਨੂੰ ਉਸਦੇ ਨਾਲ ਸੰਬੰਧਤ ਗੁਰਦੁਆਰੇ ਬਾਰੇ ਕੁੱਝ ਨਾ ਕੁੱਝ ਮਸਾਲਾ ਮਿਲ ਜਾਂਦਾ ਹੈ। ਇਸ ਨਾਲ ਇਕ ਗੱਲ ਹੋਰ ਬੜੀ ਗੰਭੀਰ ਪਰ ਦਿਲਚਸਪ ਹੈ। ਜੇ ਕਰ ਦੋ ਮੁੱਖ ਥਾਂਵਾਂ ਦਾ ਵਰਣਨ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਆ ਗਿਆ ਤਾਂ ਇਨ੍ਹਾਂ ਦੋ ਮੁੱਖ ਥਾਂਵਾਂ ਵਿਚਲਿਆਂ ਸਥਾਨਾਂ ਦੇ ਲੋਕਾਂ ਵੱਲੋਂ ਇਹ ਕਹਿ ਕੇ ਆਪਣੀ ਆਪਣੀ ਥਾਂ ਨੂੰ ਗੁਰੂ ਜੀ ਦੀ ਯਾਤਰਾ ਨਾਲ ਜੋੜ ਲਿਆ ਗਿਆ ਹੈ ਕਿ ਗੁਰੂ ਜੀ ਪਹਿਲੀ ਥਾਂ ਤੋਂ ਦੂਜੀ ਥਾਂ ਉਤੇ ਪਹੁੰਚਣ ਲਈ ਜ਼ਰੂਰੀ ਹੀ ਰਸਤੇ ਵਿਚਲੀਆਂ ਇਨ੍ਹਾਂ ਥਾਵਾਂ ਉਤੇ ਠਹਿਰੇ ਹੋਣਗੇ। ਅਸੀਂ ਅਜਿਹੀ ਸਥਿਤੀ ਤੋਂ ਬਚਣਾ ਹੈ।

ਲੱਗਭਗ ਹਰ ਥਾਂ ਤੋਂ ਹੀ ਵੱਖ ਵੱਖ ਕਿਸਮ ਦੀਆਂ ਅਜਿਹੀਆਂ ਰਵਾਇਤਾਂ ਮਿਲੀਆਂ ਹਨ ਜਿਨ੍ਹਾਂ ਤੋਂ ਗੁਰੂ ਜੀ ਦੀ ਸ਼ਖਸੀਅਤ ਦਾ ਇਕ ਸ਼ਾਨਦਾਰ ਪੱਖ ਨਿੱਖਰ ਕੇ ਸਾਹਮਣੇ ਆਉਂਦਾ ਹੈ। ਉਦਾਹਰਣ ਦੇ ਤੌਰ ਤੇ ਜਦੋਂ ਗੁਰੂ ਜੀ ਬਚਪਨ ਵਿਚ ਪਟਣਾ ਸਾਹਿਬ ਤੋਂ ਪੰਜਾਬ ਨੂੰ ਆਏ ਸਨ ਤਾਂ ਰਸਤੇ ਵਿਚ ਉਨ੍ਹਾਂ ਦੇ ਠਹਿਰਣ ਦਾ ਅਤੇ ਇਕ ਸਥਾਨ ਤੋਂ ਦੂਸਰੇ ਸਥਾਨ ਤੱਕ ਜਾਣ ਦਾ ਇਹ ਪ੍ਰਬੰਧ ਸੀ ਕਿ ਇਕ ਇਲਾਕੇ ਦਾ ਮਸੰਦ ਆਪਣੇ ਇਲਾਕੇ ਵਿਚਲੀ ਹੱਦ ਤੱਕ ਗੁਰੂ-ਪਰਿਵਾਰ ਨੂੰ ਛੱਡਣ ਆਉਂਦਾ ਸੀ ਅਤੇ ਅਗਲੇ ਇਲਾਕੇ ਦੀ ਹੱਦ ਦੇ ਆਰੰਭ ਉਤੇ ਉਸ ਇਲਾਕੇ ਨਾਲ ਸੰਬੰਧਤ ਮਸੰਦ ਆਪਣੇ ਫਰਜ਼ ਨਿਭਾਉਂਦਾ ਸੀ।

ਇਸੇ ਪ੍ਰਕਾਰ ਨਾਨਕ ਮਤਾ ਸੰਬੰਧੀ ਅਜੇ ਤੱਕ ਇਸ ਗੱਲ ਦੀ ਕੋਈ ਜਾਣਕਾਰੀ ਹੀ ਨਹੀਂ ਸੀ ਕਿ ਬਾਲਕ ਗੋਬਿੰਦ ਜੀ ਇਥੇ ਆਏ ਸਨ ਜਾਂ ਨਹੀਂ ਪਰ ਉਥੋਂ ਦੀ ਸੰਬੰਧਤ ਰਵਾਇਤ ਤੋਂ ਪਤਾ ਚੱਲਦਾ ਹੈ ਕਿ ਨਾਨਕ ਮਤਾ ਦੇ ਗੁਰਦੁਆਰੇ ਦੇ ਪਰਿਸਰ ਦੇ ਪੱਛਮ ਵੱਲ ਇਕ ਪਿੱਪਲ ਦਾ ਦਰਖਤ ਹੈ ਅਤੇ ਇਸਦੇ ਹੇਠਾਂ ਪੁਰਾਣੀਆਂ ਇੱਟਾਂ ਦਾ ਬਣਿਆ ਇਕ ਥੜ੍ਹਾ ਹੈ। ਇਸ ਥੜ੍ਹੇ ਨੂੰ 'ਲਾਲ ਜੀ ਦਾ ਥੜ੍ਹਾ' ਕਿਹਾ ਜਾਂਦਾ ਹੈ। 'ਲਾਲ ਜੀ' ਨਾਉਂ ਦਾ ਮਤਲਬ ਬਾਲਕ ਗੋਬਿੰਦ ਜੀ ਤੋਂ ਲਿਆ ਜਾਂਦਾ ਹੈ। ਰਵਾਇਤ ਹੈ ਕਿ ਜਦੋਂ ਗੁਰੂ ਪਰਿਵਾਰ ਨਾਨਕ ਮਤੇ ਪਹੁੰਚਿਆ ਸੀ ਤਾਂ ਇਸ ਪਿੱਪਲ ਹੇਠਾਂ ਬਾਲ ਗੋਬਿੰਦ ਜੀ ਖੇਡਦੇ ਹੁੰਦੇ ਸਨ ਅਤੇ ਉਨ੍ਹਾਂ ਦੇ ਪਿੱਛੋਂ ਇਥੋਂ ਦੇ ਪ੍ਰਚਾਰਕਾਂ ਨੇ ਉਨ੍ਹਾਂ ਦੀ ਯਾਦ ਵਿਚ ਇਕ ਥੜ੍ਹਾ ਬਣਾ ਲਿਆ ਸੀ।

ਪਾਉਂਟਾ ਸਾਹਿਬ ਤੋਂ ਆਨੰਦਪੁਰ ਸਾਹਿਬ ਨੂੰ ਵਾਪਸ ਜਾਂਦਿਆਂ ਰਸਤੇ ਵਿਚ ਇਕ ਥਾਂ ਕਪਾਲ ਮੋਚਨ ਆਉਂਦੀ ਹੈ। ਇਥੇ ਗੁਰੂ ਜੀ ਬਾਰੇ ਇਹ ਰਵਾਇਤ ਮਿਲਦੀ ਹੈ ਕਿ ਇਥੇ ਗੁਰੂ ਜੀ ਨੇ ਕੁੱਝ ਪੱਗਾਂ ਇਕੱਠੀਆਂ ਕਰਵਾਈਆਂ ਸਨ। ਸਥਾਨਕ ਪਰੰਪਰਾ ਵਿਚ ਇਸ ਬਾਰੇ ਭਾਵੇਂ ਕਿਸੇ ਵੀ ਪਰਕਾਰ ਵਿਆਖਿਆ ਕੀਤੀ ਜਾਵੇ ਪਰੰਤੂ ਜਿਸ ਸਮੇਂ ਗੁਰੂ ਜੀ ਇਥੇ ਆਏ ਸਨ ਤਾਂ ਉਸ ਸਮੇਂ ਉਹ ਭੰਗਾਣੀ ਦੀ ਲੜਾਈ ਜਿੱਤ ਕੇ ਇਕ ਜੇਤੂ ਜਰਨੈਲ ਦੇ ਰੂਪ ਵਿਚ ਆਏ ਸਨ। ਇਨ੍ਹਾਂ ਪੱਗਾਂ ਨੂੰ ਭੰਗਾਣੀ ਦੀ ਲੜਾਈ ਦੀ ਜਿੱਤ ਦੇ ਨਾਲ ਵੀ ਜੋੜਿਆ ਜਾ ਸਕਦਾ ਹੈ। ਇਹ ਵੀ ਸੰਭਵ ਹੈ ਕਿ ਇਲਾਕੇ ਦੇ ਚੌਧਰੀਆਂ ਨੇ ਗੁਰੂ ਜੀ ਨੂੰ ਪੱਗਾਂ ਭੇਟ ਕਰਕੇ ਆਪਣਾ ਸਤਿਕਾਰ ਦਰਸਾਇਆ ਹੋਵੇ।

ਇਸ ਪ੍ਰਕਾਰ ਦੀਆਂ ਹੋਰ ਬਹੁਤ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ ਜਿਹੜੀਆਂ ਗੁਰੂ ਜੀ ਦੀ ਸ਼ਖਸੀਅਤ ਬਾਰੇ ਬਹੁਤ ਚੰਗੀ ਰੋਸ਼ਨੀ ਪਾਉਂਦੀਆਂ ਹਨ ਪਰ ਜਿਨ੍ਹਾਂ ਦਾ ਹਵਾਲਾ ਕਿਸੇ ਵੀ ਪੁਸਤਕ ਵਿਚ ਨਹੀਂ ਮਿਲਦਾ। ਇਨ੍ਹਾਂ ਸੰਬੰਧੀ ਵਿਸਥਾਰ ਇਸ ਪੁਸਤਕ ਦੇ ਇੰਦਰਾਜਾਂ ਵਿਚ ਦਿੱਤਾ ਗਿਆ ਹੈ। ਇਸ ਪੱਖੋਂ ਇਸ ਪੁਸਤਕ ਦੀ ਇਤਿਹਾਸਕ ਮਹੱਤਤਾ ਵੱਧ ਗਈ ਪ੍ਰਤੀਤ ਹੁੰਦੀ ਹੈ।

ਗੁਰੂ ਜੀ ਨਾਲ ਸੰਬੰਧਤ ਜਾਣਕਾਰੀ ਤੋਂ ਛੁੱਟ ਇਕ ਹੋਰ ਰੂਪ ਵਿਚ ਵੀ ਇਸ ਪੁਸਤਕ ਦੀ ਮਹੱਤਤਾ ਹੈ। ਉਹ ਇਹ ਹੈ ਕਿ ਸਰਵੇਖਣ ਨਾਲ ਸਾਨੂੰ ਇਕ ਥਾਂ ਦੀ ਦੂਜੀ ਥਾਂ ਨਾਲੋਂ ਦੂਰੀ

ਅਤੇ ਥਾਂਵਾਂ ਦੀ ਭੂਗੋਲਕ ਸਥਿਤੀ ਦੀ ਜਾਣਕਾਰੀ ਅਜੋਕੇ ਸਮੇਂ ਅਨੁਸਾਰ ਮਿਲਦੀ ਹੈ: ਜਿਹੜੀਆਂ ਪੁਰਾਣੀਆਂ ਪੁਸਤਕਾਂ ਗੁਰੂ ਜੀ ਸੰਬੰਧੀ ਥਾਂਵਾਂ ਦੀ ਭੂਗੋਲਕ ਸਥਿਤੀ ਬਾਰੇ ਜਾਣਕਾਰੀ ਦਿੰਦੀਆਂ ਹਨ ਉਹ ਜਾਣਕਾਰੀ ਬਹੁਤ ਪੁਰਾਣੀ ਹੈ ਅਤੇ ਅੱਜ ਦੇ ਸਮੇਂ ਅਨੁਸਾਰ ਠੀਕ ਨਹੀਂ। ਉਸ ਸਮੇਂ ਦੇ ਰਸਤੇ ਬਦਲ ਗਏ ਹਨ। ਕਈ ਨਵੇਂ ਪਿੰਡ ਵਸ ਗਏ ਹਨ ਅਤੇ ਕਈਆਂ ਥਾਂਵਾਂ ਦੇ ਨਾਂ ਆਦਿ ਵੀ ਬਦਲ ਗਏ ਹਨ।

ਜਿੱਥੇ ਪਰੰਪਰਾਵਾਂ ਉਤੇ ਆਧਾਰਤ ਸੋਮਿਆਂ ਦੀਆਂ ਵਿਸ਼ੇਸ਼ਤਾਵਾਂ ਸਾਡੇ ਸਾਹਮਣੇ ਉਘੜ ਕੇ ਆਉਂਦੀਆਂ ਹਨ ਉਥੇ ਕੁਝ ਘਾਟਾਂ ਵੀ ਅਨੁਭਵ ਹੋਈਆਂ ਹਨ ਜਿਵੇਂ ਸਥਾਨਕ ਪਰੰਪਰਾਵਾਂ ਵਿਚ ਵਿਸ਼ੇਸ਼ ਘਟਨਾਵਾਂ ਦੀਆਂ ਮਿਤੀਆਂ ਪ੍ਰਾਪਤ ਨਹੀਂ ਹੁੰਦੀਆਂ। ਇਸ ਤੋਂ ਛੁੱਟ ਸਥਾਨਕ ਪਰੰਪਰਾਵਾਂ ਵਿਚ ਕਰਾਮਾਤੀ ਅੰਸ਼ ਕਈ ਵਾਰ ਇਤਨੀ ਝਲਕ ਮਾਰਦਾ ਹੈ ਕਿ ਉਸ ਨੂੰ ਇਤਿਹਾਸਕ ਕਸਵਟੀ ਉਤੇ ਉਤਾਰਨਾ ਕਠਨ ਹੀ ਨਹੀਂ ਸਗੋਂ ਅਸੰਭਵ ਹੋ ਜਾਂਦਾ ਹੈ। ਅਲੌਕਿਕ ਅੰਸ਼ਾਂ ਦੀ ਭਰਮਾਰ ਸਥਾਨਕ ਰਵਾਇਤਾਂ ਦੇ ਹਿੱਤ ਵਿਚ ਨਹੀਂ ਜਾਂਦੀ। ਇਹ ਗੱਲ ਵੀ ਵੇਖਣ ਵਿਚ ਆਈ ਹੈ ਕਿ ਜਿੱਥੇ ਕਿਤੇ ਗੁਰੂ ਸਾਹਿਬ ਦੇ ਅਨੁਆਈਆਂ ਦੀ ਵਸੋਂ ਨਹੀਂ ਹੈ ਉਥੇ ਸਿੱਖ ਪਰੰਪਰਾਵਾਂ ਸੁਰਖਿਅਤ ਨਹੀਂ ਰਹਿ ਸਕੀਆਂ।

ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਯਾਦਗਾਰੀ ਅਸਥਾਨਾਂ ਅਤੇ ਇਨ੍ਹਾਂ ਨਾਲ ਜੁੜੀਆਂ ਸਥਾਨਕ ਪਰੰਪਰਾਵਾਂ ਤੋਂ ਛੁੱਟ ਕੁਝ ਇਕ ਥਾਂਵਾਂ ਉਤੇ ਅਜਿਹੀਆਂ ਯਾਦਗਾਰੀ ਵਸਤਾਂ ਵੀ ਪਈਆਂ ਹਨ ਜੋ ਗੁਰੂ ਜੀ ਦੇ ਕਿਸੇ ਨਾ ਕਿਸੇ ਪੱਖ ਨੂੰ ਦਰਸਾਉਂਦੀਆਂ ਹਨ। ਜਿਨ੍ਹਾਂ ਅਸਥਾਨਾਂ ਉਪਰ ਗੁਰੂ ਜੀ ਦੀਆਂ ਯਾਦਗਾਰੀ ਵਸਤਾਂ ਹਨ ਉਨ੍ਹਾਂ ਵਿਚ ਮੁੱਖ ਤੌਰ ਉਤੇ ਪਟਣਾ ਸਾਹਿਬ, ਦਾਨਾਪੁਰ, ਸਢੌਰਾ, ਬਨਾਰਸ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ, ਮੰਡੀ ਬਰਹਾਨਪੁਰ ਅਤੇ ਨਾਂਦੇੜ ਸਾਹਿਬ ਆਦਿ ਥਾਂਵਾਂ ਆਉਂਦੀਆਂ ਹਨ।

ਤਖ਼ਤ ਸ੍ਰੀ ਪਟਣਾ ਸਾਹਿਬ ਵਿਖੇ ਗੁਰੂ ਜੀ ਦੀ ਬਾਲ ਅਵੱਸਥਾ ਦਾ ਛੋਟਾ ਪੰਘੂੜਾ ਸਾਹਿਬ, ਇਕ ਛੋਟਾ ਸਿਰੀ ਸਾਹਿਬ, ਵੱਡਾ ਸਿਰੀ ਸਾਹਿਬ, ਇਕ ਢੋਲਕ, ਇਕ ਰਬਾਬ, ਪੰਜ ਤੀਰ ਅਤੇ ਕੁਝ ਹੁਕਮਨਾਮੇ ਪਏ ਹਨ। ਇਥੇ ਗੁਰੂ ਜੀ ਦੀ ਯਾਦ ਵਿਚ ਲਗਵਾਇਆ ਹੋਇਆ ਇਕ ਖੂਹ ਵੀ ਹੈ। ਇਕ ਉਹ ਤਸਵੀਰ ਵੀ ਹੈ ਜੋ ਬਹਾਦਰ ਸ਼ਾਹ ਨੇ ਆਪਣੇ ਹੁਕਮ ਨਾਲ ਖਾਸ ਕਲਾਕਾਰਾਂ ਪਾਸੋਂ ਤਿਆਰ ਕਰਵਾਈ ਸੀ। ਇਥੇ ਹੀ ਗੁਰੂ ਗ੍ਰੰਥ ਸਾਹਿਬ ਦੀ ਉਹ ਬੀੜ ਹੈ ਜੋ ਗੁਰੂ ਜੀ ਨੇ ਤਲਵੰਡੀ ਸਾਬ੍ਹੋ ਵਿਖੇ ਬਾਬਾ ਦੀਪ ਸਿੰਘ ਤੋਂ ਲਿਖਵਾਈ ਸੀ। ਗੁਰਦੁਆਰਾ ਮੈਣੀ ਸੰਗਤ ਵਿਖੇ ਇਕ ਕਰੌਂਦੇ ਦਾ ਦਰਖ਼ਤ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਨੂੰ ਗੁਰੂ ਜੀ ਨੇ ਲਾਇਆ ਸੀ।

ਦਾਨਾਪੁਰ ਵਿਖੇ ਉਹ ਹਾਂਡੀ ਪਈ ਹੈ ਜਿਸ ਵਿਚੋਂ ਸਥਾਨਕ ਰਵਾਇਤ ਅਨੁਸਾਰ ਗੁਰੂ ਮਹਾਰਾਜ ਦੇ ਹੁਕਮ ਨਾਲ ਇਥੋਂ ਦੀ ਇਕ ਮਾਈ ਨੇ ਗੁਰੂ ਜੀ ਦੀ ਸੰਗਤ ਨੂੰ ਖੀਰ ਵਰਤਾਈ ਸੀ। ਲਖਨਊ ਦੇ ਇਕ ਗੁਰਦੁਆਰੇ ਵਿਚ ਗੁਰੂ ਜੀ ਦੇ ਕੁਝ ਹੁਕਮਨਾਮੇ ਪਏ ਹਨ। ਬਨਾਰਸ ਦੇ ਗੁਰਦੁਆਰੇ ਬੜੀ ਸੰਗਤ, ਲੀਚੀ ਬਾਗ ਵਿਚ ਗੁਰੂ ਜੀ ਦੇ ਬਾਲ ਅਵੱਸਥਾ ਵਾਲੇ ਜੋੜੇ ਅਤੇ ਕੁਝ ਹੁਕਮਨਾਮੇ ਪਏ ਹਨ। ਸਢੌਰੇ ਵਿਖੇ ਪੀਰ ਬੁਧੂ ਸ਼ਾਹ ਨੂੰ ਬਖ਼ਸ਼ੀਆਂ ਹੋਈਆਂ ਕੁਝ ਯਾਦਗਾਰੀ ਵਸਤਾਂ ਪਈਆਂ ਸਨ ਜਿਵੇਂ ਕਿ ਕੇਸਾਂ ਵਾਲਾ ਕੰਘਾ, ਤਾਮਰ ਪੱਤਰ, ਪਲੰਘ ਆਦਿ ਪਰ ਅੱਜ ਕਲ੍ਹ ਇਹ ਵਸਤਾਂ ਸਢੌਰੇ ਵਿਖੇ ਨਹੀਂ ਹਨ। ਕਿਹਾ ਜਾਂਦਾ ਹੈ ਕਿ ਇਨ੍ਹਾਂ ਵਿਚੋਂ ਕੁਝ ਵਸਤਾਂ ਤਾਂ 1947 ਦੀ ਵੰਡ ਵੇਲੇ ਪੀਰ ਜੀ ਦੇ ਵੰਸ਼ਕ ਆਪਣੇ ਨਾਲ ਲੈ ਗਏ ਸਨ ਅਤੇ ਕੁਝ ਵਸਤਾਂ ਜੋਧਪੁਰ ਅਤੇ ਨਾਭਾ ਵਿਖੇ ਪਈਆਂ ਹਨ। ਲਖਨੌਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਪਲੰਘ, ਮਾਤਾ ਗੁਜਰੀ ਜੀ ਦਾ ਇਕ ਪਲੰਘ, ਮਾਤਾ ਨਾਨਕੀ ਜੀ ਦੇ ਪਲੰਘ ਦੇ ਦੋ ਪਾਵੇ ਅਤੇ ਗੁਰੂ ਕੇ ਲੰਗਰ ਦੀਆਂ ਦੋ ਪਰਾਤਾਂ ਹਨ। ਦਸ਼ਮੇਸ਼ ਜੀ ਦੇ ਸਰਬ-ਲੋਹ ਦੇ ਦੋ ਤੀਰ, ਇਕ ਜਮਦਾੜ੍ਹ ਅਤੇ ਇਕ ਬਰਛੀ ਵੀ ਉਪਲਬਧ ਹਨ। ਇਥੇ ਹੀ ਮਾਤਾ ਗੁਜਰੀ ਜੀ ਦੀ ਯਾਦ ਵਿਚ ਲਗਵਾਇਆ

ਹੋਇਆ ਖੂਹ ਵੀ ਹੈ ਅਤੇ ਇਕ ਬਾਉਲੀ ਹੈ ਜੋ ਬਾਲਕ ਗੋਬਿਦ ਜੀ ਦੀ ਯਾਦ ਵਿਚ ਬਣਾਈ ਗਈ ਸੀ। ਤਖ਼ਤ ਦਮਦਮਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਉਹ ਸ਼ੀਸ਼ਾ ਪਿਆ ਹੈ ਜਿਸ ਦੇ ਸਾਹਮਣੇ ਖੜੇ ਹੋ ਕੇ ਗੁਰੂ ਜੀ ਦਸਤਾਰ ਸਜਾਇਆ ਕਰਦੇ ਸਨ । ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਕੁਝ ਹਥਿਆਰ ਪਏ ਹਨ ਜਿਨ੍ਹਾਂ ਵਿਚ ਇਕ ਖੰਡਾ ਵੀ ਹੈ ਜਿਸ ਨਾਲ ਸਥਾਨਕ ਰਵਾਇਤ ਅਨੁਸਾਰ 1699 ਈ: ਦੀ ਵਿਸਾਖੀ ਨੂੰ ਖਾਲਸਾ ਸਾਜਣ ਸਮੇਂ ਅੰਮ੍ਰਿਤ ਤਿਆਰ ਕੀਤਾ ਗਿਆ ਸੀ। ਇਨ੍ਹਾਂ ਹਥਿਆਰਾਂ ਵਿਚ ਕਟਾਰ, ਬਰਛਾ, ਨਾਗਣੀ, ਬੰਦੂਕ, ਸੈਫ਼, ਤਲਵਾਰ, ਢਾਲ, ਬਰਛੀ, ਚੱਕਰ ਅਤੇ ਭਾਲਾ ਵੀ ਸ਼ਾਮਲ ਹਨ। ਮੰਡੀ ਵਿਖੇ ਗੁਰੂ ਜੀ ਦਾ ਇਕ ਪਲੰਘ ਅਤੇ ਇਕ ਰਬਾਬ ਪਿਆ ਹੈ। ਸਥਾਨਕ ਲੋਕ ਇਹ ਵੀ ਦਸਦੇ ਹਨ ਕਿ ਗੁਰੂ ਜੀ ਦੀ ਯਾਦ ਵਿਚ ਜਿਹੜਾ ਕਮਰਾ ਰਾਜੇ ਦੇ ਮਹਿਲਾਂ ਵਿਚ ਹੁੰਦਾ ਸੀ ਉਸ ਵਿਚ ਹੋਰ ਵੀ ਕਈ ਵਸਤਾਂ ਪਈਆਂ ਸਨ ਪਰ ਅੱਜ ਕਲ੍ਹ ਇਹ ਨਹੀਂ ਮਿਲਦੀਆਂ ।

ਇਨ੍ਹਾਂ ਉਪਰੋਕਤ ਵਸਤਾਂ ਤੋਂ ਬਿਨਾਂ ਅਜੇ ਹੋਰ ਵੀ ਅਨੇਕਾਂ ਯਾਦਗਾਰੀ ਵਸਤਾਂ ਸਾਡੇ ਦੇਸ਼ ਵਿਚ ਹਨ ਪਰ ਇਨ੍ਹਾਂ ਬਾਰੇ ਅਜੇ ਪੂਰੀ ਤਰ੍ਹਾਂ ਭਾਲ ਨਹੀਂ ਕੀਤੀਜਾ ਸਕੀ। ਸੰਨ 1947 ਦੀ ਵੰਡ ਨੇ ਇਨ੍ਹਾਂ ਯਾਦਗਾਰੀ ਵਸਤਾਂ ਨੂੰ ਗੁਆਉਣ ਦੀ ਬਹੁਤ ਵੱਡੀ ਹਾਨੀ ਕੀਤੀ ਹੈ । ਖੋਜੀ ਵਿਦਵਾਨਾਂ ਦੀ ਤੀਬਰਤਾ ਨੂੰ ਮੁੱਖ ਰੱਖਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਤ ਗੁਰਦੁਆਰਿਆਂ ਅਤੇ ਗੁਰੂ ਸਾਹਿਬ ਦੀ ਪਾਵਨ ਜਾਤ ਨਾਲ ਸੰਬੰਧਤ ਕੁਝ ਯਾਦ-ਚਿੰਨਾਂ ਦੇ ਚਿੱਤਰ ਇਸ ਪੁਸਤਕ ਵਿਚ ਦਿੱਤੇ ਜਾ ਰਹੇ ਹਨ ।

ਗੁਰੂ ਗੋਬਿੰਦ ਸਿੰਘ ਸੰਬੰਧੀ ਅਸਥਾਨਾਂ ਦੇ ਅੰਦਰਾਜਾਂ ਦੀ ਲਿਖਣ ਵਿਧੀ ਇਹ ਰੱਖੀ ਗਈ ਹੈ ਕਿ ਹਰ ਅਸਥਾਨ ਦੀ ਇਤਿਹਾਸਕ ਮਹੱਤਤਾ ਨੂੰ ਮੁੱਖ ਰੱਖਿਆ ਗਿਆ ਹੈ ਅਤੇ ਇਸ ਨੂੰ ਗੁਰੂ ਸਾਹਿਬ ਦੇ ਯਾਤਰਾ ਮਾਰਗ ਦੇ ਨਿਰਨਾਇਕ ਫੈਸਲੇ ਨਾਲ ਨਹੀਂ ਜੋੜਿਆ ਗਿਆ । ਬਿਹਾਰ ਗੁਰੂ ਸਾਹਿਬ ਦੇ ਜਨਮ ਨਾਲ ਸੰਬੰਧਤ ਹੈ ਇਸ ਲਈ ਇਥੋਂ ਦੀਆਂ ਥਾਵਾਂ ਨੂੰ ਪਹਿਲ ਦਿੱਤੀ ਗਈ ਹੈ। ਇਸੇ ਪ੍ਰਕਾਰ ਨਾਂਦੇੜ ਸਾਹਿਬ ਗੁਰੂ ਸਾਹਿਬ ਦੇ ਅੰਤਮ ਸਮੇਂ ਨਾਲ ਸੰਬੰਧਤ ਹੈ ਇਸ ਲਈ ਇਸ ਇਲਾਕੇ ਦੀਆਂ ਘਟਨਾਵਾਂ ਨੂੰ ਅੰਤ ਵਿੱਚ ਰੱਖਿਆ ਗਿਆ ਹੈ। ਹਰ ਇਲਾਕੇ ਦੇ ਅਸਥਾਨਾਂ ਨੂੰ ਅੱਖਰ ਕਰਮ ਅਨੁਸਾਰ (alphabetically) ਤਰਤੀਬ ਦਿੱਤੀ ਗਈ ਹੈ।

ਉਪਰੋਕਤ ਦੀ ਲੋਅ ਵਿਚ ਗੁਰੂ ਗੋਬਿੰਦ ਸਿੰਘ ਦੇ ਯਾਤਰਾ ਅਸਥਾਨਾਂ, ਪਰੰਪਰਾਵਾਂ ਅਤੇ ਯਾਦ ਚਿੰਨਾਂ ਸੰਬੰਧੀ ਇਹ ਰਚਨਾ ਇਤਿਹਾਸਕ ਖੋਜੀਆਂ ਲਈ ਇਕ ਨਿਮਾਣਾ ਜਿਹਾ ਯਤਨ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਜਿਸ ਮਨੋਰਥ ਨੂੰ ਲੈ ਕੇ ਇਹ ਕੰਮ ਆਰੰਭ ਕੀਤਾ ਗਿਆ ਸੀ ਉਸ ਵਿਚ ਨਿਸਚੇ ਹੀ ਸਹਾਈ ਹੋਵੇਗਾ ।

ਅੰਤ ਵਿਚ ਅਸੀਂ ਉਨ੍ਹਾਂ ਸਾਰੇ ਅਧਿਕਾਰੀ ਸੱਜਣਾਂ ਅਤੇ ਵਿਦਵਾਨਾਂ ਦੇ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਸ਼ੁਭ ਇੱਛਾਵਾਂ, ਮਿਹਰ, ਸਹਾਇਤਾ ਅਤੇ ਮਿਹਨਤ ਸਦਕਾ ਇਹ ਕਾਰਜ ਪੂਰਨ ਹੋ ਸਕਿਆ ਹੈ। ਸਭ ਤੋਂ ਪਹਿਲਾਂ ਅਸੀਂ ਆਪਣੇ ਵਾਈਸ-ਚਾਂਸਲਰ ਸਾਹਿਬ ਡਾ. ਭਗਤ ਸਿੰਘ ਜੀ ਦੇ ਦਿਲੋਂ ਰਿਣੀ ਹਾਂ ਜਿਨ੍ਹਾਂ ਦੀ ਉਦਾਰਤਾ, ਉਤਸ਼ਾਹ ਅਤੇ ਸਹਾਇਤਾ ਨਾਲ ਇਹ ਬਿਖੜਾ ਕੰਮ ਸਿਰੇ ਚੜ੍ਹ ਸਕਿਆ ਹੈ । ਅਸੀਂ ਆਪਣੇ ਵਿਭਾਗੀ ਸਹਿਯੋਗੀਆਂ ਦੇ ਵੀ ਧੰਨਵਾਦੀ ਹਾਂ ਜੋ ਸਾਨੂੰ ਇਸ ਕੰਮ ਲਈ ਲਗਾਤਾਰ ਪ੍ਰੇਰਿਤ ਕਰਦੇ ਰਹੇ ਹਨ । ਯੂਨੀਵਰਸਿਟੀ ਪ੍ਰੈਸ ਦੇ ਮੈਨੇਜਰ ਸਾਹਿਬ ਅਤੇ ਉਨ੍ਹਾਂ ਦੇ ਸਟਾਫ ਨੇ ਸਦਾ ਵਾਂਗ ਇਸ ਕੰਮ ਵਿਚ ਦਿਲਚਸਪੀ ਵਿਖਾਈ ਹੈ ਜਿਸ ਲਈ ਅਸੀਂ ਉਨ੍ਹਾਂ ਦੇ ਰਿਣੀ ਹਾਂ।



ਗੁਰੂ ਗੋਬਿੰਦ ਸਿੰਘ ਜੀ ਦਾ ਇਕ ਪੁਰਾਣੀ ਪੇਂਟਿੰਗ ਤੋਂ ਲਿਆ ਗਿਆ ਚਿੱਤਰ ।

# ਬਿਹਾਰ

1. ਸਸਰਾਮ
2. ਛਪਰਾ, ਆਰਾ, ਦੁਮਰਾਓ ਅਤੇ ਬਕਸਰ
3. ਦਾਨਾਪੁਰ
4. ਪਟਣਾ ਸਾਹਿਬ

# ਸਸਰਾਮ

ਸਸਰਾਮ ਬਨਾਰਸ ਤੋਂ ਕੋਈ 80 ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ। ਇਹ ਬਿਹਾਰ ਰਾਜ ਦਾ ਜ਼ਿਲਾ ਕੇਂਦਰ ਹੈ।[1] ਪੁਰਾਤਨ ਪੁਸਤਕਾਂ ਵਿਚ ਭਾਵੇਂ ਇਹ ਲਿਖਿਆ ਮਿਲਦਾ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਦਾ ਪਰਵਾਰ, ਸਮੇਤ ਬਾਲ ਗੋਬਿੰਦ ਜੀ ਦੇ, ਪਟਣੇ ਤੋਂ ਪੰਜਾਬ ਨੂੰ ਆਉਂਦਿਆਂ ਹੋਇਆਂ ਸਸਰਾਮ ਠਹਿਰਿਆ ਸੀ ਪਰੰਤੂ ਬਾਲ ਗੋਬਿੰਦ ਜੀ ਨਾਲ ਜਾਂ ਸਮੁੱਚੇ ਪਰਵਾਰ ਨਾਲ ਸੰਬੰਧਤ ਕੋਈ ਯਾਦਗਾਰ ਇਥੇ ਨਹੀਂ ਮਿਲਦੀ। ਉਨ੍ਹਾਂ ਸਮਿਆਂ ਵਿਚ ਸਸਰਾਮ ਸਿੱਖ ਧਰਮ ਦਾ ਇਕ ਮਹੱਤਵ ਪੂਰਨ ਕੇਂਦਰ ਸੀ ਅਤੇ ਚਾਚਾ ਫੱਗੂ ਮੱਲ ਇਥੋਂ ਦਾ ਮੁੱਖੀ ਸੀ। ਪਟਣੇ ਤੋਂ ਵਾਪਸ ਆਉਣ ਸਮੇਂ ਸਸਰਾਮ ਮੁੱਖ ਰਾਹ ਦੇ ਉਤੇ ਹੀ ਸਥਿਤ ਹੋਣ ਕਰਕੇ ਪਰਵਾਰ ਦੇ ਠਹਿਰਾਅ ਦਾ ਇਕ ਠਿਕਾਣਾ ਬਣ ਸਕਦਾ ਸੀ। ਇਸ ਤੋਂ ਅਗਲਾ ਠਹਿਰਾਅ ਬਨਾਰਸ ਦਾ ਹੈ। ਪਟਣੇ ਤੋਂ ਬਨਾਰਸ ਪਹੁੰਚਣ ਲਈ ਸਸਰਾਮ ਹੋ ਕੇ ਜਾਣਾ ਪੈਂਦਾ ਹੈ। ਭਾਵੇਂ ਇਥੇ ਕੋਈ ਐਸੀ ਰਵਾਇਤ ਨਹੀਂ ਪਰ ਇਹ ਸੰਭਵ ਹੈ ਕਿ ਬਾਲ ਗੋਬਿੰਦ ਪਰਵਾਰ ਸਮੇਤ ਇਥੇ ਆਏ ਹੋਣ। ਸਮੇਂ ਦੇ ਬੀਤਣ ਨਾਲ ਅਤੇ ਸਿੱਖਾਂ ਦੀ ਥੋੜ੍ਹੀ ਆਬਾਦੀ ਹੋਣ ਕਾਰਨ ਇਹ ਵੀ ਸੰਭਵ ਨਹੀਂ ਹੋ ਸਕਦਾ ਸੀ ਕਿ ਗੁਰੂ ਘਰ ਨਾਲ ਸੰਬੰਧਤ ਹਰ ਮਹਾਂ-ਪੁਰਸ਼ ਦੀ ਯਾਦ ਵਿਚ ਕੋਈ ਨਾ ਕੋਈ ਯਾਦਗਾਰ ਸੰਭਾਲ ਕੇ ਰੱਖੀ ਜਾਵੇ।

ਸਥਾਨਕ ਰਵਾਇਤ ਹੈ ਕਿ ਇਥੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਪੂਰਬ ਦੇ ਦੌਰੇ ਸਮੇਂ ਆਏ ਸਨ। ਇਥੇ ਤਿੰਨ ਗੁਰਦੁਆਰੇ ਹਨ। ਇਕ ਗੁਰਦੁਆਰੇ ਦਾ ਨਾਂ ਚਾਚਾ ਫੱਗੂ ਮੱਲ ਦਾ ਗੁਰਦੁਆਰਾ ਹੈ। ਚਾਚਾ ਫੱਗੂ ਮੱਲ ਸਸਰਾਮ ਵਿਚ ਮੁੱਖੀ ਸਿੱਖ ਸੀ ਅਤੇ ਆਲੇ ਦੁਆਲੇ ਦੇ ਇਲਾਕੇ ਵਿਚ ਸਿੱਖ ਧਰਮ ਦਾ ਪਰਚਾਰ ਕਰਦਾ ਹੁੰਦਾ ਸੀ। ਇਸ ਕਰਕੇ ਸਸਰਾਮ ਦੇ ਇਲਾਕੇ ਵਿਚ ਜਿੰਨੇ ਸਿੱਖ ਸਨ ਸਾਰੇ ਆਪਣੇ ਆਪ ਨੂੰ ਚਾਚਾ ਫੱਗੂ ਮੱਲ ਦੀ ਸੰਗਤ ਹੀ ਕਹਿੰਦੇ ਸਨ। ਵਰਤਮਾਨ ਗੁਰਦੁਆਰਾ ਚਾਚਾ ਫੱਗੂ ਮੱਲ ਦੇ ਮਕਾਨ ਵਿਚ ਹੀ ਬਣਿਆ ਹੋਇਆ ਹੈ। ਦੂਸਰਾ ਗੁਰਦੁਆਰਾ 'ਟਕਸਾਲੀ ਸੰਗਤ' ਹੈ ਅਤੇ ਤੀਸਰਾ ਗੁਰਦੁਆਰਾ 'ਗੁਰੂ ਕਾ ਬਾਗ' ਹੈ। ਇਸ ਤੋਂ ਛੁੱਟ ਦੋ ਹੋਰ ਛੋਟੇ ਛੋਟੇ ਗੁਰਦੁਆਰੇ ਹਨ ਜਿਹੜੇ ਕਿ ਗੁਰੂ ਨਾਨਕ ਸਾਹਿਬ ਨਾਲ ਸੰਬੰਧਤ ਹਨ ਅਤੇ ਇਹ ਗੁਰਦੁਆਰੇ ਘਰਾਂ ਵਿਚ ਹਨ।

---

1. ਇਥੇ ਗੁਰ-ਅਸਥਾਨਾਂ ਤੋਂ ਛੁੱਟ ਦੋ ਹੋਰ ਮਹੱਤਵ ਪੂਰਨ ਯਾਦਾਂ ਹਨ। ਇਨ੍ਹਾਂ ਵਿਚ ਇਕ ਸ਼ੇਰਸ਼ਾਹ ਸੂਰੀ ਦਾ ਮਕਬਰਾ ਹੈ ਅਤੇ ਦੂਜਾ ਉਹ ਸਿਲਾ ਪੱਥਰ ਹੈ ਜਿਸ ਉਪਰ ਮਹਾਰਾਜਾ ਅਸ਼ੋਕ ਦੇ ਕੁਝ ਫਰਮਾਨ ਉਕਰੇ ਹੋਏ ਹਨ।

## ਛਪਰਾ, ਆਰਾ, ਦੁਮਰਾਓ ਅਤੇ ਬਕਸਰ

ਛਪਰਾ, ਆਰਾ, ਦੁਮਰਾਓ ਅਤੇ ਬਕਸਰ ਬਿਹਾਰ ਰਾਜ ਦੇ ਮਹੱਤਵ ਪੂਰਨ ਸ਼ਹਿਰ ਹਨ ਅਤੇ ਪਟਣਾ ਸਾਹਿਬ-ਦਾਨਾਪੁਰ ਤੋਂ ਸਸਰਾਮ ਵੱਲ ਆਉਂਦਿਆਂ ਰਸਤੇ ਵਿਚ ਪੈਂਦੇ ਹਨ। ਛਪਰਾ ਸ਼ਹਿਰ ਦਾਨਾਪੁਰ ਤੋਂ ਲਗਭਗ 50 ਕਿਲੋਮੀਟਰ ਦੀ ਵਿੱਥ ਉਤੇ ਹੈ । ਦੁਮਰਾਓ ਰਸਤੇ ਵਿਚ ਪੈਂਦਾ ਹੈ। ਬਕਸਰ ਤੋਂ ਸਸਰਾਮ ਤਕਰੀਬਨ 80 ਕਿਲੋਮੀਟਰ ਦੀ ਵਿੱਥ ਉਤੇ ਸੋਨ ਨਦੀ ਉਪਰ ਸਥਿਤ ਹੈ। ਪਟਣਾ ਸਾਹਿਬ-ਦਾਨਾਪੁਰ ਤੋਂ ਸਸਰਾਮ ਲਗਭਗ ਢਾਈ ਸੌ ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ।

ਬਾਲ ਗੋਬਿੰਦ ਜੀ ਪਰਵਾਰ ਸਮੇਤ ਦਾਨਾਪੁਰ ਤੋਂ ਅਗੇ ਪੰਜਾਬ ਵੱਲ ਨੂੰ ਆਉਂਦੇ ਹੋਏ ਛਪਰਾ, ਆਰਾ, ਦੁਮਰਾਓ ਅਤੇ ਬਕਸਰ ਆਦਿ ਨਗਰਾਂ ਵਿਚੋਂ ਹੁੰਦੇ ਹੋਏ ਸਸਰਾਮ ਪਹੁੰਚੇ ਪ੍ਰਤੀਤ ਹੁੰਦੇ ਹਨ ਪਰ ਇਨ੍ਹਾਂ ਨਗਰਾਂ ਵਿਚ ਕੋਈ ਗੁਰਦੁਆਰਾ ਨਹੀਂ ਅਤੇ ਨਾ ਹੀ ਇਥੇ ਕੋਈ ਸਿੱਖ ਆਬਾਦੀ ਹੋਣ ਕਰਕੇ ਕਿਸੇ ਪਰਕਾਰ ਦੀ ਸਥਾਨਕ ਪਰੰਪਰਾ ਹੀ ਮਿਲਦੀ ਹੈ। ਦਾਨਾਪੁਰ ਤੋਂ ਲੈ ਕੇ ਸਸਰਾਮ ਦੀ ਦੂਰੀ ਨੂੰ ਧਿਆਨ ਵਿਚ ਰਖਦੇ ਹੋਏ ਇਹ ਸੰਭਵ ਹੈ ਕਿ ਬਾਲ ਗੋਬਿੰਦ ਜੀ ਰਸਤੇ ਵਿਚ ਰੁਕਦੇ ਹੋਏ ਉਪਰੋਕਤ ਨਗਰਾਂ ਵਿਖੇ ਹੀ ਠਹਿਰੇ ਹੋਣ।

## ਦਾਨਾਪੁਰ

ਸਥਾਨਕ ਰਵਾਇਤ ਅਨੁਸਾਰ ਬਾਲ ਗੋਬਿੰਦ ਜੀ ਪਰਵਾਰ ਸਮੇਤ ਜਦੋਂ ਪਟਣਾ ਸਾਹਿਬ ਤੋਂ ਆਨੰਦਪੁਰ ਨੂੰ ਆਉਣ ਲਈ ਰਵਾਨਾ ਹੋਏ ਤਾਂ ਪਟਣਾ ਸਾਹਿਬ ਤੋਂ ਅੱਗੇ ਪਹਿਲਾ ਠਹਿਰਾਅ ਦਾਨਾਪੁਰ ਵਿਖੇ ਕੀਤਾ ਗਿਆ ਸੀ। ਇਸ ਆਮਦ ਦੀ ਯਾਦ ਵਿਚ ਇਥੇ ਇਕ ਬਹੁਤ ਸੁੰਦਰ ਗੁਰਦੁਆਰਾ 'ਹਾਂਡੀ ਸਾਹਿਬ' ਸਸ਼ੋਭਤ ਹੈ।

ਇਕ ਰਵਾਇਤ ਅਨੁਸਾਰ, ਜਦ ਗੁਰੂ ਪਰਵਾਰ ਦਾਨਾਪੁਰ ਪਹੁੰਚਿਆ ਤਾਂ ਉਥੋਂ ਦੀਆਂ ਸੰਗਤਾਂ ਬਾਲ ਗੋਬਿੰਦ ਜੀ ਦੇ ਦਰਸ਼ਨਾਂ ਲਈ ਦੂਰੋਂ ਨੇੜਿਓਂ ਆ ਕੇ ਇਕੱਠੀਆਂ ਹੋਈਆਂ। ਸੰਗਤਾਂ ਦਾ ਇਤਨਾ ਪਿਆਰ ਦੇਖ ਕੇ ਗੁਰੂ ਪਰਵਾਰ ਨੂੰ ਇਕ ਰਾਤ ਇਥੇ ਹੀ ਠਹਿਰਨਾ ਪਿਆ ਸੀ। ਦਾਨਾਪੁਰ ਵਿਖੇ ਇਕ ਜਮਨਾ ਨਾਮੀ ਮਾਈ ਸੰਗਤ ਦੀ ਮੁੱਖੀ ਸਿੱਖ ਸੀ। ਗੁਰੂ ਪਰਵਾਰ ਪਹਿਲਾਂ ਮਾਈ ਜਮਨਾ ਦੇ ਹੀ ਘਰ ਠਹਿਰਿਆ ਸੀ। ਜਦ ਗੁਰੂ ਪਰਵਾਰ ਨੇ ਇਥੇ ਹੀ ਰਾਤ ਦੇ ਵਿਸ਼ਰਾਮ ਦਾ ਇਰਾਦਾ ਬਣਾ ਲਿਆ ਤਾਂ ਮਾਈ ਜਮਨਾ ਇਹ ਸੋਚ ਕੇ ਬੜੀ ਉਦਾਸ ਹੋਈ ਕਿ ਇਤਨੀ ਵੱਡੀ ਸੰਗਤ ਨੂੰ ਉਹ ਰੋਟੀ ਕਿਸ ਤਰ੍ਹਾਂ ਖੁਆ ਸਕੇਗੀ। ਇਸ ਉਦਾਸੀ ਦਾ ਕਾਰਨ ਗੋਬਿੰਦ ਜੀ ਅਤੇ ਬਾਕੀ ਦੇ ਪਰਵਾਰ ਨੇ ਵੀ ਭਾਂਪ ਲਿਆ ਤਾਂ ਬਾਲ ਗੋਬਿੰਦ ਜੀ ਨੇ ਮਾਈ ਨੂੰ ਕਿਹਾ ਕਿ ਉਹ ਫ਼ਿਕਰ ਨਾ ਕਰੇ ਉਸਦੀ ਹਾਂਡੀ ਵਿਚੋਂ ਖਿਚੜੀ ਮੁੱਕੇਗੀ ਨਹੀਂ। ਰਵਾਇਤ ਹੈ ਕਿ ਸਾਰੀ ਸੰਗਤ ਮਾਈ ਦੇ ਘਰ ਲੰਗਰ ਛਕਦੀ ਰਹੀ ਪਰ ਖਿਚੜੀ ਮੁੱਕੀ ਨਹੀਂ।

ਗਿਆਨੀ ਠਾਕਰ ਸਿੰਘ ਨੇ ਇਸ ਬਾਰੇ ਕੁਝ ਹੋਰ ਤਰ੍ਹਾਂ ਲਿਖਿਆ ਹੈ ਕਿ ਮਾਈ ਭਾਗਵੰਤੀ ਇਥੇ ਰਹਿੰਦੀ ਸੀ। ਗੁਰੂ ਪਰਵਾਰ ਦੇ ਇਥੇ ਆਉਣ ਉਤੇ ਉਹ ਬਾਲ ਗੋਬਿੰਦ ਜੀ ਨੂੰ ਗੋਦ ਵਿਚ ਲੈ ਕੇ ਆਪਣੇ ਘਰ ਲੈ ਗਈ ਅਤੇ ਉਥੇ ਉਸ ਨੇ ਬਾਲ ਜੀ ਨੂੰ ਹਾਂਡੀ ਵਿਚੋਂ ਖਿਚੜੀ ਕਢ ਕੇ

ਖੁਆਈ ਸੀ। ਇਸ ਲਈ ਇਸ ਗੁਰਦੁਆਰੇ ਦਾ ਨਾਂ ਹਾਂਡੀ ਸਾਹਿਬ ਪੈ ਗਿਆ।[1] ਪੰਡਤ ਤਾਰਾ ਸਿੰਘ ਨਰੋਤਮ ਨੇ ਇਸ ਬਾਰੇ ਇਉਂ ਲਿਖਿਆ ਹੈ: "ਗੁਰੂ ਜੀ ਨੇ ਇਕ ਮਾਈ ਕੇ ਘਰ ਮੋ ਖਿਚੜੀ ਖਾਈ ਥੀ...।"[2] ਬਿਹਾਰ ਦੀਆਂ ਸੰਗਤਾਂ ਇਸ ਅਸਥਾਨ ਦੇ ਦਰਸ਼ਨ ਕਰਨ ਨੂੰ ਆਉਂਦੀਆਂ ਹਨ। ਖਿਚੜੀ ਵਾਲੀ ਹਾਂਡੀ ਗੁਰਦੁਆਰਾ ਸਾਹਿਬ ਵਿਚ ਅੱਜ ਵੀ ਸੁਰੱਖਿਅਤ ਹੈ।

ਆਉਣ ਵਾਲੀ ਸੰਗਤ ਦੀ ਲੰਗਰ ਵਿਚ ਪੂਰੀ ਸੇਵਾ ਕੀਤੀ ਜਾਂਦੀ ਹੈ। ਇਸ ਗੁਰਦੁਆਰੇ ਦਾ ਸਾਰਾ ਪ੍ਰਬੰਧ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਪਟਣਾ ਦੀ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

## ਪਟਣਾ ਸਾਹਿਬ

ਪਟਣਾ ਸਾਹਿਬ ਬਿਹਾਰ ਦੀ ਰਾਜਧਾਨੀ ਹੈ। ਇਸ ਦਾ ਪਹਿਲਾ ਨਾਂ ਪਾਟਲੀ ਪੁੱਤਰ ਸੀ। ਇਹ ਸ਼ਹਿਰ ਗੰਗਾ ਨਦੀ ਦੇ ਉਪਰ ਵਸਿਆ ਹੋਣ ਕਰਕੇ ਅਤੇ ਗੁਰੂ ਗੋਬਿੰਦ ਸਿੰਘ ਦਾ ਜਨਮ ਅਸਥਾਨ ਹੋਣ ਕਰਕੇ ਬਹੁਤ ਮਹੱਤਤਾ ਰਖਦਾ ਹੈ। ਇਸ ਸੰਬੰਧੀ ਗੁਰੂ ਗੋਬਿੰਦ ਸਿੰਘ ਬਚਿੱਤ੍ਰ ਨਾਟਕ ਵਿਚ ਲਿਖਦੇ ਹਨ:

ਤਹੀ ਪ੍ਰਕਾਸ ਹਮਾਰਾ ਭਯੋ।
ਪਟਨਾ ਸਹਰ ਬਿਖੈ ਭਵ ਲਯੋ। (ਧਿਆਇ ਸੱਤਵਾਂ)

ਇਥੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਮਈ 1666 ਈਸਵੀ ਨੂੰ ਆਪਣੇ ਪੂਰਬੀ ਭਾਰਤ ਦੇ ਦੌਰਿਆਂ ਸਮੇਂ ਆਏ ਸਨ।[3] ਸ੍ਰੀ ਗੁਰੂ ਤੇਗ਼ ਬਹਾਦਰ ਜੀ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਵੀ ਆਪਣੀ ਇਕ ਉਦਾਸੀ ਦੇ ਦੌਰਾਨ ਇਥੇ ਆ ਚੁੱਕੇ ਸਨ। ਗੁਰੂ ਨਾਨਕ ਦੇਵ ਜੀ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਗਾਏ ਘਾਟ ਸਾਹਿਬ ਬਣਿਆ ਹੋਇਆ ਹੈ।

ਗੁਰੂ ਤੇਗ਼ ਬਹਾਦਰ ਜੀ ਇਥੇ ਪਹੁੰਚ ਕੇ ਜ਼ਿਆਦਾ ਸਮਾਂ ਇਥੇ ਨਹੀਂ ਠਹਿਰੇ। ਗੁਰੂ ਸਾਹਿਬ ਆਪਣੇ ਪਰਵਾਰ ਨੂੰ ਇਥੇ ਛਡ ਕੇ ਆਪ ਅੱਗੇ ਬੰਗਾਲ ਅਤੇ ਆਸਾਮ ਦੇ ਦੌਰਿਆਂ ਉਤੇ ਚਲੇ ਗਏ ਸੀ। ਗੁਰੂ ਜੀ ਦੇ ਪਰਵਾਰ ਦੇ ਇਥੇ ਰਹਿੰਦਿਆਂ ਹੀ ਬਾਲ ਗੋਬਿੰਦ ਜੀ ਦਾ ਜਨਮ ਹੋਇਆ ਸੀ। 1668 ਈਸਵੀ ਵਿਚ ਗੁਰੂ ਤੇਗ਼ ਬਹਾਦਰ ਜੀ ਆਸਾਮ ਅਤੇ ਬੰਗਾਲ ਦੇ ਦੌਰਿਆਂ ਤੋਂ ਵਾਪਸ ਮੁੜ ਆਏ ਸਨ। ਗੁਰੂ ਜੀ ਵਾਪਸ ਪਰਤ ਕੇ ਵੀ ਪਟਣਾ ਸਾਹਿਬ ਵਿਖੇ ਜ਼ਿਆਦਾ ਸਮਾਂ ਨਹੀਂ ਠਹਿਰੇ। ਗੁਰੂ ਸਾਹਿਬ ਦੀ ਬੰਗਾਲ ਅਤੇ ਆਸਾਮ ਤੋਂ ਵਾਪਸੀ ਬਾਰੇ ਰਵਾਇਤ ਹੈ ਕਿ ਉਹ ਪਟਣਾ ਸ਼ਹਿਰ ਦੇ ਬਾਹਰਵਾਰ ਇਕ ਬਾਗ ਵਿਚ ਆ ਕੇ ਠਹਿਰੇ ਸਨ। ਇਹ ਬਾਗ ਉਸ ਸਮੇਂ ਉਜਾੜ ਪਿਆ ਸੀ ਅਤੇ ਇਹ ਦੋ ਪਠਾਣ ਭਰਾਵਾਂ ਰਹੀਮ ਬਖਸ਼ ਅਤੇ ਕਰੀਮ ਬਖਸ਼ ਦਾ ਸੀ। ਇਸੇ ਹੀ ਬਾਗ ਵਿਚ ਗੁਰੂ ਸਾਹਿਬ ਦਾ ਪਰਵਾਰ ਗੁਰੂ ਜੀ ਨੂੰ ਆ ਕੇ ਮਿਲਿਆ ਸੀ। ਪੰਡਿਤ ਤਾਰਾ ਸਿੰਘ ਨਰੋਤਮ ਨੇ ਇਸ ਬਾਰੇ ਇਉਂ ਲਿਖਿਆ ਹੈ: "ਪਟਨੇ ਮੈ ਗੁਰੂ ਜੀ ਨੇ


1. ਗ੍ਰੰਥ ਸ੍ਰੀ ਗੁਰਦੁਆਰੇ ਦਰਸ਼ਨ, (ਪੱਥਰ ਛਾਪਾ), 1924 ਈਸਵੀ, ਪੰਨਾ 160
2. ਸ੍ਰੀ ਗੁਰੂ ਤੀਰਥ ਸੰਗ੍ਰਹਿ (ਪੱਥਰ ਛਾਪਾ), ਸੰਮਤ 1941 ਬਿਕਰਮੀ (ਸੰਨ 1884 ਈਸਵੀ), ਪੰਨਾ 108
3. ਫ਼ੌਜਾ ਸਿੰਘ, ਗੁਰਬਚਨ ਸਿੰਘ ਤਾਲਿਬ, ਗੁਰੂ ਤੇਗ਼ ਬਹਾਦਰ: ਮਾਰਟਰ ਐਂਡ ਟੀਚਰ, ਪਟਿਆਲਾ, 1975, ਪੰਨਾ 46

ਸੂਕਾ ਬਾਗ ਹਰਾ ਕੀਆ ਥਾ ਵਹੁ ਗੁਰੂ ਕਾ ਬਾਗ ਹੈ ਇਸ ਬਾਗ ਮੇਂ ਅਮਲੀ ਕੇ ਬਿਰਛ ਤਲ ਗੁਰੂ ਕੀ ਮੰਜੀ ਹੈ।"[1]

ਇਸ ਬਾਗ ਦਾ ਨਾਂ 'ਗੁਰੂ ਕਾ ਬਾਗ' ਪ੍ਰਸਿੱਧ ਹੋ ਗਿਆ। ਅੱਜ ਕੱਲ੍ਹ ਇਸ ਥਾਂ ਉਤੇ ਗੁਰਦੁਆਰਾ ਗੁਰੂ ਕਾ ਬਾਗ ਹੈ। ਗੁਰੂ ਸਾਹਿਬ ਇਥੋਂ ਆਪਣੇ ਪਰਵਾਰ ਨੂੰ ਪੰਜਾਬ ਵਿਚ ਪਹੁੰਚਣ ਦੀਆਂ ਹਦਾਇਤਾਂ ਕਰ ਕੇ ਆਪ ਪਹਿਲੋਂ ਹੀ ਪੰਜਾਬ ਵੱਲ ਨੂੰ ਰਵਾਨਾ ਹੋ ਗਏ ਸਨ। ਉਨ੍ਹਾਂ ਦੇ ਕੁਝ ਚਿਰ ਪਿਛੋਂ ਪਰਵਾਰ ਵੀ ਬਾਲ ਗੋਬਿੰਦ ਜੀ ਸਮੇਤ ਪੰਜਾਬ ਨੂੰ ਰਵਾਨਾ ਹੋ ਗਿਆ।

ਪਟਣਾ ਸਾਹਿਬ ਵਿਖੇ ਕਈ ਗੁਰਦੁਆਰੇ ਹਨ ਜਿਨ੍ਹਾਂ ਵਿਚੋਂ ਕੁਝ ਗੁਰੂ ਤੇਗ਼ ਬਹਾਦਰ ਜੀ ਅਤੇ ਕੁਝ ਬਾਲ ਗੋਬਿੰਦ ਜੀ ਦੀ ਯਾਦ ਵਿਚ ਹਨ। ਬਾਲ ਗੋਬਿੰਦ ਜੀ ਦੇ ਜਨਮ ਅਸਥਾਨ ਉਤੇ ਇਸ ਸਮੇਂ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਸਥਾਪਤ ਹੈ। ਗੰਗਾ ਦੇ ਜਿਸ ਕੰਢੇ ਉਤੇ ਬਾਲ ਗੋਬਿੰਦ ਜੀ ਆਪਣੇ ਸਾਥੀਆਂ ਨਾਲ ਖੇਡਿਆ ਕਰਦੇ ਸਨ ਉਸ ਥਾਂ ਉਤੇ ਗੁਰਦੁਆਰਾ ਘਾਟ ਸਾਹਿਬ ਹੈ। ਬਾਲ ਗੋਬਿੰਦ ਜੀ ਬਾਰੇ ਗੰਗਾ ਵਿਚ ਸੋਨੇ ਦਾ ਕੰਗਣ ਸੁੱਟਣ ਦੀ ਸਾਖੀ ਇਸੇ ਥਾਂ ਨਾਲ ਹੀ ਸੰਬੰਧਤ ਹੈ। ਬਾਲ ਗੋਬਿੰਦ ਜੀ ਨਾਲ ਹੀ ਸੰਬੰਧਤ ਇਕ ਹੋਰ ਤੀਸਰਾ ਅਸਥਾਨ ਗੁਰਦੁਆਰਾ ਮੈਣੀ ਸੰਗਤ ਹੈ। ਇਸ ਥਾਂ ਉਤੇ ਇਥੋਂ ਦੇ ਸਥਾਨਕ ਰਾਜਾ ਫਤਿਹ ਚੰਦ ਮੈਣੀ ਦੇ ਮਹਿਲ ਸਨ। ਬਾਲ ਗੋਬਿੰਦ ਜੀ ਇਥੇ ਹਰ ਰੋਜ਼ ਰਾਣੀ ਪਾਸ ਖੇਡਣ ਆਇਆ ਕਰਦੇ ਸਨ। ਪਿਛੋਂ ਰਾਜਾ ਅਤੇ ਰਾਣੀ ਨੇ ਇਨ੍ਹਾਂ ਮਹਿਲਾਂ ਨੂੰ ਗੁਰਦੁਆਰੇ ਵਿਚ ਬਦਲ ਦਿੱਤਾ ਸੀ।

1. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 100



ਗੁਰੂ ਜੀ ਦੀ ਬਾਲ ਅਵਸਥਾ ਦੇ ਜੁੱਤੇ ਜੋ ਗੁਰਦੁਆਰਾ ਬਨਾਰਸ ਵਿਖੇ ਪਏ ਹਨ ।

# ਉੱਤਰ-ਪ੍ਰਦੇਸ਼

1. ਅਯੁੱਧਿਆ
2. ਅਲਾਹਾਬਾਦ
3. ਆਗਰਾ
4. ਹਰਿਦੁਆਰ
5. ਡੇਹਰਾਦੂਨ
6. ਨਾਨਕ ਮਤਾ
7. ਬਨਾਰਸ (ਵਾਰਾਣਸੀ)
8. ਮਥੁਰਾ ਅਤੇ ਬਿੰਦਰਾਬਨ
9. ਮਿਰਜ਼ਾਪੁਰ

## ਅਯੁੱਧਿਆ

ਅਯੁੱਧਿਆ ਉੱਤਰ-ਪ੍ਰਦੇਸ਼ ਦੇ ਜ਼ਿਲ੍ਹਾ ਫ਼ੈਜ਼ਾਬਾਦ ਦਾ ਪ੍ਰਸਿੱਧ ਨਗਰ ਹੈ ਅਤੇ ਸ਼੍ਰੀ ਰਾਮ ਚੰਦਰ ਜੀ ਦਾ ਜਨਮ ਅਸਥਾਨ ਹੋਣ ਕਰਕੇ ਪ੍ਰਸਿੱਧ ਹੈ। ਇਹ ਸਰਜੂ ਨਦੀ ਦੇ ਕੰਢੇ ਉਤੇ ਸਥਿਤ ਹੈ।

ਇਥੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਵੀ ਆਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਉਤੇ ਇਕ ਥੜ੍ਹਾ ਸਾਹਿਬ ਬਣਿਆ ਹੋਇਆ ਹੈ ਅਤੇ ਇਸ ਨੂੰ ਮੰਜੀ ਸਾਹਿਬ ਪਾਤਸ਼ਾਹੀ ਪਹਿਲੀ ਕਿਹਾ ਜਾਂਦਾ ਹੈ। ਇਸ ਦੇ ਨਜ਼ਦੀਕ ਹੀ ਗੁਰੂ ਤੇਗ਼ ਬਹਾਦਰ ਜੀ ਦਾ ਮੰਜੀ ਸਾਹਿਬ ਨਾਮੀ ਗੁਰਦੁਆਰਾ ਹੈ। ਇਸ ਦੇ ਨੇੜੇ ਹੀ ਰਾਜਾ ਦਸ਼ਰਥ ਦੀ ਸਮਾਧ ਹੈ। ਜਿਸ ਅਥਸਾਨ ਉਤੇ ਗੁਰਦੁਆਰੇ ਹਨ ਉਸ ਨੂੰ ਬ੍ਰਹਮਕੁੰਡ ਘਾਟ ਕਿਹਾ ਜਾਂਦਾ ਹੈ। ਇਥੋਂ ਦੇ ਗੁਰਦੁਆਰੇ ਨੂੰ ਗੁਰਦੁਆਰਾ ਬ੍ਰਹਮਕੁੰਡ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਹ ਸਰਜੂ ਨਦੀ ਦੇ ਬਿਲਕੁਲ ਕਿਨਾਰੇ ਉਪਰ ਹੀ ਸਥਿਤ ਹੈ।

ਗੁਰੂ ਤੇਗ਼ ਬਹਾਦਰ ਜੀ ਦਾ ਪਾਵਨ ਪਰਵਾਰ ਪਟਣਾ ਤੋਂ ਪੰਜਾਬ ਜਾਂਦਿਆਂ ਇਥੇ ਠਹਿਰਿਆ ਸੀ। ਇਥੇ ਪਵਿੱਤਰ ਪਰਵਾਰ ਦੀ ਯਾਦ ਵਿਚ ਇਕ ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ। ਇਹ ਵਸਿਸ਼ਟ ਕੁੰਡ ਪਾਸ ਹੈ।

ਇਥੇ ਸਿੱਖ ਆਬਾਦੀ ਨਹੀਂ ਹੈ। ਕੇਵਲ ਇਕ ਜਾਂ ਦੋ ਘਰ ਹੀ ਸਿੱਖਾਂ ਦੇ ਹਨ। ਇਹ ਗੁਰਦੁਆਰੇ ਨਿਰਮਲੇ ਸੰਤਾਂ ਦੇ ਪ੍ਰਬੰਧ ਹੇਠ ਹਨ।

## ਅਲਾਹਾਬਾਦ

ਅਲਾਹਾਬਾਦ ਉੱਤਰ-ਪ੍ਰਦੇਸ਼ ਦਾ ਪ੍ਰਸਿੱਧ ਜ਼ਿਲ੍ਹਾ ਕੇਂਦਰ ਹੈ। ਇਸ ਦਾ ਪੁਰਾਣਾ ਨਾਂ ਪ੍ਰਯਾਗ ਹੈ ਅਤੇ ਇਸ ਨੂੰ ਤ੍ਰਿਬੈਣੀ ਵੀ ਕਿਹਾ ਜਾਂਦਾ ਹੈ ਕਿਉਂਕਿ ਇਥੇ ਤਿੰਨ ਨਦੀਆਂ ਆਪਸ ਵਿਚ ਮਿਲਦੀਆਂ ਹਨ। ਇਨ੍ਹਾਂ ਤਿੰਨਾਂ ਨਦੀਆਂ—ਗੰਗਾ, ਜਮਨਾ ਅਤੇ ਸਰਸਵਤੀ—ਦੇ ਮਿਲਣ ਵਾਲੇ ਥਾਂ ਨੂੰ ਤ੍ਰਿਬੈਣੀ ਕਿਹਾ ਜਾਂਦਾ ਹੈ। ਅਸਲ ਵਿਚ ਪ੍ਰਯਾਗ ਅਤੇ ਤ੍ਰਿਬੈਣੀ ਦੋ ਥਾਵਾਂ ਦੇ ਨਾਮ ਸਨ। ਪ੍ਰਯਾਗ ਖਾਸ ਸ਼ਹਿਰ ਦਾ ਨਾਂ ਸੀ ਜਿਹੜਾ ਤ੍ਰਿਬੈਣੀ ਤੋਂ ਕੁਝ ਮੀਲ ਦੀ ਵਿੱਥ ਉਤੇ ਸੀ ਅਤੇ ਤ੍ਰਿਬੈਣੀ ਤਿੰਨਾਂ ਨਦੀਆਂ ਦੇ ਸੰਗਮ ਵਾਲੇ ਤਟ ਦਾ ਨਾਂ ਸੀ। ਤ੍ਰਿਬੈਣੀ ਨੂੰ ਤਾਂ ਅਜੇ ਵੀ ਤ੍ਰਿਬੈਣੀ ਸ਼ਬਦ ਨਾਲ ਹੀ ਯਾਦ ਕੀਤਾ ਜਾਂਦਾ ਹੈ ਪਰ ਪ੍ਰਯਾਗ ਦਾ ਨਾਂ ਬਦਲ ਕੇ ਅਲਾਹਾਬਾਦ ਹੋ ਗਿਆ ਹੈ। ਡਿਸਟ੍ਰਿਕਟ ਗਜ਼ਟੀਅਰ ਆਫ਼ ਯੂਨਾਈਟਿਡ ਪ੍ਰਾਵਿਨਸਿਜ਼, ਅਲਾਹਾਬਾਦ ਦੇ ਅਨੁਸਾਰ ਸਮਰਾਟ ਅਕਬਰ ਨੇ 1572 ਈਸਵੀ ਵਿਚ ਇਥੇ ਇਕ ਕਿਲ੍ਹਾ ਬਣਾ ਕੇ ਇਸ ਸ਼ਹਿਰ ਦਾ ਨਾਂ ਬਦਲ ਕੇ 'ਅਲਾਹ-ਧਾਮ' ਰੱਖ ਦਿੱਤਾ ਸੀ ਜਿਹੜਾ ਪਿੱਛੋਂ ਅਲਾਹਾਬਾਦ ਬਣ ਗਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸਵੈ-ਜੀਵਨੀ 'ਬਚਿੱਤਰ-ਨਾਟਕ'[1] ਵਿਚ ਲਿਖਿਆ ਹੈ ਕਿ ਜਦੋਂ ਉਨ੍ਹਾਂ ਦੇ ਪਿਤਾ ਗੁਰੂ ਤੇਗ਼ ਬਹਾਦਰ ਸਾਹਿਬ ਪਰਵਾਰ ਸਮੇਤ ਤ੍ਰਿਬੈਣੀ ਵਿਖੇ ਰਹਿ ਰਹੇ ਸਨ ਤਾਂ ਇਥੇ ਹੀ ਉਨ੍ਹਾਂ ਦਾ ਆਪਣਾ ਪ੍ਰਕਾਸ਼ ਹੋਇਆ।

1. ਧਿਆਇ ਸੱਤਵਾਂ।

ਜਬ ਹੀ ਜਾਤ ਤ੍ਰਿਬੇਣੀ ਭਏ ।
ਪੁੰਨ ਦਾਨ ਦਿਨ ਕਰਤ ਬਿਤਏ ।

ਤਹੀ ਪ੍ਰਕਾਸ ਹਮਾਰਾ ਭਯੋ ।
ਪਟਨਾ ਸਹਰ ਬਿਖੈ ਭਵ ਲਯੋ ।

ਇਸ ਪ੍ਰਕਾਰ ਪ੍ਰਯਾਗ ਜਾਂ ਅਲਾਹਾਬਾਦ ਦਾ ਸੰਬੰਧ ਸਿੱਖ ਇਤਿਹਾਸ ਨਾਲ ਬਹੁਤ ਗਹਿਰਾ ਹੈ । ਇਹ ਗੱਲ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਧਾਰਨ ਤੋਂ ਪਹਿਲਾਂ ਦੀ ਹੈ । ਜਿਸ ਸਮੇਂ ਉਹ ਪਰਵਾਰ ਸਮੇਤ ਪਟਣੇ ਤੋਂ ਪੰਜਾਬ ਵੱਲ ਵਾਪਸ ਆ ਰਹੇ ਸਨ ਤਾਂ ਵੀ ਉਨ੍ਹਾਂ ਨੇ ਇਥੇ ਕੁਝ ਸਮੇਂ ਲਈ ਠਹਿਰਾਅ ਕੀਤਾ ਸੀ । ਪ੍ਰਯਾਗ ਦੀ ਸੰਗਤ ਮਸ਼ਹੂਰ ਸੰਗਤ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪਿਛੋਂ ਪ੍ਰਯਾਗ ਦੀ ਸੰਗਤ ਦੇ ਨਾਂ ਭੇਜਿਆ ਹੋਇਆ ਇਕ ਹੁਕਮਨਾਮਾ ਵੀ ਮਿਲਦਾ ਹੈ ਜਿਸ ਤੋਂ ਸਾਬਤ ਹੁੰਦਾ ਹੈ ਕਿ ਪ੍ਰਯਾਗ ਦੀ ਸੰਗਤ ਨੂੰ ਪੰਜ ਤੋਲੇ ਸੋਨੇ ਦੀ ਮੰਗ ਕਰਨ ਤੋਂ ਇਲਾਵਾ ਇਹ ਵੀ ਹਦਾਇਤ ਕੀਤੀ ਗਈ ਸੀ ਕਿ ਸੰਗਤ ਨੇ ਮਸੰਦ ਮਸੰਦੀਏ ਨਾਲ ਕਿਸੇ ਕਿਸਮ ਦਾ ਸਮਾਜਕ ਵਿਵਹਾਰ ਨਹੀਂ ਕਰਨਾ ਅਤੇ ਜਦ ਵੀ ਸੰਗਤ ਗੁਰੂ ਦੇ ਦਰਸ਼ਨਾਂ ਨੂੰ ਆਵੇ ਤਾਂ ਹਥਿਆਰਬਧ ਹੋ ਕੇ ਆਵੇ । ਹੁਕਮਨਾਮਾ[1] ਇਸ ਪ੍ਰਕਾਰ ਹੈ :

ੴ ਸਤਿਗੁਰੂ ਜੀਉ ਸਿਰੀ ਗੁਰੂ ਜੀ ਦੀ ਆਗਿਆ ਹੈ ਸਰਬਤ ਸੰਗਤਿ ਪਿਰਾਗ ਕੀ ਮੇਰਾ ਖਾਲਸਾ ਹੈ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮੁ ਸਉਰੈਗਾ । ਪੰਜ ਤੋਲੇ ਸੋਨਾ ਫੁਰਮਾਇਸਿ ਲਿਖੀ ਹੈ ਸੰਗਤਿ ਹੁਕਮੁ ਦੇਖਦੇ ਸਿਤਾਬੀ ਹੁੰਡੀ ਕਰਾਇ ਭੇਜਣੀ ਖਸਮਾਨਾ ਹੋਗੁ ਬਾਹੁੜੀ ਹੋਵੈਗੀ ਸੰਗਤਿ ਮਸੰਦ ਮਸੰਦੀਏ ਨੋ ਨਾਹੀ ਮਿਲਣਾ ਹਜੂਰਿ ਪਹੁਚਾਵਣਾ ਜੋ ਸਿਖੁ ਮਿਲੈ ਸੋ ਮੇਲ ਲੇਵਣਾ ਦਿਕਤਿ ਨਾਹੀ ਕਰਣੀ ਮੇਰੀ ਖੁਸੀ ਹੈ ਆਪਸ ਵਿਚਿ ਪਿਆਰ ਕਰਣਾ ਸੰਗਤਿ ਹਥਿਆਰ ਬੰਨਕੈ ਦਰਸਨ ਆਵਣਾ । ਜੋ ਸਿਖੁ ਦਰਸਨ ਆਵਗੁ ਸੋ ਨਿਹਾਲ ਹੋਗੁ ਮਿਤੀ ਫਾਗੋ 10 ਸੰਮਤ 58 ਸਤਰਾ 8

ਅਲਾਹਾਬਾਦ ਵਿਚ ਦੋ ਗੁਰਦੁਆਰੇ ਹਨ । ਇਕ ਇਤਿਹਾਸਕ ਹੈ ਅਤੇ ਦੂਸਰਾ ਸਿੰਘ ਸਭਾ ਦਾ ਬਣਾਇਆ ਹੋਇਆ ਗੁਰਦੁਆਰਾ ਹੈ । ਇਤਿਹਾਸਕ ਗੁਰਦੁਆਰਾ ਗੁਰੂ ਤੇਗ਼ ਬਹਾਦਰ ਸਾਹਿਬ ਦੀ ਯਾਦ ਵਿਚ ਬਣਿਆ ਹੋਇਆ ਹੈ ਪਰ ਇਸ ਦਾ ਪ੍ਰਬੰਧ ਲਗਾਤਾਰ ਨਿਰਮਲੇ ਸੰਤਾਂ ਕੋਲ ਹੋਣ ਕਰਕੇ ਸਿੱਖ ਸੰਗਤਾਂ ਦਾ ਸੰਬੰਧ ਇਸ ਨਾਲੋਂ ਟੁੱਟਿਆ ਰਿਹਾ ਹੈ । ਦਸਿਆ ਜਾਂਦਾ ਹੈ ਕਿ 13 ਅਪਰੈਲ, 1976 ਈਸਵੀ ਵਿਚ ਸਥਾਨਕ ਸਿੱਖਾਂ ਨੇ ਕਹਿ ਕਹਾ ਕੇ ਗੁਰਦੁਆਰੇ ਦੇ ਸੇਵਾਦਾਰ ਮਹੰਤ ਦੀਦਾਰ ਸਿੰਘ ਨੂੰ ਕੇਸਰੀ ਨਿਸ਼ਾਨ ਸਾਹਿਬ ਖੜਾ ਕਰਨ ਲਈ ਮਨਾ ਲਿਆ ।

1. ਸ਼ਮਸ਼ੇਰ ਸਿੰਘ ਅਸ਼ੋਕ (ਸੰਪਾਦਕ), ਨੀਸਾਣ ਤੇ ਹੁਕਮਨਾਮੇ, ਅੰਮ੍ਰਿਤਸਰ, 1967, ਪੰਨਾ 75

## ਆਗਰਾ

ਆਗਰਾ ਉੱਤਰ-ਪ੍ਰਦੇਸ਼ ਦਾ ਇਕ ਇਤਿਹਾਸਕ ਨਗਰ ਹੈ। ਮਥੁਰਾ ਤੇ ਬਿੰਦਰਾਬਨ ਦੇ ਦੌਰੇ ਉਪਰੰਤ ਗੁਰੂ ਗੋਬਿੰਦ ਸਿੰਘ ਆਗਰੇ ਆ ਪਹੁੰਚੇ। ਇਥੇ ਹੀ ਬਹਾਦਰ ਸ਼ਾਹ ਦਾ ਕੈਂਪ ਲਗਿਆ ਹੋਇਆ ਸੀ। ਕਵੀ ਸੈਨਾਪਤਿ ਅਨੁਸਾਰ ਆਗਰੇ ਤੋਂ ਚਾਰ ਕੋਹ ਦੂਰ ਬਾਹਰਵਾਰ 'ਦਹਿਰ-ਆਰਾਇ' ਨਾਮੀ ਬਾਗ ਦੇ ਵਿਚ ਗੁਰੂ ਜੀ ਨੇ ਆਪਣਾ ਉਤਾਰਾ ਕੀਤਾ। ਗੁਰੂ ਜੀ ਦਾ ਇਥੇ ਉਤਾਰਾ ਸੁਣ ਕੇ ਬਹਾਦਰ ਸ਼ਾਹ ਦੇ ਵੱਡੇ ਵਜ਼ੀਰ ਖ਼ਾਨ-ਏ-ਖਾਨਾਨ ਮੁਨਈਮ ਖ਼ਾਨ ਨੇ ਗੁਰੂ ਜੀ ਪਾਸ ਬੇਨਤੀ ਲਿਖ ਕੇ ਭੇਜੀ ਕਿ ਉਹ ਆ ਕੇ ਬਹਾਦਰ ਸ਼ਾਹ ਨੂੰ ਦਰਸ਼ਨ ਦੇਣ। ਗੁਰੂ ਜੀ ਇਸ ਬੇਨਤੀ ਉਤੇ ਕੁਝ ਸਿੰਘਾਂ ਨੂੰ ਨਾਲ ਲੈ ਕੇ ਬਾਦਸ਼ਾਹ ਦੇ ਕੰਪ ਪਾਸ ਗਏ ਤੇ ਵਜ਼ੀਰ ਮੁਨਈਮ ਖ਼ਾਨ ਨੂੰ ਦਰਸ਼ਨ ਦਿੱਤੇ। ਉਹ ਵੱਡਾ ਵਜ਼ੀਰ, ਮੁਨਈਮ ਖ਼ਾਨ ਪਹਿਲਾਂ ਲਾਹੌਰ ਦਾ ਸੂਬੇਦਾਰ ਸੀ ਅਤੇ ਉਸ ਨੇ ਹੀ ਗੁਰੂ ਜੀ ਨੂੰ ਸਾਰੀ ਗਲ ਸਮਝਾ ਕੇ ਦੱਖਣ ਵੱਲ ਨੂੰ ਤੋਰਿਆ ਸੀ। ਉਹ ਗੁਰੂ ਜੀ ਦਾ ਸ਼ਰਧਾਲੂ ਸੀ।

ਕਵੀ ਸੈਨਾਪਤਿ ਆਗਰੇ ਵਿਖੇ ਗੁਰੂ ਜੀ ਦੀ ਬਾਦਸ਼ਾਹ ਨਾਲ ਹੋਈ ਮੁਲਾਕਾਤ ਦਾ ਵੇਰਵਾ ਦਿੰਦਾ ਲਿਖਦਾ ਹੈ ਕਿ ਕੁਝ ਦਿਨਾਂ ਪਿੱਛੋਂ ਬਾਦਸ਼ਾਹ ਨੇ ਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਪ੍ਰਗਟ ਕੀਤੀ। ਗੁਰੂ ਜੀ ਨੇ ਝੱਟ ਪੱਟ ਸਿੱਖਾਂ ਨੂੰ ਤਿਆਰੀ ਕਰਨ ਦੇ ਹੁਕਮ ਕੀਤੇ ਅਤੇ ਹਥਿਆਰਬਧ ਹੋ ਕੇ ਸਿੰਘਾਂ ਸਮੇਤ ਬਾਦਸ਼ਾਹ ਦੇ ਡੇਰੇ ਕੋਲ ਆ ਪਹੁੰਚੇ। ਜਿਸ ਸਮੇਂ ਬਾਦਸ਼ਾਹ ਦੇ ਡੇਰੇ ਦੇ ਦਰਵਾਜ਼ੇ ਕੋਲ ਪਹੁੰਚੇ ਤਾਂ ਗੁਰੂ ਜੀ ਨੇ ਬਾਕੀ ਸਿੰਘਾਂ ਨੂੰ ਉਥੇ ਹੀ ਠਹਿਰਣ ਦਾ ਹੁਕਮ ਦਿੱਤਾ ਅਤੇ ਆਪ ਇਕ ਸਿੰਘ ਨਾਲ ਅੰਦਰ ਚਲੇ ਗਏ।[1] ਇਸ ਸਮੇਂ ਗੁਰੂ ਜੀ ਪੂਰਨ ਹਥਿਆਰਬਧ ਸਨ। ਗਾਤਰਾ ਅਤੇ ਲੰਮੀ ਕਿਰਪਾਨ ਲਟਕ ਰਹੀ ਸੀ। ਅੰਦਰਲੀ ਖਾਸ ਡਿਊਢੀ ਕੋਲ ਪਹੁੰਚ ਕੇ ਗੁਰੂ ਜੀ ਨੇ ਇਸ ਸਿੰਘ ਨੂੰ ਉਥੇ ਹੀ ਖਲੋਣ ਲਈ ਕਿਹਾ ਅਤੇ ਆਪ ਅੰਦਰ ਜਾ ਕੇ ਬਾਦਸ਼ਾਹ ਦੇ ਬਰਾਬਰ ਬੈਠ ਗਏ। ਬਾਦਸ਼ਾਹ ਦਰਸ਼ਨ ਕਰ ਕੇ ਬਹੁਤ ਖੁਸ਼ ਹੋਇਆ ਅਤੇ ਰਾਜ ਦੀ ਪ੍ਰਾਪਤੀ ਲਈ ਗੁਰੂ ਜੀ ਦਾ ਬਹੁਤ ਸ਼ੁਕਰਾਨਾ ਕੀਤਾ। ਸ਼ੁਕਰਾਨੇ ਵਜੋਂ ਬਾਦਸ਼ਾਹ ਵਲੋਂ ਗੁਰੂ ਜੀ ਨੂੰ ਇਕ ਕਲਗੀ, ਬਹੁਤ ਕੀਮਤੀ ਧੁਖਧੁਖੀ (ਜੜਾਊ ਹਾਰ) ਅਤੇ ਇਕ ਕੀਮਤੀ ਖਿੱਲਤ ਦਿੱਤੀ ਗਈ। ਇਸ ਸਮੇਂ ਗੁਰੂ ਜੀ ਨੇ ਖਾਸ ਡਿਊਢੀ ਪਾਸ ਖੜ੍ਹੇ ਸਿੰਘ ਨੂੰ ਅੰਦਰ ਬੁਲਵਾਇਆ ਅਤੇ ਇਹ ਚੀਜ਼ਾਂ ਚੁਕਣ ਲਈ ਕਿਹਾ। ਉਹ ਸਿੰਘ ਇਹ ਵਸਤਾਂ ਲੈ ਕੇ ਬਾਹਰ ਆ ਗਿਆ ਅਤੇ ਪਿਛੋਂ ਗੁਰੂ ਜੀ ਵੀ ਬਾਦਸ਼ਾਹ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਵਾਪਸ ਆਪਣੇ ਡੇਰੇ ਆ ਗਏ। ਇਹ ਮੁਲਾਕਾਤ 5 ਜਮਾਦੀ-ਉਲ-ਅਵਲ, 1119 ਹਿਜਰੀ, 23 ਜੁਲਾਈ ਸੰਨ 1707 ਈਸਵੀ ਨੂੰ ਹੋਈ ਸੀ।[2]

ਕੁਝ ਦਿਨਾਂ ਪਿਛੋਂ ਜਦ ਬਾਦਸ਼ਾਹ ਨੇ ਆਗਰੇ ਤੋਂ ਅੱਗੇ ਰਾਜਪੂਤਾਨ ਵੱਲ ਜਾਣ ਦਾ ਫੈਸਲਾ ਕੀਤਾ ਤਾਂ ਇਸ ਬਾਰੇ ਗੁਰੂ ਜੀ ਨੂੰ ਵੀ ਜਾਣੂ ਕਰਵਾ ਦਿੱਤਾ। ਇਸ ਲਈ ਗੁਰੂ ਜੀ ਵੀ ਰਾਜਪੂਤਾਨੇ ਵੱਲ ਬਾਦਸ਼ਾਹੀ ਲਸ਼ਕਰ ਦੇ ਨਾਲ ਨਾਲ ਚਲ ਪਏ।

---

1. ਕਵੀ ਸੈਨਾਪਤਿ, ਸ੍ਰੀ ਗੁਰ ਸੋਭਾ (ਸੰਪਾਦਕ ਗੰਡਾ ਸਿੰਘ), ਪਟਿਆਲਾ, 1967, ਪੰਨੇ 66, 113
2. ਉਕਤ, ਪੰਨੇ 113-114

## ਹਰਿਦੁਆਰ

ਹਰਿਦੁਆਰ, ਹਿੰਦੂਆਂ ਦਾ ਇਕ ਪ੍ਰਸਿੱਧ ਤੀਰਥ ਅਸਥਾਨ ਹੈ। ਇਸ ਸ਼ਹਿਰ ਦੇ ਗੰਗਾ ਨਦੀ ਉਪਰ ਸਥਿਤ ਹੋਣ ਕਰਕੇ ਇਸ ਦੀ ਧਾਰਮਿਕ ਮਹੱਤਤਾ ਹੈ। ਗੰਗਾ ਨਦੀ ਗੰਗੋਤਰੀ ਤੋਂ ਨਿਕਲ ਕੇ ਰਿਸ਼ੀਕੇਸ਼ ਦੇ ਅਸਥਾਨ ਉਤੇ ਦੂਨ ਵਾਦੀ ਵਿਚ ਪ੍ਰਵੇਸ਼ ਕਰਦੀ ਹੈ ਅਤੇ ਹਰਿਦੁਆਰ ਪਹੁੰਚ ਕੇ ਖੁਲ੍ਹੇ ਮੈਦਾਨਾਂ ਵਿਚ ਦਾਖ਼ਲ ਹੁੰਦੀ ਹੈ।

ਸਿੱਖ ਇਤਿਹਾਸ ਨਾਲ ਵੀ ਇਸ ਅਸਥਾਨ ਦਾ ਸੰਬੰਧ ਹੈ। ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੇ ਪਵਿੱਤਰ ਚਰਨ ਵੀ ਇਸ ਥਾਂ ਉਤੇ ਪਏ ਹਨ। ਜਿਸ ਸਮੇਂ ਗੁਰੂ ਤੇਗ ਬਹਾਦਰ ਜੀ ਦਾ ਪਰਵਾਰ ਪਟਣਾ ਸਾਹਿਬ ਤੋਂ ਪੰਜਾਬ ਨੂੰ ਆ ਰਿਹਾ ਸੀ ਤਾਂ ਵਾਪਸ ਆਉਂਦਿਆਂ ਇਸ ਪਾਵਨ ਪਰਵਾਰ ਦੇ ਹਰਿਦੁਆਰ ਪਹੁੰਚਣ ਬਾਰੇ ਵੀ ਜਾਣਕਾਰੀ ਮਿਲਦੀ ਹੈ। ਇਸ ਤੋਂ ਛੁੱਟ ਜਿਸ ਸਮੇਂ ਗੁਰੂ ਸਾਹਿਬ ਪਾਉਂਟਾ ਸਾਹਿਬ ਤੋਂ ਡੇਹਰਾਦੂਨ ਵਿਖੇ ਬਾਬਾ ਰਾਮ ਰਾਇ ਜੀ ਦੇ ਬੁਲਾਵੇ ਉਤੇ ਆਏ ਸਨ ਤਾਂ ਡੇਹਰਾਦੂਨ ਤੋਂ ਹਰਿਦੁਆਰ ਵੀ ਗਏ ਦੱਸੇ ਜਾਂਦੇ ਹਨ। ਇਸ ਪ੍ਰਕਾਰ ਗੁਰੂ ਸਾਹਿਬ ਇਥੇ ਦੂਜੀ ਵਾਰ ਆਏ ਸਨ ਪਰੰਤੂ ਹਰਿਦੁਆਰ ਵਿਖੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਕੋਈ ਇਤਿਹਾਸਕ ਯਾਦਗਾਰ ਨਹੀਂ ਹੈ।

ਹਰਿਦੁਆਰ ਤੋਂ ਕੁਝ ਦੂਰੀ ਉਤੇ ਜਵਾਲਾਪੁਰ ਦਾ ਕਸਬਾ ਸਥਿਤ ਹੈ। ਇਥੇ ਇਕ ਖੂਹ ਹੈ ਜੋ ਅੱਜ ਕਲ੍ਹ ਬੰਦ ਪਿਆ ਹੈ। ਸਥਾਨਿਕ ਰਵਾਇਤ ਅਨੁਸਾਰ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਲਗਵਾਇਆ ਸੀ। ਇਥੇ ਇਕ ਥਾਂ 'ਡੇਰਾ ਸ਼ੇਖਾ' ਹੈ। ਵਿਸ਼ਵਾਸ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਇਥੇ ਆ ਕੇ ਠਹਿਰੇ ਸਨ।

## ਡੇਹਰਾਦੂਨ

ਡੇਹਰਾਦੂਨ, ਪਾਊਂਟਾ ਸਾਹਿਬ ਤੋਂ 45 ਕਿਲੋਮੀਟਰ ਪੂਰਬ ਵੱਲ ਹੈ। ਇਹ ਅੱਜ ਕਲ੍ਹ ਉੱਤਰ-ਪ੍ਰਦੇਸ਼ ਦਾ ਇਕ ਜ਼ਿਲ੍ਹਾ ਕੇਂਦਰ ਹੈ। ਡੇਹਰਾਦੂਨ ਦਾ ਨਾਂ ਬਾਬਾ ਰਾਮ ਰਾਇ ਜੀ ਦੇ ਨਾਲ ਸੰਬੰਧਤ ਹੈ। ਅਸਲ ਵਿਚ ਇਸ ਦਾ ਨਾਂ ਦੇਹੁਰਾ ਦੂਨ ਹੈ ਜਿਹੜਾ 'ਦੇਹੁਰਾ ਬਾਬਾ ਰਾਮ ਰਾਇ' ਤੋਂ ਸੰਖੇਪ ਹੋਇਆ ਨਾਂ ਹੈ। ਦੂਨ ਦਾ ਅਰਥ ਹੈ ਪਰਬਤਾਂ ਵਿਚਕਾਰ ਘਿਰੀ ਪੱਧਰ ਤੇ ਉਪਜਾਊ ਜ਼ਮੀਨ। ਸਿੱਧੇ ਸ਼ਬਦਾਂ ਵਿਚ ਦੂਨ ਦਾ ਭਾਵ ਘਾਟੀ ਹੈ। ਪਹਾੜੀ ਇਲਾਕੇ ਵਿਚ ਇਸ ਨੂੰ ਦੂਨ ਕਿਹਾ ਜਾਂਦਾ ਹੈ। ਜਮੁਨਾ ਦੇ ਆਰ ਪਾਰ ਕਈ ਦੂਨਾਂ ਹਨ। ਇਕ ਦੂਨ ਪਾਉਂਟਾ ਸਾਹਿਬ ਅਤੇ ਭੰਗਾਣੀ ਦੇ ਇਲਾਕੇ ਦੀ ਹੈ। ਇਕ ਦੂਨ ਦੇਹੁਰਾ ਬਾਬਾ ਰਾਮ ਰਾਇ ਜੀ ਵਾਲੀ ਹੈ। ਇਹ ਦੂਨ ਔਰੰਗਜ਼ੇਬ ਵਲੋਂ ਬਾਬਾ ਰਾਮ ਰਾਇ ਜੀ ਦੇ ਨਾਂ ਲੁਆਈ ਗਈ ਸੀ। ਇਸ ਕਰਕੇ ਇਥੇ ਬਾਬਾ ਰਾਮ ਰਾਇ ਨੇ ਆਪਣਾ ਦੇਹੁਰਾ ਕਾਇਮ ਕਰ ਕੇ ਆਪਣਾ ਕੇਂਦਰ ਸਥਾਪਿਤ ਕਰ ਲਿਆ ਸੀ। ਕੁਝ ਸਮੇਂ ਲਈ ਇਸ ਦਾ ਨਾਂ ਦੇਹੁਰਾ ਬਾਬਾ ਰਾਮ ਰਾਇ ਹੀ ਰਿਹਾ ਪਰੰਤੂ ਪਿਛੋਂ ਜਦੋਂ ਇਥੇ ਕਾਫੀ ਆਬਾਦੀ ਹੋ ਗਈ ਤਾਂ ਅੰਗਰੇਜ਼ਾਂ ਦੇ ਆਉਣ ਨਾਲ ਇਸ ਨਗਰ ਦਾ ਨਾਂ ਦੇਹੁਰਾਦੂਨ ਪੈ ਗਿਆ। 'ਦ' ਤੋਂ 'ਡ' ਅੱਖਰ ਬਣ ਜਾਣ ਕਰਕੇ ਇਹ ਸਥਾਨ ਡੇਹਰਾਦੂਨ ਕਹਾਉਣ ਲਗਾ।

ਸਥਾਨਕ ਪਰੰਪਰਾ ਅਨੁਸਾਰ ਔਰੰਗਜ਼ੇਬ ਦੀ ਸ਼ਹਿ ਨਾਲ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਨਕਸ਼ੇ ਉਤੇ ਇਥੇ ਨਵਾਂ ਹਰਿਮੰਦਰ ਵਸਾਉਣ ਦੀ ਸਕੀਮ ਬਣਾਈ ਗਈ ਸੀ ਪਰੰਤੂ ਔਰੰਗਜ਼ੇਬ ਦੀ ਹਦਾਇਤ ਅਨੁਸਾਰ ਇਸ ਦੇਹੁਰੇ ਨੂੰ ਹਰਿਮੰਦਰ ਸਾਹਿਬ ਦੇ ਨਕਸ਼ੇ ਉਤੇ ਨਾ ਬਣਾਇਆ ਸਗੋਂ ਮੱਕੇ ਨਾਲ ਮਿਲਦਾ ਜੁਲਦਾ ਬਣਾਇਆ ਗਿਆ ਕਿਉਂਕਿ ਔਰੰਗਜ਼ੇਬ ਆਪਣੀ ਸਹਾਇਤਾ ਨਾਲ ਉਸਾਰੇ ਬਾਗੀ ਸਿੱਖ ਕੇਂਦਰ ਨੂੰ ਇਸਲਾਮੀ ਰੰਗਤ ਦੇਣੀ ਚਾਹੁੰਦਾ ਸੀ। ਇਸ ਦੇਹੁਰੇ ਦੇ ਬਾਹਰ ਚਾਰੇ ਪਾਸੇ ਮੱਕੇ ਵਾਂਗ ਚਾਰ ਉੱਚੀਆਂ ਮੀਨਾਰਾਂ ਖੜ੍ਹੀਆਂ ਹਨ। ਡਿਊਢੀਆਂ ਅਤੇ ਕੰਧਾਂ ਦਾ ਨਕਸ਼ਾ ਮੱਕੇ ਦੀਆਂ ਕੰਧਾਂ ਨਾਲ ਮਿਲਦਾ ਜੁਲਦਾ ਹੈ।

ਕੁਝ ਸਮੇਂ ਲਈ ਤਾਂ ਔਰੰਗਜ਼ੇਬ ਦੀ ਸ਼ਹਿ ਉਤੇ ਬਾਬਾ ਰਾਮ ਰਾਇ ਨੇ ਸਿੱਖ ਸੰਗਤਾਂ ਨੂੰ ਵਰਗਲਾਈ ਰਖਿਆ। ਕਈ ਪਹਾੜੀ ਰਾਜੇ ਇਸ ਕਰਕੇ ਬਾਬਾ ਰਾਮ ਰਾਇ ਦੇ ਪਿਛੇ ਲਗਦੇ ਸਨ ਕਿ ਉਸ ਦੀ ਔਰੰਗਜ਼ੇਬ ਤੱਕ ਪਹੁੰਚ ਸੀ। ਇਸ ਪਹੁੰਚ ਕਰਕੇ ਉਹ ਆਪਣੀ ਗੱਲ ਬਾਬਾ ਰਾਮ ਰਾਇ ਦੇ ਰਾਹੀਂ ਔਰੰਗਜ਼ੇਬ ਤੱਕ ਪਹੁੰਚਾ ਸਕਦੇ ਸਨ। ਪਰੰਤੂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋਣ ਕਾਰਨ ਅਤੇ ਗੁਰੂ ਗੋਬਿੰਦ ਸਿੰਘ ਜੀ ਵਰਗੀ ਜੰਗਜੂ ਸ਼ਖਸੀਅਤ ਦੇ ਦਸਮ ਪਾਤਸ਼ਾਹ ਦੇ ਤੌਰ ਤੇ ਪਰਗਟ ਹੋਣ ਕਾਰਨ ਬਾਬਾ ਰਾਮ ਰਾਇ ਨੂੰ ਆਪਣੀਆਂ ਗਲਤੀਆਂ ਦਾ ਅਹਿਸਾਸ ਹੋਣਾ ਸ਼ੁਰੂ ਹੋ ਗਿਆ ਅਤੇ ਇਸ ਅਹਿਸਾਸ ਦੇ ਨਾਲ ਨਾਲ ਉਸ ਦੇ ਮਨ ਅੰਦਰ ਇਹ ਵੀ ਖਿਆਲ ਬੈਠ ਗਿਆ ਕਿ ਕਿਤੇ ਗੁਰੂ ਗੋਬਿੰਦ ਸਿੰਘ ਜਿਹੜੇ ਅਨੰਦਪੁਰ ਸਾਹਿਬ ਤੋਂ ਬਦਲ ਕੇ ਪਾਉਂਟਾ ਸਾਹਿਬ ਆ ਕੇ ਡੇਰਾ ਜਮਾ ਕੇ ਬੈਠ ਗਏ ਸਨ ਉਸ ਨੂੰ ਸੋਧ ਹੀ ਨਾ ਦੇਣ। ਜਿਸ ਔਰੰਗਜ਼ੇਬ ਦਾ ਸਹਾਰਾ ਉਸ ਨੂੰ ਗੁਰੂ ਨਹੀਂ ਬਣਾ ਸਕਿਆ ਸੀ ਉਸ ਦਾ ਸਹਾਰਾ ਗੁਰੂ ਗੋਬਿੰਦ ਸਿੰਘ ਤੋਂ ਕਿਸ ਤਰ੍ਹਾਂ ਬਚਾ ਸਕਦਾ ਸੀ। ਇਸ ਡਰ ਦਾ ਇਕ ਕਾਰਨ ਹੋਰ ਵੀ ਸੀ—ਉਹ ਇਹ ਕਿ ਉਹ ਆਪਣੇ ਮਸੰਦਾਂ ਦੇ ਅੱਗੇ ਬਲਹੀਣ ਸੀ।

ਬਾਬਾ ਰਾਮ ਰਾਇ ਜੀ ਦੀਆਂ ਚਾਰ ਸੁਪਤਨੀਆਂ ਸਨ। ਮਾਤਾ ਪੰਜਾਬ ਕੌਰ ਅਤੇ ਮਾਤਾ ਰਾਜ ਕੌਰ ਸਿੱਖ ਘਰਾਣੇ ਵਿਚੋਂ ਸਨ। ਬਾਬਾ ਰਾਮ ਰਾਇ ਲਗਾਤਾਰ ਕਈ ਕਈ ਘੰਟੇ ਅਤੇ ਕਈ ਕਈ ਦਿਨ ਭਗਤੀ ਵਿਚ ਅੰਤਰ ਧਿਆਨ ਹੋਏ ਬੈਠੇ ਰਹਿੰਦੇ ਸਨ। ਇਸ ਤਰ੍ਹਾਂ ਉਨ੍ਹਾਂ ਦੀ ਲੰਮੀ ਅੰਤਰ-ਧਿਆਨਤਾ ਦਾ ਲਾਭ ਉਠਾ ਕੇ ਉਨ੍ਹਾਂ ਦੇ ਮਸੰਦਾਂ ਨੇ ਸਤੰਬਰ 1687 ਨੂੰ ਅੰਤਰ ਧਿਆਨਤਾ ਵਿਚ ਮਗਨ ਹੋਏ ਬੈਠੇ ਬਾਬਾ ਰਾਮ ਰਾਇ ਨੂੰ ਮਰੇ ਹੋਏ ਦਾ ਬਹਾਨਾ ਬਣਾ ਕੇ ਫੂਕ ਦਿੱਤਾ ਸੀ। ਇਸ ਘੋਰ ਦਿਲ ਕੰਬਾਊ ਦੁਖਾਂਤ ਨੂੰ ਦੇਖ ਕੇ ਮਾਤਾ ਪੰਜਾਬ ਕੌਰ ਨੇ ਪਾਉਂਟਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਅੱਗੇ ਆ ਕੇ ਫ਼ਰਿਆਦ ਕੀਤੀ ਅਤੇ ਸਹਾਇਤਾ ਲਈ ਕਿਹਾ। ਇਸ ਬੇਨਤੀ ਉਤੇ ਗੁਰੂ ਗੋਬਿੰਦ ਸਿੰਘ ਜੀ ਪੰਜ ਸੌ ਸਿੰਘਾਂ ਸਮੇਤ ਦੇਹੁਰਾਦੂਨ ਪਹੁੰਚੇ ਅਤੇ ਦੋਸ਼ੀ ਮਸੰਦਾਂ ਨੂੰ ਫੜ ਕੇ ਯੋਗ ਸਜ਼ਾਵਾਂ ਦਿੱਤੀਆਂ ਗਈਆਂ। ਸਿੱਟੇ ਵਜੋਂ ਬਾਬਾ ਰਾਮ ਰਾਇ ਜੀ ਦੇ ਦੇਹੁਰੇ ਨੂੰ ਮਸੰਦਾਂ ਤੋਂ ਮੁਕਤ ਕਰਾ ਕੇ ਪੰਜਾਬ ਕੌਰ ਦੇ ਅਧੀਨ ਲਿਆ ਕੇ ਅਤੇ ਕੁਝ ਸਿੰਘਾਂ ਨੂੰ ਉਸ ਦੀ ਹਿਫ਼ਾਜ਼ਤ ਲਈ ਛੱਡ ਕੇ ਗੁਰੂ ਸਾਹਿਬ ਪਾਉਂਟਾ ਸਾਹਿਬ ਮੁੜ ਆਏ।[1]

ਬਾਬਾ ਰਾਮ ਰਾਇ ਦੀ ਮੌਤ ਉਤੇ ਮਾਤਾ ਪੰਜਾਬ ਕੌਰ ਦੇ ਆਉਣ ਤੋਂ ਪਹਿਲਾਂ ਬਾਬਾ ਰਾਮ ਰਾਇ ਵੀ ਪਾਉਂਟਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਆ ਚੁਕਿਆ ਸੀ। ਇਸ ਸਮੇਂ ਭੁੱਲਾਂ ਬਖਸ਼ਾਉਣ ਤੋਂ ਇਲਾਵਾ ਬਾਬਾ ਰਾਮ ਰਾਇ ਨੇ ਗੁਰੂ ਜੀ ਨੂੰ ਉਸ ਦੀ ਮੌਤ ਦੇ ਪਿੱਛੋਂ ਉਸ ਦੇ ਪਰਵਾਰ ਅਤੇ ਦੇਹੁਰੇ ਦੀ ਰੱਖਿਆ ਕਰਨ ਦੀ ਬੇਨਤੀ ਕੀਤੀ ਸੀ। ਇਸ ਲਈ ਬਾਬਾ

---

1. ਭਾਈ ਸੰਤੋਖ ਸਿੰਘ, ਸ੍ਰੀ ਗੁਰ ਪ੍ਰਤਾਪ ਸੂਰਜ ਗਰੰਥ, ਅੰਮ੍ਰਿਤਸਰ, 1965, ਪੰਨੇ 4717-4732

ਰਾਮ ਰਾਇ ਦੇ ਦਿਹਾਂਤ ਪਿੱਛੋਂ ਉਨ੍ਹਾਂ ਦੇ ਪਰਵਾਰ ਅਤੇ ਦੇਹੁਰੇ ਦੀ ਸੁਰੱਖਿਆ ਦੀ ਸਾਰੀ ਜ਼ਿੰਮੇਵਾਰੀ ਗੁਰੂ ਸਾਹਿਬ ਉਤੇ ਆ ਪਈ ਸੀ।

ਜਿਸ ਥਾਂ ਉਤੇ ਗੁਰੂ ਸਾਹਿਬ ਦੇਹੁਰਾਦੂਨ ਵਿਚ ਰਹੇ ਸਨ ਉਸ ਥਾਂ ਉਤੇ ਇਸ ਸਮੇਂ ਇਕ ਕਾਫੀ ਉੱਚਾ ਪੱਕਾ ਥੜਾ ਬਣਿਆ ਹੋਇਆ ਹੈ। ਇਹ ਥੜਾ ਮਾਤਾ ਪੰਜਾਬ ਕੌਰ ਨੇ ਬਣਵਾਇਆ ਸੀ। ਇਸ ਪੱਕੇ ਥੜੇ ਦੇ ਕੋਲ ਇਕ ਛੋਟਾ ਜਿਹਾ ਤਲਾਬ ਹੈ। ਇਸ ਦੇ ਇਕ ਪਾਸੇ ਗੁੰਬਦ ਦੀ ਸ਼ਕਲ ਵਿਚ ਇਕ ਗੋਲ ਕਮਰਾ ਹੈ। ਕਿਹਾ ਜਾਂਦਾ ਹੈ ਕਿ ਇਸ ਕਮਰੇ ਵਾਲੀ ਥਾਂ ਉਤੇ ਗੁਰੂ ਜੀ ਦੀ ਰਿਹਾਇਸ਼ ਸੀ। ਇਸ ਕਮਰੇ ਅਤੇ ਥੜੇ ਦੇ ਵਿਚਕਾਰ ਰਾਹ ਵਿਚ ਇਕ ਛੋਟਾ ਜਿਹਾ ਮੋਘਾ ਬਣਿਆ ਹੋਇਆ ਹੈ ਪਰ ਹੁਣ ਇਹ ਉਪਰੋਂ ਉਪਰੋਂ ਹੀ ਦਿਸਦਾ ਹੈ ਅਤੇ ਹੇਠੋਂ ਨਹੀਂ ਦਿਸਦਾ। ਇਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਮੋਘੇ ਰਾਹੀਂ ਬਾਬਾ ਰਾਮ ਰਾਇ ਦੇ ਮਹਿਲਾਂ ਤੱਕ ਇਕ ਗੁਪਤ ਅਤੇ ਜ਼ਮੀਨ-ਦੋਜ਼ ਸੁਰੰਗ ਸੀ। ਇਸ ਸੁਰੰਗ ਵਿਚ ਇਕ ਦੂਜੇ ਨਾਲ ਇਥੋਂ ਬੈਠੇ ਬਿਠਾਏ ਗੱਲਾਂ ਕਰਨ ਦਾ ਟੈਲੀਫੋਨ ਵਾਂਗ ਸਾਧਨ ਵੀ ਰੱਖਿਆ ਹੋਇਆ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਯਾਦਗਾਰ ਵਾਲੀ ਸਾਰੀ ਥਾਂ ਦੇਹੁਰਾ ਬਾਬਾ ਰਾਮ ਰਾਇ ਵੇਲੇ ਇਕ ਖ਼ੂਬਸੂਰਤ ਬਾਗ ਹੁੰਦਾ ਸੀ। ਇਸ ਬਾਗ ਵਿਚ ਹੀ ਗੁਰੂ ਜੀ ਦਾ ਉਤਾਰਾ ਕੀਤਾ ਗਿਆ ਸੀ। ਉਪਰੋਕਤ ਵਰਣਨ ਕੀਤੀ ਗਈ ਸੁਰੰਗ ਇਸ ਬਾਗ ਅਤੇ ਬਾਬਾ ਜੀ ਦੇ ਮਹਿਲਾਂ ਨੂੰ ਜੋੜਦੀ ਸੀ। ਇਕ ਰਵਾਇਤ ਅਨੁਸਾਰ ਬਾਬਾ ਰਾਮ ਰਾਇ ਬਿਨਾਂ ਕਿਸੇ ਨੂੰ ਦੱਸੇ ਹੀ ਮਹਿਲਾਂ ਵਿਚੋਂ ਸੁਰੰਗ ਰਾਹੀਂ ਬਾਗ ਵਿਚ ਆ ਜਾਇਆ ਕਰਦੇ ਸਨ ਅਤੇ ਜਦੋਂ ਬਾਗ ਵਿਚੋਂ ਵਾਪਸ ਮਹਿਲੀਂ ਜਾਣਾ ਹੁੰਦਾ ਤਾਂ ਵੀ ਇਸੇ ਸੁਰੰਗ ਰਾਹੀਂ ਜਾਇਆ ਕਰਦੇ ਸਨ। ਜਿਸ ਦੇਹੁਰੇ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਬਰਾਬਰ ਬਣਾਇਆ ਗਿਆ ਸੀ ਉਸ ਦੇ ਅੰਦਰ ਬਾਬਾ ਰਾਮ ਰਾਇ ਜੀ ਦਾ ਪਲੰਘ ਅਤੇ ਬਿਸਤਰਾ ਵਿਛਿਆ ਪਿਆ ਹੈ। ਇਥੇ ਹੀ ਇਕ ਗ੍ਰੰਥ ਬਾਬਾ ਜੀ ਵੱਲੋਂ ਲਿਖਿਆ ਹੋਇਆ ਪਿਆ ਹੈ। ਇਸ ਗ੍ਰੰਥ ਦਾ ਨਾਂ "ਲੱਛਮੀ ਬਿਲਾਸ ਸਾਗਰ ਗ੍ਰੰਥ" ਹੈ। ਇਹ ਜੇਠ ਸੁਦੀ ਪੂਰਨਿਮਾ ਸੰਮਤ 1763 ਬਿਕਰਮੀ (1706) ਈਸਵੀ ਵਿਚ ਲਿਖਿਆ ਗਿਆ ਸੀ। ਇਹ ਗੁਰਮੁਖੀ ਵਿਚ ਹੈ। ਇਸ ਵਿਚ ਜੰਤਰਾਂ-ਮੰਤਰਾਂ ਬਾਰੇ ਲਿਖਿਆ ਹੋਇਆ ਹੈ।

ਬਾਬਾ ਰਾਮ ਰਾਇ ਜੀ ਦਾ ਦੇਹੁਰਾ ਕਿਸੇ ਵੀ ਮਹਾਰਾਜੇ ਦੇ ਮਹਿਲਾਂ ਨਾਲੋਂ ਘੱਟ ਸੁੰਦਰ ਨਹੀਂ ਸੀ। ਸ਼ਾਹੀ ਮਹਿਲਾਂ ਵਾਂਗ ਉੱਚੇ ਉੱਚੇ ਮਹਿਲ ਅਤੇ ਡਿਉਢੀਆਂ ਦਰਵਾਜ਼ੇ ਅਤੇ ਅੰਦਰ ਭਾਂਤ ਭਾਂਤ ਦਾ ਸਾਮਾਨ ਅਤੇ ਤਸਵੀਰਾਂ ਹਨ।

ਕਿਉਂਕਿ ਇਸ ਦੇਹੁਰੇ ਦੀ ਬੁਨਿਆਦ ਹੀ ਸਿੱਖ ਧਰਮ ਦਾ ਵਿਰੋਧ ਕਰਨ ਲਈ ਰੱਖੀ ਗਈ ਸੀ ਇਸ ਲਈ ਇਹ ਮੁੱਢ ਤੋਂ ਲੈ ਕੇ ਹੁਣ ਤੱਕ ਕੇਵਲ ਗੁਰੂ ਗੋਬਿੰਦ ਸਿੰਘ ਦੇ ਸਮੇਂ ਨੂੰ ਛਡ ਕੇ, ਸਿੱਖਾਂ ਦੇ ਵਿਰੋਧ ਵਿਚ ਅਤੇ ਸਿੱਖ ਵਿਰੋਧੀਆਂ ਦੇ ਹੱਥਾਂ ਵਿਚ ਤੁਰਦਾ ਰਿਹਾ। ਇਸ ਸਮੇਂ ਤੱਕ ਇਸ ਦੇਹੁਰੇ ਉਤੇ ਇਤਨੇ ਸਿੱਖ ਵਿਰੋਧੀ ਮਹੰਤ ਆ ਕਾਬਜ਼ ਹੋਏ ਹਨ ਕਿ ਉਨ੍ਹਾਂ ਨੇ ਇਹ ਮੰਨਣੋਂ ਹੀ ਇਨਕਾਰ ਕਰ ਦਿੱਤਾ ਹੈ ਕਿ ਇਸ ਦੇਹੁਰੇ ਦਾ ਮੋਢੀ ਬਾਬਾ ਰਾਮ ਰਾਇ ਉਹ ਰਾਮ ਰਾਇ ਸੀ ਜਿਹੜਾ ਗੁਰੂ ਹਰਿ ਰਾਇ ਜੀ ਦਾ ਪੁੱਤਰ ਸੀ। ਰਵਾਇਤ ਹੈ ਕਿ ਇਹ ਦੇਹੁਰਾ ਪਹਿਲਾਂ ਆਪਣੇ ਆਪ ਵਿਚ ਇਕ ਰਿਆਸਤ ਸੀ। ਦੇਹੁਰਾਦੂਨ ਦਾ ਤਕਰੀਬਨ ਅੱਧਾ ਸ਼ਹਿਰ ਇਸ ਦੇਹੁਰੇ ਦੀ ਜ਼ਮੀਨ ਉਪਰ ਵਸਿਆ ਹੋਇਆ ਹੈ। ਅੱਜ ਵੀ ਇਸ ਦੇਹੁਰੇ ਨਾਲ ਕਈ ਸੈਂਕੜੇ ਏਕੜ ਜ਼ਮੀਨ ਹੈ।

ਸ਼ਹਿਰ ਵਿਚ ਜਿਸ ਥਾਂ ਉਤੇ ਇਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਗੁਰਦੁਆਰਾ ਹੈ ਉਹ ਇਸ ਦੇਹੁਰੇ ਨਾਲੋਂ ਥੋੜ੍ਹੀ ਜਿਹੀ ਵਿੱਥ ਉਤੇ ਹੀ ਹੈ। ਇਕ ਰਵਾਇਤ ਅਨੁਸਾਰ ਭਾਵੇਂ ਇਹ ਇਤਿਹਾਸਕ ਥਾਂ ਨਹੀਂ ਹੈ ਪਰ ਇਤਿਹਾਸਕ ਥਾਂ ਦੇਹੁਰੇ ਵਿਚ ਹੋਣ ਕਾਰਨ ਅਤੇ ਉਸ ਨੂੰ ਸਿੱਖਾਂ ਦੇ ਸਪੁਰਦ ਨਾ ਕੀਤੇ ਜਾਣ ਕਾਰਨ ਇਲਾਕੇ ਦੀਆਂ ਸਿੱਖ ਸੰਗਤਾਂ ਨੂੰ ਇਸ ਥਾਂ ਉਤੇ ਗੁਰਦੁਆਰਾ

ਉਸਾਰਨਾ ਪਿਆ। ਦਸਿਆ ਜਾਂਦਾ ਹੈ ਕਿ ਇਸ ਥਾਂ ਉਤੇ ਪਹਿਲਾਂ ਭਾਈ ਠਾਕਰ ਸਿੰਘ ਦਾ ਮਕਾਨ ਸੀ। ਭਾਈ ਠਾਕਰ ਸਿੰਘ ਨੇ ਆਪਣੇ ਮਕਾਨ ਵਿਚ ਹੀ ਇਕ ਛੋਟਾ ਜਿਹਾ ਗੁਰਦੁਆਰਾ ਬਣਾ ਰਖਿਆ ਸੀ। ਇਸ ਸ਼ਹਿਰ ਦੀ ਸਿੰਘ ਸਭਾ ਕਮੇਟੀ ਨੇ ਭਾਈ ਠਾਕਰ ਸਿੰਘ ਕੋਲੋਂ ਇਹ ਮਕਾਨ ਮੁੱਲ ਲੈ ਲਿਆ ਅਤੇ 1969 ਈਸਵੀ ਵਿਚ ਗੁਰਦੁਆਰੇ ਦੀ ਉਸਾਰੀ ਸ਼ੁਰੂ ਕਰਵਾਈ। ਇਸ ਇਮਾਰਤ ਵਿਚ ਦਰਬਾਰ ਸਾਹਿਬ ਦੇ ਇਕ ਬਹੁਤ ਖੁਲ੍ਹੇ ਅਤੇ ਆਲੀਸ਼ਾਨ ਹਾਲ ਤੋਂ ਇਲਾਵਾ ਤਿੰਨ ਰਿਹਾਇਸ਼ੀ ਹਾਲ ਹਨ। ਇਨ੍ਹਾਂ ਦੇ ਨਾਂ ਹਨ: ਭਾਈ ਲਾਲੋ ਹਾਲ, ਬਾਬਾ ਫਤਿਹ ਸਿੰਘ ਜ਼ੋਰਾਵਰ ਸਿੰਘ ਹਾਲ, ਬਾਬਾ ਅਜੀਤ ਸਿੰਘ ਜੁਝਾਰ ਸਿੰਘ ਹਾਲ। ਇਸ ਤੋਂ ਛੁਟ ਦਸ ਹੋਰ ਛੋਟੇ ਰਿਹਾਇਸ਼ੀ ਕਮਰੇ ਹਨ।

## ਨਾਨਕ ਮਤਾ

ਨਾਨਕ ਮਤਾ ਉੱਤਰ-ਪ੍ਰਦੇਸ਼ ਰਾਜ ਵਿਚ ਪੀਲੀਭੀਤ ਜ਼ਿਲ੍ਹੇ ਦਾ ਇਕ ਪ੍ਰਸਿੱਧ ਸਿੱਖ ਧਾਰਮਿਕ ਅਸਥਾਨ ਹੈ। ਇਹ ਪੀਲੀਭੀਤ ਤੋਂ 45 ਕਿਲੋਮੀਟਰ ਦੀ ਦੂਰੀ ਉਤੇ ਹੈ। ਇਸ ਦੇ ਬਿਲਕੁਲ ਨਾਲ ਲਗਵਾਂ ਹੀ ਗੁਰੂ ਨਾਨਕ ਸਾਗਰ ਹੈ। ਇਹ ਸਾਗਰ ਗੁਰਦੁਆਰਾ ਨਾਨਕ ਮਤਾ ਦੀ ਜ਼ਮੀਨ ਵਿਚ ਹੀ ਬਣਾਇਆ ਗਿਆ ਹੈ। ਇਸ ਵਿਚੋਂ ਨਹਿਰਾਂ ਕੱਢ ਕੇ ਤਰਾਈ ਦੇ ਇਲਾਕੇ ਦੀ ਜ਼ਮੀਨ ਨੂੰ ਸਿੰਜਿਆ ਜਾਂਦਾ ਹੈ।

ਨਾਨਕ ਮਤਾ ਅਸਥਾਨ ਦਾ ਮੁੱਖ ਸੰਬੰਧ ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਨਾਲ ਹੈ। 1665 ਈਸਵੀ ਵਿਚ ਪੂਰਬੀ ਪ੍ਰਦੇਸ਼ਾਂ ਦੀਆਂ ਯਾਤਰਾਵਾਂ ਸਮੇਂ ਗੁਰੂ ਤੇਗ ਬਹਾਦਰ ਜੀ ਵੀ ਇਥੇ ਆਏ ਸਨ। ਪਟਣੇ ਤੋਂ ਵਾਪਸ ਪੰਜਾਬ ਆਉਂਦਿਆਂ ਬਾਲ ਗੋਬਿੰਦ ਜੀ ਸਮੇਤ ਗੁਰੂ ਤੇਗ ਬਹਾਦਰ ਜੀ ਦਾ ਪਾਵਨ ਪਰਵਾਰ ਵੀ ਇਥੇ ਕੁਝ ਸਮਾਂ ਰਹਿ ਗਿਆ ਸੀ। ਇਸੇ ਬਾਲ ਗੋਬਿੰਦ ਜੀ ਦੀ ਯਾਦ ਵਿਚ ਗੁਰਦੁਆਰਾ ਸਮੂਹ ਜਾਂ ਕੰਪਲੈਕਸ ਦੇ ਬਾਹਰ ਇਕ ਬਹੁਤ ਵੱਡਾ ਪਿਪਲ ਦਾ ਦਰਖਤ ਹੈ ਜਿਸ ਦੇ ਹੇਠ ਇਕ ਪੱਕਾ ਥੜਾ ਹੈ। ਇਸ ਨੂੰ 'ਲਾਲ ਜੀ ਦਾ ਥੜਾ' ਕਿਹਾ ਜਾਂਦਾ ਹੈ। 'ਲਾਲ ਜੀ' ਦਾ ਭਾਵ ਬਾਲ ਗੋਬਿੰਦ ਜੀ ਤੋਂ ਹੈ। ਇਹ ਗੁਰਦੁਆਰਾ ਕੰਪਲੈਕਸ ਬਹੁਤ ਵਿਸ਼ਾਲ ਹੈ ਅਤੇ ਯੂ. ਪੀ. ਦੀਆਂ ਸਿੱਖ ਸੰਗਤਾਂ ਦਾ ਇਕ ਕੇਂਦਰ ਵੀ ਹੈ।

# ਬਨਾਰਸ (ਵਾਰਾਣਸੀ)

ਬਨਾਰਸ ਉੱਤਰ-ਪ੍ਰਦੇਸ਼ ਰਾਜ ਦਾ ਇਕ ਮਹਤਵਪੂਰਨ ਜ਼ਿਲ੍ਹਾ ਕੇਂਦਰ ਹੈ। ਇਹ ਸ਼ਹਿਰ ਮੁੱਢ ਤੋਂ ਹੀ ਧਰਮ ਅਧਿਅਨ ਦੇ ਪਖੋਂ ਬਹੁਤ ਪ੍ਰਸਿੱਧ ਰਿਹਾ ਹੈ। ਇਕ ਰਵਾਇਤ ਅਨੁਸਾਰ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਇਥੋਂ ਦੇ ਹਿੰਦੂ ਮੰਦਰ ਵਿਸ਼ਵਾਨਾਥ ਨੂੰ ਢਾਹ ਕੇ ਇਕ ਸ਼ਾਹੀ ਮਸਜਿਦ ਉਸਾਰੀ ਸੀ। ਇਹ ਮਸਜਿਦ ਹੁਣ ਵੀ ਵਿਸ਼ਵਾਨਾਥ ਮੰਦਰ ਦੇ ਬਰਾਬਰ ਖੜ੍ਹੀ ਹੈ।

ਬਨਾਰਸ ਦੀ ਮੌਲਿਕ ਮਹਾਨਤਾ ਹਿੰਦੂਆਂ ਦੇ ਧਾਰਮਿਕ ਕੇਂਦਰ ਵਜੋਂ ਹੀ ਹੈ। ਇਸ ਤੋਂ ਇਲਾਵਾ ਬਨਾਰਸ ਦਾ ਸੰਬੰਧ ਸਿੱਖ ਗੁਰੂਆਂ ਨਾਲ ਵੀ ਰਿਹਾ ਹੈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਇਸ ਨਗਰ ਵਿਚ ਆਏ ਸਨ। ਇਨ੍ਹਾਂ ਦੀ ਯਾਦ ਵਿਚ ਦੋ ਆਲੀਸ਼ਾਨ ਗੁਰਦੁਆਰੇ—ਗੁਰਦੁਆਰਾ ਗੁਰੂ ਬਾਗ ਅਤੇ ਗੁਰਦੁਆਰਾ ਲੀਚੀ ਬਾਗ, ਵੱਡੀ ਸੰਗਤ ਉਸਾਰੇ ਗਏ ਹਨ। ਗੁਰਦੁਆਰਾ ਲੀਚੀ ਬਾਗ, ਵੱਡੀ ਸੰਗਤ ਵਿਚ ਗੁਰੂ ਤੇਗ਼ ਬਹਾਦਰ ਜੀ ਦੀਆਂ ਪਵਿੱਤਰ ਯਾਦਗਾਰਾਂ ਤੋਂ ਛੁੱਟ ਬਾਲ਼ ਗੋਬਿੰਦ ਜੀ ਦੇ ਬਚਪਨ ਦੇ ਜੁੱਤੇ ਪਏ ਹਨ। ਗੁਰੂ ਗੋਬਿੰਦ ਸਿੰਘ ਜੀ ਵਲੋਂ ਇਥੋਂ ਦੀਆਂ ਸਿੱਖ ਸੰਗਤਾਂ ਨੂੰ ਲਿਖੇ ਕੁਝ ਹੁਕਮਨਾਮੇ ਵੀ ਪਏ ਹਨ। ਸਥਾਨਕ ਰਵਾਇਤ ਅਨੁਸਾਰ, ਜਿਸ ਥਾਂ ਉਤੇ ਬਾਲ ਗੋਬਿੰਦ ਜੀ ਪਰਵਾਰ ਸਮੇਤ ਠਹਿਰੇ ਸਨ ਉਸ ਥਾਂ ਉਤੇ ਗੁਰਦੁਆਰਾ ਛੋਟੀ ਸੰਗਤ ਹੈ। ਇਹ ਗੁਰਦੁਆਰਾ ਦਸ਼ਾਸ਼ਮੇਥ ਰੋਡ ਤੋਂ ਗਦੌਲੀਆਂ-ਚੌਮਰਾਨੀ ਚੌਂਕ ਵੱਲ ਇਕ ਫਰਲਾਂਗ ਉਤੇ ਸਥਿਤ ਹੈ। ਇਸ ਥਾਂ ਦੀ ਇਸ ਸਮੇਂ ਇਕ ਨਿਰਮਲਾ ਸੰਤ ਸੇਵਾ ਕਰ ਰਿਹਾ ਹੈ। ਪਹਿਲਾਂ ਇਥੇ ਦੁਸਹਿਰੇ ਉਤੇ ਦੀਵਾਨ ਲਗਾਇਆ ਜਾਂਦਾ ਸੀ।

ਬਾਲ ਗੋਬਿੰਦ ਜੀ ਨਾਲ ਸੰਬੰਧਤ ਇਕ ਹੋਰ ਥਾਂ ਵੀ ਹੈ ਜਿਸ ਨੂੰ ਸੰਗਤ ਮੀਰ ਘਾਟ ਕਿਹਾ ਜਾਂਦਾ ਹੈ। ਇਸ ਨੂੰ ਠਾਕਰ ਬਾੜੀ ਭਾਈ ਲਛਮਣ ਸਿੰਘ ਵੀ ਕਹਿੰਦੇ ਹਨ। ਇਥੋਂ ਦਾ ਗੁਰਦੁਆਰਾ ਇਥੋਂ ਦੇ ਹੀ ਇਕ ਬੂਟਾ ਸਿੰਘ ਨਾਮੀ ਵਿਅਕਤੀ ਨੇ ਬਣਵਾਇਆ ਸੀ ਇਸ ਲਈ ਇਸ ਨੂੰ ਭਾਈ ਬੂਟਾ ਸਿੰਘ ਦੀ ਸੰਗਤ ਵੀ ਕਿਹਾ ਜਾਂਦਾ ਹੈ। ਇਸ ਸਮੇਂ ਇਕ ਨਿਰਮਲਾ ਸੰਤ ਈਸ਼ਵਰ ਸਿੰਘ ਸ਼ਾਸਤਰੀ ਇਸ ਥਾਂ ਦੀ ਸੇਵਾ ਕਰ ਰਿਹਾ ਹੈ।

ਗੁਰੂ ਗੋਬਿੰਦ ਸਿੰਘ ਜੀ ਦਾ ਇਕ ਹੁਕਮਨਾਮਾ, ਜੋ ਬਨਾਰਸ ਦੀ ਸੰਗਤ ਦੇ ਨਾਂ ਹੈ, ਵਿਚ ਬਨਾਰਸ ਦੀ ਸੰਗਤ ਤੋਂ 40 ਰੁਪਏ ਦੀ ਮੰਗ ਕੀਤੀ ਹੈ। ਇਹ ਹੁਕਮਨਾਮਾ ਇਸ ਤਰ੍ਹਾਂ ਹੈ:

"ੴ ਸਤਿਗੁਰ ਪ੍ਰਸਾਦਿ ਸਿਰੀ ਗੁਰੂ ਜੀ ਦੀ ਆਗਿਆ ਹੈ ਸਰਬਤਿ ਸੰਗਤਿ ਬਨਾਰਸ ਦੀ ਵਾਹਿਗੁਰੂ ਜੀ ਦਾ ਖਾਲਸਾ ਹੈ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮ ਸਉਰੇਗਾ 40/- ਚਾਲੀਸ ਰੁਪਯੇ ਕਿਰਪਾ ਸਿੰਘ ਨੋ ਬਖਸੇ ਹਨਿ ਸੰਗਤ ਹੁਕਮ ਦੇਖਦੇ ਕਿਰਪਾ ਸਿੰਘ ਦੇ ਡੇਰੇ ਦੇਣੇ ਢਿਲ ਨਾਹੀ ਕਰਣੀ ਤੁਸਾਡੇ ਮਨੋਰਥ ਪੂਰੇ ਹੋਨਗੇ ਨਿਹਾਲ ਹੋਗੁ ਮਿਤੀ ਫਗਣੋ 6 ਸੰਮਤ 1764 ਸਤਰਾਂ 7।[1]

ਗੁਰੂ ਤੇਗ਼ ਬਹਾਦਰ ਜੀ ਦੇ ਹੁਕਮਨਾਮਿਆਂ ਵਿਚ ਦਿੱਤੇ ਗਏ ਨਾਵਾਂ ਤੋਂ ਪਤਾ ਲਗਦਾ ਹੈ ਕਿ ਭਾਈ ਜਵੇਹਰੀ ਮਲ ਜੀ, ਭਾਈ ਕਲਿਆਣ ਮਲ ਜੀ, ਭਾਈ ਕਿਰਪਾਲ ਦਾਸ ਜੀ, ਭਾਈ ਬਾਬੂ ਰਾਇ ਜੀ, ਭਾਈ ਭਿਖਾਰੀ ਜੀ, ਭਾਈ ਮਹਾਰਾਜ ਜੀ, ਭਾਈ ਰਾਮਾ ਨੰਦ ਜੀ, ਭਾਈ ਭੋਤੀ ਸੇਠ ਜੀ, ਭਾਈ ਜੇਵਰੀ ਜੀ ਆਦਿ ਸਿੱਖ ਇਸ ਇਲਾਕੇ ਦੇ ਮੁੱਖੀ ਪ੍ਰਚਾਰਕ ਸਨ ਅਤੇ ਬਨਾਰਸ ਦੀ ਸੰਗਤ ਦਾ ਪੂਰਬ ਦੀਆਂ ਬਾਕੀ ਸੰਗਤਾਂ ਵਾਂਗ ਗੁਰੂ ਸਾਹਿਬ ਨਾਲ ਲਗਾਤਾਰ ਸੰਪਰਕ ਬਣਿਆ ਰਹਿੰਦਾ ਸੀ।[2]

---

1. ਇਹ ਹੁਕਮਨਾਮਾ ਬਨਾਰਸ ਦੇ ਗੁਰਦੁਆਰਾ ਲੀਚੀ ਬਾਗ, ਵੱਡੀ ਸੰਗਤ ਵਿਚ ਸੁਰਖਿਅਤ ਹੈ।
2. ਦੇਖੋ, ਹੁਕਮਨਾਮੇ, ਗੰਡਾ ਸਿੰਘ (ਸੰਪਾਦਕ), ਪਟਿਆਲਾ, 1985, ਪੰਨੇ 82,88,92

## ਮਥੁਰਾ ਅਤੇ ਬਿੰਦਰਾਬਨ

ਕਵੀ ਸੈਨਾਪਤਿ ਅਨੁਸਾਰ ਜਦ ਕੁਝ ਦਿਨ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦਿੱਲੀ ਵਿਖੇ ਬਿਤਾਏ ਤਾਂ ਦਿੱਲੀ ਤੋਂ ਕੂਚ ਕਰ ਕੇ ਮਥੁਰਾ ਸ਼ਹਿਰ ਵਿਚ ਆਏ ਸਨ। ਮਥੁਰਾ ਸ਼ਹਿਰ ਵਿਚ ਉਨ੍ਹਾਂ ਨੇ ਕੁਝ ਪੁਰਾਣੀਆਂ ਥਾਵਾਂ ਦੇਖੀਆਂ ਅਤੇ ਸਾਰੇ ਸ਼ਹਿਰ ਦੀ ਸੈਰ ਕੀਤੀ। ਸੂਰਜ ਕੁੰਡ ਜੈਸੀਆਂ ਥਾਵਾਂ ਦੇਖ ਕੇ ਗੁਰੂ ਜੀ ਨੂੰ ਬਹਤ ਖੁਸ਼ੀ ਹੋਈ :

ਚਲਤ ਚਲਤ ਆਏ ਤਿਹ ਥਾਨਾ।
ਮਥਰਾ ਨਗਰ ਪ੍ਰਭੁ ਮਨਿ ਭਾਨਾ।
ਦੇਖੀ ਠਵਰ ਪ੍ਰਭੂ ਬਿਗਸਾਏ।
ਸੂਰਜ ਕੁੰਡ ਧਾਮ ਫ਼ੁਰਮਾਏ।[1]

ਜਦ ਮਥੁਰਾ ਦਾ ਸਾਰਾ ਸ਼ਹਿਰ ਦੇਖ ਲਿਆ ਤਾਂ ਗੁਰੂ ਜੀ ਨੇ ਬਿੰਦਰਾਬਨ ਦੇਖਣ ਦਾ ਫੈਸਲਾ ਕੀਤਾ। ਬਿੰਦਰਾਬਨ ਵਿਚ ਕੁੰਜ ਗਲੀ ਅਤੇ ਹੋਰ ਬਹੁਤ ਸਾਰੀਆਂ ਥਾਵਾਂ ਦੇਖੀਆਂ।

ਮਥਰਾ ਦੇਖ ਪ੍ਰਭੂ ਜਬ ਆਏ।
ਪੁਨਿ ਬਿੰਦ੍ਰਾਬਨ ਆਪ ਸਿਧਾਏ।
ਦੇਖੀ ਕੁੰਜ ਗਲੀ ਸਬ ਨਉਰਾ।
ਦੇਖੀ ਛਾਵ ਅਧਿਕ ਇਕ ਔਰਾ।[2]

## ਮਿਰਜ਼ਾਪੁਰ


ਮਿਰਜ਼ਾਪੁਰ ਬਨਾਰਸ ਤੋਂ 70 ਕਿਲੋਮੀਟਰ ਦੀ ਵਿੱਥ ਉਤੇ ਹੈ ਅਤੇ ਉੱਤਰ ਪ੍ਰਦੇਸ਼ ਦਾ ਇਕ ਪ੍ਰਸਿੱਧ ਸ਼ਹਿਰ ਹੈ। ਬਾਲ ਗੋਬਿੰਦ ਜੀ ਪਰਵਾਰ ਸਮੇਤ ਪਟਣਾ ਸਾਹਿਬ ਤੋਂ ਪੰਜਾਬ ਨੂੰ ਆਉਣ ਲਗਿਆਂ ਇਥੇ ਠਹਿਰੇ ਸਨ। ਉਨ੍ਹਾਂ ਤੋਂ ਪਹਿਲਾਂ ਇਥੇ ਗੁਰੂ ਨਾਨਕ ਸਾਹਿਬ ਅਤੇ ਪਿਛੋਂ ਪੂਰਬ ਦੇ ਦੌਰਿਆਂ ਸਮੇਂ ਗੁਰੂ ਤੇਗ਼ ਬਹਾਦਰ ਸਾਹਿਬ ਵੀ ਆਏ ਸਨ। ਦੋਵਾਂ ਗੁਰੂ ਸਾਹਿਬਾਨ ਦੀ ਯਾਦ ਵਿਚ ਪਹਿਲਾਂ ਇਕ ਛੋਟਾ ਜਿਹਾ ਗੁਰਦੁਆਰਾ ਸੀ ਜਿਹੜਾ ਪਿਛੋਂ ਢਹਿ ਗਿਆ ਸੀ ਅਤੇ ਸਿੱਖ ਸੰਗਤਾਂ ਨੇ ਨਵਾਂ ਗੁਰਦੁਆਰਾ ਬਣਾ ਲਿਆ ਸੀ।

ਸਥਾਨਕ ਰਵਾਇਤ ਅਨੁਸਾਰ ਇਥੇ ਇਕ ਅਮੀਰ ਜ਼ਿਮੀਂਦਾਰ ਰਹਿੰਦਾ ਸੀ ਜਿਹੜਾ ਕਿ ਗੁਰੂ ਘਰ ਦਾ ਬਹੁਤ ਸ਼ਰਧਾਲੂ ਸੀ। ਪਿਛੋਂ ਇਸ ਜ਼ਿਮੀਂਦਾਰ ਨੇ ਆਪਣੇ ਬਾਗ ਵਿਚ, ਜਿਸ ਥਾਂ ਆ ਕੇ ਗੁਰੂ ਤੇਗ਼ ਬਹਾਦਰ ਜੀ ਬੈਠੇ ਦਸੇ ਜਾਂਦੇ ਹਨ, ਇਕ ਗੁਰਦੁਆਰਾ ਬਣਵਾ ਦਿੱਤਾ ਸੀ। ਇਸੇ ਹੀ ਗੁਰਦੁਆਰੇ ਨੂੰ ਤਿੰਨੇ ਗੁਰੂ ਸਾਹਿਬਾਨ ਦੀ ਯਾਦ ਵਿਚ ਮੰਨਿਆ ਜਾਂਦਾ ਹੈ। ਪੰਡਿਤ ਤਾਰਾ ਸਿੰਘ ਨਰੋਤਮ ਨੇ ਇਸ ਬਾਰੇ ਇਉਂ ਲਿਖਿਆ ਹੈ। "ਗੁਰੂ ਜੀ ਪਾਂਚ ਬਰਸ ਕੀ ਅਵਸਥਾ ਮੈਂ ਪਟਣੇ ਸੇ ਚਲ ਕਰ ਆਨੰਦਪੁਰ ਕੋ ਆਵਤੇ ਹੂਏ ਈਹਾਂ ਆਏ।"[3]

1. ਸ੍ਰੀ ਗੁਰ ਸੋਭਾ, ਪੰਨਾ 111
2. ਉਕਤ, ਪੰਨਾ ਉਹੀ।
3. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 108



ਤਖ਼ਤ ਸਿਰੀ ਪਟਣਾ ਸਾਹਿਬ (ਬਿਹਾਰ)



ਪੁਰਾਣਾ ਗੁਰਦੁਆਰਾ ਲਖਨੌਰ ਸਾਹਿਬ (ਹਰਿਆਣਾ)

# ਹਰਿਆਣਾ

1. ਅੰਬਾਲਾ
2. ਸਢੌਰਾ
3. ਸਯਾਣਾ
4. ਕਪਾਲ ਮੋਚਨ
5. ਕੁਰਕਸ਼ੇਤਰ
6. ਛਛਰੌਲੀ
7. ਜਗਾਧਰੀ
8. ਟੋਕਾ ਸਾਹਿਬ
9. ਨਾਡਾ ਸਾਹਿਬ
10. ਪਿਹੋਵਾ
11. ਬਲਾਚੌਰ
12. ਬੂੜੀਆ
13. ਭਾਨੋਖੇੜੀ
14. ਮਾਣਕ ਟਬਰਾ
15. ਰਾਣੀ ਕਾ ਰਾਇਪੁਰ
16. ਲਖਨੌਰ ਸਾਹਿਬ

# ਅੰਬਾਲਾ

ਅੰਬਾਲਾ ਹਰਿਆਣਾ ਪ੍ਰਾਂਤ ਦਾ ਇਕ ਜ਼ਿਲ੍ਹਾ ਕੇਂਦਰ ਹੈ ਅਤੇ ਅੰਮ੍ਰਿਤਸਰ-ਦਿੱਲੀ ਦੀ ਜਰਨੈਲੀ ਸੜਕ ਉਪਰ ਸਥਿਤ ਹੈ। ਇਕ ਰਵਾਇਤ ਅਨੁਸਾਰ ਇਥੇ ਪੁਰਾਣੇ ਜ਼ਮਾਨੇ ਵਿਚ ਅੰਬ ਜ਼ਿਆਦਾ ਹੋਣ ਕਰਕੇ ਇਸ ਥਾਂ ਦਾ ਨਾਂ 'ਅੰਬਾਂ ਆਲਾ' ਹੀ ਚਾਲੂ ਹੋ ਗਿਆ ਸੀ ਜੋ ਪਿੱਛੋਂ ਸੰਖੇਪ ਹੋ ਕੇ ਅੰਬਾਲਾ ਬਣ ਗਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਬਾਲ ਅਵਸਥਾ ਵਿਚ ਲਖਨੌਰ ਸਾਹਿਬ ਵਿਖੇ ਠਹਿਰਣ ਸਮੇਂ ਇਥੇ ਆਏ ਸਨ। ਗੁਰੂ ਜੀ ਦੀ ਇਸ ਆਮਦ ਦੀ ਯਾਦ ਵਿਚ ਸ਼ਹਿਰ ਵਿਚ ਵੱਖ ਵੱਖ ਥਾਵਾਂ ਉਤੇ ਤਿੰਨ ਗੁਰਦੁਆਰੇ ਹਨ।

ਇਕ ਗੁਰਦੁਆਰਾ ਸ਼ਹਿਰ ਦੇ ਚੜ੍ਹਦੇ ਵੱਲ ਲਭੂ ਵਾਲੇ ਤਲਾਬ ਦੇ ਕਿਨਾਰੇ ਉਪਰ ਹੈ। ਭਾਵੇਂ ਇਹ ਛੋਟਾ ਜਿਹਾ ਹੀ ਗੁਰਦੁਆਰਾ ਹੈ ਪਰ ਇਸ ਨਾਲ ਰਿਹਾਇਸ਼ ਅਤੇ ਲੰਗਰ ਦਾ ਅੱਛਾ ਪ੍ਰਬੰਧ ਹੈ। ਦੂਸਰਾ ਗੁਰਦੁਆਰਾ ਸ਼ਹਿਰ ਦੇ ਘੁਮਾਰਾਂ ਵਾਲੇ ਮੁਹੱਲੇ ਵਿਚ ਹੈ। ਇਸ ਨੂੰ ਧੂਮੀ ਗੁੱਜਰ ਦਾ ਮੁਹੱਲਾ ਵੀ ਕਹਿ ਦਿੱਤਾ ਜਾਂਦਾ ਹੈ। ਇਹ ਅਸਥਾਨ ਅੰਬਾਲਾ ਰੇਲਵੇ ਸਟੇਸ਼ਨ ਦੇ ਨੇੜੇ ਹੀ ਹੈ। ਤੀਸਰਾ ਗੁਰਦੁਆਰਾ ਸ਼ਹਿਰ ਦੀਆਂ ਕਚਹਿਰੀਆਂ ਦੇ ਪਾਸ ਦੱਖਣ ਵਾਲੇ ਪਾਸੇ ਸ਼ਹਿਰ ਤੋਂ ਬਾਹਰਵਾਰ ਖੇਤਾਂ ਵਿਚ ਹੈ।

ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਇਥੇ ਗੁਰੂ ਨਾਨਕ ਦੇਵ ਜੀ, ਗੁਰੂ ਹਰਿ ਗੋਬਿੰਦ ਜੀ, ਗੁਰੂ ਹਰਿ ਕ੍ਰਿਸ਼ਨ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਵੀ ਆ ਚੁਕੇ ਸਨ।

# ਸਢੌਰਾ

ਸਢੌਰਾ ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਅੰਬਾਲਾ ਦਾ ਮੁੱਖ ਕਸਬਾ ਹੈ। ਇਹ ਚੰਡੀਗੜ੍ਹ-ਨਾਹਨ ਸੜਕ ਉਪਰ ਕਾਲਾ ਅੰਬ ਬੈਰੀਅਰ ਤੋਂ ਲਗਪਗ 18 ਕਿਲੋਮੀਟਰ ਜਗਾਧਰੀ ਵੱਲ ਸਥਿਤ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਤੋਂ ਆਨੰਦਪੁਰ ਸਾਹਿਬ ਨੂੰ ਵਾਪਸ ਆਉਂਦਿਆਂ ਠਹਿਰੇ ਸਨ। ਇਥੋਂ ਦੇ ਮਹਾਨ ਸੂਫ਼ੀ ਫ਼ਕੀਰ ਪੀਰ ਬੁੱਧੂ ਸ਼ਾਹ ਨੇ 1688 ਈਸਵੀ ਵਿਚ ਭੰਗਾਣੀ ਦੀ ਲੜਾਈ ਵਿਚ ਗੁਰੂ ਜੀ ਦੀ ਸਹਾਇਤਾ ਕੀਤੀ ਸੀ।

ਪੀਰ ਬੁੱਧੂ ਸ਼ਾਹ ਇਥੋਂ ਦੇ ਰਹਿਣ ਵਾਲੇ ਸਨ ਅਤੇ ਉਘੇ ਮੁਸਲਿਮ ਫ਼ਕੀਰ ਸਨ। ਆਪ ਗੁਰੂ ਸਾਹਿਬ ਦੇ ਸ਼ਰਧਾਲੂ ਸਨ। ਸਿੱਖ ਰਵਾਇਤ ਅਨੁਸਾਰ ਪੀਰ ਬੁੱਧੂ ਸ਼ਾਹ ਦੀ ਹੀ ਸਿਫਾਰਸ਼ ਉਤੇ ਗੁਰੂ ਜੀ ਨੇ ਪੰਜ ਸੌ ਪਠਾਣ ਸਿਪਾਹੀ ਖਾਲਸਾ ਫੌਜ ਵਿਚ ਨੌਕਰ ਰੱਖੇ ਸਨ। ਪਰ ਇਹ ਪਠਾਣ ਭੰਗਾਣੀ ਦੀ ਲੜਾਈ ਸਮੇਂ ਗੁਰੂ ਜੀ ਨੂੰ ਧੋਖਾ ਦੇ ਕੇ ਨੱਠ ਗਏ ਸਨ। ਇਸ ਕਰਕੇ ਪੀਰ ਜੀ ਦਾ ਮਨ ਬੜਾ ਦੁੱਖੀ ਹੋਇਆ ਸੀ। ਇਸ ਪਛਤਾਵੇ ਵਿਚ ਪੀਰ ਜੀ ਨੇ ਆਪਣੇ ਚਾਰ ਪੁੱਤਰਾਂ ਸਮੇਤ

ਸੱਤ ਸੌ ਚੇਲਿਆਂ ਨੂੰ ਗੁਰੂ ਜੀ ਦੀ ਸਹਾਇਤਾ ਲਈ ਭੇਜਿਆ ਸੀ।[1] ਚਾਰ ਪੁੱਤਰਾਂ ਵਿਚੋਂ ਦੋ ਪੁੱਤਰ ਮੁਹੰਮਦ ਸ਼ਾਹ ਅਤੇ ਸਯਦ ਅਸ਼ਰਫ ਭੰਗਾਣੀ ਦੇ ਯੁੱਧ ਵਿਚ ਸ਼ਹੀਦ ਹੋ ਗਏ ਸਨ।

ਸਥਾਨਕ ਰਵਾਇਤ ਅਨੁਸਾਰ ਭੰਗਾਣੀ ਦੀ ਲੜਾਈ[2] ਵਿਚ ਤਨੋ-ਮਨੋ ਦਿੱਤੀ ਸਹਾਇਤਾ ਤੋਂ ਖੁਸ਼ ਹੋ ਕੇ ਗੁਰੂ ਸਾਹਿਬ ਨੇ ਸਢੌਰਾ ਵਿਖੇ ਆ ਕੇ ਪੀਰ ਜੀ ਨੂੰ ਸਿਰੋਪਾਓ ਵਜੋਂ ਇਕ ਦਸਤਾਰ, ਇਕ ਕੇਸਾਂ ਸਮੇਤ ਛੋਟਾ ਕੰਘਾ ਅਤੇ ਇਕ ਪਰਸੰਸਾ ਪਤਰ ਦਿੱਤਾ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਯਾਦਗਾਰੀ ਵਸਤਾਂ ਸਿਵਾਏ ਪਰਸੰਸਾ-ਪਤਰ ਦੇ ਮਹਾਰਾਜਾ ਨਾਭਾ ਨੇ ਪੀਰ ਜੀ ਦੇ ਵਾਰਸਾਂ ਕੋਲੋਂ ਮੁਲ ਲੈ ਲਈਆਂ ਸਨ ਜਿਹੜੀਆਂ ਕਿ ਹੁਣ ਨਾਭੇ ਦੇ ਗੁਰਦੁਆਰਾ ਸਿਰੋਪਾਓ ਸਾਹਿਬ ਵਿਚ ਸੰਭਾਲੀਆਂ ਪਈਆਂ ਹਨ।[3] ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਪੀਰ ਜੀ ਦੀ ਲੜਕੀ ਦੇ ਵਿਆਹ ਸਮੇਂ ਇਕ ਸੁੰਦਰ ਅਤੇ ਕੀਮਤੀ ਪਲੰਘ ਵੀ ਦਿੱਤਾ ਸੀ। ਇਹ ਹੁਣ ਰਾਜਸਥਾਨ ਦੇ ਜੋਧਪੁਰ ਸ਼ਹਿਰ ਵਿਚ ਸੁਰਖਿਅਤ ਪਿਆ ਹੈ।

ਗੁਰੂ ਜੀ ਦੇ ਸਢੌਰੇ ਆਉਣ ਸਮੇਂ ਉਨਾਂ ਦਾ ਖਾਲਸਈ ਲਸ਼ਕਰ ਸਢੌਰੇ ਤੋਂ 12 ਕਿਲੋਮੀਟਰ ਦੂਰ ਬੀਰ ਮਾਜਰਾ ਪਿੰਡ ਵਿਚ ਠਹਿਰਿਆ ਹੋਇਆ ਸੀ। ਸਥਾਨਕ ਰਵਾਇਤ ਅਨੁਸਾਰ, ਜਿਸ ਸਮੇਂ ਗੁਰੂ ਜੀ ਪੀਰ ਜੀ ਦੇ ਘਰ ਠਹਿਰੇ ਹੋਏ ਸਨ ਤਾਂ ਪਿਛੋਂ ਇਥੋਂ ਦੇ ਹਾਕਮ ਉਸਮਾਨ ਖਾਨ ਨੇ ਪੀਰ ਜੀ ਦੇ ਘਰ ਨੂੰ ਘੇਰ ਲਿਆ ਸੀ। ਪਰੰਤੂ ਪੀਰ ਜੀ ਵਲੋਂ ਕਹਿਣ ਉਤੇ ਇਹ ਘੇਰਾ ਚੁਕਿਆ ਗਿਆ ਸੀ।

ਸਢੌਰੇ ਦੇ ਜਿਸ ਮੁਹਲੇ ਵਿਚ ਪੀਰ ਬੁਧੂ ਸ਼ਾਹ ਦਾ ਘਰ ਸੀ ਉਸ ਦਾ ਨਾਂ ਮੁਹਲਾ ਸਵਾਣੀਆਂ ਹੈ। ਪੀਰ ਬੁੱਧੂ ਸ਼ਾਹ ਦੇ ਵਡੇਰੇ ਕਿਉਂਕਿ ਸਮਾਣੇ ਤੋਂ ਆ ਕੇ ਇਥੇ ਵਸੇ ਸਨ ਇਸ ਲਈ ਸਮਾਣੇ ਉਪਰ ਹੀ ਇਸ ਮੁਹਲੇ ਦਾ ਨਾਂ ਸਮਾਣੀਆਂ ਅਤੇ ਫਿਰ ਹੌਲੀ-ਹੌਲੀ ਸਵਾਣੀਆਂ ਪਰਸਿੱਧ ਹੋ ਗਿਆ।

ਸੰਨ 1947 ਦੇ ਬਟਵਾਰੇ ਸਮੇਂ ਪੀਰ ਜੀ ਦੀ ਬੰਸ ਦੇ ਸਾਰੇ ਵਿਅਕਤੀ ਪਾਕਿਸਤਾਨ ਚਲੇ ਗਏ। ਇਥੇ ਸਿੱਖ ਸ਼ਰਨਾਰਥੀ ਆ ਕੇ ਵਸ ਗਏ ਹਨ। ਜਦੋਂ ਉਨ੍ਹਾਂ ਨੂੰ ਸਰਕਾਰ ਵਲੋਂ ਇਥੇ ਘਰਾਂ ਦੀ ਸੌਂਪਣਾ ਹੋਈ ਤਾਂ ਸਾਰੇ ਸਿੱਖਾਂ ਨੇ ਇਕੱਠੇ ਹੋ ਕੇ ਪੀਰ ਜੀ ਦੀ ਯਾਦ ਵਿਚ ਇਕ ਘਰ ਖਰੀਦ ਕੇ ਗੁਰਦੁਆਰਾ ਬਣਾ ਦਿੱਤਾ। ਇਸ ਦਾ ਨਾਂ ਗੁਰਦੁਆਰਾ ਪੀਰ ਬੁੱਧੂ ਸ਼ਾਹ ਹੈ।

ਇਸੇ ਹੀ ਕਸਬੇ ਵਿਚ ਇਕ ਹੋਰ ਗੁਰਦੁਆਰਾ ਹੈ ਜਿਸ ਦਾ ਸੰਬੰਧ ਬੰਦਾ ਸਿੰਘ ਬਹਾਦਰ ਨਾਲ ਹੈ। ਇਹ ਕਿਲ੍ਹੇ ਵਿਚ ਹੈ ਪਰ ਕਿਲ੍ਹਾ ਖੰਡਰ ਦੇ ਰੂਪ ਵਿਚ ਪਿਆ ਹੈ।

---

1. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪਟਿਆਲਾ, 1960, ਪੰਨਾ 661
2. ਬਚਿੱਤ੍ਰ ਨਾਟਕ ਵਿਚ ਗੁਰੂ ਜੀ ਨੇ ਭੰਗਾਣੀ ਦੀ ਲੜਾਈ ਦਾ ਜੋ ਬ੍ਰਿਤਾਂਤ ਦਿੱਤਾ ਹੈ ਉਸ ਵਿਚ ਸਢੌਰੇ ਦੇ ਪੀਰ ਬੁਧੂ ਸ਼ਾਹ ਦਾ ਕੋਈ ਜ਼ਿਕਰ ਨਹੀਂ ਹੈ।
3. ਮਹਾਨ ਕੋਸ਼, ਪੰਨਾ 661

## ਸਯਾਣਾ

ਸਯਾਣਾ ਪਿੰਡ ਹਰਿਆਣਾ ਪ੍ਰਾਂਤ ਦੇ ਕੁਰਕਸ਼ੇਤਰ ਜ਼ਿਲੇ ਵਿਚ ਹੈ ਅਤੇ ਇਥੋਂ ਨੇੜੇ ਹੀ ਹੈ। ਸਥਾਨਕ ਪਰੰਪਰਾ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਇਥੇ ਦੋ ਵਾਰ ਆਏ ਸਨ। ਪਹਿਲੀ ਵਾਰ ਉਸ ਸਮੇਂ ਜਦੋਂ ਕਿ ਉਹ ਬਾਲ ਅਵਸਥਾ ਵਿਚ ਲਖਨੌਰ ਸਾਹਿਬ ਵਿਖੇ ਠਹਿਰੇ ਹੋਏ ਸਨ। ਦੂਸਰੀ ਵਾਰ ਉਹ ਆਨੰਦਪੁਰ ਸਾਹਿਬ ਤੋਂ 1703 ਈਸਵੀ ਦੇ ਨੇੜੇ ਤੇੜੇ ਦੇ ਸਮੇਂ ਵਿਚ ਇਥੇ ਆਏ ਸਨ। ਗੁਰੂ ਜੀ ਦੀ ਆਨੰਦਪੁਰ ਸਾਹਿਬ ਤੋਂ ਦੂਸਰੀ ਯਾਤਰਾ ਦੀ ਰਵਾਇਤ ਕੁਰਕਸ਼ੇਤਰ ਤੋਂ ਵੀ ਮਿਲਦੀ ਹੈ। ਗੁਰੂ ਜੀ ਦੀ ਆਮਦ ਦੀ ਯਾਦ ਵਿਚ ਇਥੇ ਇਕ ਗੁਰਦੁਆਰਾ ਸਸ਼ੋਭਤ ਹੈ।

## ਕਪਾਲ ਮੋਚਨ

ਗੁਰੂ ਗੋਬਿੰਦ ਸਿੰਘ ਜੀ ਜਗਾਧਾਰੀ ਤੋਂ ਚੱਲ ਕੇ ਸਢੌਰੇ ਵੱਲ ਨੂੰ ਆਉਂਦੇ ਹੋਏ ਕਪਾਲ ਮੋਚਨ ਵਿਖੇ ਆਏ। ਸਥਾਨਕ ਰਵਾਇਤ ਅਨੁਸਾਰ ਇਥੇ ਗੁਰੂ ਸਾਹਿਬ 52 ਦਿਨ ਰਹੇ ਪਰ ਇਤਨੇ ਦਿਨ ਰਹਿਣ ਦੀ ਗੱਲ ਇਤਿਹਾਸਕ ਦਰਿਸ਼ਟੀਕੋਣ ਤੋਂ ਠੀਕ ਪ੍ਰਤੀਤ ਨਹੀਂ ਹੁੰਦੀ। ਇਤਿਹਾਸਕਾਰਾਂ ਵਿਚ ਇਸ ਗੱਲ ਉਤੇ ਕੋਈ ਮੱਤ-ਭੇਦ ਨਹੀਂ ਕਿ ਗੁਰੂ ਸਾਹਿਬ ਭੰਗਾਣੀ ਦੀ ਲੜਾਈ ਜਿੱਤ ਕੇ ਜਲਦੀ ਹੀ ਆਨੰਦਪੁਰ ਸਾਹਿਬ ਚਲੇ ਗਏ ਸਨ ਪਰ ਇਥੇ ਗੁਰੂ ਸਾਹਿਬ ਵਲੋਂ ਕੁਝ ਪੱਗਾਂ ਇਕੱਠੀਆਂ ਕਰਨ ਦੀ ਰਵਾਇਤ ਵੀ ਪ੍ਰਚੱਲਤ ਹੈ।

ਪੰਡਤ ਤਾਰਾ ਸਿੰਘ ਨਰੋਤਮ ਨੇ ਇਸ ਅਸਥਾਨ ਉਤੇ ਗੁਰੂ ਜੀ ਦੇ ਆਉਣ ਬਾਰੇ ਇਉਂ ਲਿਖਿਆ ਹੈ : "ਪਾਂਵਟੇ ਸੇ ਅਖੇਰ ਲੀਲਾ ਕਰਤੇ ਗੁਰੂ ਜੀ ਦੂਣ ਸੇ ਬਾਹਰ ਹੋ ਕਰ ਕਾਤਕੀ ਕੋ ਕਪਾਲ ਮੋਚਨ ਆਏ। ਸਿੱਖੋਂ ਕੋ ਹੁਕਮ ਦੀਆ ਜੋ ਕੋਈ ਮੇਲੇ ਮੈ ਤੀਰਥ ਕਿਨਾਰੇ ਦਿਸਾ ਪੇਸਾਬ ਕਰਨੇ ਬੈਠਾ ਦੇਖੋ ਉਸਕੀ ਪਗੜੀ ਉਤਾਰ ਲੇਵੋ। ਸਿੱਖੋਂ ਨੇ ਵੈਸੇ ਹੀ ਕੀਆ। ਮੇਲੇ ਮੇਂ ਸਾਤ ਸੈ ਪਗੜੀ ਹੂਈ। ਧੁਆਇ ਸਾਫ ਕਰਾਇ ਸੰਗਤ ਕੇ ਸਿਰੋਪਾਉ ਮੈਂ ਬਾਂਟੀ ਗਈ।"[1]

ਇਸ ਇਤਿਹਾਸਕ ਅਸਥਾਨ ਦਾ ਪ੍ਰਬੰਧ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਇਕ ਸਥਾਨਕ ਸਬ-ਕਮੇਟੀ ਕਰਦੀ ਹੈ। ਦੱਸਿਆ ਜਾਂਦਾ ਹੈ ਕਿ ਗੁਰਦੁਆਰਾ ਸਾਹਿਬ ਦੇ ਨਾਂ ਕੁਲ 135 ਵਿਘੇ ਜ਼ਮੀਨ ਹੈ ਜਿਹੜੀ ਅੱਡ ਅੱਡ ਪਿੰਡਾਂ ਵਿਚ ਖਿੰਡੀ ਪੁੰਡੀ ਪਈ ਹੈ। ਇਹ ਜ਼ਮੀਨ ਮੁਜ਼ਾਰਿਆਂ ਕੋਲ ਹੈ। ਉਹ ਇਸ ਦੇ ਉਤਪਾਦਨ ਦਾ ਇਕ ਤਿਹਾਈ ਹਿੱਸਾ ਗੁਰਦੁਆਰੇ ਨੂੰ ਦਿੰਦੇ ਹਨ। ਗੁਰਦੁਆਰੇ ਦੀ ਇਮਾਰਤ ਵਿਚ 25 ਕਮਰਿਆਂ ਦਾ ਰਿਹਾਇਸ਼ੀ ਪ੍ਰਬੰਧ ਵੀ ਹੈ।

---

1. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨੇ 114-115

# ਕੁਰਕਸ਼ੇਤਰ

ਕੁਰਕਸ਼ੇਤਰ ਹਿੰਦੂਆਂ ਦਾ ਇਕ ਪ੍ਰਸਿੱਧ ਤੀਰਥ ਅਸਥਾਨ ਹੈ ਅਤੇ ਹਰਿਆਣਾ ਪ੍ਰਾਂਤ ਵਿਚ ਸਥਿਤ ਹੈ। ਇਹ ਅੰਬਾਲਾ-ਦਿੱਲੀ ਜਰਨੈਲੀ ਸੜਕ ਉਪਰ ਪਿਪਲੀ ਤੋਂ 6 ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ। ਇਸ ਦੇ ਇਕ ਹਿੱਸੇ ਦਾ ਨਾਂ ਥਾਨੇਸਰ ਸੀ ਜੋ ਅੱਜ ਕਲ੍ਹ ਇਕੋ ਹੀ ਨਾਂ ਕੁਰਕਸ਼ੇਤਰ ਨਾਲ ਸੰਬੋਧਨ ਕੀਤਾ ਜਾਂਦਾ ਹੈ। ਥਾਨੇਸਰ ਪੁਰਾਣਾ ਤੀਰਥ ਅਸਥਾਨ ਸੀ। ਅਸਲ ਵਿਚ ਧਾਰਮਿਕ ਤੀਰਥ ਅਸਥਾਨ ਥਾਨਸਰ ਹੀ ਸੀ। ਕੁਰਕਸ਼ਤਰ, ਕੌਰਵਾਂ-ਪਾਂਡਵਾਂ ਦੇ ਯੁੱਧ ਦੇ ਹੋਣ ਪਿਛੋਂ ਮੈਦਾਨ-ਏ-ਜੰਗ ਦਾ ਨਾਂ ਪ੍ਰਸਿੱਧ ਹੋ ਗਿਆ ਸੀ। 'ਸ਼ੇਤਰ' ਹਿੰਦੀ ਦਾ ਸ਼ਬਦ ਹੈ ਜਿਸ ਦਾ ਭਾਵ ਰਣ ਜਾਂ ਮੈਦਾਨ-ਏ-ਜੰਗ ਤੋਂ ਹੈ ਅਤੇ 'ਕੁਰ' ਤੋਂ ਭਾਵ ਕੌਰਵਾਂ ਤੋਂ ਹੈ। ਇਸ ਦਾ ਮਿਲਵਾਂ ਭਾਵ, ਕੌਰਵਾਂ ਦੇ ਯੁੱਧ-ਖੇਤਰ ਤੋਂ ਹੈ। ਪਰ ਇਸ ਦੀ ਧਾਰਮਿਕ ਮਹੱਤਤਾ ਸਿਰਫ ਥਾਨੇਸਰ ਦੇ ਨਾਂ ਤੋਂ ਹੀ ਹੈ। ਇਸ ਅਸਥਾਨ ਨਾਲ ਹਿੰਦੂ ਇਤਿਹਾਸ ਵਿਚ ਅਨੇਕਾਂ ਰਵਾਇਤਾਂ ਜੁੜੀਆਂ ਹੋਈਆਂ ਹਨ—ਇਕ ਇਹ ਕਿ ਇਸ ਅਸਥਾਨ ਉਤੇ 365 ਤੀਰਥ ਹਨ। ਇਸ ਦਾ ਵਰਣਨ ਰਿਗਵੇਦ ਵਿਚ ਵੀ ਆਉਂਦਾ ਹੈ। ਮਹਾਂਭਾਰਤ ਦੇ ਸ਼ਲਯ ਪਰਵ ਦੇ 53ਵੇਂ ਅਧਿਆਇ ਵਿਚ ਲਿਖਿਆ ਹੈ ਕਿ ਕੁਰ ਨਾਂ ਦੇ ਰਾਜਰਿਖੀ ਨੇ ਇਥੇ ਹਲ ਵਾਹਿਆ ਸੀ। ਹਲ ਵਾਹੁਣ ਨੂੰ ਸੰਸਕ੍ਰਿਤ ਵਿਚ ਕਰਸ਼ਣ ਕਿਹਾ ਜਾਂਦਾ ਹੈ। ਇਸ ਤਰਾਂ ਕੁਰ ਰਾਜਰਿਖੀ ਵਲੋਂ ਕਰਸ਼ਣ ਕਰਨ ਕਰਕੇ ਇਸ ਦਾ ਨਾਂ ਕੁਰਕਸ਼ੇਤਰ ਚਾਲੂ ਹੋਇਆ।[1]

ਦੂਜਾ ਇਹ ਕਿ ਇਥੇ ਜਦ ਵਿਸ਼ਨੂੰ ਦੇਵਤੇ ਨੇ ਮਧੁ ਕੈਟੰਭ ਦੈਂਤ ਮਾਰ ਤਾਂ ਉਨ੍ਹਾਂ ਦੇ ਸਿਰ ਦੀ ਮਿੱਝ ਸਾਰੇ ਜਲ ਉਪਰ ਫੈਲ ਗਈ। ਪਰੰਤੂ ਇਥੇ ਵਿਸ਼ਨੂੰ ਦੇਵਤਾ ਚੌਂਕੜੀ ਮਾਰੀ ਬੈਠਾ ਸੀ ਅਤੇ ਇਹ ਚੌਂਕੜੀ 48 ਕੋਹ ਦੇ ਇਲਾਕੇ ਵਿਚ ਫੈਲੀ ਹੋਈ ਸੀ। ਇਸ ਲਈ ਦੈਂਤਾਂ ਦੀ ਇਹ ਮਿੱਝ ਇਥੇ ਨਾ ਫੈਲ ਸਕੀ। ਰਾਖਸ਼ਾਂ ਦੀ ਮਿੱਝ ਨਾ ਪੈਣ ਕਰਕੇ ਇਸ ਨੂੰ ਬਹੁਤ ਹੀ ਪਵਿੱਤਰ ਭੂਮੀ ਮੰਨਿਆ ਗਿਆ ਸੀ।[2]

ਸਿੱਖ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਕਾਲ ਵਿਚ ਅਨੇਕਾਂ ਤੀਰਥ ਅਸਥਾਨਾਂ ਉਤੇ ਜਾ ਕੇ ਲੋਕਾਂ ਨੂੰ ਸਿਧੇ ਮਾਰਗ ਉਤੇ ਪਾਉਣ ਦਾ ਉਦਮ ਕੀਤਾ ਸੀ ਇਸ ਲਈ ਇਥੇ ਵੀ ਪੰਜ ਸਿੱਖ-ਗੁਰੂ ਸਾਹਿਬਾਨ ਆਏ ਸਨ। ਸਭ ਤੋਂ ਪਹਿਲੇ, ਗੁਰੂ ਨਾਨਕ ਦੇਵ ਜੀ ਇਥੇ ਆਏ ਜਿਨ੍ਹਾਂ ਸੰਬੰਧੀ ਪ੍ਰਸਿੱਧ ਰਵਾਇਤ ਇਹ ਹੈ ਕਿ ਉਨ੍ਹਾਂ ਨੇ ਇਥੇ ਬ੍ਰਾਹਮਣਾਂ ਨਾਲ ਵਿਚਾਰ ਵਟਾਂਦਰਾ ਕਰ ਕੇ ਕਈ ਵਿਅਰਥ ਰੀਤੀ-ਰਿਵਾਜਾਂ ਦੇ ਖੋਖਲੇਪਣ ਨੂੰ ਸਾਹਮਣੇ ਲਿਆਂਦਾ ਸੀ। ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਸ਼ਹਿਰ ਦੇ ਦੱਖਣ ਵੱਲ ਸਿਧਬਟੀ ਦੇ ਅਸਥਾਨ ਉਤੇ ਗੁਰਦੁਆਰਾ ਹੈ। ਰਵਾਇਤ ਹੈ ਕਿ ਇਸ ਦੀ ਉਸਾਰੀ ਕੈਥਲ ਦੇ ਹਾਕਮਾਂ ਨੇ ਕਰਵਾਈ ਸੀ।

ਗੁਰੂ ਨਾਨਕ ਦੇਵ ਜੀ ਤੋਂ ਪਿਛੋਂ ਤੀਜੇ ਪਾਤਿਸ਼ਾਹ ਗੁਰੂ ਅਮਰ ਦਾਸ ਜੀ ਇਥੇ ਆਏ ਸਨ। ਇਨ੍ਹਾਂ ਦੀ ਯਾਦ ਵਿਚ ਵੀ ਇਕ ਛੋਟਾ ਜਿਹਾ ਗੁਰਦੁਆਰਾ ਸ਼ਹਿਰ ਦੇ ਰੇਲਵੇ ਸਟੇਸ਼ਨ ਤੋਂ ਅੱਧ ਕੁ ਮੀਲ ਦੀ ਦੂਰੀ ਉਤੇ ਸਥਿਤ ਹੈ। ਗੁਰੂ ਹਰਿ ਰਾਇ ਜੀ ਦੇ ਇਥੇ ਆਉਣ ਦੀ ਰਵਾਇਤ ਵੀ ਮਿਲਦੀ ਹੈ। ਸਨੇਤ ਨਾਂ ਦੇ ਸਰੋਵਰ ਦੇ ਨਜ਼ਦੀਕ ਹੀ ਪਿਹੋਵਾ ਵਾਲੀ ਸੜਕ ਉਪਰ ਸ਼ਹਿਰ ਤੋਂ ਇਕ ਕਿਲੋਮੀਟਰ ਦੀ ਵਿੱਥ ਉਤੇ ਗੁਰੂ ਹਰਿ ਗੋਬਿੰਦ ਸਾਹਿਬ ਦਾ ਗੁਰਦੁਆਰਾ ਹੈ। ਇਸ ਦੀ ਉਸਾਰੀ 1966 ਈਸਵੀ ਵਿਚ ਕੀਤੀ ਗਈ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਸ਼ਹਿਰ ਤੋਂ ਥੋੜੇ ਹੀ ਫਾਸਲੇ ਉਤੇ ਸ਼ੇਖ ਚਿਲੀ ਦੇ ਮਕਬਰੇ ਕੋਲ ਇਕ ਗੁਰਦੁਆਰਾ ਸਥਿਤ ਹੈ।

1. ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 256
2. ਉਕਤ, ਪੰਨਾ ਓਹੀ।

ਗੁਰੂ ਗੋਬਿੰਦ ਸਿੰਘ ਜੀ ਦੇ ਇਥੇ ਦੋ ਵਾਰ ਆਉਣ ਦੀ ਰਵਾਇਤ ਹੈ। ਪਹਿਲਾਂ ਉਸ ਸਮੇਂ ਜਦੋਂ ਕਿ ਬਾਲ ਗੋਬਿੰਦ ਜੀ ਪਰਵਾਰ ਸਮੇਤ ਪਟਣਾ ਸਾਹਿਬ ਤੋਂ ਪੰਜਾਬ ਨੂੰ ਆਉਂਦਿਆਂ ਲਖਨੌਰ ਸਾਹਿਬ ਠਹਿਰੇ ਸਨ। ਇਸ ਆਮਦ ਦੀ ਯਾਦ ਵਿਚ ਸਰੋਵਰ ਦੇ ਉਪਰ ਹੀ ਇਕ ਗੁਰਦੁਆਰਾ ਹੈ। ਇਸ ਤੋਂ ਥੋੜੀ ਹੀ ਦੂਰ ਇਕ ਥੇਹ ਹੈ। ਇਸ ਥੇਹ ਸੰਬੰਧੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਥੇ ਕਰਨ ਅਤ ਅਰਜਨ ਦੇ ਵਿਚਕਾਰ ਯੁੱਧ ਹੋਇਆ ਸੀ ਅਤੇ ਅਰਜਨ ਨੇ ਕਰਨ ਨੂੰ ਇਥੇ ਮਾਰ ਦਿੱਤਾ ਸੀ।

ਰਵਾਇਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੂਜੀ ਵਾਰ ਆਨੰਦਪੁਰ ਸਾਹਿਬ ਤੋਂ ਇਥੇ ਆਏ ਸਨ। ਕਿਹਾ ਜਾਂਦਾ ਹੈ ਕਿ ਗੁਰੂ ਜੀ ਇਥੇ ਇਕ ਮਾਈ ਨੂੰ ਮਿਲੇ ਸਨ। ਇਸ ਮਾਈ ਦੀ ਰਿਹਾਇਸ਼ੀ ਥਾਂ ਉਪਰ ਹੀ ਪਿਛੋਂ ਇਕ ਗੁਰਦੁਆਰਾ ਉਸਾਰ ਦਿੱਤਾ ਗਿਆ ਸੀ। ਅੱਜ ਕੱਲ੍ਹ ਇਹ ਗੁਰਦੁਆਰਾ ਸ਼ਹਿਰ ਦੇ ਸੌਦਾਗਰਾਂ ਵਾਲੇ ਮੁਹੱਲੇ ਵਿਚ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਹੀ ਇਕ ਹੋਰ ਗੁਰਦੁਆਰਾ ਜੋਤੀਸਰ ਵੀ ਹੈ।

## ਛਛਰੌਲੀ

ਛਛਰੌਲੀ ਨਗਰ ਹਰਿਆਣਾ ਪ੍ਰਾਂਤ ਦੇ ਅੰਬਾਲੇ ਜ਼ਿਲੇ ਦਾ ਇਕ ਮੁੱਖ ਨਗਰ ਹੈ। ਇਹ ਜਗਾਧਰੀ ਤੋਂ ਜਗਾਧਰੀ-ਪਾਂਉਂਟਾ ਸਾਹਿਬ ਸੜਕ ਉਪਰ 12 ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ। ਛਛਰੌਲੀ ਨਗਰ ਪਹਿਲਾਂ ਕਲਸੀਆ ਸਟੇਟ ਦੀ ਰਾਜਧਾਨੀ ਸੀ। ਕਲਸੀਆ ਸਟੇਟ ਲਾਹੌਰ ਦੀ ਤਹਿਸੀਲ ਕਸੂਰ ਦੇ ਪਿੰਡ ਕਲਸੀਆ ਦੇ ਵਸਨੀਕ ਸਰਦਾਰ ਗੁਰਬਖ਼ਸ਼ ਸਿੰਘ ਸੰਧੂ ਨੇ ਕਾਇਮ ਕੀਤੀ ਸੀ।[1] ਛਛਰੌਲੀ ਵਿਖੇ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਤੋਂ ਵਾਪਸ ਆਨੰਦਪੁਰ ਸਾਹਿਬ ਨੂੰ ਜਾਂਦਿਆਂ ਆਏ ਸਨ। ਇਹ ਰਸਤਾ ਪਹਿਲੇ ਰਸਤੇ (ਨਾਭਾ ਸਾਹਿਬ ਨਾਹਨ-ਪਾਉਂਟਾ ਸਾਹਿਬ) ਤੋਂ ਵਖਰਾ ਅਤੇ ਲੰਮੇਰਾ ਸੀ। ਛਛਰੌਲੀ ਦਾ ਉਹ ਇਤਿਹਾਸਕ ਥਾਂ ਜਿਥੇ ਗੁਰੂ ਸਾਹਿਬ ਆ ਕੇ ਠਹਿਰੇ ਸਨ ਨਗਰ ਤੋਂ ਬਿਲਕੁਲ ਬਾਹਰਵਾਰ ਉੱਤਰ ਵਲ ਸੋਮਾ ਨਦੀ ਪਾਰ ਕਰ ਕੇ ਤਕਰੀਬਨ ਇਕ ਕਿਲੋਮੀਟਰ ਦੀ ਦੂਰੀ ਉਤੇ ਹੈ।

ਸਥਾਨਕ ਰਵਾਇਤ ਅਨੁਸਾਰ ਇਥੇ ਇਕ ਸਿੱਖ ਭਾਈ ਸੰਤੋਖ ਦਾਸ ਰਹਿੰਦਾ ਸੀ। ਗੁਰੂ ਸਾਹਿਬ ਇਸ ਦੇ ਡੇਰੇ ਵਿਚ ਆ ਕੇ ਠਹਿਰੇ ਸਨ। ਗੁਰੂ ਜੀ ਨੇ ਭਾਈ ਸੰਤੋਖ ਦਾਸ ਨੂੰ ਇਸ ਥਾਂ ਉਤੇ ਸਿੱਖ ਧਰਮ ਦਾ ਪ੍ਰਚਾਰਕ ਨਿਯੁਕਤ ਕੀਤਾ ਅਤੇ ਕਾਫ਼ੀ ਦੇਰ ਪਿੱਛੋਂ ਤੱਕ ਇਹ ਸਿੱਖ ਇਥੇ ਧਰਮ ਪ੍ਰਚਾਰ ਕਰਦਾ ਰਿਹਾ। ਅੱਜ ਕੱਲ੍ਹ ਜੋ ਗੁਰਦੁਆਰਾ ਇਥੇ ਸਥਿਤ ਹੈ ਉਸ ਦਾ ਨਾਂ ਗੁਰਦੁਆਰਾ ਸੰਤੋਖਪੁਰਾ ਹੈ।

ਸਥਾਨਕ ਪਰੰਪਰਾ ਹੈ ਕਿ ਜੋ ਵੀ ਵਿਅਕਤੀ ਇਥੇ ਪੂਰੀ ਸ਼ਰਧਾ ਨਾਲ ਚਾਲ੍ਹੀ ਦਿਨ ਲਗਾਤਾਰ ਆ ਕੇ ਨਮਸਕਾਰ ਕਰਦਾ ਹੈ ਉਸ ਦੀਆਂ ਸਭ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਕਿਉਂਕਿ ਭਾਈ ਸੰਤੋਖ ਦਾਸ ਸਿਰਫ ਦੁੱਧ ਉਪਰ ਹੀ ਗੁਜ਼ਾਰਾ ਕਰਦਾ ਸੀ ਇਸ ਕਰਕੇ ਇਥੇ ਲੋਕ ਹਰ ਐਤਵਾਰ ਨੂੰ ਦੁੱਧ ਲੈ ਕੇ ਆਉਂਦੇ ਹਨ।

## ਜਗਾਧਰੀ

ਜਗਾਧਰੀ ਹਰਿਆਣਾ ਪ੍ਰਾਂਤ ਦੇ ਜ਼ਿਲੇ ਅੰਬਾਲਾ ਦਾ ਮੁੱਖ ਸ਼ਹਿਰ ਹੈ। ਇਸ ਸ਼ਹਿਰ ਨੂੰ ਸਟੀਲ ਦੇ ਬਰਤਨਾਂ ਦਾ ਸ਼ਹਿਰ ਵੀ ਕਿਹਾ ਜਾਂਦਾ ਹੈ। ਇਹ ਯਮੁਨਾ ਨਗਰ ਤੋਂ ਛੇ ਕਿਲੋਮੀਟਰ ਅਤੇ ਬੂੜੀਆ ਤੋਂ ਤਿੰਨ ਕਿਲੋਮੀਟਰ ਦੀ ਵਿੱਥ ਉਤੇ ਸਥਿਤ ਹੈ।

ਗੁਰੂ ਗੋਬਿੰਦ ਸਿੰਘ ਬਲਾਚੌਰ ਵਲੋਂ ਆਉਂਦੇ ਹੋਏ ਜਗਾਧਰੀ ਆਏ ਸਨ। ਸਥਾਨਕ ਰਵਾਇਤ ਅਨੁਸਾਰ ਇਥੇ ਗੁਰੂ ਸਾਹਿਬ ਨੇ ਨਵੇਂ ਬਸਤਰ ਖਰੀਦੇ ਸਨ। ਪਰ ਇਥੋਂ ਦੇ ਕਪੜੇ ਦੇ ਵਪਾਰੀਆਂ ਨੇ ਹਕੂਮਤ ਤੋਂ ਡਰਦਿਆਂ ਬਸਤਰ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਗੁਰੂ ਜੀ ਨੇ ਸਿੰਘਾਂ ਨੂੰ ਕਿਹਾ ਕਿ ਉਹ ਬਸਤਰਾਂ ਦੀ ਯੋਗ ਕੀਮਤ ਦੇ ਕੇ ਲੋੜੀਂਦੇ ਕਪੜੇ ਲੈ ਆਉਣ। ਗੁਰੂ ਸਾਹਿਬ ਇਥੇ ਕਾਫ਼ੀ ਦਿਨ ਰਹੇ ਸਨ। ਗੁਰੂ ਸਾਹਿਬ ਦੀ ਯਾਦ ਵਿਚ ਸ਼ਹਿਰ ਦੀ ਸਬਜ਼ੀ ਮੰਡੀ ਦੇ ਹਨੂੰਮਾਨ ਗੇਟ ਦੇ ਨਜ਼ਦੀਕ ਇਕ ਗੁਰਦੁਆਰਾ ਸਥਿਤ ਹੈ।

---

1. ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 230

# ਟੋਕਾ ਸਾਹਿਬ

ਟੋਕਾ ਸਾਹਿਬ ਅਸਥਾਨ ਹਰਿਆਣਾ ਪ੍ਰਾਂਤ ਦੇ ਜ਼ਿਲ੍ਹਾ ਅੰਬਾਲਾ ਦੀ ਤਹਿਸੀਲ ਨਰਾਇਣ ਗੜ੍ਹ ਤੋਂ 9 ਕਿਲੋਮੀਟਰ ਉੱਤਰ ਵੱਲ ਪਹਾੜੀਆਂ ਦੇ ਪੈਰਾਂ ਵਿਚ ਸਥਿਤ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਤੋਂ ਆਨੰਦਪੁਰ ਸਾਹਿਬ ਨੂੰ ਵਾਪਸ ਜਾਂਦੇ ਹੋਏ ਠਹਿਰੇ ਸਨ।

ਪੰਡਿਤ ਤਾਰਾ ਸਿੰਘ ਨਰੋਤਮ ਨੇ ਇਸ ਬਾਰੇ ਇਉਂ ਲਿਖਿਆ ਹੈ :

''ਗੁਰੂ ਜੀ ਪਾਵਟੇ ਸੇ ਆਵਤੇ ਨਾਹਣ ਕੇ ਰਾਜਾ ਕੇ ਟਿਕਾਏ ਈਹਾਂ ਬਾਰਾਂ ਦਿਨ ਰਹੇ। ਰੰਘੜੋਂ ਨੇ ਗੁਰੂ ਜੀ ਕੇ ਊਂਟ ਚੁਰਾਏ ਉਨ ਕੋ ਸ੍ਰਾਫ ਦੀਆ ਸਦਾ ਤੁਮ ਕੋ ਟੋਟਾ ਰਹੇਗਾ।''[1]

ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ ਕਿ ਇਹ ਜ਼ਿਲ੍ਹਾ ਅੰਬਾਲਾ, ਤਹਿਸੀਲ ਥਾਣਾ ਨਾਰਾਇਣਗੜ੍ਹ ਦਾ ਇਕ ਛੋਟਾ ਪਿੰਡ ਹੈ। ਇਸ ਤੋਂ ਇਕ ਮੀਲ ਪੱਛਮ ਵੱਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ ਟੋਕਾ ਸਾਹਿਬ ਹੈ, ਜੋ ਇਲਾਕਾ ਨਾਹਣ ਅੰਦਰ ਹੈ। ਦਸਮੇਸ਼ ਇਥੇ ਭੰਗਾਣੀ ਦੇ ਜੰਗ ਪਿਛੋਂ 12 ਦਿਨ ਬਿਰਾਜੇ ਸਨ। ਇਸ ਥਾਂ ਉਤੇ ਲਾਹੇ ਪਿੰਡ ਦੇ ਰੰਘੜਾਂ ਨੇ ਗੁਰੂ ਸਾਹਿਬ ਦੇ ਲਸ਼ਕਰ ਦੇ ਉਠ ਚੁਰਾ ਲਏ ਸਨ ਜਿਸ ਪੁਰ ਉਨ੍ਹਾਂ ਨੂੰ ਯੋਗ ਦੰਡ ਦਿੱਤਾ ਗਿਆ ਔਰ ਲਾਹੇ ਪਿੰਡ ਦਾ ਨਾਉਂ ਟੋਟਾ ਰੱਖਿਆ।[2]

ਸਥਾਨਕ ਰਵਾਇਤ ਅਨੁਸਾਰ ਇਥੇ ਇਕ ਕਹਾਉਤ ਪ੍ਰਚਲਤ ਹੈ ਕਿ ''ਲਾਹੇ ਨੂੰ ਲ਼ਾਹਾ ਟੋਟੇ ਨੂੰ ਟੋਟਾ''। ਭਾਵ ਇਸ ਦਾ ਇਹ ਹੈ ਕਿ ਜਦੋਂ ਗੁਰੂ ਜੀ ਦੇ ਊਠ ਜਾਂ ਕੁਝ ਹੋਰ ਪਸ਼ੂ ਪਿੰਡ ਦੇ ਵਸਨੀਕਾਂ ਨੇ ਚੁਰਾ ਲਏ ਤਾਂ ਲਾਹੇ ਪਿੰਡ ਦੇ ਲੋਕਾਂ ਨੇ ਇਨ੍ਹਾਂ ਪਸ਼ੂਆਂ ਨੂੰ ਛੁਡਾ ਕੇ ਗੁਰੂ ਜੀ ਕੋਲ ਲਿਆਂਦਾ। ਇਸ ਤਰ੍ਹਾਂ ਲਾਹੇ ਪਿੰਡ ਦੇ ਲੋਕਾਂ ਦੀ ਹਿੰਮਤ ਅਤੇ ਦਲੇਰੀ ਤੋਂ ਖੁਸ਼ ਹੋ ਕੇ ਗੁਰੂ ਜੀ ਨੇ ਇਹ ਬਚਨ ਉਚਾਰੇ ਸਨ। ਇਸ ਦਾ ਅਰਥ ਇਹ ਹੈ ਕਿ ਲਾਹੇ ਪਿੰਡ ਦੇ ਲੋਕਾਂ ਨੂੰ ਹਮੇਸ਼ਾ ਹਰ ਕੰਮ ਵਿਚ ਲਾਭ ਹੁੰਦਾ ਰਹੇਗਾ ਅਤੇ ਟੋਟੇ ਪਿੰਡ ਦੇ ਲੋਕਾਂ ਨੂੰ ਹਰ ਕੰਮ ਵਿਚ ਟੋਟਾ ਹੀ ਪੈਂਦਾ ਰਹੇਗਾ। ਪਰ ਗੁਰੂ ਸਾਹਿਬ ਵੇਲੇ ਦੇ ਹਾਲਾਤ ਅੱਜ ਕੱਲ੍ਹ ਦੇ ਹਾਲਾਤ ਨਾਲੋਂ ਬਿਲਕੁਲ ਬਦਲ ਗਏ ਹਨ। ਉਸ ਸਮੇਂ ਟੋਟੇ ਪਿੰਡ ਵਿਚ ਰੰਘੜ ਲੋਕ ਰਿਹਾ ਕਰਦੇ ਸਨ ਜਿਹੜੇ ਕਿ 1947 ਈਸਵੀ ਤੋਂ ਪਿਛੋਂ ਪਾਕਿਸਤਾਨ ਚਲੇ ਗਏ ਹਨ। ਇਸ ਕਰਕੇ ਇਸ ਕਹਾਉਤ ਨੂੰ ਅੱਜ ਦੇ ਮਾਹੌਲ ਅਨੁਸਾਰ ਨਹੀਂ ਲੈਣਾ ਚਾਹੀਦਾ।

---

1. ਸ੍ਰੀ ਗੁਰ ਤੀਰਥ ਸੰਗ੍ਰਹਿ, ਪੰਨੇ 115—116.
2. ਮਹਾਨ ਕੋਸ਼, ਪੰਨਾ 414

## ਨਾਡਾ ਸਾਹਿਬ

ਗੁਰਦੁਆਰਾ ਨਾਡਾ ਸਾਹਿਬ ਚੜੀਗੜ ਨਰਾਇਣਗੜ ਸੜਕ ਦੇ ਉਪਰ ਚੰਡੀਗੜ੍ਹ ਤੋਂ ਤਕਰੀਬਨ ਸੱਤ ਕੁ ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ। ਇਹ ਹਰਿਆਣਾ ਪ੍ਰਾਂਤ ਦੇ ਅੰਬਾਲਾ ਜ਼ਿਲ੍ਹੇ ਵਿਚ ਹੈ ਅਤੇ ਘੱਗਰ ਨਦੀ ਦੇ ਬਿਲਕੁਲ ਕੰਢੇ ਉਪਰ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਸਾਹਿਬ ਨੂੰ ਵਾਪਸ ਜਾਂਦਿਆਂ ਰਸਤੇ ਵਿਚਾਲੇ ਪਿੰਡਾਂ ਦਾ ਦੌਰਾ ਕਰਦੇ ਹੋਏ ਠਹਿਰੇ ਸਨ। ਇਥੇ ਸਿਰਫ ਗੁਰਦੁਆਰਾ ਸਾਹਿਬ ਦਾ ਕੰਪਲੈਕਸ ਹੀ ਹੈ।

ਸਥਾਨਕ ਰਵਾਇਤ ਅਨੁਸਾਰ ਜਦੋਂ ਗੁਰੂ ਸਾਹਿਬ ਦਾ ਇਥੇ ਡੇਰਾ ਲਗਿਆ ਹੋਇਆ ਸੀ ਤਾਂ ਉਨ੍ਹਾਂ ਨੂੰ ਇਕ ਆਜੜੀ ਮਿਲਿਆ। ਗੁਰੂ ਜੀ ਨੇ ਆਜੜੀ ਕੋਲੋਂ ਆਲੇ ਦੁਆਲੇ ਦੀਆਂ ਥਾਵਾਂ ਪੁੱਛਣ ਉਪਰੰਤ ਜਦੋਂ ਉਸ ਦਾ ਨਾਂ ਪੁਛਿਆ ਤਾਂ ਉਸ ਨੇ ਆਪਣਾ ਨਾਂ ਨਾਡੂ ਦਸਿਆ। ਉਸ ਨੇ ਇਹ ਵੀ ਦਸਿਆ ਕਿ ਉਹ ਇਕ ਗਰੀਬ ਆਦਮੀ ਹੈ। ਗੁਰੂ ਜੀ ਨੇ ਕਿਹਾ ਕਿ ਉਹ ਨਾਡੂ ਨਹੀਂ ਨਾਡਾ ਸ਼ਾਹ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਉਸ ਆਜੜੀ ਨੇ ਜਿੰਨੀਆਂ ਉਸ ਪਾਸ ਭੇਡਾਂ ਬਕਰੀਆਂ ਸਨ ਉਨ੍ਹਾਂ ਸਭ ਦਾ ਦੁਧ ਸਿੰਘਾਂ ਲਈ ਦੇ ਦਿੱਤਾ ਸੀ। ਗੁਰੂ ਜੀ ਨੇ ਨਾਡੂ ਦੀ ਸੇਵਾ ਤੋਂ ਖੁਸ਼ ਹੋ ਕੇ ਕਿਹਾ ਕਿ ਉਸ ਦਾ ਨਾਂ ਸਦੀਵੀ ਕਾਇਮ ਰਹੇਗਾ।

ਦਸਿਆ ਜਾਂਦਾ ਹੈ ਕਿ ਗੁਰੂ ਸਾਹਿਬ ਦੇ ਜਾਣ ਪਿਛੋਂ ਇਸ ਨਾਡੂ ਸ਼ਾਹ ਨੇ ਇਸ ਥਾਂ ਉਤੇ ਇਕ ਥੜਾ ਗੁਰੂ ਜੀ ਦੀ ਯਾਦ ਵਿਚ ਬਣਾ ਦਿੱਤਾ ਸੀ ਅਤੇ ਇਸ ਦੀ ਸੇਵਾ ਸੰਭਾਲ ਲਈ ਇਥੇ ਹੀ ਰਹਿਣ ਲਗ ਪਿਆ ਸੀ। ਨਾਡੂ ਸ਼ਾਹ ਦੇ ਅਕਾਲ ਚਲਾਣਾ ਕਰਨ ਉਪਰੰਤ ਇਹ ਥਾਂ ਕੁਝ ਸਮੇਂ ਲਈ ਬੇਵਾਰਸ ਰਹੀ। ਰਵਾਇਤ ਹੈ ਕਿ ਇਕ ਦਿਨ ਇਥੋਂ ਦੇ ਇਕ ਲਾਗਲੇ ਪਿੰਡ ਦੇ ਰਹਿਣ ਵਾਲੇ ਬਾਬਾ ਮੋਠਾ ਸਿੰਘ ਨੇ ਇਲਾਕੇ ਦੇ ਸਿੱਖਾਂ ਵਿਚ ਗਲ ਕੀਤੀ ਕਿ ਉਸ ਨੂੰ ਸੁਪਨੇ ਵਿਚ ਗੁਰੂ ਸਾਹਿਬ ਨੇ ਇਸ ਥਾਂ ਉਤੇ ਗੁਰਦੁਆਰਾ ਬਣਾਉਣ ਲਈ ਕਿਹਾ ਸੀ। ਇਹ ਮੋਠਾ ਸਿੰਘ ਲੁਬਾਣਾ ਬਰਾਦਰੀ ਨਾਲ ਸੰਬੰਧ ਰਖਦਾ ਸੀ ਅਤੇ ਇਕ ਵਪਾਰੀ ਸੀ। ਇਸ ਨੇ ਨਾਡਾ ਸਾਹਿਬ ਵਾਲੀ ਥਾਂ ਲੈਣੀ ਚਾਹੀ। ਪਰ ਜਿਸ ਵਿਅਕਤੀ ਦਾ ਇਸ ਜ਼ਮੀਨ ਉਪਰ ਕਬਜ਼ਾ ਸੀ ਉਸ ਨੇ ਦੇਣ ਤੋਂ ਇਨਕਾਰ ਕਰ ਦਿੱਤਾ। ਫਿਰ ਵੀ ਬਾਬਾ ਮੋਠਾ ਸਿੰਘ ਨੇ ਤਿੰਨ ਕਨਾਲ ਥਾਂ ਮੁਲ ਲੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਇਕ ਕਮਰਾ ਬਣਾ ਦਿੱਤਾ। ਇਸ ਥਾਂ ਦਾ ਨਾਂ ਗੁਰਦੁਆਰਾ ਨਾਡਾ ਸਾਹਿਬ ਰਖਿਆ ਗਿਆ। ਬਾਬਾ ਮੋਠਾ ਸਿੰਘ ਦੀ ਮੌਤ ਪਿਛੋਂ ਉਸ ਦੇ ਸਪੁੱਤਰ ਸਰਦਾਰ ਹਰਨਾਮ ਸਿੰਘ ਨੇ ਇਸ ਗੁਰਦੁਆਰੇ ਦੀ ਸੇਵਾ ਜਾਰੀ ਰੱਖੀ। ਇਸ ਦੀ ਪਤਨੀ ਅਤੇ ਇਸ ਦੇ ਪੁਤਰ ਸਰਦਾਰ ਬੱਗਾ ਸਿੰਘ ਨੇ ਵੀ ਇਸ ਥਾਂ ਦੀ ਸੇਵਾ ਜਾਰੀ ਰਖੀ ਜਿਸ ਦੇ ਫਲਸਰੂਪ ਵਰਤਮਾਨ ਸੁੰਦਰ ਗੁਰਦੁਆਰਾ ਹੋਂਦ ਵਿਚ ਆਇਆ। ਅੱਜ ਕੱਲ੍ਹ ਹਰ ਮਹੀਨੇ ਪੂਰਨਮਾਸ਼ੀ ਨੂੰ ਇਥੇ ਬੜਾ ਇਕਠ ਹੁੰਦਾ ਹੈ।

## ਪਿਹੋਵਾ

ਪਿਹੋਵਾ ਹਰਿਆਣਾ ਪ੍ਰਾਂਤ ਵਿਚ ਹਿੰਦੂਆਂ ਦਾ ਇਕ ਪ੍ਰਸਿੱਧ ਅਸਥਾਨ ਹੈ। ਇਹ ਕੁਰੂਕਸ਼ੇਤਰ ਤੋਂ 20 ਕਿਲੋਮੀਟਰ ਪੱਛਮ ਵੱਲ ਸਥਿਤ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਬਾਲ ਅਵਸਥਾ ਵਿਚ ਲਖਨੌਰ ਸਾਹਿਬ ਵਿਖੇ ਠਹਿਰਣ ਸਮੇਂ ਆਏ ਸਨ। ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ, ਗੁਰੂ ਹਰਿ ਰਾਇ ਜੀ ਅਤੇ ਗੁਰੂ ਤੇਗ ਬਹਾਦਰ ਜੀ ਵੀ ਇਥੇ ਆ ਚੁਕੇ ਸਨ।

ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਇਕੋ ਹੀ ਗੁਰਦੁਆਰਾ ਹੈ ਜੋ ਸ਼ਹਿਰ ਵਿਚ ਸਰਸਵਤੀ ਤੀਰਥ ਦੇ ਕਿਨਾਰੇ ਉਤੇ ਸਥਿਤ ਹੈ। ਦੂਜਾ ਗੁਰਦੁਆਰਾ ਸ਼ਹਿਰ ਦੇ ਉਤਰ-ਪੂਰਬ ਵੱਲ ਇਕ ਕਿਲੋਮੀਟਰ ਦੀ ਵਿੱਥ ਉਤੇ ਜੰਮੂ ਦੇ ਸ਼ਿਵਾਲਯ ਪਾਸ ਉੱਚੀ ਥਾਂ ਉਤੇ ਹੈ। ਇਹ ਵੀ ਉਪ੍ਰੋਕਤ ਗੁਰੂ ਸਾਹਿਬਾਨ ਦੀ ਯਾਦ ਵਿਚ ਹੀ ਸਥਿਤ ਹੈ। ਗੁਰੂ ਹਰਿ ਰਾਇ ਜੀ ਦੇ ਵੀ ਇਥੇ ਆਉਣ ਦੀ ਰਵਾਇਤ ਮਿਲਦੀ ਹੈ।

## ਬਲਾਚੌਰ

ਪਿੰਡ ਬਲਾਚੌਰ ਛਛਰੌਲੀ ਤੋਂ ਜਗਾਧਰੀ ਵੱਲ ਮੁੱਖ ਸੜਕ ਉਪਰ ਦੋ ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ। ਇਹ ਹਰਿਆਣਾ ਪ੍ਰਾਂਤ ਦੇ ਅੰਬਾਲਾ ਜ਼ਿਲ੍ਹੇ ਵਿਚ ਹੈ। ਗੁਰੂ ਗੋਬਿੰਦ ਸਿੰਘ ਜੀ ਛਛਰੌਲੀ ਵਲੋਂ ਜਗਾਧਰੀ ਨੂੰ ਆਉਂਦੇ ਹੋਏ ਇਥੇ ਠਹਿਰੇ ਸਨ। ਇਹ ਇਤਿਹਾਸਕ ਥਾਂ ਸੜਕ ਦੇ ਬਿਲਕੁਲ ਉਪਰ ਹੀ ਹੈ ਅਤੇ ਪਿੰਡ ਕੁਝ ਫਾਸਲੇ ਉਤੇ ਹੈ। ਇਸ ਗੁਰਦੁਆਰੇ ਦੀ ਉਸਾਰੀ ਕਲਸੀਆ ਰਿਆਸਤ ਦੇ ਸਰਦਾਰਾਂ ਨੇ ਕਰਵਾਈ ਸੀ। ਗੁਰਦੁਆਰੇ ਦੇ ਨਾਂ ਦਸ ਏਕੜ ਜ਼ਮੀਨ ਹੈ ਅਤੇ ਇਸ ਦਾ ਨਾਂ ਗੁਰਦੁਆਰਾ ਸ੍ਰੀ ਅਗੰਮਪੁਰ ਸਾਹਿਬ ਹੈ।

ਪਹਿਲਾਂ ਇਹ ਗੁਰਦੁਆਰਾ ਛੋਟਾ ਜਿਹਾ ਸੀ। ਸੰਨ 1947 ਵਿਚ ਪੱਛਮੀ ਪਾਕਿਸਤਾਨ ਵਿਚੋਂ ਉੱਜੜ ਕੇ ਆਏ ਸਿੱਖਾਂ ਲਈ ਇਹ ਗੁਰਦੁਆਰਾ ਇਕ ਰਿਫਿਊਜੀ ਕੈਂਪ ਬਣ ਗਿਆ ਸੀ। ਇਥੇ ਤੰਬੂ ਲਾ ਕੇ ਸ਼ਰਨਾਰਥੀਆਂ ਦੇ ਰਹਿਣ ਲਈ ਪ੍ਰਬੰਧ ਕੀਤੇ ਗਏ ਸਨ। ਇਸ ਕਰਕੇ ਇਸ ਇਲਾਕੇ ਵਿਚ ਵਸਦੀ ਸਿੱਖ ਆਬਾਦੀ ਵੱਲੋਂ ਸਾਂਝੀ ਉਗਰਾਹੀ ਕਰ ਕੇ ਇਸ ਗੁਰਦੁਆਰੇ ਦੀ ਇਮਾਰਤ ਨੂੰ ਵੱਡੇ ਪੱਧਰ ਉਤੇ ਉਸਾਰਿਆ ਗਿਆ।

## ਬੂੜੀਆ

ਬੂੜੀਆ ਪੁਰਾਣੀਆਂ ਰਿਆਸਤਾਂ ਸਮੇਂ ਇਕ ਛੋਟੀ ਜਿਹੀ ਰਿਆਸਤ ਸੀ ਪਰ ਅੱਜ ਕੱਲ੍ਹ ਇਹ ਇਕ ਸਾਧਾਰਣ ਕਸਬਾ ਹੈ ਜਿਹੜਾ ਜਗਾਧਰੀ ਤੋਂ ਤਿੰਨ ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਕਪਾਲ ਮੋਚਨ ਵਿਖੇ ਠਹਿਰੇ ਹੋਏ ਸਨ ਤਾਂ ਉਨ੍ਹਾਂ ਨੇ ਸਿੱਖਾਂ ਨੂੰ ਪੱਗਾਂ ਰੰਗਾਉਣ ਲਈ ਬੂੜੀਏ ਭੇਜਿਆ ਸੀ। ਇਹ ਪੱਗਾਂ ਕਪਾਲ ਮੋਚਨ ਵਿਖੇ ਵੱਖ ਵੱਖ ਲੋਕਾਂ ਨੂੰ ਸਿਰੋਪਾਓ ਦੇ ਤੌਰ ਤੇ ਦਿੱਤੀਆਂ ਗਈਆਂ ਸਨ।

ਇਥੇ ਗੁਰੂ ਤੇਗ਼ ਬਹਾਦਰ ਜੀ ਦੇ ਆਉਣ ਦੀ ਰਵਾਇਤ ਮਿਲਦੀ ਹੈ। ਇਨ੍ਹਾਂ ਦੀ ਹੀ ਯਾਦ ਵਿਚ ਇਥੇ ਇਕ ਪੁਰਾਣਾ ਗੁਰਦੁਆਰਾ ਹੈ ਜੋ ਬੁਰਜ ਦੀ ਸ਼ਕਲ ਦਾ ਹੈ। ਇਥੇ ਹੀ ਗੁਰਦੁਆਰੇ ਦੀ ਇਮਾਰਤ ਦੇ ਨਜ਼ਦੀਕ ਇਕ ਬਹੁਤ ਪੁਰਾਣਾ ਖੂਹ ਹੈ ਜਿਸ ਬਾਰੇ ਰਵਾਇਤ ਹੈ ਕਿ ਇਸ ਖੂਹ ਨੂੰ ਗੁਰੂ ਤੇਗ਼ ਬਹਾਦਰ ਜੀ ਨੇ ਲਗਵਾਇਆ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਇਥੇ ਕੋਈ ਯਾਦਗਾਰ ਨਹੀਂ।

## ਭਾਨੋਖੇੜੀ

ਪਿੰਡ ਭਾਨੋਖੇੜੀ ਹਰਿਆਣਾ ਪ੍ਰਾਂਤ ਦੇ ਅੰਬਾਲਾ ਜ਼ਿਲ੍ਹੇ ਦਾ ਇਕ ਪਿੰਡ ਹੈ ਜੋ ਅੰਬਾਲੇ ਤੋਂ ਬਾਰਾਂ ਕਿਲੋਮੀਟਰ ਦੱਖਣ-ਪੱਛਮ ਵੱਲ ਸਥਿਤ ਹੈ। ਅੰਬਾਲਾ ਛਾਉਣੀ ਤੋਂ ਇਹ ਪਿੰਡ ਬਹੁਤ ਨਜ਼ਦੀਕ ਪੈਂਦਾ ਹੈ। ਜਿਸ ਸਮੇਂ ਬਾਲ ਗੋਬਿੰਦ ਜੀ ਆਪਣੇ ਮਾਤਾ ਜੀ ਅਤੇ ਪਰਵਾਰ ਨਾਲ ਲਖਨੌਰ ਸਾਹਿਬ ਵਿਖੇ ਠਹਿਰੇ ਹੋਏ ਸਨ ਤਾਂ ਉਸ ਸਮੇਂ ਉਹ ਇਥੇ ਆਏ ਸਨ। ਬਾਲ ਗੋਬਿੰਦ ਜੀ ਦੀ ਇਸ ਆਮਦ ਦੀ ਯਾਦ ਵਿਚ ਇਥੇ ਇਕ ਛੋਟਾ ਜਿਹਾ ਗੁਰਦੁਆਰਾ ਬਣਿਆ ਹੋਇਆ ਹੈ।

# ਮਾਣਕ ਟਬਰਾ

ਇਹ ਪਿੰਡ ਰਾਣੀ ਦੇ ਰਾਇਪੁਰ ਤੋਂ ਤਿੰਨ ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ। ਗੁਰਦੁਆਰਾ ਦੋਹਾਂ ਪਿੰਡਾਂ ਦੇ ਬਿਲਕੁਲ ਅੱਧ ਵਿਚਕਾਰ ਹੈ। ਗੁਰੂ ਗੋਬਿੰਦ ਸਿੰਘ ਜੀ ਜਿਸ ਸਮੇਂ ਪਾਉਂਟਾ ਸਾਹਿਬ ਤੋਂ ਆਨੰਦਪੁਰ ਸਾਹਿਬ ਨੂੰ ਵਾਪਸ ਜਾਂਦਿਆਂ ਰਾਣੀ ਕਾ ਰਾਇਪੁਰ ਵਿਖੇ ਆਏ ਸਨ ਤਾਂ ਉਸ ਸਮੇਂ ਜਿਸ ਥਾਂ ਉਤੇ ਪਹਿਲਾਂ ਪਹਿਲ ਗੁਰੂ ਜੀ ਨੇ ਆਪਣਾ ਠਹਿਰਾਅ ਕੀਤਾ ਸੀ ਉਹ ਥਾਂ ਮਾਣਕ ਟਬਰੇ ਦੀ ਜੂਹ ਵਿਚ ਸੀ। ਸਥਾਨਕ ਰਵਾਇਤ ਅਨੁਸਾਰ ਗੁਰੂ ਸਾਹਿਬ ਦੀ ਠਹਿਰਨ ਵਾਲੀ ਥਾਂ ਉਤੇ ਸਥਾਨਕ ਸ਼ਰਧਾਲੂਆਂ ਨੇ ਇਕ ਥੜ੍ਹਾ ਬਣਾ ਰੱਖਿਆ ਸੀ ਜਿਥੇ ਕੁਝ ਸਮੇਂ ਬਾਅਦ ਨਿਸ਼ਾਨ ਸਾਹਿਬ ਵੀ ਖੜਾ ਕਰ ਦਿੱਤਾ ਗਿਆ ਸੀ। ਸਿੱਖ ਸਰਦਾਰਾਂ ਨੇ ਇਸ ਥਾਂ ਨਾਲ 80 ਬਿਘੇ ਜ਼ਮੀਨ ਵੀ ਲੁਆ ਦਿੱਤੀ ਸੀ ਜਿਸ ਕਰਕੇ ਇਥੇ ਇਕ ਪੁਜਾਰੀ ਰਹਿਣ ਲਗ ਪਿਆ। ਪਰ ਪੁਜਾਰੀ ਨੇ ਸਿੱਖ ਸਰਦਾਰਾਂ ਦੀਆਂ ਰਿਆਸਤਾਂ ਖਤਮ ਹੋਣ ਪਿੱਛੋਂ ਇਹ ਜ਼ਮੀਨ ਵੇਚਣੀ ਸ਼ੁਰੂ ਕਰ ਦਿੱਤੀ। ਸਥਾਨਕ ਅਤੇ ਆਲੇ ਦੁਆਲੇ ਦੇ ਪਿੰਡਾਂ ਦੇ ਸਿੱਖਾਂ ਨੇ ਪੁਜਾਰੀਆਂ ਦੇ ਇਸ ਕਦਮ ਦੇ ਖ਼ਿਲਾਫ਼ ਕੇਸ ਲੜਿਆ। ਦੱਸਿਆ ਜਾਂਦਾ ਹੈ ਕਿ ਇਸ ਇਲਾਕੇ ਦਾ ਇਕ ਮੁਸਲਮਾਨ ਤਹਿਸੀਲਦਾਰ ਸੀ ਜਿਸ ਨੇ ਸਿੱਖਾਂ ਨੂੰ ਕਿਹਾ ਕਿ ਜਦੋਂ ਤਕ ਉਹ ਇਥੇ ਗੁਰਦੁਆਰਾ ਖੜਾ ਨਹੀਂ ਕਰਦੇ ਉਦੋਂ ਤਕ ਉਹ ਪੁਜਾਰੀਆਂ ਕੋਲੋਂ ਜ਼ਮੀਨ ਦਾ ਕੇਸ ਜਿੱਤ ਨਹੀਂ ਸਕਦੇ। ਇਸ ਤਰ੍ਹਾਂ ਆਲੇ ਦੁਆਲੇ ਦੇ ਪਿੰਡਾਂ, ਜਿਹਾ ਕਿ ਜਟਵਾਣ, ਸੰਦੌੜੀ, ਗੜ੍ਹਾਂ ਤੇ ਮਾਣਕ ਟਬਰਾ ਦੇ ਲੋਕਾਂ ਨੇ ਉਗਰਾਹੀ ਕਰ ਕੇ ਗੁਰਦੁਆਰੇ ਲਈ ਇਕ ਕਮਰਾ ਖੜ੍ਹਾ ਕਰ ਦਿਤਾ। ਫਿਰ 30-32 ਸਾਲਾਂ ਪਿਛੋਂ ਸੰਗਤ ਨੇ ਗਰਦੁਆਰੇ ਦੀ ਪੂਰੀ ਸ਼ਕਲ ਬਣਾ ਦਿਤੀ। ਇਸ ਗੁਰਦੁਆਰੇ ਦੀ ਸੇਵਾ ਸੰਭਾਲ ਲਈ ਬਾਬਾ ਆਤਮਾ ਸਿੰਘ ਪੱਖੋਂ ਵਾਲਿਆਂ ਨੂੰ ਰੱਖਿਆ ਗਿਆ। ਇਨ੍ਹਾਂ ਦੀ ਇਸ ਸਮੇਂ 75 ਸਾਲ ਦੀ ਉਮਰ ਹੈ ਅਤੇ ਇਹ 60 ਸਾਲ ਤੋਂ ਇਥੇ ਸੇਵਾ ਕਰਦੇ ਆ ਰਹੇ ਹਨ। ਲੋਕਾਂ ਵਿਚ ਵਿਸ਼ਵਾਸ ਹੈ ਕਿ ਕੇਵਲ ਇਸ ਬਾਬੇ ਦੀ ਸੇਵਾ ਕਰਕੇ ਇਥੇ ਇਤਨੀ ਰੌਣਕ ਹੈ ਅਤੇ ਵਿਸ਼ਾਲ ਗੁਰਦੁਆਰਾ ਬਣਿਆ ਹੈ।

# ਰਾਣੀ ਕਾ ਰਾਇਪੁਰ

ਰਾਣੀ ਕਾ ਰਾਇਪੁਰ ਹਰਿਆਣਾ ਪ੍ਰਾਂਤ ਦੇ ਅੰਬਾਲਾ ਜ਼ਿਲ੍ਹੇ ਦੀ ਨਰਾਇਣਗੜ੍ਹ ਤਹਿਸੀਲ ਵਿਚ ਸਥਿਤ ਹੈ। ਗੁਰੂ ਗੋਬਿੰਦ ਸਿੰਘ ਪਾਉਂਟਾ ਸਾਹਿਬ ਤੋਂ ਆਨੰਦਪੁਰ ਨੂੰ ਵਾਪਸ ਜਾਂਦਿਆਂ ਇਥੇ ਆਏ ਸਨ। ਇਥੇ ਪੁਰਾਣੇ ਕਿਲ੍ਹੇ ਵਿਚ ਗੁਰੂ ਸਾਹਿਬ ਦੀ ਯਾਦ ਵਿਚ ਇਕ ਗੁਰਦੁਆਰਾ ਬਣਿਆ ਹੋਇਆ ਹੈ।

ਸਥਾਨਕ ਰਵਾਇਤ ਅਨੁਸਾਰ ਗੁਰੂ ਸਾਹਿਬ ਦੇ ਆਉਣ ਉਤੇ ਇਥੋਂ ਦਾ ਰਾਜਾ ਫ਼ਤਿਹ ਸਿੰਘ ਗੁਆਂਢੀ ਪਠਾਣ ਸਰਦਾਰਾਂ ਕੋਲੋਂ ਡਰ ਕੇ ਗੁਰੂ ਸਾਹਿਬ ਨੂੰ ਮਿਲਣ ਨਾ ਆਇਆ। ਇਸ ਲਈ ਗੁਰੂ ਸਾਹਿਬ ਨੇ ਰਾਇਪੁਰ ਤੋਂ ਤਿੰਨ ਕੁ ਕਿਲੋਮੀਟਰ ਦੂਰ ਮਾਣਕ ਟਬਰਾ ਨਾਮੀ ਪਿੰਡ ਵਿਖੇ ਡੇਰਾ ਲਗਾਇਆ ਪਰੰਤੂ ਪਿਛੋਂ ਜਦ ਰਾਜਾ ਫ਼ਤਿਹ ਸਿੰਘ ਦੀ ਰਾਣੀ ਨੂੰ ਪਤਾ ਲਗਿਆ ਕਿ ਉਸ ਦੇ ਪਤੀ ਨੇ ਪਠਾਣਾਂ ਤੋਂ ਡਰਦਿਆਂ ਹੋਇਆਂ ਗੁਰੂ ਸਾਹਿਬ ਨੂੰ ਜੀ ਆਇਆਂ ਨਹੀਂ ਕਿਹਾ ਤਾਂ ਉਸ ਨੇ ਬਹੁਤ ਪਸ਼ਚਾਤਾਪ ਕੀਤਾ ਅਤੇ ਬੇਨਤੀ ਕਰ ਕੇ ਗੁਰੂ ਸਾਹਿਬ ਨੂੰ ਵਾਪਸ ਰਾਇਪੁਰ ਲੈ ਕੇ ਆਈ। ਉਸ ਨੇ ਆਪਣੇ ਕਿਲ੍ਹੇ ਵਿਚ ਗੁਰੂ ਸਾਹਿਬ ਨੂੰ ਠਹਿਰਾਇਆ। ਗੁਰੂ ਸਾਹਿਬ ਰਾਣੀ ਦੇ ਅਜਿਹੇ ਵਰਤਾਉ ਤੋਂ ਬਹੁਤ ਖੁਸ਼ ਹੋਏ ਅਤੇ ਬਚਨ ਕੀਤਾ ਕਿ ਅਗੇ ਤੋਂ ਇਹ ਰਾਇਪੁਰ ਪਿੰਡ ਰਾਣੀ ਕਾ ਰਾਇਪੁਰ ਹੀ ਕਹਿਲਾਏਗਾ। ਇਸੇ ਕਰਕੇ ਇਸ ਦਾ ਨਾਂ 'ਰਾਣੀ ਕਾ ਰਾਇਪੁਰ' ਪ੍ਰਸਿੱਧ ਹੋਇਆ। ਗੁਰੂ ਜੀ ਨੇ ਰਾਣੀ ਨੂੰ ਇਕ ਖੰਡਾ ਵੀ ਬਖਸ਼ਿਆ।

ਪੰਡਿਤ ਤਾਰਾ ਸਿੰਘ ਨਰੋਤਮ ਨੇ ਇਸ ਬਾਰੇ ਇਉਂ ਲਿਖਿਆ ਹੈ: "ਟੋਕ ਸੇ ਚਲ ਕਰ ਗੁਰੂ ਜੀ ਈਹਾਂ ਉਤਰੇ ਰਾਣੀ ਨੇ ਬਹੁਤ ਸੇਵਾ ਕਰੀ। ਥਾਨ ਪਵਿੱਤ੍ਰ ਕਰਾਵਨੇ ਹੇਤ ਗੁਰੂ ਜੀ ਕੋ ਮੰਦਰੋ ਮੇਂ ਲੇ ਗਈ। ਪ੍ਰਸੰਨ ਹੋ ਕਰ ਗੁਰੂ ਜੀ ਨੇ ਢਾਲ ਤਲਵਾਰ ਬਖਸੇ। ਬਚਨ ਕੀਆ ਸਦਾ ਇਨ ਕੀ ਪੂਜਾ ਕਰਨੀ। ਤੁਮਾਰੀ ਸੰਤਾਨ ਕਾ ਪ੍ਰਤਾਪ ਬਨਾ ਰਹੇਗਾ।"[1]

ਇਸ ਸਮੇਂ ਉਹ ਕਿਲ੍ਹਾ ਜਿਸ ਵਿਚ ਗੁਰੂ ਸਾਹਿਬ ਆਏ ਸਨ ਬਿਲਕੁਲ ਢੱਠੀ ਹਾਲਤ ਵਿਚ ਹੈ। ਜਿਹੜਾ ਹਿੱਸਾ ਕੁਝ ਕਾਇਮ ਹੈ ਉਸ ਵਿਚ ਸਰਕਾਰੀ ਦਫਤਰ ਹਨ। ਦੋ ਛੋਟੇ ਕਮਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਨਾਲ ਹੀ ਇਕ ਛੋਟੀ ਜਿਹੀ ਕੁਟੀਆ ਹੈ। ਇਸ ਦੀ ਸੇਵਾਦਾਰ ਇਕ ਮਾਈ ਹੈ ਜਿਹੜੀ ਪੰਜੀ ਸਾਲਾਂ ਤੋਂ ਇਸ ਥਾਂ ਦੀ ਸੇਵਾ ਸੰਭਾਲ ਕਰਦੀ ਆ ਰਹੀ ਹੈ। ਇਸ ਮਾਈ ਨੂੰ ਇਥੋਂ ਦੇ ਰਾਜ ਘਰਾਣੇ ਵੱਲੋਂ ਹੀ ਇਸ ਥਾਂ ਦੀ ਸੇਵਾ ਲਈ ਨੀਯਤ ਕੀਤਾ ਹੋਇਆ ਹੈ। ਦਸਿਆ ਜਾਂਦਾ ਹੈ ਕਿ ਗੁਰਦੁਆਰਾ-ਨੁਮਾ ਇਹ ਦੋ ਛੋਟੇ ਕਮਰੇ ਅਤੇ ਇਕ ਕੁਟੀਆ ਰਾਣੀ ਨੇ ਬਣਵਾਏ ਸਨ। ਰਾਣੀ ਦੇ ਪੁੱਤਰਾਂ ਦਾ ਕਬਜ਼ਾ ਹੋਣ ਕਰਕੇ ਹੀ ਇਹ ਥਾਂ ਸਥਾਨਕ ਸੰਗਤਾਂ ਦੇ ਅਧੀਨ ਨਹੀਂ ਆ ਸਕੀ।

---


1. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 116

# ਲਖਨੌਰ ਸਾਹਿਬ


ਪਿੰਡ ਲਖਨੌਰ ਸਾਹਿਬ ਹਰਿਆਣਾ ਪ੍ਰਾਂਤ ਦੇ ਅੰਬਾਲਾ ਜ਼ਿਲ੍ਹੇ ਵਿਚ ਅੰਬਾਲੇ ਤੋਂ ਪੱਛਮ ਵੱਲ 18 ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ, ਬਾਲ ਅਵਸਥਾ ਵਿਚ ਪਰਵਾਰ ਸਮੇਤ ਪਟਣਾ ਸਾਹਿਬ ਤੋਂ ਪੰਜਾਬ ਨੂੰ ਆਉਂਦਿਆਂ ਠਹਿਰੇ ਸਨ। ਪਟਣਾ ਸਾਹਿਬ ਤੋਂ ਆ ਕੇ ਬਾਲ ਗੋਬਿੰਦ ਜੀ ਅਤੇ ਬਾਕੀ ਦਾ ਪਰਿਵਾਰ ਇਥੇ ਕਾਫ਼ੀ ਸਮਾਂ ਠਹਿਰਿਆ ਸੀ। ਇਥੇ ਠਹਿਰਣ ਸਮੇਂ ਮਾਤਾ ਗੁਜਰੀ ਜੀ ਦੇ ਨਾਂ ਉਪਰ ਇਕ ਖੂਹ ਲਗਵਾਇਆ ਗਿਆ ਸੀ ਜਿਸ ਸੰਬੰਧੀ ਰਵਾਇਤ ਹੈ ਕਿ ਇਸ ਨੂੰ ਗੁਰੂ ਤੇਗ ਬਹਾਦਰ ਜੀ ਨੇ ਲਗਵਾਇਆ ਸੀ। ਇਹ ਖੂਹ ਅੱਜ ਵੀ ਗੁਰਦੁਆਰੇ ਦੀ ਇਮਾਰਤ ਅੰਦਰ ਸੁਰੱਖਿਅਤ ਹੈ। ਨੇੜੇ ਹੀ ਬਾਲ ਗੋਬਿੰਦ ਜੀ ਦੀ ਯਾਦ ਵਿਚ ਪਾਣੀ ਪੀਣ ਲਈ ਇਕ ਬਾਉਲੀ ਲਗਵਾਈ ਗਈ ਸੀ ਜੋ ਇਸ ਸਮੇਂ ਸੁਰਖਿਅਤ ਹੈ!

ਸਥਾਨਕ ਰਵਾਇਤ ਅਨੁਸਾਰ ਇਥੇ ਹੀ ਸਯਦ ਭੀਖ਼ਣ ਸ਼ਾਹ ਬਾਲ ਗੋਬਿੰਦ ਜੀ ਦੇ ਦਰਸ਼ਨ ਕਰਨ ਆਇਆ ਸੀ। ਇਹ ਭੀਖਣ ਸ਼ਾਹ ਅੰਬਾਲਾ ਜ਼ਿਲ੍ਹੇ ਦੇ ਹੀ ਠਸਕਾ ਪਿੰਡ ਦਾ ਵਾਸੀ ਸੀ। ਠਸਕਾ ਪਿੰਡ ਸਢੌਰੇ ਦੇ ਨਜ਼ਦੀਕ ਹੈ। ਸਥਾਨਕ ਪਰੰਪਰਾਵਾਂ ਅਨੁਸਾਰ ਬਾਲ਼ ਗੋਬਿੰਦ ਜੀ ਇਥੇ ਠਹਿਰਣ ਸਮੇਂ ਆਲੇ ਦੁਆਲੇ ਦੀਆਂ ਕਈ ਥਾਵਾਂ ਉਤੇ ਗਏ ਸਨ। ਇਨ੍ਹਾਂ ਥਾਵਾਂ ਵਿਚ ਕੁਰਕਸ਼ੇਤਰ, ਪਿਹੋਵਾ ਅਤੇ ਭਾਨੋਖੇੜੀ ਆਦਿ ਅਸਥਾਨ ਹਨ।

ਇਹ ਪਿੰਡ ਪਹਿਲਾਂ ਪਟਿਆਲਾ ਰਿਆਸਤ ਵਿਚ ਸੀ ਅਤੇ ਪਟਿਆਲਾ ਰਿਆਸਤ ਵੱਲੋਂ ਇਥੋਂ ਦੇ ਗੁਰਦੁਆਰੇ ਨਾਲ ਕਾਫ਼ੀ ਜ਼ਮੀਨ ਅਤੇ ਸਾਲਾਨਾਂ ਆਮਦਨੀ ਵੀ ਲਗਵਾਈ ਹੋਈ ਸੀ। ਸਵਰਗਵਾਸੀ ਮਹਾਰਾਜਾ ਯਾਦਵਿੰਦਰ ਸਿੰਘ ਨੇ ਇਥੇ ਗੁਰੂ ਗੋਬਿੰਦ ਸਿੰਘ ਕਾਲਜ ਖੋਹਲਣ ਦਾ ਉੱਦਮ ਕੀਤਾ ਸੀ ਪਰ ਇਸ ਪ੍ਰਾਂਤ ਦੀ ਸਰਕਾਰ ਵੱਲੋਂ ਲੋੜੀਂਦਾ ਸਹਿਯੋਗ ਨਾ ਮਿਲਣ ਕਰਕੇ ਇਹ ਕਾਲਜ ਨਹੀਂ ਚਲ ਸਕਿਆ। ਅੱਜ ਕੱਲ੍ਹ ਇਸ ਕਾਲਜ ਦੀ ਇਮਾਰਤ ਦੀਆਂ ਨੀਹਾਂ ਭਰੀਆਂ ਹੋਈਆਂ ਹੀ ਪਈਆਂ ਹਨ।



ਪੁਰਾਣਾ ਗੁਰਦੁਆਰਾ ਲਖਨੌਰ ਸਾਹਿਬ (ਹਰਿਆਣਾ)



ਪੁਰਾਣਾ ਗੁਰਦੁਆਰਾ ਪਾਉਂਟਾ ਸਾਹਿਬ (ਹਿਮਾਚਲ ਪ੍ਰਦੇਸ਼)

# ਹਿਮਾਚਲ ਪ੍ਰਦੇਸ਼

1. ਅਲਸੂਨ
2. ਸੁਕੇਤ (ਸੁੰਦਰ ਨਗਰ)
3. ਗੁਰੂ ਕਾ ਲਾਹੌਰ
4. ਨਾਹਨ
5. ਨਾਦੌਣ
6. ਪਾਉਂਟਾ ਸਾਹਿਬ
7. ਬਿਲਾਸਪੁਰ
8. ਭੰਗਾਣੀ ਸਾਹਿਬ
9. ਮੰਡੀ
10. ਰਵਾਲਸਰ
11. ਰੈਣੂੰਕਾ ਝੀਲ

# ਅਲਸੂਨ

ਪਿੰਡ ਅਲਸੂਨ, ਹਿਮਾਚਲ ਪਰਦੇਸ਼ ਪ੍ਰਾਂਤ ਦੇ ਹਮੀਰਪੁਰ ਜ਼ਿਲੇ ਦੀ ਤਹਿਸੀਲ ਨਾਦੌਣ ਤੋਂ ਲਗਪਗ 25 ਕਿਲੋਮੀਟਰ ਦੀ ਵਿੱਥ ਉਤੇ ਸਥਿਤ ਹੈ । ਇਹ ਪਿੰਡ ਅੱਜ ਕਲ੍ਹ ਅਲਸੂਨ ਦੇ ਨਾਂ ਨਾਲ ਨਹੀਂ ਜਾਣਿਆ ਜਾਂਦਾ ਅਤੇ ਨਾ ਹੀ ਇਹ ਕੋਈ ਇਕ ਬਝਵਾਂ ਪਿੰਡ ਹੈ ਸਗੋਂ ਇਹ ਛੋਟੇ ਛੋਟੇ ਰੂਪਾਂ ਵਿਚ ਕਈ ਪਿੰਡਾਂ ਦਾ ਸਮੂਹ ਹੈ। ਇਨ੍ਹਾਂ ਛੋਟੇ ਛੋਟੇ ਪਿੰਡਾਂ ਦੇ ਸਮੂਹਾਂ ਨੂੰ ਅਲਸੂਨਾਂ, ਅਲਸਾਹਣ ਜਾਂ ਅਲਸੂੰ ਵੀ ਕਿਹਾ ਜਾਂਦਾ ਹੈ। ਇਥੇ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਕੋਈ ਗੁਰਦੁਆਰਾ ਨਹੀਂ ਪਰ ਇਥੇ ਸਥਿਤ ਇਕ ਬੋਹੜ ਦੇ ਦਰਖਤ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਸਬੰਧਤ ਹੈ। ਬੋਹੜ ਦੇ ਹੇਠ ਹੀ ਇਕ ਥੜ੍ਹਾ ਹੈ ਅਤੇ ਇਸ ਥੜ੍ਹੇ ਅਤੇ ਬੋਹੜ ਨੂੰ ਸਥਾਨਕ ਲੋਕਾਂ ਵੱਲੋਂ ਪੂਜਿਆ ਜਾਂਦਾ ਹੈ। ਇਹ ਵੀ ਦਸਿਆ ਜਾਂਦਾ ਹੈ ਕਿ ਇਸ ਥੜ੍ਹੇ ਉਤੇ ਪਹਿਲਾਂ ਪਹਿਲਾਂ ਇਕ ਸਿੱਖ ਸੰਤ ਵੀ ਰਿਹਾ ਕਰਦੇ ਸਨ। ਇਕ ਰਵਾਇਤ ਅਨੁਸਾਰ ਇਥੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘਾਂ ਨਾਲ ਸਥਾਨਕ ਲੋਕਾਂ ਦੀ ਝੜਪ ਹੋ ਗਈ ਸੀ। ਉਪਰੋਕਤ ਪਿੰਡਾਂ ਦੇ ਸਮੂਹ ਦੇ ਨੇੜੇ ਹੀ ਇਕ ਸਮਲਾੜਾ ਨਾਂ ਦਾ ਪਿੰਡ ਹੈ। ਇਥੇ ਵੀ ਗੁਰੂ ਜੀ ਦੇ ਆਉਣ ਦੀ ਰਵਾਇਤ ਹੈ।

ਪਿੰਡ ਦੀ ਆਬਾਦੀ ਵਿਚ ਬ੍ਰਾਹਮਣ ਅਤੇ ਰਾਜਪੂਤ ਲੋਕ ਹਨ। ਰਾਜਪੂਤ ਲੋਕਾਂ ਦਾ ਗੋਤ ਮੁੱਖ ਤੌਰ ਤੇ ਚੰਦੇਲ ਹੈ ਅਤੇ ਇਹ ਲੋਕ ਕਹਿਲੂਰ ਦੇ ਰਾਜਾ ਭੀਮ ਚੰਦ ਦੇ ਹਮ-ਗੋਤੀ ਭਰਾ ਸਨ। ਇਸ ਪਿੰਡ ਦਾ ਵਰਣਨ ਮੁੱਖ ਤੌਰ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸਵੈ-ਜੀਵਨੀ ਬਚਿੱਤਰ ਨਾਟਕ ਵਿਚ ਕੀਤਾ ਹੈ। ਬਚਿੱਤ੍ਰ ਨਾਟਕ ਵਿਚ ਆਏ ਜ਼ਿਕਰ ਅਨੁਸਾਰ ਜਦੋਂ ਗੁਰੂ ਜੀ ਦੀ ਸਹਾਇਤਾ ਨਾਲ ਕਹਿਲੂਰ ਦੇ ਰਾਜਾ ਭੀਮ ਚੰਦ ਨੇ ਨਾਦੌਣ ਦੀ ਲੜਾਈ ਵਿਚ ਜਿੱਤ ਪਰਾਪਤ ਕਰ ਲਈ ਤਾਂ ਕੁਝ ਦਿਨਾਂ ਪਿੱਛੋਂ ਰਾਜਾ ਭੀਮ ਚੰਦ ਨੇ ਗੁਰੂ ਜੀ ਨਾਲ ਸਲਾਹ ਕੀਤੇ ਬਿਨਾਂ ਹਾਰੇ ਹੋਏ ਜਰਨੈਲ ਆਲਿਫ਼ ਖਾਨ ਨਾਲ ਸੰਧੀ ਕਰ ਲਈ। ਇਸ ਗੱਲ ਦਾ ਗੁਰੂ ਜੀ ਨੇ ਬਹੁਤ ਬੁਰਾ ਮਨਾਇਆ ਅਤੇ ਇਸ ਦੇ ਰੋਸ ਵਜੋਂ ਗੁਰੂ ਜੀ ਦੇ ਸਿੰਘਾਂ ਨੇ ਕਹਿਲੂਰ ਰਿਆਸਤ ਦੇ ਪਿੰਡ ਅਲਸੂਨ ਨੂੰ ਲੁਟ ਲਿਆ :

ਇਤ ਹਮ ਹੋਇ ਬਿਦਾ ਘਰਿ ਆਏ ।
ਸੁਲਹ ਨਮਿਤ ਵੈ ਉਤਹਿ ਸਿਧਾਏ ।
ਸੰਧਿ ਇਨੈ ਉਨ ਕੈ ਸੰਗਿ ਕਈ ।
ਹੇਤ ਕਥਾ ਪੂਰਨ ਇਤ ਭਈ ।
ਆਲਸੂਨ ਕੱਹ ਮਾਰਿ ਕੈ ਇਹ ਦਿਸਿ ਕੀਯੋ ਪਿਯਾਨ ।
ਭਾਂਤਿ ਅਨੇਕਨ ਕੇ ਕਰੇ ਪੁਰ ਅਨੰਦ ਸੁਖ ਆਨ ।[1]

ਗੁਰੂ ਜੀ ਦੇ ਸਮਕਾਲੀ ਕਵੀ ਸੈਨਾਪਤਿ ਨੇ ਆਪਣੀ ਲਿਖਤ ਸ੍ਰੀ ਗੁਰ ਸੋਭਾ ਵਿਚ ਇਸ ਦਾ ਵਰਣਨ ਇਉਂ ਕੀਤਾ ਹੈ :

ਨਿਕਟਿ ਗਾਵ ਅਲਸੂਨ ਕੇ ਤਬੈ ਪਹੂਚੇ ਆਨ ।
ਤਾਹਿ ਸਮੇ ਐਸੇ ਕਹਿਓ ਲੂਟਿ ਲੇਹੁ ਇਹ ਧਾਮ ।

---

1. ਗੁਰੂ ਗੋਬਿੰਦ ਸਿੰਘ, ਬਚਿੱਤ ਨਾਟਕ, ਧਿਆਇ ਨੌਵਾਂ।

ਆਨ ਅਲਸੂਨ ਪੈ ਸੂਰ ਐਸੇ ਰੁਪੈ ਪਕਰਿ ਕੈ ਸਸਤ੍ਰ ਐਸੇ ਚਲਾਏ ।
ਪਰੇ ਜੋ ਜਾਇ ਸੰਗ੍ਰਾਮ ਐਸੇ ਕੀਓ ਛਿਨਕ ਮੈ ਅਨਕ ਕੇਤਾਨਿ ਘਾਏ ।
ਮਾਰਿ ਕੇਤੇ ਲੀਏ ਅਉਰ ਭਾਜੇ ਸਬੈ ਛੋਡਿ ਧਨ ਧਾਮ ਐਸੇ ਸਿਧਾਏ ।
ਚਲਤ ਹੈ ਬਾਨ ਗੁਨਜਾਨਿ ਭਾਰੀ ਪ੍ਰਬਲ ਭਜੇ ਹੈ ਭਾਂਤਿ ਐਸੀ ਬਤਾਏ ॥
ਫਤੇ ਕੀਓ ਅਲਸੂਨ ਕੋ ਬਾਜਿਓ ਤਬਲ ਨਿਸ਼ਾਨ ।
ਗੋਬਿੰਦ ਸਿੰਘ ਆਏ ਤਬੈ ਪੁਰ ਅਨੰਦ ਸੁਭ ਥਾਨ ।[1]

ਭਗਤ ਲਛਮਣ ਸਿੰਘ ਲਿਖਦੇ ਹਨ ਕਿ ਜਦੋਂ ਗੁਰੂ ਜੀ ਨੂੰ ਇਸ ਗਲ ਦਾ ਪਤਾ ਲਗਿਆ ਕਿ ਭੀਮ ਚੰਦ ਨੇ ਆਲਿਫ਼ ਖਾਨ ਨਾਲ ਸੰਧੀ ਕਰ ਲਈ ਹੈ ਤਾਂ ਉਹ ਗੁੱਸੇ ਵਿਚ ਉਥੋਂ ਚਲ ਪਏ । ਭੀਮ ਚੰਦ ਨੇ ਸਿੰਘਾਂ ਨੂੰ ਅਤੇ ਗੁਰੂ ਜੀ ਨੂੰ ਕੀਮਤੀ ਤੋਹਫ਼ੇ ਦੇ ਕੇ ਪਰਸੰਨ ਕਰਨ ਦਾ ਬਹੁਤ ਯਤਨ ਕੀਤਾ ਪਰ ਗੁਰੂ ਜੀ ਨੇ ਉਸ ਧੋਖੇਬਾਜ਼ ਪਹਾੜੀ ਰਾਜੇ ਨੂੰ ਸਾਫ਼ ਸਾਫ਼ ਕਹਿ ਦਿੱਤਾ ਕਿ ਉਨ੍ਹਾਂ ਨੂੰ ਉਸ ਉਤੇ ਕੋਈ ਵਿਸ਼ਵਾਸ ਨਹੀਂ ਹੈ । ਰਸਤੇ ਵਿਚ ਅਲਸੂਨ ਪਿੰਡ ਦੇ ਲੋਕਾਂ ਨੇ ਜਿਹੜੇ ਕਿ ਭੀਮ ਚੰਦ ਦੇ ਆਪਣੇ ਗੋਤ-ਭਾਈ ਸਨ, ਗੁਰੂ ਜੀ ਦਾ ਰਾਹ ਰੋਕ ਲਿਆ । ਪਹਿਲਾਂ ਵੀ ਕਈ ਵਾਰ ਇਨ੍ਹਾਂ ਲੋਕਾਂ ਨੇ ਸਿੱਖ ਯਾਤਰੀਆਂ ਨੂੰ ਲੁੱਟਿਆ ਤੇ ਕੁੱਟਿਆ ਸੀ । ਇਸ ਲਈ ਸਿੰਘ ਇਨ੍ਹਾਂ ਪਿੰਡ ਵਾਸੀਆਂ ਉਪਰ ਟੁਟ ਪਏ । ਬੁੱਢੇ, ਬੱਚੇ ਅਤੇ ਔਰਤਾਂ ਤੋਂ ਬਿਨਾਂ ਬਾਕੀ ਸਭ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ । ਇਸ ਪਰਕਾਰ ਇਨ੍ਹਾਂ ਦਿਨ-ਦਿਹਾੜੇ ਡਾਕੇ ਮਾਰਨ ਵਾਲੇ ਲੁਟੇਰਿਆਂ ਨੂੰ ਕਰੜਾ ਦੰਡ ਦੇ ਕੇ ਸਿੰਘਾਂ ਦੇ ਜੱਥੇ ਨੇ ਅੱਗੇ ਨੂੰ ਚੜ੍ਹਾਈ ਕੀਤੀ । ਅਲਸੂਨ ਦੇ ਰਾਜਪੂਤਾਂ ਨਾਲ ਇਸ ਪਰਕਾਰ ਦੇ ਵਰਤਾਉ ਨੂੰ ਦੇਖ ਕੇ ਸਾਰੀ ਪਹਾੜੀ ਵਸੋਂ ਦੇ ਦਿਲਾਂ ਵਿਚ ਸਿੱਖਾਂ ਦਾ ਭੈ ਬੈਠ ਗਿਆ ਸੀ ।[2]

ਕੇਸਰ ਸਿੰਘ ਛਿਬਰ ਨੇ ਵੀ ਇਸ ਝੜਪ ਦਾ ਇਉਂ ਅਸਿੱਧੇ ਤੌਰ ਤੇ ਵਰਣਨ ਕੀਤਾ ਹੈ :

ਰਾਜੇ ਨਾਲਿ ਤੁਰਕਾਂ ਦੇ ਮਿਲ ਗਏ ।
ਸਾਹਿਬ ਦੁਹਾਂ ਨੂੰ ਸਟਿ ਉਠ ਆਵਤ ਭਏ ।
ਸਾਹਿਬ ਪੁਰ ਆਨੰਦ ਉਠਿ ਆਏ ।
ਸਭੋ ਆਪੋ ਅਪਨੇ ਦੇਸਾਂ ਨੂੰ ਉਠਿ ਧਾਏ ।[3]

ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਗੁਰੂ ਜੀ ਆਨੰਦਪੁਰ ਵੱਲ ਤੁਰ ਪਏ । ਗੁਰੂ ਜੀ ਤਾਂ ਅੱਗੇ ਲੰਘ ਆਏ ਪਰ ਪਿਛੋਂ ਅਲਸੂਨ ਵਾਲੇ ਰਾਜਪੂਤਾਂ ਨੇ ਸਿੱਖਾਂ ਨਾਲ ਛੇੜ ਛਾੜ ਕੀਤੀ ਤਾਂ ਗੁਰੂ ਕੇ ਦੀਵਾਨ ਨੰਦ ਚੰਦ ਨੇ ਹੱਲਾ ਕਰ ਕੇ ਉਨ੍ਹਾਂ ਦਾ ਪਿੰਡ ਲੁਟ ਪਟ ਲੀਤਾ ।[4]

ਭਾਈ ਸੁੱਖਾ ਸਿੰਘ ਨੇ ਲਿਖਿਆ ਹੈ :

ਤਬੈ ਭੀਮ ਚੰਦੰ । ਮਹਾ ਮਤਿ ਮੰਦੰ ।
ਕਰਯੋ ਮੇਲ ਚਾਰ । ਪ੍ਰਭ ਕੋ ਨ ਸਾਰੰ ।
ਇਨੈ ਸੰਧ ਕੀਨੀ ਪ੍ਰਭੂ ਕੋਪ ਚੀਨੀ ।
ਬਿਨ ਪੂਛ ਇਨ ਪ੍ਰਭ ਕੇ ਸੁ ਕਈ । ਨਿਜ ਹੇਤ ਕਥਾ ਇਹ ਪੂਰੀ ਭਈ ।
ਚਲ ਕੂਚ ਦਰੰ । ਕ੍ਰਰ ਕੂਚ ਧਏ । ਤਬ ਤੀਰ ਕਿਧੋ ਅਲਸੂਨ ਗਏ ।
ਇਹ ਬੀਰਨ ਕੋ ਕਹ ਦੀਸੁ ਤਬੈ । ਲੁਟ ਲੇਹੁ ਸਭੈ ਇਹ ਗਾਉਂ ਅਬੈ ।
ਕਰੀ ਐਸ ਝੂਟੀ । ਲਯੋ ਗਾਵ ਲੂਟੀ ।
ਅਰਿਯੋ ਸੋਇ ਮਾਰੀ । ਹੁਰੰ ਲੈ ਉਬਾਰੀ ।[5]

---

1. ਸ੍ਰੀ ਗੁਰ ਸੋਭਾ, ਧਿਆਇ ਤੀਜਾ, ਪੰਨੇ 15-16
2. ਗੁਰੂ ਗੋਬਿੰਦ ਸਿੰਘ, ਪਟਿਆਲਾ, 1970 (ਪਹਿਲੀ ਛਾਪ 1883), ਪੰਨਾ 79
3. ਬੰਸਾਵਲੀ ਨਾਮਾ, (ਸੰਪਾਦਕ ਰਤਨ ਸਿੰਘ ਜੱਗੀ), ਪਰਖ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972, ਬੰਦ 287
4. ਤਵਾਰੀਖ ਗੁਰੂ ਖਾਲਸਾ, ਪੱਥਰ ਛਾਪਾ, 1891,ਪੰਨਾ 295
5. ਗੁਰਬਿਲਾਸ ਪਾਤਸ਼ਾਹੀ 10, ਲਾਹੌਰ, 1912, ਪੰਨਾ 165

## ਸੁਕੇਤ (ਸੁੰਦਰ ਨਗਰ)

ਸੁਕੇਤ ਪਹਿਲਾਂ ਪਹਾੜ ਦੀਆਂ ਬਾਈਧਾਰ ਰਿਆਸਤਾਂ ਵਿਚੋਂ ਇਕ ਪ੍ਰਸਿੱਧ ਰਿਆਸਤ ਸੀ ਪਰ ਅੱਜ ਇਸ ਦਾ ਨਾਂ ਸੁੰਦਰ ਨਗਰ ਹੈ। ਸੁਕੇਤ ਰਿਆਸਤ ਦੇ ਪੁਰਾਣੇ ਮਹਿਲ ਅਤੇ ਹੋਰ ਯਾਦਗਾਰੀ ਅਸਥਾਨ ਸਭ ਢਹਿ ਕੇ ਖੰਡਰ ਬਣ ਗਏ ਹਨ। ਪੁਰਾਣਾ ਨਗਰ ਵੀ ਉਜੜ ਚੁਕਿਆ ਹੈ। ਇਸ ਦੀ ਥਾਂ ਉਤੇ ਨਵਾਂ ਸ਼ਹਿਰ ਸੁੰਦਰ ਨਗਰ ਵਸਿਆ ਹੈ ਜੋ ਪਹਿਲੇ ਸ਼ਹਿਰ ਤੋਂ ਪੰਜ ਛੇ ਕਿਲੋਮੀਟਰ ਦੀ ਵਿੱਥ ਉਤੇ ਹੈ। ਵਰਤਮਾਨ ਸੁੰਦਰ ਨਗਰ ਕੀਰਤਪੁਰ ਸਾਹਿਬ-ਮੰਡੀ ਸੜਕ ਉਪਰ ਸਥਿਤ ਹੈ। ਇਥੇ ਗੁਰੂ ਸਾਹਿਬ ਨਾਲ ਸੰਬੰਧਤ ਕੋਈ ਇਤਿਹਾਸਕ ਯਾਦਗਾਰ ਨਹੀਂ ਹੈ।

ਸੁਕੇਤ ਰਿਆਸਤ ਦੇ ਰਾਜੇ ਦੇ ਗੁਰੂ ਗੋਬਿੰਦ ਸਿੰਘ ਜੀ ਨਾਲ ਬਹੁਤ ਅੱਛੇ ਸੰਬੰਧ ਰਹੇ ਸਨ। ਪਹਾੜੀ ਰਿਆਸਤਾਂ ਦੀ ਯਾਤਰਾ ਸਮੇਂ ਗੁਰੂ ਜੀ ਸੁਕੇਤ ਵੀ ਪਹੁੰਚੇ ਸਨ। ਪੁਰਾਣੇ ਮਹਿਲ ਅਤੇ ਹੋਰ ਥਾਵਾਂ ਅੱਜ ਨਹੀਂ ਹਨ। ਇਸ ਲਈ ਪੁਰਾਣੇ ਮਹਿਲਾਂ ਜਾਂ ਹੋਰ ਥਾਵਾਂ ਉਪਰ ਗੁਰੂ ਜੀ ਨਾਲ ਸੰਬੰਧਤ ਕੋਈ ਯਾਦਗਾਰ ਨਹੀਂ ਮਿਲਦੀ।

## ਗੁਰੂ ਕਾ ਲਾਹੌਰ

ਗੁਰੂ ਕਾ ਲਾਹੌਰ ਆਨੰਦਪੁਰ ਸਾਹਿਬ ਤੋਂ ਗੰਗੂਵਾਲ ਰਾਹੀਂ 10 ਕਿਲੋਮੀਟਰ ਦੀ ਦੂਰੀ ਉਤੇ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਦੀ ਜੀਤੋ ਜੀ ਨਾਲ ਸ਼ਾਦੀ ਹੋਈ ਸੀ । ਪੰਡਤ ਤਾਰਾ ਸਿੰਘ ਨਰੋਤਮ ਨੇ ਇਸ ਬਾਰੇ ਇਉਂ ਲਿਖਿਆ ਹੈ :

"ਗੁਰੂ ਕਾ ਲਹੌਰ ਆਨੰਦਪੁਰ ਸੇ ਸਾਤ ਕੋਸ ਉੱਤਰ ਬਸੰਤ ਗੜ ਸੇ ਏਕ ਕੋਸ ਉੱਤਰ... ਜੀਤੋ ਜੀ ਕਾ ਪਿਤਾ ਲਹੌਰ ਮੇਂ ਆਪਨੀ ਪੁਤ੍ਰੀ ਕਾ ਬਿਵਾਹ ਦੇਨਾ ਕਹਤਾ ਥਾ। ਗੁਰੂ ਤੇਗ ਬਹਾਦਰ ਜੀ ਉਧਰ ਬਿਰੋਧ ਬਢਨੇ ਸੇ ਜਾਨਾ ਨਹੀਂ ਚਾਹਤੇ ਥੇ। ਇਸ ਲੀਏ ਸੰਬਤ 1730 ਮੇ ਆਨੰਦਪੁਰ ਜੀ ਸੇ ਉੱਤਰ ਤੰਬੂਓਂ ਸੇ ਨਯਾ ਲਾਹੌਰ ਬਨਾਯ ਤਿਸ ਮੇਂ ਜੀਤੋ ਜੀ ਕੇ ਪਿਤਾ ਕੋ ਬਸਾਯ ਕੇ ਗੁਰੂ ਗੋਬਿੰਦ ਸਿੰਘ ਜੀ ਕਾ ਜੇਠ ਪ੍ਰਵਿਸਟੇ ਪੰਦ੍ਹਾਂ ਕੋ ਪਹਲਾ ਬਿਵਾਹ ਕੀਆ।"[1]

ਭਾਈ ਕਾਨ੍ਹ ਸਿੰਘ ਨਾਭਾ ਇਉਂ ਲਿਖਦੇ ਹਨ : "ਆਨੰਦਪੁਰ ਤੋਂ ਸੱਤ ਕੋਹ ਉੱਤਰ, ਜਿੱਥੇ ਸ਼੍ਰੀ ਜੀਤੋ ਜੀ ਦਾ ਦਸ਼ਮੇਸ਼ ਜੀ ਨਾਲ ਵਿਆਹ ਹੋਇਆ ਹੈ। ਮਾਤਾ ਜੀ ਦਾ ਪਿਤਾ ਲਾਹੌਰ ਵਿੱਚ ਸ਼ਾਦੀ ਕਰਨਾ ਚਾਹੁੰਦਾ ਸੀ। ਕਲਗੀਧਰ ਨੇ ਉਸ ਦੀ ਪ੍ਰਸੰਨਤਾ ਲਈ ਸਿੱਖਾਂ ਨੂੰ ਹੁਕਮ ਦੇ ਕੇ ਉਸ ਸਮੇਂ ਵਾਸਤੇ ਅਦਭੁਤ ਸ਼ਹਿਰ ਰਚ ਦਿੱਤਾ ।"[2]

ਅੱਜ ਕਲ੍ਹ ਗੁਰੂ ਜੀ ਦੇ ਵਿਆਹ ਦੀਆਂ ਰਸਮਾਂ ਨਾਲ ਸੰਬੰਧਤ ਕਈ ਯਾਦਗਾਰਾਂ ਗੁਰਦੁਆਰਿਆਂ ਦੇ ਰੂਪ ਵਿਚ ਇਥੇ ਸੁਸ਼ੋਭਤ ਹਨ। ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਸਭ ਤੋਂ ਵਡੀ ਇਮਾਰਤ ਹੈ । ਇਥੇ ਗੁਰੂ ਜੀ ਦੇ ਆਨੰਦ ਕਾਰਜ ਹੋਏ ਸਨ। ਇਹ ਅਸਥਾਨ ਇਕ ਪਹਾੜੀ ਦੀ ਚੋਟੀ ਉਪਰ ਹੈ। ਦੂਸਰਾ ਅਸਥਾਨ ਗੁਰਦੁਆਰਾ ਪਾਉੜ ਸਾਹਿਬ ਹੈ। ਸਥਾਨਕ ਰਵਾਇਤ ਅਨੁਸਾਰ ਇਸ ਥਾਂ ਗੁਰੂ ਜੀ ਦੇ ਘੋੜੇ ਦਾ ਇਕ ਪੈਰ ਧਰਤੀ ਵਿਚ ਖੁਭ ਜਾਣ ਕਰਕੇ ਪਾਣੀ ਨਿਕਲ ਆਇਆ ਸੀ। ਇਸ ਦੇ ਨਾਲ ਹੀ ਗੁਰਦੁਆਰਾ ਤ੍ਰਿਬੈਣੀ ਸਾਹਿਬ ਹੈ। ਇਥੋਂ ਗੁਰੂ ਜੀ ਨੇ ਆਪਣੇ ਬਰਛੇ ਨਾਲ ਖੋਦ ਕੇ ਪਾਣੀ ਦਾ ਚਸ਼ਮਾ ਪ੍ਰਗਟ ਕੀਤਾ ਸੀ। ਅੱਜ ਕਲ੍ਹ, ਇਥੇ ਪੱਕੀ ਬਾਉਲੀ ਬਣੀ ਹੋਈ ਹੈ ਅਤੇ ਇਸ ਵਿਚ ਹਮੇਸ਼ਾਂ ਤਾਜ਼ਾ ਪਾਣੀ ਭਰਿਆ ਰਹਿੰਦਾ ਹੈ।

---

1. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨੇ 109—110
2. ਮਹਾਨ ਕੋਸ਼, ਪੰਨਾ 316

# ਨਾਹਨ

ਗੁਰੂ ਗੋਬਿੰਦ ਸਿੰਘ ਦੇ ਨਾਹਨ ਆਉਣ ਸੰਬੰਧੀ ਕੇਵਲ ਸਥਾਨਕ ਪਰੰਪਰਾ ਹੀ ਸਾਡੀ ਖੋਜ ਦੀ ਸਹਾਇਕ ਹੈ। ਗੁਰੂ ਸਾਹਿਬ ਗੁਰਗਦੀ ਪ੍ਰਾਪਤ ਕਰਨ ਤੋਂ ਪਿਛੋਂ ਥੋੜਾ ਚਿਰ ਹੀ ਆਨੰਦਪੁਰ ਸਾਹਿਬ ਵਿਖੇ ਠਹਿਰੇ ਸਨ। ਗੁਰੂ ਸਾਹਿਬ ਦੇ ਇਥੇ ਠਹਿਰਨ ਸੰਬੰਧੀ ਨਾ ਹੀ 'ਬਚਿੱਤ੍ਰ ਨਾਟਕ' ਵਿਚੋਂ ਅਤੇ ਨਾ ਹੀ ਕਿਸੇ ਹੋਰ ਸਮਕਾਲੀ ਵਸੀਲੇ ਤੋਂ ਕੋਈ ਪਤਾ ਲਗਦਾ ਹੈ। ਗੁਰੂ ਸਾਹਿਬ 'ਬਚਿੱਤਰ ਨਾਟਕ' ਵਿਚ ਕੇਵਲ ਇਤਨਾ ਹੀ ਲਿਖਦੇ ਹਨ :

ਰਾਜ ਸਾਜ ਹਮ ਪਰ ਜਬ ਆਯੋ। ਜਥਾ ਸਕਤ ਤਬ ਧਰਮ ਚਲਾਯੋ।  
ਭਾਂਤਿ ਭਾਂਤਿ ਬਨ ਖੇਲ ਸਿਕਾਰਾ। ਮਾਰੇ ਰੀਛ ਰੋਝ ਝੰਖਾਰਾ।  
ਦੇਸ ਚਾਲ ਹਮ ਤੇ ਪੁਨਿ ਭਈ। ਸਹਰ ਪਾਵਟਾ ਕੀ ਸੁਧਿ ਲਈ।[1]

ਇਸ ਪ੍ਰਕਾਰ ਬਚਿੱਤ੍ਰ ਨਾਟਕ ਵਿਚੋਂ ਨਾ ਆਨਦਪੁਰ ਸਾਹਿਬ ਵਿਖੇ ਰਹਿਣ ਦੇ ਸਮੇਂ ਸਬੰਧੀ ਅਤੇ ਨਾ ਹੀ ਨਾਹਨ ਆਉਣ ਬਾਰੇ ਕੋਈ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਅਨੁਸਾਰ ਗੁਰੂ ਸਾਹਿਬ ਆਨੰਦਪੁਰ ਸਾਹਿਬ ਤੋਂ ਚਲ ਕੇ ਸਿੱਧਾ ਪਾਉਂਟਾ ਸਾਹਿਬ ਪਹੁੰਚਣ ਦੀ ਹੀ ਗੱਲ ਕਰਦੇ ਹਨ। ਪਰ ਸਥਾਨਕ ਪਰੰਪਰਾਵਾਂ ਅਨੁਸਾਰ ਗੁਰੂ ਸਾਹਿਬ ਆਨੰਦਪੁਰ ਸਾਹਿਬ ਤੋਂ ਪਾਉਂਟਾ ਸਾਹਿਬ ਨੂੰ ਜਾਂਦਿਆਂ ਨਾਹਨ ਵਿਚ ਕੁਝ ਸਮਾਂ ਠਹਿਰੇ ਸਨ। ਨਾਹਨ ਦੇ ਵਰਤਮਾਨ ਗੁਰਦੁਆਰਾ ਸਾਹਿਬ ਸੰਬੰਧੀ ਸਥਾਨਕ ਰਵਾਇਤ ਹੈ ਕਿ ਇਹ ਗੁਰਦੁਆਰਾ ਬਿਲਕੁਲ ਉਸੇ ਥਾਂ ਉਤੇ ਉਸਾਰਿਆ ਗਿਆ ਹੈ ਜਿਸ ਥਾਂ ਉਤੇ ਗੁਰੂ ਸਾਹਿਬ ਦਾ ਉਤਾਰਾ ਸੀ।

ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਦਸਦੇ ਹਨ ਕਿ 26 ਜੂਨ 1952 ਨੂੰ ਗੁਰਦੁਆਰਾ ਸਾਹਿਬ ਦੀ ਉਸਾਰੀ ਆਰੰਭ ਕਰਨ ਸਮੇਂ ਇਥੇ ਇਕ ਪੰਜ ਵਰਗ ਫੁੱਟ ਪੱਕਾ ਥੜ੍ਹਾ ਸੀ। ਇਸ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਨੂੰ ਨਾਹਨ ਦੇ ਰਾਜੇ ਨੇ ਗੁਰੂ ਜੀ ਦੀ ਰਹਿਣ ਵਾਲੀ ਥਾਂ ਉਪਰ ਹੀ ਬਣਾਇਆ ਸੀ। ਇਸ ਥੜ੍ਹੇ ਦੇ ਨਾਲ ਹੀ ਸਵਾ ਦੋ ਵਰਗ ਫੁਟ ਦਾ ਇਕ ਹੋਰ ਚੌਕੀ-ਨੁਮਾ ਥੜ੍ਹਾ ਸੀ। ਗੁਰਦੁਆਰੇ ਦੀ ਉਸਾਰੀ ਸਮੇਂ ਇਹ ਦੋਵੇਂ ਥੜ੍ਹੇ ਇਕੱਠੇ ਹੀ ਰਖੇ ਗਏ। ਵੱਡੇ ਥੜ੍ਹੇ ਉਪਰ ਇਸ ਸਮੇਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ ਅਤੇ ਛੋਟੇ ਥੜ੍ਹੇ ਉਪਰ ਗ੍ਰੰਥੀ ਸਿੰਘ ਬੈਠ ਕੇ ਗੁਰਬਾਣੀ ਪੜ੍ਹਦਾ ਹੈ।

ਗੁਰਦੁਆਰੇ ਦੀ ਉਸਾਰੀ ਨਾਲ ਹੀ ਇਕ ਹੋਰ ਬੜੀ ਦਿਲਚਸਪ ਗੱਲ ਸਬੰਧਤ ਹੈ। ਜਦੋਂ ਗੁਰਦੁਆਰਾ ਸਾਹਿਬ ਲਈ ਨੀਂਹਾਂ ਪੁੱਟੀਆਂ ਜਾ ਰਹੀਆਂ ਸਨ ਤਾਂ ਇਕ ਖੂਹ ਦੀ ਸ਼ਕਲ ਦਾ ਬੰਦ ਕੀਤਾ ਹੋਇਆ ਡੂੰਘਾ ਟੋਆ ਮਿਲਿਆ ਸੀ। ਇਸ ਟੋਏ ਵਿਚੋਂ ਪ੍ਰਬੰਧਕ ਮਿੱਟੀ ਕੱਢਦੇ ਗਏ। ਇਸ ਦਾ ਆਲਾ ਦੁਆਲਾ ਸਾਰਾ ਪੱਕਾ ਸੀ ਪਰ ਵਿਚਲੀ ਮਿੱਟੀ ਕੱਚੀ ਸੀ। ਇਸ ਪ੍ਰਕਾਰ ਕੋਈ 40 ਫੁੱਟ ਤੱਕ ਮਿੱਟੀ ਕਢੀ ਗਈ ਅਤੇ ਇਹ ਇਕ ਖੂਹ ਬਣ ਗਿਆ ਸੀ। ਕੁਝ ਸਮੇਂ ਪਿਛੋਂ ਇਸ ਵਿਚ ਪਾਣੀ ਭਰ ਗਿਆ। ਅੱਜ ਇਹ ਖੂਹ ਗੁਰਦੁਆਰੇ ਦੀ ਬਾਹਰਲੀ ਕੰਧ ਦੇ ਬਿਲਕੁਲ ਨਾਲ ਲੱਗਵਾਂ ਹੈ। ਸਥਾਨਕ ਪ੍ਰਬੰਧਕ ਇਸ ਨੂੰ ਗੁਰੂ ਸਾਹਿਬ ਦੇ ਸਮੇਂ ਦਾ ਹੀ ਖੂਹ ਸਮਝਦੇ ਹਨ। ਉਹ ਇਹ ਵੀ ਦਸਦੇ ਹਨ ਕਿ ਇਸ ਤਰਾਂ ਦੋ ਤਿੰਨ ਖੂਹ ਹੋਰ ਸਨ ਜੋ ਸਾਹਮਣੇ ਵਾਲੇ ਖੇਡ ਦੇ ਮੈਦਾਨ ਵਿਚ ਆ ਜਾਣ ਕਰਕੇ ਬੰਦ ਕਰ ਦਿਤੇ ਗਏ ਸਨ। ਇਨਾਂ ਖੂਹਾਂ ਬਾਰੇ ਦਸਿਆ ਜਾਂਦਾ ਹੈ ਕਿ ਇਹ ਖੂਹ ਗੁਰੂ ਸਾਹਿਬ ਦੇ ਕੈਂਪ ਲਈ ਪਾਣੀ ਦੀ ਸਹੂਲਤ ਵਾਸਤੇ ਲਗਵਾਏ ਗਏ ਸਨ।

---

1. ਧਿਆਇ ਅੱਠਵਾਂ

## ਨਾਦੌਣ

ਨਾਦੌਣ, ਹਿਮਾਚਲ ਪਰਦੇਸ਼ ਦੇ ਜ਼ਿਲਾ ਹਮੀਰਪੁਰ ਦੀ ਇਕ ਤਹਿਸੀਲ ਹੈ ਜੋ ਹਮੀਰਪੁਰ ਤੋਂ ਚੰਬਾ ਜਾਣ ਵਾਲੀ ਸੜਕ ਉਪਰ ਲਗ ਪਗ 25 ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ। ਇਹ ਨਗਰ ਦਰਿਆ ਬਿਆਸ ਦੇ ਸੱਜੇ ਕੰਢੇ ਉਪਰ ਵਸਿਆ ਹੋਇਆ ਹੈ। ਇਥੋਂ ਜਵਾਲਾ ਮੁੱਖੀ ਮੰਦਰ ਪੰਦਰਾਂ ਕਿਲੋਮੀਟਰ ਅੱਗੇ ਹੈ।

1690-91 ਈਸਵੀ ਵਿਚ ਜਦੋਂ ਮੁਗ਼ਲ ਸਰਕਾਰ ਦੇ ਇਕ ਜਰਨੈਲ ਮੀਆਂ ਖਾਨ ਨੇ ਜੰਮੂ ਉਤੇ ਚੜ੍ਹਾਈ ਕੀਤੀ ਤਾਂ ਉਸ ਨੇ ਆਪਣੇ ਇਕ ਫ਼ੌਜਦਾਰ ਅਲਫ਼ ਖਾਨ ਨੂੰ ਪਹਾੜੀ ਰਿਆਸਤਾਂ ਉਪਰ ਹਮਲਾ ਕਰਨ ਲਈ ਭੇਜ ਦਿੱਤਾ। ਇਸ ਹਮਲੇ ਤੋਂ ਡਰ ਕੇ ਪਹਾੜੀ ਰਾਜਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਸੈਨਿਕ ਸਹਾਇਤਾ ਮੰਗੀ ਜਿਸ ਅਨੁਸਾਰ ਗੁਰੂ ਜੀ ਸਿੰਘਾਂ ਦੇ ਇਕ ਤਕੜੇ ਜੱਥੇ ਨਾਲ ਪਹਾੜੀ ਰਾਜਿਆਂ ਦੀ ਮਦਦ ਲਈ ਨਾਦੌਣ ਪਹੁੰਚ ਗਏ। ਗੁਰੂ ਸਾਹਿਬ ਇਸ ਬਾਰੇ ਬਚਿੱਤ੍ਰ ਨਾਟਕ ਵਿਚ ਲਿਖਦੇ ਹਨ :

ਬਹੁਤ ਕਾਲਿ ਇਹ ਭਾਂਤਿ ਬਿਤਾਯੋ। ਮੀਆ ਖਾਨੰ ਜੰਮੂ ਕਹ ਆਯੋ।
ਅਲਫ ਖਾਨੰ ਨਾਦੌਣ ਪਠਾਵਾ। ਭੀਮ ਚੰਦ ਤਨ ਬੈਰ ਬਢਾਵਾ।
ਜੁੱਧ ਕਾਜ ਨ੍ਰਿਪ ਹਮੈ ਬੁਲਾਯੋ। ਆਪਿ ਤਵਨ ਕੀ ਓਰ ਸਿਧਾਯੋ।[1]

ਇਸ ਲੜਾਈ ਵਿਚ ਅਲਫ਼ ਖਾਨ ਹਾਰ ਗਿਆ ਅਤੇ ਗੁਰੂ ਜੀ ਦੀ ਸਹਾਇਤਾ ਨਾਲ ਪਹਾੜੀ ਰਾਜੇ ਜਿੱਤ ਗਏ। ਲੜਾਈ ਜਿੱਤਣ ਪਿੱਛੋਂ ਗੁਰੂ ਸਾਹਿਬ ਆਪਣੇ ਸਿੰਘਾਂ ਨਾਲ ਅੱਠ ਦਿਨ ਉਥੇ ਹੀ ਰਹੇ। ਗੁਰੂ ਜੀ ਬਚਿੱਤਰ ਨਾਟਕ ਵਿਚ ਲਿਖਦੇ ਹਨ :

ਭੱਜਯੋ ਅਲਫ ਖਾਨੰ ਨ ਖਾਨਾ ਸੰਭਾਰਿਯੋ।
ਭਜੇ ਔਰ ਬੀਰੰ ਨ ਧੀਰੰ ਬਿਚਾਰਿਯੋ।
ਨਦੀ ਪੈ ਦਿਨੰ ਅਸਟ ਕੀਨੇ ਮੁਕਾਮੰ।
ਭਲੀ ਭਾਂਤਿ ਦੇਖੇ ਸਭੈ ਰਾਜ ਧਾਮੰ।[2]

## ਪਾਉਂਟਾ ਸਾਹਿਬ

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਲੰਬੀ ਯਾਤਰਾ ਦੇ ਦੌਰਾਨ ਆਨੰਦਪੁਰ ਸਾਹਿਬ ਤੋਂ ਚਲ ਕੇ ਪਾਉਂਟਾ ਸਾਹਿਬ ਵਿਖੇ ਸੰਨ 1684-85 ਤੋਂ ਸੰਨ 1688 ਦੇ ਅਖ਼ੀਰ ਤੱਕ ਰਿਹਾਇਸ਼ ਕੀਤੀ। ਇਹ ਅਸਥਾਨ ਜਮਨਾ ਨਦੀ ਦੇ ਸਜੇ ਕੰਢੇ ਉਪਰ ਹਿਮਾਚਲ ਪਰਦੇਸ਼ ਦੇ ਨਾਹਨ ਜ਼ਿਲੇ ਵਿਚ ਹੈ। ਇਹ ਨਾਹਨ ਤੋਂ ਲਗਪਗ 45 ਕਿਲੋਮੀਟਰ ਦੂਰ ਹੈ ਅਤੇ ਇਹ ਇਲਾਕਾ ਹਿਮਾਚਲ ਪ੍ਰਦੇਸ਼ ਦੀ ਇਕ ਦੂਨ ਜਾਂ ਵਾਦੀ ਕਹਾਉਂਦਾ ਹੈ।

---

1. ਧਿਆਇ ਨੌਵਾਂ।
2. ਉਕਤ

ਪਾਉਂਟਾ ਜਾਂ ਪਾਂਵਟਾ ਦਾ ਸ਼ਬਦੀ ਅਰਥ ਪੈਰ ਟਿਕਣ ਜਾਂ ਚਰਨ ਪੈਣ ਤੋਂ ਹੈ। ਇਸ ਦਾ ਮਤਲਬ ਹੈ ਕਿ ਇਥੇ ਗੁਰੂ ਜੀ ਨੇ ਆਪਣੇ ਪਵਿਤਰ ਚਰਨ ਪਾਏ। ਭਾਈ ਸੰਤੋਖ ਸਿੰਘ ਜੀ ਇਉਂ ਲਿਖਦੇ ਹਨ :—

ਪਾਂਵ ਟਿਕਯੋ ਸਤਿਗੁਰੂ ਕੋ ਆਨੰਦ ਪੁਰਿ ਤੇ ਆਇ।
ਨਾਮ ਪਰਯੋ ਇਮ ਪਾਂਵਟਾ ਸਭਿ ਦੇਸ਼ਨਿ ਪ੍ਰਗਟਾਇ।[1]

ਪਾਉਂਟਾ ਸ਼ਹਿਰ ਵਿਖੇ ਰਿਹਾਇਸ਼ ਦੇ ਦੌਰਾਨ ਗੁਰੂ ਜੀ ਦੇ ਜੀਵਨ ਨਾਲ ਸੰਬੰਧਤ ਅਨੇਕਾਂ ਭਾਵਪੂਰਤ ਘਟਨਾਵਾਂ ਵਾਪਰੀਆਂ। ਭੰਗਾਣੀ ਦੀ ਲੜਾਈ ਇਸ ਸਮੇਂ ਦੀ ਸਭ ਤੋਂ ਮਹਤਵਪੂਰਨ ਘਟਨਾ ਸੀ। ਇਹ ਲੜਾਈ ਗੜ੍ਹਵਾਲ ਰਿਆਸਤ ਦੇ ਰਾਜਾ ਫ਼ਤਹਿ ਸ਼ਾਹ ਦੀ ਸੈਨਾ ਨਾਲ ਹੋਈ ਸੀ। ਇਸ ਲੜਾਈ ਵਿਚ ਗੁਰੂ ਸਾਹਿਬ ਦੀ ਫ਼ਤਹਿ ਹੋਈ ਸੀ।

ਇਥੇ ਰਹਿਣ ਸਮੇਂ ਗੁਰੂ ਸਾਹਿਬ ਇਕ ਵਾਰ ਡੇਹਰਾਦੂਨ ਵਿਖੇ ਬਾਬਾ ਰਾਮ ਰਾਇ ਨੂੰ ਮਿਲਣ ਲਈ ਉਨ੍ਹਾਂ ਦੇ ਬੁਲਾਵੇ ਉਤੇ ਗਏ ਸਨ। ਗੁਰੂ ਜੀ ਦੇ ਡੇਹਰਾਦੂਨ ਜਾਣ ਦੀ ਯਾਦ ਵਿਚ ਬਾਬਾ ਰਾਮ ਰਾਇ ਜੀ ਦੇ ਡੇਰੇ ਵਿਚ ਇਕ ਗੁਰਦੁਆਰਾ ਨੁਮਾ ਕਮਰਾ ਅਤੇ ਇਕ ਪੱਕਾ ਥੜ੍ਹਾ ਬਣਿਆ ਹੋਇਆ ਹੈ।

ਜਮਨਾ ਦੇ ਕੰਢੇ ਉਤੇ ਹੀ ਬੈਠ ਕੇ ਗੁਰੂ ਸਾਹਿਬ ਬਾਣੀ ਦਾ ਉਚਾਰਨ ਕਰਿਆ ਕਰਦੇ ਸਨ।

## ਬਿਲਾਸਪੁਰ

ਬਿਲਾਸਪੁਰ ਹਿਮਾਚਲ ਪ੍ਰਦੇਸ਼ ਪ੍ਰਾਂਤ ਦਾ ਜ਼ਿਲਾ ਕੇਂਦਰ ਹੈ ਅਤੇ ਕੀਰਤਪੁਰ ਸਾਹਿਬ ਤੋਂ ਸੁੰਦਰ ਨਗਰ ਅਤੇ ਮੰਡੀ ਨੂੰ ਜਾਣ ਵਾਲੀ ਸੜਕ ਉਪਰ ਸਥਿਤ ਹੈ। ਪਹਿਲਾਂ ਇਹ ਨਗਰ ਕਹਿਲੂਰ ਰਿਆਸਤ ਦੀ ਰਾਜਧਾਨੀ ਹੁੰਦਾ ਸੀ। ਪਰ ਅੱਜ ਕਲ੍ਹ ਗੋਬਿੰਦ ਸਾਗਰ ਬਣ ਜਾਣ ਕਾਰਨ ਪੁਰਾਣਾ ਬਿਲਾਸਪੁਰ ਸ਼ਹਿਰ ਇਸ ਦੇ ਵਿਚ ਆ ਗਿਆ ਹੈ ਅਤੇ ਸਾਗਰ ਦੇ ਪਾਣੀ ਵਿਚ ਹੀ ਡੁੱਬ ਗਿਆ ਹੈ। ਵਰਤਮਾਨ ਬਿਲਾਸਪੁਰ ਨਵਾਂ ਵਸਿਆ ਹੋਇਆ ਸ਼ਹਿਰ ਹੈ ਜਿਹੜਾ ਗੋਬਿੰਦ ਸਾਗਰ ਦੇ ਕੰਢੇ ਉਪਰ ਉੱਚੀਆਂ ਪਹਾੜੀਆਂ ਉਤੇ ਸਥਿਤ ਹੈ।

ਗੁਰੂ ਗੋਬਿੰਦ ਸਿੰਘ ਜੀ ਸਮੇਂ ਇਸ ਰਿਆਸਤ ਦਾ ਰਾਜਾ ਭੀਮ ਚੰਦ ਸੀ। ਇਸ ਦੀ 1692 ਈਸਵੀ ਵਿਚ ਮੌਤ ਹੋ ਗਈ। ਇਸ ਪਿਛੋਂ ਭੀਮ ਚੰਦ ਦਾ ਪੁੱਤਰ ਅਜਮੇਰ ਚੰਦ ਕਹਿਲੂਰ ਦਾ ਰਾਜਾ ਬਣਿਆ। ਕਹਿਲੂਰ ਰਿਆਸਤ ਦੇ ਵਿਚ ਹੀ ਕੀਰਤਪੁਰ ਸਾਹਿਬ ਅਤੇ ਆਨੰਦਪੁਰ ਸਾਹਿਬ ਵਸੇ ਹੋਏ ਸਨ। ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿ ਰਾਇ ਜੀ, ਗੁਰੂ ਹਰਿ ਕ੍ਰਿਸ਼ਨ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਨਾਲ ਇਸ ਰਿਆਸਤ ਦੇ ਰਾਜਿਆਂ ਦੇ ਸੰਬੰਧ ਬਹੁਤ ਅੱਛੇ ਸਨ ਪਰੰਤੂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸੇ ਨੂੰ ਜੰਗੀ ਸਿਖਲਾਈ ਦੇਣ ਨਾਲ ਇਥੋਂ ਦੇ ਰਾਜੇ ਦੇ ਸੰਬੰਧ ਗੁਰੂ ਜੀ ਨਾਲ ਵਿਗੜ ਗਏ ਸਨ। ਇਸ ਦੇ ਸਿੱਟੇ ਵਜੋਂ ਗੁਰੂ ਜੀ ਨੂੰ ਪਹਿਲਾਂ 1688 ਈਸਵੀ ਵਿਚ ਭੰਗਾਣੀ ਦੇ ਅਸਥਾਨ ਉਤੇ ਇਸ ਰਾਜੇ ਅਤੇ ਇਸ ਦੇ ਹੋਰ ਦੋਸਤ ਰਾਜਿਆਂ ਦੀ ਸੈਨਾਂ ਨਾਲ ਲੜਾਈ ਕਰਨੀ ਪਈ। ਇਥੇ ਖਾਲਸਾ ਸਾਜਣ

1. ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 4681

ਦੀ ਯਾਦ ਵਿਚ ਗੁਰਦੁਆਰਾ ਉਸਾਰ ਰੱਖਿਆ ਹੈ। ਇਹ ਸ਼ਹਿਰ ਸਮੁੰਦਰ ਦੀ ਤਹਿ ਤੋਂ 1468 ਫੁੱਟ ਉੱਚਾ ਹੈ।

ਰਿਆਸਤ ਸਮੇਂ ਇਸ ਦਾ ਕੁੱਲ ਰਕਬਾ 448 ਵਰਗਮੀਲ ਸੀ ਅਤੇ ਆਬਾਦੀ 98000 ਸੀ। ਪੰਜਾਬ ਵਿਚ ਰਿਆਸਤ ਦਾ ਨੰਬਰ ਅਠਵਾਂ ਸੀ। ਸੰਨ 1921 ਈਸਵੀ ਤੋਂ ਇਸ ਦਾ ਨੀਤੀ ਸੰਬੰਧ ਸਰਕਾਰ ਅੰਗਰੇਜ਼ੀ ਨਾਲ ਏ. ਜੀ. ਜੀ. ਪੰਜਾਬ ਸਟੇਟਸ ਦੁਆਰਾ ਹੋਇਆ ਸੀ। ਇਸ ਦੇ ਰਾਜੇ ਨੂੰ ਗਿਆਰਾਂ ਤੋਪਾਂ ਦੀ ਸਲਾਮੀ ਹੁੰਦੀ ਸੀ।[1]

## ਭੰਗਾਣੀ ਸਾਹਿਬ

ਭੰਗਾਣੀ ਇਕ ਛੋਟਾ ਜਿਹਾ ਪਿੰਡ ਹੈ ਜੋ ਪਾਉਂਟਾ ਸਾਹਿਬ ਤੋਂ 18 ਕਿਲੋਮੀਟਰ ਉੱਤਰ ਵੱਲ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਪਾਉਂਟਾ ਸਾਹਿਬ ਰਹਿੰਦਿਆਂ ਗੜਵਾਲ ਰਿਆਸਤ ਦੇ ਰਾਜੇ ਫਤਿਹ ਸ਼ਾਹ ਦੀ ਅਗਵਾਈ ਹੇਠ ਕਈ ਪਹਾੜੀ ਰਾਜਿਆਂ ਦੀਆਂ ਮਿਲਵੀਆਂ ਫ਼ੌਜਾਂ ਵੱਲੋਂ ਗੁਰੂ ਜੀ ਉਪਰ ਹਮਲਾ ਕੀਤੇ ਜਾਣ ਕਰਕੇ ਭੰਗਾਣੀ ਦੇ ਅਸਥਾਨ ਉਤੇ ਸੰਨ 1688 ਵਿਚ ਗੁਰੂ ਸਾਹਿਬ ਅਤੇ ਪਹਾੜੀ ਰਾਜਿਆਂ ਵਿਚਕਾਰ ਘਮਸਾਨ ਦੀ ਜੰਗ ਹੋਈ।

ਬਚਿੱਤਰ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ ਕਿ ਗੜਵਾਲ ਦਾ ਰਾਜਾ ਫਤਿਹ ਸ਼ਾਹ ਬਿਨਾਂ ਕਿਸੇ ਕਾਰਨ ਦੇ ਉਨ੍ਹਾਂ ਨਾਲ ਯੁੱਧ ਲੜਨ ਲਈ ਆ ਗਿਆ। ਇਸ ਦਾ ਮਤਲਬ ਹੈ ਕਿ ਇਹ ਲੜਾਈ ਪਹਾੜੀ ਰਾਜਿਆਂ ਵੱਲੋਂ ਬਿਨਾਂ ਕਿਸੇ ਠੋਸ ਕਾਰਨ ਦੇ ਅਤੇ ਕੇਵਲ ਆਪਸੀ ਈਰਖਾ ਵਿਚ ਆ ਕੇ ਲੜੀ ਗਈ। ਇਸ ਦਾ ਕੋਈ ਰਾਜਸੀ ਕਾਰਨ ਨਹੀਂ ਸੀ। ਗੁਰੂ ਗੋਬਿੰਦ ਸਿੰਘ ਲਿਖਦੇ ਹਨ :

ਫਤੇਸਾਹ ਕੋਪਾ ਤਬਿ ਰਾਜਾ। ਲੋਹ ਪਰਾ ਹਮ ਸੇ ਬਿਨੁ ਕਾਜਾ।[2]

ਇਸ ਤੋਂ ਵੱਡੀ ਹੋਰ ਕਿਸੇ ਗਵਾਹੀ ਦੀ ਲੋੜ ਨਹੀਂ। ਅਸਲ ਵਿਚ ਬਿਨਾਂ ਕਿਸੇ ਕਾਰਨ ਤੋਂ ਲੜਾਈ ਲੜੇ ਜਾਣ ਦਾ ਕਾਰਨ ਇਹੀ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਜੰਗੀ ਤਿਆਰੀਆਂ ਕਰਨ ਨਾਲ ਸਭ ਤੋਂ ਪਹਿਲਾਂ ਖਤਰਾ ਉਨ੍ਹਾਂ ਪਹਾੜੀ ਰਿਆਸਤਾਂ ਨੇ ਅਨੁਭਵ ਕੀਤਾ ਜਿਨ੍ਹਾਂ ਵਿਚ ਗੁਰੂ ਸਾਹਿਬ ਦਾ ਨਿਵਾਸ ਸੀ। ਆਨੰਦਪੁਰ ਸਾਹਿਬ ਗੁਰੂ ਸਾਹਿਬ ਦੀਆਂ ਸਰਗਰਮੀਆਂ ਦਾ ਮੁੱਖ ਕੇਂਦਰ ਸੀ। ਇਹ ਕਹਿਲੂਰ ਦੀ ਰਿਆਸਤ ਵਿਚ ਸੀ। ਕਹਿਲੂਰ ਦਾ ਰਾਜਾ ਭੀਮ ਚੰਦ ਗੁਰੂ ਸਾਹਿਬ ਦੀਆਂ ਇਨ੍ਹਾਂ ਸਰਗਰਮੀਆਂ ਨੂੰ ਆਪਣੀ ਸ਼ਾਹੀ ਸ਼ਾਨ ਦੇ ਵਿਰੁੱਧ ਸਮਝਦਾ ਸੀ, ਦੂਸਰਾ ਉਸ ਨੂੰ ਮੁਗ਼ਲ ਹਕੂਮਤ ਦੇ ਨਰਾਜ਼ ਹੋਣ ਦਾ ਵੀ ਖਤਰਾ ਸੀ। ਇਸ ਲਈ ਉਸ ਨੇ ਗੁਰੂ ਸਾਹਿਬ ਨੂੰ ਖਤਮ ਕਰਨ ਵਿਚ ਹੀ ਆਪਣੀ ਭਲਾਈ ਸਮਝੀ। ਆਨੰਦਪੁਰ ਸਾਹਿਬ ਤੋਂ ਚਲ ਕੇ ਜਦ ਕੁਝ ਸਮੇਂ ਲਈ ਗੁਰੂ ਸਾਹਿਬ ਨੇ ਪਾਉਂਟਾ ਸਾਹਿਬ ਆ ਕੇ ਨਿਵਾਸ ਕੀਤਾ ਤਾਂ ਉਸ ਸਮੇਂ ਇਹ ਥਾਂ ਗੜਵਾਲ ਰਿਆਸਤ ਦੀ ਹੱਦ ਉਪਰ ਸੀ ਅਤੇ ਉਸ ਰਾਹ ਉਪਰ ਸੀ ਜਿਸ ਰਾਹੀਂ ਉਸ ਸਮੇਂ ਦੀ ਗੜਵਾਲ ਰਿਆਸਤ ਦੀ ਰਾਜਧਾਨੀ ਸ੍ਰੀ ਨਗਰ ਨੂੰ ਪਹੁੰਚਿਆ ਜਾਂਦਾ ਸੀ। ਕਹਿਲੂਰ ਦੇ ਰਾਜੇ ਅਤੇ ਗੜਵਾਲ ਦੇ ਰਾਜੇ ਵਿਚ ਕੁੜਮਾਈ ਦੇ ਸੰਬੰਧ

1. ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 656
2. ਬਚਿੱਤਰ ਨਾਟਕ, ਅਧਿਆਇ ਅੱਠਵਾਂ।

ਪੈਦਾ ਹੋ ਚੁਕੇ ਸਨ ਇਸ ਲਈ ਗੜਵਾਲ ਦਾ ਰਾਜਾ ਕਹਿਲੂਰ ਦੇ ਰਾਜੇ ਦਾ ਰਿਸ਼ਤੇਦਾਰ ਸੀ ਅਤੇ ਉਸ ਦਾ ਮਦਦਗਾਰ ਸੀ। ਭਾਵੇਂ ਗੜਵਾਲ ਦਾ ਰਾਜਾ ਗੁਰੂ ਸਾਹਿਬ ਦਾ ਸ਼ਰਧਾਲੂ ਸੀ ਪਰ ਕਹਿਲੂਰ ਦੇ ਰਾਜੇ ਦਾ ਕੁੜਮ ਹੋਣ ਕਰਕੇ ਉਸ ਨੂੰ ਆਪਣੇ ਰਿਸ਼ਤੇਦਾਰ ਦੀ ਹੀ ਗੱਲ ਮੰਨਣੀ ਪੈਣੀ ਸੀ। ਕਹਿਲੂਰ ਦਾ ਰਾਜਾ ਗੁਰੂ ਸਾਹਿਬ ਦਾ ਵਿਰੋਧੀ ਸੀ। ਇਸ ਲਈ ਇਨ੍ਹਾਂ ਦੋ ਰਿਆਸਤਾਂ ਨ ਰਾਜਾ ਭੀਮ ਚੰਦ ਦੀ ਅਗਵਾਈ ਵਿਚ ਗੁਰੂ ਜੀ ਦੇ ਖ਼ਿਲਾਫ਼ ਪ੍ਰਚਾਰ ਸ਼ੁਰੂ ਕਰ ਦਿੱਤਾ।

ਇਸ ਦਾ ਤਤਕਾਲੀਨ ਕਾਰਨ ਉਸ ਸਮੇਂ ਪੈਦਾ ਹੋ ਗਿਆ ਜਦੋਂ ਕਹਿਲੂਰ ਦਾ ਰਾਜਾ ਆਪਣੇ ਪੁੱਤਰ ਨੂੰ ਵਿਆਹੁਣ ਲਈ ਸ੍ਰੀ ਨਗਰ ਜਾ ਰਿਹਾ ਸੀ। ਜਿਵੇਂ ਕਿ ਪਹਿਲਾਂ ਦਸਿਆ ਜਾ ਚੁਕਿਆ ਹੈ ਕਿ ਇਹ ਰਸਤਾ ਨਾਹਨ ਵਿਚੋਂ ਦੀ ਪਾਉਂਟਾ ਸਾਹਿਬ ਦੇ ਕੋਲੋਂ ਦੀ ਲੰਘਦਾ ਸੀ ਇਸ ਲਈ ਗੁਰੂ ਗੋਬਿੰਦ ਸਿੰਘ ਨੇ ਕਹਿਲੂਰ ਦੀ ਸੈਨਾ ਨੂੰ ਇਥੋਂ ਲੰਘਣ ਦੀ ਆਗਿਆ ਨਾ ਦਿੱਤੀ। ਇਸ ਕਾਰਨ ਭੀਮ ਚੰਦ ਨੇ ਇਸ ਨੂੰ ਆਪਣੀ ਬੇਇਜ਼ਤੀ ਸਮਝਿਆ। ਨਤੀਜੇ ਵਜੋਂ ਲੜਕੇ ਨੂੰ ਤਾਂ ਲੰਘਣ ਦੇ ਦਿੱਤਾ ਗਿਆ ਪਰ ਸੈਨਾ ਹੋਰ ਰਸਤੇ ਰਾਹੀਂ ਲੰਮਾ ਪੈਂਡਾ ਤਹਿ ਕਰ ਕੇ ਸ੍ਰੀ ਨਗਰ ਪਹੁੰਚੀ। ਇਸ ਸਮੇਂ ਤਾਂ ਕੁਝ ਵਿਅਕਤੀਆਂ ਦੇ ਸਮਝਾਉਣ ਕਰਕੇ ਕਹਿਲੂਰ ਦਾ ਰਾਜਾ ਗੁਰੂ ਸਾਹਿਬ ਨਾਲ ਨਾ ਲੜਿਆ ਪਰ ਉਸ ਦੇ ਮਨ ਵਿਚ ਵਿਆਹ ਤੋਂ ਵਿਹਲਾ ਹੋ ਕੇ ਇਹ ਲੜਾਈ ਲੜਨ ਦਾ ਵਿਚਾਰ ਆਇਆ ਪ੍ਰਤੀਤ ਹੁੰਦਾ ਹੈ।

ਜਿਸ ਸਮੇਂ ਫਤਿਹ ਸ਼ਾਹ ਦੀ ਲੜਕੀ ਦਾ ਵਿਆਹ ਹੋ ਰਿਹਾ ਸੀ ਤਾਂ ਗੁਰੂ ਸਾਹਿਬ ਵੱਲੋਂ ਭੇਜੇ ਗਏ ਭਾਈ ਨੰਦ ਚੰਦ ਰਾਹੀਂ ਤੋਹਫੇ ਆਦਿ ਵੀ ਸ਼ਾਦੀ ਦੀ ਨੁਮਾਇਸ਼ ਵਿਚ ਰੱਖੇ ਗਏ। ਇਹ ਗੱਲ ਭੀਮ ਚੰਦ ਨੂੰ ਚੰਗੀ ਨਾ ਲਗੀ। ਉਸ ਨੇ ਇਨ੍ਹਾਂ ਤੋਹਫਿਆਂ ਨੂੰ ਨਾ ਕੇਵਲ ਉਥੋਂ ਚੁਕਾਉਣਾ ਹੀ ਚਾਹਿਆ ਸਗੋਂ ਗੁਰੂ ਸਾਹਿਬ ਵੱਲੋਂ ਆਏ ਪ੍ਰਤੀਨਿਧਾਂ ਦੀ ਬੇਇਜ਼ਤੀ ਵੀ ਕਰਨੀ ਚਾਹੀ ਜਿਸ ਨੂੰ ਭਾਂਪ ਕੇ ਭਾਈ ਨੰਦ ਚੰਦ ਸੁਗਾਤਾਂ ਸਮੇਤ ਉਥੋਂ ਵਾਪਸ ਗੁਰੂ ਸਾਹਿਬ ਕੋਲ ਪਹੁੰਚ ਗਿਆ ਅਤੇ ਸਾਰੀ ਵਾਰਤਾ ਸੁਣਾਈ।

ਵਿਆਹ ਤੋਂ ਵਿਹਲਾ ਹੋਣ ਉਪਰੰਤ ਰਾਜਾ ਭੀਮ ਚੰਦ ਨੇ ਫਤਿਹ ਸ਼ਾਹ ਨੂੰ ਨਾਲ ਲੈ ਕੇ ਗੁਰੂ ਸਾਹਿਬ ਦੇ ਖ਼ਿਲਾਫ਼ ਲੜਾਈ ਦਾ ਬਿਗਲ ਬਜਾਇਆ। ਗੁਰੂ ਸਾਹਿਬ ਇਸ ਹਮਲੇ ਦਾ ਮੁਕਾਬਲਾ ਕਰਨ ਲਈ ਪਾਉਂਟਾ ਸਾਹਿਬ ਤੋਂ ਭੰਗਾਣੀ ਦੇ ਮੈਦਾਨ ਵਿਚ ਪੂਰੀਆਂ ਤਿਆਰੀਆਂ ਨਾਲ ਆ ਪਹੁੰਚੇ।

ਪਹਾੜੀ ਰਾਜਿਆਂ ਵੱਲ ਕਹਿਲੂਰ ਦੀਆਂ ਫੌਜਾਂ ਤੋਂ ਇਲਾਵਾ, ਰਾਜਾ ਫਤਿਹ ਸ਼ਾਹ ਹਯਾਤ ਖਾਨ, ਭੀਖਨ ਖਾਨ ਆਦਿ ਜਰਨੈਲ ਸਨ। ਗੁਰੂ ਸਾਹਿਬ ਦੀ ਸੈਨਾ ਦਾ ਕਮਾਂਡਰ ਸੰਗੋ ਸ਼ਾਹ ਸੀ। ਸੰਗੋ ਸ਼ਾਹ ਨੂੰ ਬਚਿੱਤਰ ਨਾਟਕ ਵਿਚ ਸੰਗਰਾਮ ਸ਼ਾਹ, ਜਾਂ ਸ਼ਾਹ ਦੇ ਖਿਤਾਬਾਂ ਨਾਲ ਵੀ ਸੰਬੋਧਨ ਕੀਤਾ ਗਿਆ ਹੈ :—

ਤਹਾਂ ਸਾਹ ਸ੍ਰੀ ਸਾਹ ਸੰਗ੍ਰਾਮ ਕੋਪੇ।
ਪੰਚੋ ਬੀਰ ਬੰਕੇ ਪ੍ਰਿਥੀ ਪਾਇ ਰੋਪੇ।
... ... ...
ਤਹਾਂ ਸਾਹ ਸੰਗ੍ਰਾਮ ਕੀਨੇ ਅਖਾਰੇ।
ਘਨੇ ਖੇਤ ਮੋ ਖਾਨ ਖੂਨੀ ਲਤਾਰੇ।
... ...
ਹਨਿਓ ਸਾਹ ਸੰਗ੍ਰਾਮ ਕੋ ਸਸਤ੍ਰ ਲੈ ਕੇ।
... ... ...
ਸਹੀ ਸਾਹ ਸੰਗ੍ਰਾਮ ਸੁਰਗੰ ਸਿਧਾਰੇ ॥[1]

---

1. ਧਿਆਇ ਅੱਠਵਾਂ

ਇਹ ਸੰਗੋ ਸ਼ਾਹ ਜਾਂ ਸੰਗਰਾਮ ਸ਼ਾਹ ਗੁਰੂ ਜੀ ਦੀ ਭੂਆ ਦਾ ਪੁੱਤਰ ਸੀ। ਇਸ ਤੋਂ ਇਲਾਵਾ ਗੁਰੂ ਸਾਹਿਬ ਵੱਲੋਂ ਜੀਤ ਮੱਲ, ਗੁਲਾਬ ਚੰਦ, ਮਾਹੀ ਚੰਦ, ਗੰਗਾ ਰਾਮ, ਲਾਲ ਚੰਦ, ਦਯਾ ਰਾਮ, ਮਾਮਾ ਕਿਰਪਾਲ ਜੀ, ਭਾਈ ਨੰਦ ਚੰਦ ਅਤੇ ਸਾਹਿਬ ਚੰਦ ਆਦਿ ਮੁੱਖੀ ਸਿੰਘ ਸਨ। ਇਸ ਲੜਾਈ ਦਾ ਪੂਰਾ ਵਿਸਥਾਰ ਸਹਿਤ ਵਰਣਨ ਗੁਰੂ ਸਾਹਿਬ ਨੇ ਬਚਿੱਤਰ ਨਾਟਕ ਦੇ ਅੱਠਵੇਂ ਅਧਿਆਇ ਵਿਚ ਕੀਤਾ ਹੈ। ਇਸ ਵਿਚ ਕੁਝ ਗੱਲਾਂ ਸਾਡੇ ਸਾਹਮਣੇ ਆਉਂਦੀਆਂ ਹਨ। ਇਕ ਇਹ ਕਿ ਮਹੰਤ ਕਿਰਪਾਲ ਦਾਸ ਨੇ ਆਪਣੇ ਕੁਤਕੇ ਨਾਲ ਹਯਾਤ ਖਾਂ ਨੂੰ ਮਾਰ ਦਿੱਤਾ ਸੀ।

"ਕ੍ਰਿਪਾਲ ਕੋਪੀਯੰ ਕੁਤਕੋ ਸੰਭਾਰੀ। ਹਠੀ ਖਾਨ ਹਯਾਤ ਕੇ ਸੀਸ ਝਾਰੀ।" ਦੂਸਰਾ ਸੰਗਰਾਮ ਸ਼ਾਹ ਬੜੀ ਬਹਾਦਰੀ ਅਤੇ ਸੂਰਮਤਾਈ ਨਾਲ ਲੜ ਰਿਹਾ ਸੀ। "ਤਹਾਂ ਸਾਹ ਸਗ੍ਰਾਮ ਕੀਨੇ ਅਖਾਰੇ। ਘਨੇ ਖੇਤ ਮੋ ਖਾਨ ਖੂਨੀ ਲਤਾਰੇ।" ਜਦ ਸੰਗਰਾਮ ਸ਼ਾਹ ਲੜਦਾ ਹੋਇਆ ਸ਼ਹੀਦ ਹੋ ਗਿਆ ਤਾਂ ਗੁਰੂ ਸਾਹਿਬ ਨੇ ਆਪਣੀ ਸੈਨਾ ਦੀ ਕਮਾਨ ਖੁਦ ਸੰਭਾਲ ਲਈ "ਲਖੇ ਸਾਹ ਸੰਗ੍ਰਾਮ ਜੁੱਝੇ ਜੁਝਾਰੰ। ਤਵੰ ਕੀਟ ਬਾਣੰ ਕਮਾਣੰ ਸੰਭਾਰੰ।"

ਗੁਰੂ ਸਾਹਿਬ ਨੇ ਵਿਰੋਧੀ ਫ਼ੌਜਾਂ ਦੇ ਜਰਨੈਲਾਂ ਦਾ ਵੀ ਪੂਰਾ ਹਾਲ ਦਿੱਤਾ ਹੈ ਕਿ ਕਿਸ ਤਰ੍ਹਾਂ ਉਹ ਸਿੰਘਾਂ ਸਾਹਮਣੇ ਡਰ ਕੇ ਨਸਦੇ ਸਨ ਅਤੇ ਕਿਵੇਂ ਉਹ ਸਿੰਘਾਂ ਦੀ ਤਲਵਾਰ ਦਾ ਸ਼ਿਕਾਰ ਹੁੰਦੇ ਸਨ। ਜਦੋਂ ਮਹੰਤ ਕਿਰਪਾਲ ਦਾਸ ਨੇ ਹਯਾਤ ਖਾਨ ਦਾ ਆਪਣੇ ਕੁਤਕੇ ਨਾਲ ਸਿਰ ਫੋੜ ਦਿੱਤਾ ਤਾਂ ਇਸ ਨੂੰ ਗੁਰੂ ਸਾਹਿਬ ਇਉਂ ਕਹਿੰਦੇ ਹਨ ਕਿ ਕੁਤਕੇ ਨਾਲ ਹਯਾਤ ਖਾਨ ਦਾ ਸਿਰ ਫਟ ਕੇ ਸਿਰ ਦੀ ਮਿੱਝ ਇਸ ਤਰ੍ਹਾਂ ਨਿਕਲ ਆਈ ਸੀ ਜਿਵੇਂ ਕ੍ਰਿਸ਼ਨ ਮਟਕੀ ਫੋੜ ਕੇ ਮਖਣੀ ਨੂੰ ਖਿੰਡਾ ਦਿੰਦਾ ਹੈ। "ਉਠੀ ਛਿੱਛਿ ਇੱਛਿੰ ਕਢਾ ਮੇਝ ਜੋਰੰ। ਮਾਨੋ ਮਾਖਨੰ ਮਟਕੀ ਕਾਨ੍ਹ ਫੋਰੰ।" ਇਸ ਤਰ੍ਹਾਂ ਲਗਭਗ ਹਰ ਮਰਨ ਵਾਲੇ ਵਿਰੋਧੀ ਜਰਨੈਲ ਦਾ ਹਾਲ ਦਿੱਤਾ ਗਿਆ ਹੈ।

ਇਸ ਲੜਾਈ ਵਿਚ ਅੰਤ ਨੂੰ ਜਿੱਤ ਗੁਰੂ ਸਾਹਿਬ ਦੀ ਹੋਈ। ਵਿਰੋਧੀ ਰਣ ਨੂੰ ਤਿਆਗ ਕੇ ਭਜ ਗਏ। ਸਿੰਘ ਸੂਰਮੇ ਫ਼ਤਿਹ ਦੇ ਡੰਕੇ ਵਜਾਉਂਦੇ ਹੋਏ ਵਾਪਸ ਪਾਉਂਟਾ ਸਾਹਿਬ ਪਹੁੰਚ ਗਏ।

ਰਣੰ ਤਿਆਗਿ ਭਾਗੇ। ਸਭੈ ਤ੍ਰਾਸ ਪਾਗੇ।
ਭਈ ਜੀਤ ਮੇਰੀ। ਕ੍ਰਿਪਾ ਕਾਲ ਕੇਰੀ।
ਰਣੰ ਜੀਤਿ ਆਏ। ਜਯੰ ਗੀਤ ਗਾਏ।
ਧਨੰਧਾਰ ਬਰਖੇ। ਸਭੈ ਸੂਰ ਹਰਖੇ।[1]

ਪਰੰਤੂ ਇਸ ਜਿੱਤ ਉਪਰੰਤ ਗੁਰੂ ਸਾਹਿਬ ਜ਼ਿਆਦਾ ਚਿਰ ਪਾਉਂਟਾ ਸਾਹਿਬ ਨਹੀਂ ਠਹਿਰੇ। ਕੁਝ ਹੀ ਸਮੇਂ ਪਿਛੋਂ ਸਮੂਹ ਸੈਨਾ ਸਮੇਤ ਆਨੰਦਪੁਰ ਸਾਹਿਬ ਪਹੁੰਚ ਗਏ ਅਤੇ ਇਸ ਨਗਰ ਨੂੰ ਵਿਕਸਤ ਕੀਤਾ।

ਜੁੱਧ ਜੀਤ ਆਏ ਜਬੈ ਟਿਕੈ ਨ ਤਿਨ ਪੁਰ ਪਾਵ।
ਕਾਹਲੂਰ ਮੈ ਬਾਂਧਿਯੋ ਆਨ ਅਨੰਦਪੁਰ ਗਾਵ।[2]

ਭੰਗਾਣੀ ਦੇ ਯੁੱਧ ਦੇ ਪਿਛੋਂ ਹੀ ਚੱਕ ਨਾਨਕੀ ਦਾ ਨਾਮ ਬਦਲ ਕੇ ਆਨੰਦਪੁਰ ਸਾਹਿਬ ਰਖਿਆ ਗਿਆ ਕਿਉਂਕਿ ਜਿੱਤ ਦੀ ਖੁਸ਼ੀ ਵਿਚ ਸਾਰੇ ਸਿੱਖ ਪੂਰੇ ਆਨੰਦ ਅਤੇ ਹੌਂਸਲਿਆਂ ਵਿਚ ਸਨ।

---

1. ਉਕਤ
2. ਉਕਤ

## ਮੰਡੀ

ਮੰਡੀ ਸ਼ਹਿਰ ਵਰਤਮਾਨ ਸਮੇਂ ਹਿਮਾਚਲ ਪ੍ਰਦੇਸ਼ ਪ੍ਰਾਂਤ ਦਾ ਜ਼ਿਲ੍ਹਾ ਕੇਂਦਰ ਹੈ ਅਤੇ ਕੀਰਤਪੁਰ ਸਾਹਿਬ ਤੋਂ ਤਕਰੀਬਨ ਦੋ ਸੌ ਕਿਲੋਮੀਟਰ ਦੂਰ ਪਹਾੜਾਂ ਵਿਚ ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ ਪਹਾੜੀ ਰਿਆਸਤਾਂ ਦੇ ਦੌਰਿਆਂ ਸਮੇਂ ਇਥੇ ਆਏ ਸਨ। ਉਸ ਸਮੇਂ ਇਹ ਇਕ ਸੁਤੰਤਰ ਰਿਆਸਤ ਸੀ ਜਿਸ ਦਾ ਰਾਜਾ ਸਿਧਸੈਨ ਸੀ। ਇਹ ਗੁਰੂ ਘਰ ਦਾ ਸ਼ਰਧਾਲੂ ਸੀ।[1]

ਇਹ ਮੰਡਿਆਲ ਰਾਜਪੂਤਾਂ ਦੀ ਰਿਆਸਤ ਸੀ। ਮੰਡਿਆਲ ਤੋਂ ਹੀ ਇਸ ਦਾ ਨਾਂ ਮੰਡੀ ਪਿਆ ਹੈ। ਇਹ ਦਰਿਆ ਬਿਆਸ ਦੇ ਬਿਲਕੁਲ ਸਜੇ ਕੰਢੇ ਉਪਰ ਵਸਿਆ ਹੋਇਆ ਸ਼ਹਿਰ ਹੈ। ਇਸ ਨੂੰ 1523 ਈਸਵੀ ਵਿਚ ਮੰਡਿਆਲ ਬੰਸ ਦੇ ਇਕ ਵਿਅਕਤੀ ਅਜਬਰਸੈਨ ਨੇ ਵਸਾਇਆ ਸੀ। ਰਿਆਸਤਾਂ ਸਮੇਂ ਇਸ ਦਾ ਕੁਲ ਖੇਤਰੀ ਰਕਬਾ 1200 ਵਰਗ ਮੀਲ ਸੀ ਅਤੇ ਇਸ ਹਿਸਾਬ ਨਾਲ ਇਸ ਦਾ ਪੰਜਾਬ ਪ੍ਰਾਂਤ ਵਿਚਲੀਆਂ ਰਿਆਸਤਾਂ ਵਿਚੋਂ ਛੇਵਾਂ ਨੰਬਰ ਸੀ।[2]

ਪੰਡਿਤ ਤਾਰਾ ਸਿੰਘ ਨਰੋਤਮ ਲਿਖਦੇ ਹਨ ਕਿ "ਮੰਡੀ ਕਾ ਰਾਜਾ ਅਪਨੇ ਨਗਰ ਮੇਂ ਗੁਰੂ ਜੀ ਕੋ ਲੇ ਗ.ਯਾ। . . .ਗੁਰੂ ਜੀ ਕੇ ਮਹਲ ਰਾਜਾ ਨੇ ਮਹਲੋਂ ਮੇ ਉਤਾਰੇ। ਊਹਾ ਹੀ ਗੁਰੂ ਜੀ ਕੋ ਲੇ ਗਯਾ। ਕੁਛ ਦਿਨ ਬਾਦ ਮੰਡੀ ਕਾ ਰਾਜਾ ਗੁਰੂ ਜੀ ਕੋ ਕਮਲਾਹ ਗੜ ਮੇ ਲੇ ਗਯਾ। . . .ਉਸ ਕੇ ਸਮੀਪ ਗੁਰੂ ਜੀ ਕਈ ਦਿਨ ਰਹੇ। ਏਕ ਅਪਨੇ ਨਾਮ ਕਾ ਗੋਬਿੰਦਗੜ੍ਹ ਬਨਾਯਾ।"[3]

ਸਥਾਨਕ ਰਵਾਇਤ ਅਨੁਸਾਰ ਗੁਰੂ ਜੀ ਨੇ ਮੰਡੀ ਦੇ ਰਾਜ ਨੂੰ ਅਨਕਾਂ ਵਰ ਦਿੱਤੇ। ਗੁਰੂ ਜੀ ਦੇ ਵਰ ਦਿੱਤੇ ਜਾਣ ਬਾਰੇ ਮੰਡੀ ਸ਼ਹਿਰ ਦੇ ਲੋਕਾਂ ਵਿਚ ਇਕ ਕਹਾਉਤ ਪ੍ਰਚਲਤ ਹੈ :

ਜੈਸੇ ਬਚੀ ਹੈ ਤੇਰੀ ਹਾਂਡੀ। ਤੈਸੇ ਬਚੇਗੀ ਤੇਰੀ ਮਾਂਡੀ।
ਜੋ ਮਾਂਡੀ ਕੋ ਲੂਟੇਗਾ। ਅਸਮਾਨੀ ਗੋਲਾ ਛੂਟੇਗਾ।

ਮੰਡੀ ਦੇ ਲੋਕਾਂ ਦੇ ਵਿਸ਼ਵਾਸ ਅਨੁਸਾਰ ਗੁਰੂ ਜੀ ਦੇ ਇਸ ਵਰ ਕਰਕੇ ਕੋਈ ਵੀ ਦੁਸ਼ਮਣ ਮੰਡੀ ਨੂੰ ਲੁੱਟ ਨਹੀਂ ਸਕਿਆ।

---

1. ਭਾਈ ਕਾਨ੍ਹ ਸਿੰਘ, ਮਹਾਨ ਕੋਸ਼, ਪੰਨਾ 750
2. ਉਕਤ, ਪੰਨਾ ਉਹੀ
3. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨੇ 131-32

## ਰਵਾਲਸਰ

ਰਵਾਲਸਰ, ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ ਦਾ ਇਕ ਪ੍ਰਸਿਧ ਤੀਰਥ ਅਸਥਾਨ ਹੈ। ਇਹ ਮੰਡੀ ਤੋਂ ਹਮੀਰਪੁਰ ਵਾਲੀ ਸੜਕ ਉਪਰ 25 ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ। ਇਥੇ ਗੁਰਦੁਆਰਾ ਸਾਹਿਬ ਦੇ ਨਾਲ ਨਾਲ ਦੋ ਹੋਰ ਮੁੱਖ ਧਾਰਮਿਕ ਅਸਥਾਨ ਹਨ। ਇਨ੍ਹਾਂ ਵਿਚੋਂ ਇਕ ਹਿੰਦੂਆਂ ਦਾ ਹੈ ਅਤੇ ਦੂਸਰਾ ਬੋਧੀਆਂ ਦਾ ਹੈ। ਇਨ੍ਹਾਂ ਤਿੰਨਾਂ ਧਾਰਮਿਕ ਅਸਥਾਨਾਂ ਦੇ ਬਿਲਕੁਲ ਵਿਚਕਾਰ ਬਹੁਤ ਵਿਸ਼ਾਲ ਸਰੋਵਰ ਨੂੰ ਤਿੰਨੇ ਹੀ ਧਰਮਾਂ ਦੇ ਲੋਕ ਪਵਿੱਤਰ ਸਮਝ ਕੇ ਇਸ ਵਿਚ ਇਸ਼ਨਾਨ ਕਰਦੇ ਹਨ।

ਪੰਡਿਤ ਤਾਰਾ ਸਿੰਘ ਨਰੋਤਮ ਇਸ ਬਾਰੇ ਇਉਂ ਲਿਖਦੇ ਹਨ : "ਜਬ ਗੁਰੂ ਜੀ ਈਹਾਂ ਕੋ ਤਿਯਾਰ ਹੂਏ ਸਭ ਪਰਵਾਰ ਸਾਥ ਗਯਾ। ਮੇਲੇ ਮੋ ਆਏ ਸਭੀ ਪਹਾੜੀ ਰਾਜੇ ਮਿਲੇ। ਮੇਲੇ ਪੀਛੇ ਗੁਰੂ ਜੀ ਮੰਡੀ ਗਏ।"[1] ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ : "ਰਿਆਸਤ ਮੰਡੀ ਵਿੱਚ ਪਹਾੜ ਦੀ ਸਿਕੰਦਰ ਧਾਰਾ ਦਾ ਇੱਕ ਤਾਲ, ਜੋ ਪ੍ਰਸਿਧ ਤੀਰਥ ਹੈ। ਇਹ ਰਾਜਧਾਨੀ ਮੰਡੀ ਤੋਂ ਦਸ ਮੀਲ ਪੱਛਮ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਇਸ ਤੀਰਥ ਦੇ ਵੈਸਾਖੀ ਮੇਲੇ ਪੁਰ ਪਹਾੜੀ ਰਾਜਿਆਂ ਨੂੰ ਸੁਮਤਿ ਦੇਣ ਲਈ ਇੱਕ ਵਾਰ ਪਧਾਰੇ ਸਨ। ਤਾਲ ਦੇ ਕਿਨਾਰੇ ਇੱਕ ਉੱਚੇ ਥਾਂ ਗੁਰੂ ਸਾਹਿਬ ਦੇ ਵਿਰਾਜਨ ਦੇ ਥਾਂ ਦਮਦਮਾ ਬਣਿਆ ਹੋਇਆ ਹੈ। ਰਵਾਲਸਰ ਤਾਲ ਪਾਸ ਜੋ ਵਸਤੀ ਹੈ ਉਸ ਦਾ ਨਾਮ ਭੀ ਰਵਾਲਸਰ ਹੋ ਗਿਆ ਹੈ।"[2]


## ਰੈਣੂਕਾ ਝੀਲ

ਰੈਣੂਕਾ ਝੀਲ ਨਾਹਨ ਸ਼ਹਿਰ ਤੋਂ ਲਗਭਗ 42 ਕਿਲੋਮੀਟਰ ਦੂਰ ਉੱਤਰ-ਪੂਰਬ ਵੱਲ ਸਥਿਤ ਹੈ। ਅੱਜ ਕਲ੍ਹ ਇਹ ਹਿਮਾਚਲ ਪ੍ਰਦੇਸ਼ ਦਾ ਟੂਰਿਸਟ ਸਥਾਨ ਹੈ।


ਸਥਾਨਕ ਰਵਾਇਤ ਅਨੁਸਾਰ ਇਸ ਥਾਂ ਸੰਬੰਧੀ ਮਿਲਦੀ ਜਾਣਕਾਰੀ ਅਨੁਸਾਰ ਜਿਸ ਸਮੇਂ ਗੁਰੂ ਜੀ ਨਾਹਨ ਵਿਖੇ ਰਹਿ ਰਹੇ ਸਨ ਤਾਂ ਉਥੇ ਉਨ੍ਹਾਂ ਲਈ ਪਾਣੀ ਦੀ ਘਾਟ ਦੀ ਬਹੁਤ ਵੱਡੀ ਸਮੱਸਿਆ ਸੀ। ਨਾਹਨ ਦੇ ਰਾਜੇ ਨੇ ਗੁਰੂ ਜੀ ਦੀ ਰਿਹਾਇਸ਼ ਲਈ ਰੈਣੂਕਾ ਝੀਲ ਦਾ ਅਸਥਾਨ ਦੇਣਾ ਚਾਹਿਆ ਕਿਉਂਕਿ ਇਥੇ ਝੀਲ ਹੋਣ ਕਰਕੇ ਪਾਣੀ ਦੀ ਤੰਗੀ ਨਹੀਂ ਸੀ ਰਹਿਣੀ। ਪਰੰਤੂ ਇਹ ਥਾਂ ਗੁਰੂ ਜੀ ਨੂੰ ਪਸੰਦ ਨਾ ਆਈ ਅਤੇ ਅੰਤ ਵਿਚ ਪਾਉਂਟਾ ਸਾਹਿਬ ਵਾਲੀ ਥਾਂ ਹੀ ਗੁਰੂ ਜੀ ਦੀ ਰਿਹਾਇਸ਼ ਲਈ ਚੁਣੀ ਗਈ।

ਅੱਜ ਇਥੇ ਇਕ ਛੋਟਾ ਜਿਹਾ ਗੁਰਦੁਆਰਾ ਹੈ ਜਿਹੜਾ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਬਣਾਇਆ ਗਿਆ ਹੈ।


1. ਉਕਤ, ਪੰਨਾ 131
2. ਮਹਾਨ ਕੋਸ਼, ਪੰਨਾ 767



ਪਾਉਂਟਾ ਸਾਹਿਬ ਵਿਖੇ ਦਰਬਾਰ ਅਸਥਾਨ ਜੋ ਜਮੁਨਾ ਦੇ ਕੰਢੇ ਉਪਰ ਹੈ।
ਇਥੇ 52 ਕਵੀਆਂ ਦਾ ਕਵੀ ਦਰਬਾਰ ਲਗਿਆ ਕਰਦਾ ਸੀ।




ਗੁਰਦੁਆਰਾ ਮੰਡੀ (ਹਿਮਾਚਲ ਪ੍ਰਦੇਸ਼)



ਮੰਡੀ ਦੇ ਗੁਰਦੁਆਰੇ ਵਿਚ ਸੁਰਖਿਅਤ ਗੁਰੂ ਜੀ ਦਾ ਪਵਿਤਰ ਪਲੰਘ ।

## ਪੰਜਾਬ—ਰੋਪੜ

1. ਆਨੰਦਪੁਰ ਸਾਹਿਬ
2. ਸ਼ਾਹੀ ਟਿੱਬੀ
3. ਕੋਟਲਾ ਨਿਹੰਗ ਖਾਂ
4. ਖੇੜਾ ਕਲਮੋਟ
5. ਚਮਕੌਰ ਸਾਹਿਬ
6. ਜਤੌਲੀ
7. ਨਿਰਮੋਹ ਗੜ੍ਹ
8. ਪਰਿਵਾਰ ਵਿਛੋੜਾ ਸਾਹਿਬ
9. ਢਿੱਡਾ, ਘਨੌਲਾ ਅਤੇ ਲੋਧੀ ਮਾਜਰਾ
10. ਬਸਾਲ਼ੀ
11. ਬਿਭੌਰ ਸਾਹਿਬ
12. ਬੂਰ ਮਾਜਰਾ
13. ਭਲਾਣ
14. ਭੱਠਾ ਸਾਹਿਬ

# ਆਨੰਦਪੁਰ ਸਾਹਿਬ

ਆਨੰਦਪੁਰ ਸਾਹਿਬ ਖਾਲਸਾ ਪੰਥ ਦੀ ਜਨਮ-ਭੂਮੀ ਹੋਣ ਕਰਕੇ ਸਿੱਖ ਸਮਾਜ ਅੰਦਰ ਪਵਿੱਤਰ ਅਸਥਾਨ ਦਾ ਦਰਜਾ ਰਖਦਾ ਹੈ। ਹਰ ਸਿੰਘ ਆਤਮਿਕ ਤੌਰ ਤੇ ਜਿਥੇ ਆਪਣਾ ਰੂਹਾਨੀ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਅਤੇ ਰੂਹਾਨੀ ਮਾਤਾ, ਮਾਤਾ ਸਾਹਿਬ ਕੌਰ ਜੀ ਨੂੰ ਮੰਨਦਾ ਹੈ ਉਥੇ ਉਹ ਆਪਣੇ ਆਪ ਨੂੰ ਆਨੰਦਪੁਰ ਦਾ ਵਾਸੀ ਵੀ ਸਮਝਦਾ ਹੈ। ਇਹ ਵਿਸ਼ਵਾਸ ਇਸ ਕਰਕੇ ਪ੍ਰਚਲਤ ਹੋਇਆ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਦੀ ਵਿਸਾਖੀ ਨੂੰ ਆਨੰਦਪੁਰ ਸਾਹਿਬ ਦੀ ਧਰਤੀ ਉਤੇ ਖਾਲਸਾ ਸਾਜਿਆ ਸੀ।

ਆਨੰਦਪੁਰ ਸਾਹਿਬ ਦਾ ਨਗਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸੰਨ 1665 ਈਸਵੀ ਵਿਚ ਕਹਿਲੂਰ ਦੇ ਰਾਜੇ ਕੋਲੋਂ ਜ਼ਮੀਨ ਮੁਲ ਲੈ ਕੇ ਵਸਾਇਆ ਸੀ। ਕਿਉਂਕਿ ਇਹ ਥਾਂ ਪਹਿਲਾਂ ਕਈ ਪਿੰਡਾਂ ਦੀ ਸਾਂਝੀ ਥਾਂ ਸੀ ਇਸ ਲਈ ਪਹਿਲਾਂ ਇਸ ਨੂੰ ਕਈ ਨਾਵਾਂ ਨਾਲ ਪੁਕਾਰਿਆ ਜਾਂਦਾ ਸੀ। ਇਹ ਜ਼ਮੀਨ ਮੁੱਖ ਤੌਰ ਤੇ ਮਾਖੇ ਖਾਂ ਨਾਂ ਦੇ ਕਿਸੇ ਚੌਧਰੀ ਦੀ ਸੀ ਜਿਸ ਲਈ ਉਸ ਦੇ ਨਾਂ ਉਤੇ ਇਥੇ ਵਸੇ ਪਿੰਡ ਦਾ ਨਾਂ ਮਾਖੋਵਾਲ ਸੀ। ਇਸ ਮਾਖੇ ਖਾਂ ਨੂੰ ਮਥਾਨਕ ਰਵਾਇਤ ਅਨੁਸਾਰ ਮਾਖਾ ਦੈਂਤ ਵੀ ਕਹਿ ਦਿੱਤਾ ਜਾਂਦਾ ਹੈ। ਪਰ ਇਹ ਗੱਲ ਦਰੁਸਤ ਨਹੀਂ ਹੈ। ਗੁਰੂ ਤੇਗ ਬਹਾਦਰ ਜੀ ਨੇ 1665 ਈਸਵੀ ਵਿਚ ਇਥੇ ਇਕ ਨਗਰ ਵਸਾ ਕੇ ਇਸ ਦਾ ਨਾਂ ਆਪਣੀ ਸਤਿਕਾਰਯੋਗ ਮਾਤਾ, ਮਾਤਾ ਨਾਨਕੀ ਜੀ ਦੇ ਨਾਂ ਉਤੇ ਚੱਕ ਨਾਨਕੀ ਰਖਿਆ ਸੀ। ਗੁਰੂ ਤੇਗ ਬਹਾਦਰ ਜੀ ਨਗਰ ਨੂੰ ਵਸਾਉਣ ਪਿਛੋਂ ਜ਼ਿਆਦਾ ਸਮਾਂ ਇਥੇ ਨਹੀਂ ਰਹੇ ਸਨ ਸਗੋਂ 1666 ਈਸਵੀ ਦੇ ਮੁੱਢ ਵਿਚ ਹੀ ਪੂਰਬੀ ਭਾਰਤ ਦੀਆਂ ਥਾਵਾਂ ਦੇ ਦੌਰਿਆਂ ਉਤੇ ਚਲੇ ਗਏ ਸਨ। ਪਿਛੋਂ ਵੀ ਗੁਰੂ ਸਾਹਿਬ ਜ਼ਿਆਦਾ ਸਮਾਂ ਬਾਹਰ ਹੀ ਰਹੇ ਸਨ। ਇਸ ਕਰਕੇ ਚੱਕ ਨਾਨਕੀ ਨਗਰ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਜ਼ਿਆਦਾ ਉਨਤ ਨਹੀਂ ਹੋ ਸਕਿਆ। ਇਸ ਦੀ ਅਸਲ ਉਨਤੀ ਅਤੇ ਸਥਾਪਨਾ ਗੁਰੂ ਗੋਬਿੰਦ ਸਿੰਘ ਜੀ ਦੇ ਪਾਉਂਟਾ ਸਾਹਿਬ ਤੋਂ ਵਾਪਸ ਆਉਣ ਉਤੇ ਹੀ ਹੋਈ ਸੀ।

1675 ਈਸਵੀ ਵਿਚ ਜਦੋਂ ਕਸ਼ਮੀਰ ਦੇ ਬ੍ਰਾਹਮਣਾਂ ਉਪਰ ਹਕੂਮਤ ਵੱਲੋਂ ਕਹਿਰ ਢਾਹਿਆ ਜਾ ਰਿਹਾ ਸੀ ਤਾਂ ਉਥੋਂ ਦੇ ਬ੍ਰਾਹਮਣ ਪੰਡਿਤ ਕਿਰਪਾ ਰਾਮ ਦੀ ਅਗਵਾਈ ਹੇਠ ਇਥੇ ਹੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਆ ਕੇ ਫਰਿਆਦੀ ਹੋਏ ਸਨ। ਇਸ ਲਈ ਨਿਆਸਰੇ ਅਤੇ ਨਿਤਾਣੇ ਬ੍ਰਾਹਮਣਾਂ ਦੀ ਬਾਂਹ ਪਕੜ ਕੇ ਗੁਰੂ ਜੀ ਨੇ ਨਵੰਬਰ 1675 ਈਸਵੀ ਵਿਚ ਆਪਣੀ ਸ਼ਹਾਦਤ ਦੇ ਦਿੱਤੀ ਸੀ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਬਣੇ। ਉਨ੍ਹਾਂ ਨੇ ਸਿੱਖਾਂ ਨੂੰ ਸੈਨਿਕ ਤੌਰ ਤੇ ਸੰਗਠਤ ਕਰਨਾ ਸ਼ੁਰੂ ਕਰ ਦਿੱਤਾ ਸੀ। ਇਧ ਕਰਕੇ ਕਹਿਲੂਰ ਦੇ ਰਾਜੇ ਭੀਮ ਚੰਦ ਦੀ ਗੁਰੂ ਸਾਹਿਬ ਨਾਲ ਅਣਬਣ ਹੋ ਗਈ ਸੀ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਕੁਝ ਸਮਾਂ ਅਮਨ ਚੈਨ ਨਾਲ ਲੰਘਾਉਣ ਲਈ ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ ਉਤੇ ਪਾਉਂਟਾ ਸਾਹਿਬ ਵਿਖੇ ਜਾ ਕੇ ਰਹਿਣ ਲਗ ਪਏ ਸਨ। ਉਹ ਪਾਉਂਟਾ ਸਾਹਿਬ ਤੋਂ 1688 ਈਸਵੀ ਵਿਚ ਵਾਪਸ ਆਨੰਦਪੁਰ ਆਏ ਸਨ ਅਤੇ ਇਸ ਸਮੇਂ ਆਨੰਦਪੁਰ ਸਾਹਿਬ ਦੀ ਪੁਨਰ ਸਥਾਪਨਾ ਕੀਤੀ ਅਤੇ ਇਸ ਦਾ ਨਾਂ ਚੱਕ ਨਾਨਕੀ ਤੋਂ ਬਦਲ ਕੇ

ਆਨੰਦਪੁਰ ਸਾਹਿਬ ਰੱਖਿਆ ਗਿਆ। ਇਸ ਸੰਬੰਧੀ ਗੁਰੂ ਸਾਹਿਬ ਬਚਿੱਤ੍ਰ ਨਾਟਕ ਵਿਚ ਲਿਖਦੇ ਹਨ :

ਜੁੱਧ ਜੀਤ ਆਏ ਜਬੈ ਟਿਕੈ ਨ ਤਿਨ ਪੁਰ ਪਾਵ ।
ਕਾਹਲੂਰ ਮੇਂ ਬਾਂਧਿਯੋ ਆਨ ਆਨੰਦਪੁਰ ਗਾਵ ।[1]

ਆਨੰਦਪੁਰ ਸਾਹਿਬ ਵਿਖੇ ਰਹਿੰਦਿਆਂ ਗੁਰੂ ਗੋਬਿੰਦ ਸਿੰਘ ਜੀ ਨੂੰ ਕਹਿਲੂਰ ਦੇ ਰਾਜੇ ਨਾਲ ਕਈ ਲੜਾਈਆਂ ਲੜਨੀਆਂ ਪਈਆਂ ਸਨ ਕਿਉਂਕਿ ਕਹਿਲੂਰ ਦਾ ਰਾਜਾ ਨਹੀਂ ਚਾਹੁੰਦਾ ਸੀ ਕਿ ਉਸ ਦੀ ਰਿਆਸਤ ਵਿਚ ਗੁਰੂ ਸਾਹਿਬ ਕਿਸੇ ਤਰ੍ਹਾਂ ਦੀ ਸੈਨਿਕ ਤਾਕਤ ਬਣਨ। ਗੁਰੂ ਜੀ ਦੀ ਸੈਨਿਕ ਤਾਕਤ ਨੂੰ ਕਹਿਲੂਰ ਦਾ ਰਾਜਾ ਆਪਣੇ ਅਧਿਕਾਰਾਂ ਲਈ ਇਕ ਚੁਣੌਤੀ ਸਮਝਦਾ ਸੀ। ਗੁਰੂ ਜੀ ਦੇ ਸਿੰਘਾਂ ਕੋਲੋਂ ਕਈ ਵਾਰ ਹਾਰਨ ਪਿਛੋਂ ਅਖੀਰ ਨੂੰ ਕਹਿਲੂਰ ਦੇ ਰਾਜੇ ਨੇ ਆਪਣੇ ਗੁਆਂਢੀ ਹਾਕਮਾਂ ਦੀ ਸਹਾਇਤਾ ਨਾਲ 1704 ਈਸਵੀ ਨੂੰ ਇਕ ਬਹੁਤ ਵੱਡੀ ਸੈਨਾ ਨਾਲ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਇਸ ਹਮਲੇ ਦਾ ਗੁਰੂ ਜੀ ਅਤੇ ਉਨ੍ਹਾਂ ਦੇ ਸਿੰਘਾਂ ਨੇ ਬਹੁਤ ਦਲੇਰੀ ਅਤੇ ਦ੍ਰਿੜਤਾ ਨਾਲ ਮੁਕਾਬਲਾ ਕੀਤਾ। ਪਰ ਦੁਸ਼ਮਣ ਦੀਆਂ ਬੇਸ਼ੁਮਾਰ ਫੌਜਾਂ ਦੇ ਸਾਹਮਣੇ ਗੁਰੂ ਜੀ ਦੇ ਸਿੰਘ ਬਹੁਤ ਘੱਟ ਗਿਣਤੀ ਵਿਚ ਸਨ ਜਿਸ ਕਰਕੇ ਗੁਰੂ ਜੀ ਨੂੰ ਆਨੰਦਪੁਰ ਛੱਡਣਾ ਪਿਆ। ਆਨੰਦਪੁਰ ਸਾਹਿਬ ਨੂੰ ਛੱਡਣ ਸਮੇਂ ਗੁਰੂ ਜੀ ਨੂੰ ਬਹੁਤ ਨੁਕਸਾਨ ਉਠਾਉਣਾ ਪਿਆ। ਜਿਥੇ ਗੁਰੂ ਜੀ ਦਾ ਸਹਿਤ-ਭੰਡਾਰਾ ਖਤਮ ਹੋ ਗਿਆ ਸੀ ਉਸ ਦੇ ਨਾਲ ਹੀ ਗੁਰੂ ਜੀ ਦਾ ਸਾਰਾ ਪਰਿਵਾਰ ਵਿਛੜ ਗਿਆ ਸੀ। ਸੈਂਕੜੇ ਸਿੰਘ ਸ਼ਹੀਦ ਹੋ ਗਏ ਸਨ। ਪਰ ਗੁਰੂ ਜੀ ਪੂਰੀ ਦ੍ਰਿੜਤਾ ਨਾਲ ਦੁਸ਼ਮਣਾਂ ਦਾ ਮੁਕਾਬਲਾ ਕਰਦੇ ਹੋਏ ਰੋਪੜ ਵੱਲ ਵਧ ਰਹੇ ਸਨ।

ਗੁਰੂ ਗੋਬਿੰਦ ਸਿੰਘ ਦੇ ਆਨੰਦਪੁਰ ਸਾਹਿਬ ਨੂੰ ਖਾਲੀ ਕਰਨ ਪਿਛੋਂ ਕਹਿਲੂਰ ਦੇ ਰਾਜੇ ਨੇ ਆਨੰਦਪੁਰ ਸਾਹਿਬ ਨੂੰ ਬਿਲਕੁਲ ਉਜਾੜ ਦਿੱਤਾ ਸੀ। ਇਸ ਪਿਛੋਂ ਗੁਰੂ ਜੀ ਵਾਪਸ ਆਨੰਦਪੁਰ ਸਾਹਿਬ ਨਹੀਂ ਜਾ ਸਕੇ। ਇਸ ਪਰਕਾਰ ਆਨੰਦਪੁਰ ਸਾਹਿਬ ਦੀ ਸਮੁੱਚੀ ਜਾਇਦਾਦ ਅਤੇ ਉਥੋਂ ਦੇ ਗੁਰਦੁਆਰੇ ਕਹਿਲੂਰ ਦੇ ਰਾਜੇ ਦੇ ਪਿਠੂ ਮਹੰਤਾਂ ਦੇ ਕਬਜ਼ੇ ਵਿਚ ਆ ਗਏ ਸਨ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਆਨੰਦਪੁਰ ਸਾਹਿਬ ਵਿਖੇ ਅਨੇਕਾਂ ਅਜਿਹੀਆਂ ਇਮਾਰਤਾਂ ਉਸਰ ਗਈਆਂ ਸਨ ਜਿਨ੍ਹਾਂ ਦਾ ਸੈਨਿਕ ਅਤੇ ਧਾਰਮਿਕ ਦ੍ਰਿਸ਼ਟੀਕੋਣ ਤੋਂ ਬਹੁਤ ਮਹੱਤਵ ਸੀ। ਸੈਨਿਕ ਦ੍ਰਿਸ਼ਟੀਕੋਣ ਤੋਂ ਇਥੇ ਪੰਜ ਕਿਲ੍ਹੇ ਸਥਾਪਤ ਕੀਤੇ ਗਏ ਸਨ ਜਿਨ੍ਹਾਂ ਵਿਚ ਸਭ ਤੋਂ ਮੁੱਖ ਕਿਲ੍ਹਾ ਆਨੰਦਗੜ੍ਹ ਦਾ ਸੀ। ਇਹ ਬਾਕੀ ਦੇ ਚਾਰ ਕਿਲ੍ਹਿਆਂ ਦੇ ਬਿਲਕੁਲ ਦਰਮਿਆਨ ਸੀ ਅਤੇ ਉੱਚੀ ਚੋਟੀ ਉਪਰ ਹੋਣ ਕਰਕੇ ਇਥੋਂ ਆਲੇ ਦੁਆਲੇ ਦੀ ਇਲਾਕੇ ਵਿਚ ਨਿਗਾਹ ਰਖੀ ਜਾਂਦੀ ਸੀ। ਬਾਕੀ ਦੇ ਚਾਰ ਕਿਲ੍ਹੇ ਆਨੰਦਪੁਰ ਸਾਹਿਬ ਦੇ ਨਗਰ ਵਿਚ ਸ਼ਾਮਲ ਹੋਣ ਵਾਲੇ ਮੁੱਖ ਨਾਕਿਆਂ ਉਪਰ ਸਥਿਤ ਸਨ। ਇਨ੍ਹਾਂ ਚਾਰ ਕਿਲ੍ਹਿਆਂ ਦੇ ਨਾਂ ਇਸ ਪਰਕਾਰ ਹਨ : ਕਿਲ੍ਹਾ ਲੋਹਗੜ੍ਹ ਸਾਹਿਬ, ਕਿਲ੍ਹਾ ਹੋਲਗੜ੍ਹ ਸਾਹਿਬ, ਕਿਲ੍ਹਾ ਕੇਸਗੜ੍ਹ ਸਾਹਿਬ ਅਤੇ ਕਿਲ੍ਹਾ ਤਾਰਾਗੜ੍ਹ ਸਾਹਿਬ।

ਧਾਰਮਿਕ ਦ੍ਰਿਸ਼ਟੀਕੋਣ ਤੋਂ ਇਥੇ ਗੁਰਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਦਮਦਮਾ ਸਾਹਿਬ, ਗੁਰਦੁਆਰਾ ਮੰਜੀ ਸਾਹਿਬ, ਗੁਰਦੁਆਰਾ ਗੁਰੂ ਕੇ ਮਹਿਲ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਗੁਰਦੁਆਰਾ ਸ੍ਰੀ ਆਨੰਦਗੜ੍ਹ ਸਾਹਿਬ ਬਹੁਤ ਮਹੱਤਤਾ ਰਖਦੇ ਹਨ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸਿੱਖਾਂ ਦੇ ਪੰਜ ਤਖ਼ਤਾਂ ਵਿਚੋਂ ਇਕ ਤਖ਼ਤ ਹੈ ਅਤੇ ਅਠਾਰਵੀਂ ਸਦੀ ਵਿਚ ਦਲ ਖਾਲਸੇ ਵਲੋਂ ਹੋਲੇ ਮਹੱਲੇ ਦੇ ਮੌਕੇ ਉਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਗੁਰਮਤੇ ਕੀਤੇ ਜਾਂਦੇ ਸਨ।

1. ਧਿਆਇ ਅੱਠਵਾਂ

ਆਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਦੇ ਤਿਉਹਾਰ ਦੀ ਆਪਣੀ ਇਕ ਨਿਵੇਕਲੀ ਮਹੱਤਤਾ ਹੈ। ਇਸ ਦਿਨ ਦੂਰ ਨੇੜੇ ਦੀਆਂ ਸੰਗਤਾਂ ਇਥੇ ਪਹੁੰਚਦੀਆਂ ਹਨ ਅਤੇ ਨਿਹੰਗ ਸਿੰਘ ਆਪਣੇ ਜਗੀ ਕਰਤੱਵ ਦਿਖਾਉਂਦੇ ਹਨ। ਇਹ ਤਿਉਹਾਰ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਤੋਂ ਅਗਲੇ ਦਿਨ ਮਨਾਉਣਾ ਸ਼ੁਰੂ ਕੀਤਾ ਸੀ। ਇਸ ਦਾ ਨਾਂ ਹੋਲਾ ਮਹੱਲਾ ਰਖਿਆ ਗਿਆ। ਗੁਰੂ ਜੀ ਇਸ ਦਿਨ ਆਪਣੇ ਜੰਗੀ ਖਾਲਸੇ ਦੇ ਦੋ ਗਰੁਪ ਬਣਾ ਕੇ ਉਨ੍ਹਾਂ ਵਿਚ ਨਕਲੀ ਜੰਗ ਕਰਵਾਇਆ ਕਰਦੇ ਸਨ। ਇਸ ਤਰ੍ਹਾਂ ਜੰਗੀ ਸਿੱਖਿਆ ਵੀ ਹਾਸਲ ਹੋ ਜਾਂਦੀ ਸੀ ਅਤੇ ਤਿਉਹਾਰ ਨੂੰ ਵੀ ਰੌਣਕਾਂ ਅਤੇ ਹਾਸੇ ਖੁਸ਼ੀਆਂ ਸਮੇਤ ਮਨਾ ਲਿਆ ਜਾਂਦਾ ਸੀ। ਇਹ ਤਿਉਹਾਰ ਅੱਜ ਵੀ ਬੜੇ ਚਾਵਾਂ ਅਤੇ ਮਲਾਰ੍ਹਾਂ ਨਾਲ ਮਨਾਇਆ ਜਾਂਦਾ ਹੈ।

## ਸ਼ਾਹੀ ਟਿੱਬੀ

ਸ਼ਾਹੀ ਟਿੱਬੀ ਆਨੰਦਪੁਰ ਸਾਹਿਬ-ਰੋਪੜ ਸੜਕ ਉਪਰ ਨਿਰਮੋਹਗੜ੍ਹ ਸਾਹਿਬ ਤੋਂ ਭਰਤਗੜ੍ਹ ਵੱਲ ਦੋ ਕਿਲੋਮੀਟਰ ਦੀ ਵਿੱਥ ਉਤੇ ਸਥਿਤ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ 1704 ਈਸਵੀ ਵਿਚ ਆਨੰਦਪੁਰ ਸਾਹਿਬ ਨੂੰ ਛੱਡ ਕੇ ਰੋਪੜ ਵੱਲ ਨੂੰ ਜਾਂਦੇ ਹੋਏ ਠਹਿਰੇ ਸਨ ਅਤੇ ਇਸ ਥਾਂ ਉਤੇ ਪਿੱਛੇ ਆ ਰਹੀ ਦੁਸ਼ਮਣ ਦੀ ਫ਼ੌਜ ਦਾ ਟਾਕਰਾ ਕਰਨ ਲਈ ਗੁਰੂ ਜੀ ਨੇ ਭਾਈ ਉਦੈ ਸਿੰਘ ਨੂੰ 50 ਸਿੰਘਾਂ ਦਾ ਜੱਥਾ ਦੇ ਕੇ ਨੀਯਤ ਕੀਤਾ ਸੀ।[1] ਇਸ ਗੱਲ ਦਾ ਪਤਾ ਸਾਨੂੰ ਹੇਠ ਲਿਖੀਆਂ ਹੋਰ ਲਿਖਤਾਂ ਤੋਂ ਵੀ ਲਗਦਾ ਹੈ :

> ਸ਼ਾਹੀ ਟਿੱਬੀ ਆਨਿ ਕੈ ਖੜੇ ਭਏ ਤਿਹ ਥਾਨ।
> ਰਾਜਾ ਅਰੁ ਤੁਰਕਾਨ ਸਬ ਨਿਕਟ ਪਹੁੰਚੇ ਆਨ।
> ਉਦੇ ਸਿੰਘ ਲਲਕਾਰ ਕੈ ਖੁਸ਼ੀ ਕਰੀ ਕਰਤਾਰ।
> ਸਫਲ ਜਨਮੁ ਇਹ ਭਾਂਤ ਕਹਿ ਦੂਤਨ ਕਰੋ ਸੰਘਾਰ।[2]

ਭੱਟ ਵਹੀ ਤਲੌਡਾ ਪਰਗਨਾ ਜੀਂਦ ਵਿਚ ਇਉਂ ਲਿਖਿਆ ਹੈ: "ਉਦੈ ਸਿੰਘ ਬੇਟਾ ਮਨੀ ਸਿੰਘ ਕਾ ਪੋਤਾ ਮਾਈਦਾਸ ਕਾ ਪੜਪੋਤਾ ਬਲੂਰਾਇ ਕਾ ਚੰਦਰ ਬੰਸੀ ਭਾਰਦੁਆਜੀ ਗੋਤਰਾ ਪੁਆਰ ਬੰਸ ਬੀਂਝੇ ਕਾ ਬੰਝਰਉਤ ਜਲਹਾਨਾ—ਸੰਬਤ ਸਤ੍ਰਾਂ ਸੈ ਬਾਸਠ ਪੋਖ ਮਾਸੇ ਦਿਹੁੰ ਸਾਤ ਗਏ ਵੀਰਵਾਰ ਕੇ ਦਿਹੁੰ ਪਚਾਸ ਸਿਖੋਂ ਕੋ ਗੈਲ ਲੈ ਸ਼ਾਹੀ ਟਿੱਬੀ ਕੇ ਮਲਹਾਨ ਪ੍ਰਗਨਾ ਭਰਥ ਗਢ ਰਾਜ ਕਹਿਲੂਰ ਆਧ ਘਰੀ ਦਿਹੁੰ ਨਿਕਲੇ ਰਾਣਾ ਅਜਮੇਰ ਚੰਦ ਬੇਟਾ ਭੀਮ ਚੰਦ ਕਾ ਪੋਤਾ ਦੀਪ ਚੰਦ ਕਾ ਪੜਪੋਤਾ ਤਾਰਾ ਚੰਦ ਕਾ ਬੰਸ ਕਲਿਆਨ ਚੰਦ ਕੀ ਚੰਦੇਲ ਗੋਤਰਾ ਰਾਣੇ ਦੀ ਫ਼ੌਜ ਗੈਲ ਬਾਰਾਂ ਘਰੀ ਜੂਝ ਕੇ ਮਰਾ।"[3]

---

1. ਸਰੂਪ ਸਿੰਘ ਕੌਸ਼ਿਸ਼, ਗੁਰੂ ਕੀਆਂ ਸਾਖੀਆਂ, ਸਾਖੀ 78ਵੀਂ (ਅਪ੍ਰਕਾਸ਼ਿਤ)
2. ਕਵੀ ਸੈਨਾਪਤਿ, ਸ੍ਰੀ ਗੁਰੂ ਸੋਭਾ, ਪੰਨਾ 74
3. ਅਪ੍ਰਕਾਸ਼ਿਤ ਖਰੜਾ ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਕੋਟਲਾ ਨਿਹੰਗ ਖਾਂ

ਕੋਟਲਾ ਨਿਹੰਗ ਖਾਂ ਜਾਂ ਕੋਟਲਾ ਨਿਹੰਗਾਂ ਰੋਪੜ ਤੋਂ ਕੁਰਾਲੀ ਵੱਲ ਥੋੜ੍ਹੀ ਜਿਹੀ ਦੂਰੀ ਉਤੇ ਹੈ ਪਰ ਅੱਜ ਕਲ੍ਹ ਇਹ ਅਸਥਾਨ ਰੋਪੜ ਸ਼ਹਿਰ ਦੇ ਵਿਚ ਹੀ ਰਲ ਗਿਆ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਸਰਸਾ ਨਦੀ ਨੂੰ ਪਾਰ ਕਰ ਕੇ ਨਿਹੰਗ ਖਾਂ ਪਠਾਣ ਦੇ ਘਰ ਆਏ ਸਨ। ਉਨ੍ਹਾਂ ਤੋਂ ਪਿਛੋਂ ਸਾਹਿਬਜ਼ਾਦਾ ਅਜੀਤ ਸਿੰਘ ਵੀ ਭਾਈ ਬਚਿੱਤਰ ਸਿੰਘ ਨੂੰ ਜ਼ਖ਼ਮੀ ਹੋਏ ਨੂੰ ਇਥੇ ਲੈ ਕੇ ਪਹੁੰਚਿਆ ਸੀ। ਕੁਝ ਹੋਰ ਸਿੰਘ ਭੀ ਜਿਹੜੇ ਸਰਸਾ ਨਦੀ ਨੂੰ ਪਾਰ ਕਰਨ ਸਮੇਂ ਗੁਰੂ ਜੀ ਨਾਲੋਂ ਵਿਛੜ ਗਏ ਸਨ ਇਥੇ ਆ ਮਿਲੇ ਸਨ। ਭਾਈ ਬਚਿੱਤ੍ਰ ਸਿੰਘ ਜੋ ਮਲਿਕਪੁਰ ਰੰਘੜਾਂ ਦੇ ਅਸਥਾਨ ਉਤੇ ਦੁਸ਼ਮਣ ਨਾਲ ਲੜਦਾ ਹੋਇਆ ਜ਼ਖ਼ਮੀ ਹੋ ਗਿਆ ਸੀ ਇਥੇ ਨਿਹੰਗ ਖਾਂ ਪਠਾਣ ਦੇ ਘਰ ਜ਼ਖ਼ਮ ਰਾਜ਼ੀ ਕਰਨ ਲਈ ਠਹਿਰਾਇਆ ਗਿਆ ਸੀ।

ਭੱਟ ਵਹੀ ਮੁਲਤਾਨੀ ਸਿੰਧੀ ਖਾਤਾ ਜਲਾਹਾਨੇ ਬਲਾਉਤੋਂ ਕਾ ਦੇ ਅਨੁਸਾਰ : "ਬਚਿੱਤ੍ਰ ਸਿੰਘ ਬੇਟਾ ਮਨੀ ਸਿੰਘ ਕਾ ਪੋਤਾ ਮਾਈਦਾਸ ਕਾ—ਗੁਰੂ ਜੀ ਕਾ ਬਚਨ ਪਾਇ ਸਾਲ ਸਤ੍ਰਾਂ ਸੈ ਬਾਸਠ ਪੋਖ ਮਾਸੇ ਸੁਦੀ ਦੂਜ ਵੀਰਵਾਰ ਕੇ ਦਿਹੁੰ ਮਲਕਪੁਰ ਰੰਘੜਾਂ ਕੇ ਮਲਹਾਨ ਪ੍ਰਗਨਾ ਰੋਪਰ ਘਾਇਲ ਹੋਇ ਕੋਟਲਾ ਨਿਹੰਗ ਕੇ ਗ੍ਰਹਿ ਮੇਂ ਆਇਆ। ਪੋਖ ਮਾਸੇ ਸੂਦੀ ਚੋਥ ਸ਼ਨੀਵਾਰ ਕੇ ਦਿਵਸ ਡੇਢ ਪਹਿਰ ਰੈਣ ਗਈ ਸੁਆਸ ਪੂਰੇ ਹੋਏ। ਨਿਹੰਗ ਖਾਨ ਕੀ ਪੱਤ ਗੁਰੂ ਰਾਖੀ।"[1]

ਰਤਨ ਸਿੰਘ ਭੰਗੂ ਨੇ ਇਸ ਬਾਰੇ ਇਉਂ ਲਿਖਿਆ ਹੈ :

ਜਖਮੀ ਹੋਇ ਤਿਹ ਬਚਿੱਤ੍ਰ ਸਿੰਘ ਵਰਯੋ।
ਪਠਾਣ ਖਾਨ ਉਸ ਚੰਗੋ ਕਰਯੋ।
ਔਰ ਸਿੰਘ ਜੋ ਜ਼ਖਮੀ ਗਏ। ਵੈ ਭੀ ਉਸ ਥੈ ਚੰਗੇ ਕਰਏ।

ਦੋਹਰਾ—ਕਈ ਵਾਰ ਵਹੁ ਪਠਾਣ ਥੋ ਜਾਇ ਰਹਤੋ ਗੁਰੂ ਹਜੂਰ।
ਘੋੜੇ ਜੋੜੇ ਉਸ ਚੰਗੈ ਕਰ ਖੁਸ਼ੀਆਂ ਦੇਤ ਹਜੂਰ।[2]

---

1. ਅਪ੍ਰਕਾਸ਼ਿਤ ਖਰੜਾ
2. ਪ੍ਰਾਚੀਨ ਪੰਥ ਪ੍ਰਕਾਸ਼, ਅੰਮ੍ਰਿਤਸਰ, 1962, ਪੰਨਾ 61

## ਖੇੜਾ ਕਲਮੋਟ

ਗੁਰੂ ਗੋਬਿੰਦ ਸਿੰਘ ਜੀ ਪਹਾੜੀ ਰਾਜਿਆਂ ਨਾਲ ਕਈ ਛੋਟੀਆਂ ਵੱਡੀਆਂ ਲੜਾਈਆਂ ਲੜਨ ਪਿਛੋਂ ਆਨੰਦਪੁਰ ਸਾਹਿਬ ਤੋਂ 20 ਕਿਲੋਮੀਟਰ ਪੱਛਮ ਵੱਲ ਸਤਲੁਜ ਦਰਿਆ ਦੇ ਉਪਰ ਸਥਿਤ ਬਭੌਰ ਨਗਰ ਵਿਚ ਰਹਿਣ ਲਗ ਪਏ ਸਨ। ਇਹ ਬਸੌਲੀ ਰਿਆਸਤ ਦੀ ਥਾਂ ਸੀ। ਇਥੇ ਰਹਿਣ ਸਮੇਂ ਜਦੋਂ ਸਿੱਖ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਂਦੀਆਂ ਸਨ ਤਾਂ ਇਕ ਦੋ ਵਾਰ ਖੇੜਾ ਕਲਮੋਟ ਦੇ ਪਿੰਡਾਂ ਦੇ ਲੋਕਾਂ ਨੇ ਇਨ੍ਹਾਂ ਨੂੰ ਲੁਟ ਲਿਆ ਸੀ। ਇਸ ਤਰ੍ਹਾਂ ਲੁਟ ਮਾਰ ਦੀਆਂ ਵਾਰਦਾਤਾਂ ਹੋਣ ਕਾਰਨ ਇਕ ਵਾਰ ਗੁਰੂ ਜੀ ਨੇ ਆਪਣੇ ਸਿੰਘਾਂ ਦੇ ਇਕ ਜੱਥੇ ਨੂੰ ਖੇੜਾ ਕਲਮੋਟ ਦੇ ਲੋਕਾਂ ਨੂੰ ਸਜ਼ਾ ਦੇਣ ਲਈ ਤੋਰਿਆ। ਇਸ ਜੱਥੇ ਨੇ ਜਾ ਕੇ ਖੇੜਾ ਕਲਮੋਟ ਦੇ ਪਿੰਡਾਂ ਨੂੰ ਲੁਟ ਪੁਟ ਕੇ ਉਜਾੜ ਦਿੱਤਾ ਅਤੇ ਅੱਗੇ ਤੋਂ ਅਜਿਹੇ ਫਸਾਦੀ ਲੋਕਾਂ ਨੂੰ ਸਿੱਖ ਸੰਗਤਾਂ ਨੂੰ ਲੁਟਣ ਦਾ ਹੌਂਸਲਾ ਨਹੀਂ ਪਿਆ।

ਖੇੜਾ ਕਲਮੋਟ, ਨੰਗਲ ਅਤੇ ਭਲਾਣ ਦੇ ਰਸਤੇ ਵਿਚਕਾਰ ਦੋ ਜੁੜਵੇਂ ਪਿੰਡ ਹਨ। ਇਥੇ ਰਾਜਪੂਤ ਬੰਸ ਦੇ ਲੋਕ ਮੁੱਢ ਕਦੀਮ ਤੋਂ ਰਹਿੰਦੇ ਆ ਰਹੇ ਹਨ। ਇਹ ਲੋਕ ਕਹਿਲੂਰ ਦੇ ਰਾਜੇ ਦੇ ਹਮਦਰਦ ਸਨ। ਇਸੇ ਕਰਕੇ ਹੀ ਇਨ੍ਹਾਂ ਵੱਲੋਂ ਵੇਲੇ-ਕੁਵੇਲੇ ਸਿੱਖ ਸੰਗਤਾਂ ਉਪਰ ਹਮਲੇ ਕੀਤੇ ਜਾਂਦੇ ਸਨ।

ਪੰਡਿਤ ਤਾਰਾ ਸਿੰਘ ਨਰੋਤਮ ਨੇ ਇਸ ਬਾਰੇ ਇਉਂ ਲਿਖਿਆ ਹੈ: "ਬਭੌਰ ਮੇਂ ਗੁਰੂ ਜੀ ਪਾਸ ਫਰਿਆਦ ਹੂਈ ਕਲਮੋਟ ਗ੍ਰਾਮ ਮੇਂ ਸੰਗਤ ਲੁਟ ਗਈ ਖਾਲਸੇ ਕੋ ਆਗਯਾ ਦਈ ਚੜਾਈ ਕਰ ਗ੍ਰਾਮ ਕੋ ਲੂਟੋ। ਕੁਛ ਦੇਰ ਲੜ ਗ੍ਰਾਮ ਵਾਸੀ ਲੋਗੋਂ ਨੇ ਪੱਲਾ ਫੇਰਾ। ਆਪ ਕੇਂ ਹੈਂ ਰੱਖ ਲਵੋ। ਲੜਾਈ ਬੰਦ ਹੂਈ। ਇਨ ਦਿਨੋਂ ਸੇ ਕੋਈ ਸੰਗਤ ਕੀ ਓਰ ਨਾ ਦੇਖੇ। ਕੋਈ ਕਿਸੇ ਰਸਤੇ ਕੁਛ ਲੀਏ ਚਲਾ ਆਵੇ।"[1]

## ਚਮਕੌਰ ਸਾਹਿਬ

ਰੋਪੜ ਨੇੜੇ ਕੋਟਲਾ ਨਿਹੰਗਾਂ ਪਿੰਡ ਵਿਖੇ ਇਕੱਠੇ ਹੋਏ 45 ਦੇ ਲਗ ਭਗ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਹੇਠ ਰਾਤ ਨੂੰ ਚਮਕੌਰ ਸਾਹਿਬ ਵੱਲ ਤੁਰ ਪਏ ਸਨ। ਪਹੁ-ਫੁਟਾਲੇ ਤੋਂ ਪਹਿਲਾਂ ਗੁਰੂ ਸਾਹਿਬ ਅਤੇ ਉਨ੍ਹਾਂ ਦਾ ਵਹੀਰ ਚਮਕੌਰ ਦੇ ਨੇੜੇ ਇਕ ਬਾਗ ਵਿਚ ਪਹੁੰਚ ਗਿਆ। ਇਥੋਂ ਗੁਰੂ ਸਾਹਿਬ ਨੇ ਇਕ ਸਿੰਘ ਰਾਹੀਂ ਇਕ ਜ਼ਿਮੀਦਾਰ ਜਿਸ ਦਾ ਨਾਂ ਸਥਾਨਕ ਰਵਾਇਤ ਅਨੁਸਾਰ ਬਿਧੀ ਚੰਦ ਦੱਸਿਆ ਜਾਂਦਾ ਹੈ ਨੂੰ ਬੁਲਾਇਆ। ਇਸ ਜ਼ਿਮੀਦਾਰ ਨੇ ਆ ਕੇ ਗੁਰੂ ਸਾਹਿਬ ਨੂੰ ਆਪਣੀ ਹਵੇਲੀ ਵਿਚ ਜਾਣ ਦੀ ਬੇਨਤੀ ਕੀਤੀ। ਉਸ ਦੀ ਬੇਨਤੀ ਅਨੁਸਾਰ ਗੁਰੂ ਸਾਹਿਬ ਆਪਣੇ ਸਿੰਘਾਂ ਸਮੇਤ ਬਾਗ ਵਿਚੋਂ ਹਵੇਲੀ ਅੰਦਰ ਚਲੇ ਗਏ। ਪਰ ਗੁਰੂ ਸਾਹਿਬ ਦੇ ਇਥੇ ਪਹੁੰਚਣ ਦੀ ਅਤੇ ਠਹਿਰਣ ਦੀ ਸੂਹ ਰੋਪੜ ਦੇ ਥਾਣੇਦਾਰ ਕੋਲ ਪਹੁੰਚ ਗਈ ਜਿਸ ਕਰਕੇ ਛੇਤੀ ਹੀ ਪਿਛੋਂ ਦੁਸ਼ਮਣ ਦੀਆਂ ਫ਼ੌਜਾਂ ਨੇ ਗੁਰੂ ਸਾਹਿਬ ਨੂੰ ਚਮਕੌਰ

1. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨੇ 130-131

ਵਿਖੇ ਹੀ ਆ ਘੇਰਿਆ । ਕਵੀ ਸੈਨਾਪਤਿ ਨੇ ਇਸ ਬਾਰੇ ਇਉਂ ਵਰਣਨ ਕੀਤਾ ਹੈ :—

ਬਾਗ ਦੇਖਿ ਬੈਠੇ ਤਹਾਂ ਨਿਕਟਿ ਗਾਂਵ ਚਮਕੌਰ ।
ਖਬਰ ਸੁਨੀ ਜਿਮੀਦਾਰ ਨੇ ਮੱਧ ਬਸੇ ਚਮਕੌਰ ।
ਸੁਨਤ ਬਚਨ ਤਤਕਾਲ ਹੀ ਵਹੁ ਆਯੋ ਉਠਿ ਦਉਰ ।
ਹਾਥਿ ਜੋਰਿ ਐਸੇ ਕਹਿਓ ਬਿਨਤੀ ਸੁਨੋ ਕਰਤਾਰ ।
ਬਸੋ ਮਧਿ ਚਮਕੌਰ ਕੈ ਆਪਨੀ ਕ੍ਰਿਪਾ ਧਾਰਿ ।
ਤਬ ਸੁਆਰ ਸਾਹਿਬ ਭਏ ਛਾਡਿ ਬਾਗ ਕੀ ਠਉਰ ।
ਸਿੰਘ ਸਾਥ ਸਬਹੀ ਲੀਏ ਆਇ ਬਸੇ ਚਮਕਉਰ ।
ਤਬ ਦੂਤਨ ਕੀਨੇ ਲਿਖੇ ਤੁਮ ਚਲਿ ਆਯੋ ਦਉਰ।
ਸਿੰਘ ਰਹੇ ਹੈਂ ਆਨ ਕੈ ਨਿਕਟਿ ਗਾਂਵ ਚਮਕਉਰ ।[1]

ਇਸ ਤਰ੍ਹਾਂ ਗੁਰੂ ਜੀ ਦੀ ਚਮਕੌਰ ਵਿਖੇ ਠਹਿਰਣ ਦੀ ਸੂਹ ਲੈ ਕੇ ਦੁਸ਼ਮਣ ਨੇ ਭਾਰੀ ਗਿਣਤੀ ਵਿਚ ਆ ਘੇਰਾ ਪਾਇਆ । ਇਸ ਘੇਰੇ ਵਿਚ ਪਿੰਡਾਂ ਦੇ ਗੁੱਜਰ, ਰੰਘੜ ਅਤੇ ਪਹਾੜੀ ਰਾਜਿਆਂ ਦੇ ਮੁਦਈ ਰਾਜਪੂਤ ਲੋਕ ਵੀ ਆ ਰਲੇ ਸਨ । ਪਰੰਤੂ ਗੁਰੂ ਸਾਹਿਬ ਪਾਸ ਸਿਰਫ 40 ਸਿੰਘ ਸਨ । ਉਨ੍ਹਾਂ ਪਾਸ ਵੀ ਲੋੜੀਂਦੇ ਹਥਿਆਰ ਅਤੇ ਖਾਧ-ਖੁਰਾਕ ਦਾ ਸਮਾਨ ਨਹੀਂ ਸੀ । ਕਵੀ ਸੈਨਾਪਤਿ ਨੇ ਇਸ ਘੇਰੇ ਬਾਰੇ ਇਉਂ ਲਿਖਿਆ ਹੈ :

ਚਹੂ ਓਰ ਸਬ ਦਲ ਖਰੇ ਬੀਚ ਸਿੰਘ ਗੋਬਿੰਦ ।
ਤਾਹਿ ਸਮੈ ਛਬਿ ਯੋਂ ਕਹੋ ਜਿਉਂ ਤਾਰਨ ਮੈਂ ਚੰਦ ।
ਗਿਰਦ ਆਇ ਸਬ ਦਲ ਖਰੈ ਖੇਤ ਬਾਰ ਜਿਉਂ ਹੋਇ ।
ਤਿਹ ਸਮਾਨ ਘੇਰਾ ਪਰੇ ਚਹੁ ਦਿਸ ਰਾਹ ਨ ਕੋਇ ।[2]

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਲਿਖੇ ਜ਼ਫਰਨਾਮੇ ਵਿਚ ਇਸ ਘੇਰੇ ਬਾਰੇ ਲਿਖਿਆ ਹੈ ਕਿ ਦੁਸ਼ਮਣ ਦੀ ਦਸ ਲੱਖ (ਅਣ-ਗਿਣਤ) ਸੈਨਾ ਨੇ ਭੁੱਖੇ ਭਾਣੇ 40 ਸਿੰਘਾਂ ਨੂੰ ਆ ਘੇਰਿਆ । ਇਸ ਤਰ੍ਹਾਂ ਅਣਗਿਣਤ ਫ਼ੌਜ ਦੇ ਅਚਣਚੇਤ ਧਾਵਾ ਕਰਨ ਕਾਰਨ 40 ਭੁੱਖੇ ਭਾਣੇ ਸਿੰਘ ਕੀ ਕਰ ਸਕਦੇ ਸਨ ।

ਗੁਰਸਨਾ ਚਿ ਕਾਰੇ ਕੁਨਦ ਚਿਹਲ ਨਰ ।
ਕਿ ਦਹ ਲਕ ਬਰਆਇਦ ਬਰੂ ਬੇਖ਼ਬਰ ।[3]

ਫਿਰ ਵੀ ਅਣਗਿਣਤ ਸੈਨਾ ਅਤੇ ਮੁੱਠੀ ਭਰ ਸਿੰਘਾਂ ਵਿਚਕਾਰ ਪੂਰੇ ਜ਼ੋਰ ਸ਼ੋਰ ਨਾਲ ਜਗ ਹੋਈ । ਇਸ ਜੰਗ ਦਾ ਅਖੀਂ ਦੇਖਿਆ ਹਾਲ ਖ਼ੁਦ ਗੁਰੂ ਸਾਹਿਬ ਜ਼ਫ਼ਰਨਾਮੇ ਵਿਚ ਲਿਖਦ ਹਨ ਕਿ ਜਦੋਂ ਤੇਰੀ (ਬਾਦਸ਼ਾਹ) ਕਾਲੀ ਪੋਸ਼ ਫ਼ੌਜ ਮੱਖੀਆਂ ਵਾਂਗ ਆ ਪਈ ਅਤੇ ਸ਼ੋਰ ਮਚਾਉਂਦੀ ਹੋਈ ਇਕ ਦਮ ਮੁੱਠੀ ਭਰ ਸਿੰਘਾਂ ਨੂੰ ਫੜਨ ਲਈ ਟੁਟ ਪਈ ਤਾਂ ਅੱਗੋਂ ਸਿੰਘਾਂ ਨੇ ਐਸੇ ਹੱਥ ਦਿਖਾਏ ਕਿ ਜੇ ਤੇਰੀ ਫ਼ੌਜ ਦਾ ਕੋਈ ਵੀ ਸਿਪਾਹੀ ਜਾਂ ਅਫਸਰ ਦੀਵਾਰ ਦੀ ਓਟ ਤੋਂ ਜ਼ਰਾ ਵੀ ਬਾਹਰ ਆਇਆ ਤਾਂ ਉਸ ਨੂੰ ਉਸੇ ਸਮੇਂ ਤੀਰਾਂ ਨਾਲ ਮਾਰ ਮੁੱਕਾ ਦਿੱਤਾ ਗਿਆ । ਇਸ ਤਰ੍ਹਾਂ ਤੀਰਾਂ ਦੀ ਮਾਰ ਨਾ ਝਲਦਾ ਹੋਇਆ ਕੋਈ ਵੀ ਬੰਦਾ ਸਾਹਮਣੇ ਨਾ ਆ ਸਕਿਆ । ਜਦੋਂ ਡੇਰੇ ਵਿਚ ਇਕ ਜਰਨੈਲ ਨਾਹਰ ਖਾਂ ਸਾਹਮਣੇ ਆਇਆ ਵੇਖਿਆ ਤਾਂ ਉਹ ਵੀ ਛੇਤੀ ਹੀ ਉਨ੍ਹਾਂ ਦੇ ਤੀਰ ਦਾ ਸ਼ਿਕਾਰ ਹੋ ਗਿਆ । ਇਸ ਪ੍ਰਕਾਰ ਸਿੰਘਾਂ ਦੇ ਤੀਰਾਂ ਤੋਂ ਡਰਦੇ ਉਹ ਪਠਾਣ ਵੀ ਜੰਗ ਦੇ

---

1. ਸ੍ਰੀ ਗੁਰ ਸੋਭਾ, ਪੰਨਾ 74
2. ਉਕਤ, ਪੰਨਾ 75
3. ਗੁਰੂ ਗੋਬਿੰਦ ਸਿੰਘ, ਜ਼ਫ਼ਰਨਾਮਾ, ਪਟਿਆਲਾ, 1978, ਪੰਨਾ 15

ਮੈਦਾਨ ਵਿਚੋਂ ਭਜ ਕੇ ਜਾਨ ਬਚਾਉਂਦੇ ਸਨ ਜਿਹੜੇ ਆਮ ਤੌਰ ਤੇ ਲੜਨ ਮਰਨ ਦੀਆਂ ਸ਼ੇਖੀਆਂ ਮਾਰਦੇ ਹੁੰਦੇ ਸਨ। ਨਾਹਰ ਖਾਂ ਦੇ ਮਰ ਜਾਣ ਪਿਛੋਂ ਇਕ ਪਠਾਣ ਹੋਰ ਬੜੀ ਤੇਜ਼ੀ ਨਾਲ ਤੀਰ ਤੇ ਗੋਲੀਆਂ ਬਰਸਾਉਂਦਾ ਹੋਇਆ ਅੱਗੇ ਆਇਆ। ਭਾਵੇਂ ਉਹ ਬਹੁਤ ਬਹਾਦਰੀ ਨਾਲ ਲੜਿਆ ਪਰ ਉਹ ਵੀ ਘਬਰਾਹਟ ਵਿਚ ਆ ਕੇ ਕਈ ਵਾਰ ਮੂਰਖਾਂ ਵਾਲੇ ਹਮਲੇ ਕਰਦਾ ਸੀ। ਇਸ ਨੇ ਕਈ ਹੱਲੇ ਕੀਤੇ ਅਤੇ ਦੋ ਸਿੰਘਾਂ ਨੂੰ ਜਾਨੋਂ ਮਾਰ ਦਿੱਤਾ ਪਰ ਅਖੀਰ ਨੂੰ ਉਹ ਵੀ ਉਨ੍ਹਾਂ ਦੇ ਤੀਰਾਂ ਦਾ ਸ਼ਿਕਾਰ ਹੋ ਕੇ ਜਾਨ ਗੁਆ ਬੈਠਾ। ਇਕ ਹੋਰ ਖ਼ੁਆਜਾ ਜ਼ਫ਼ਰਬੇਗ ਡਰਦਾ ਹੋਇਆ ਦੀਵਾਰ ਦੀ ਓਟ ਤੋਂ ਹੀ ਬਾਹਰ ਨਹੀਂ ਆਇਆ। ਉਹ ਕਾਇਰਾਂ ਵਾਂਗ ਹੀ ਲੁਕਿਆ ਬੈਠਾ ਰਿਹਾ। ਜੇਕਰ ਉਹ ਉਨ੍ਹਾਂ ਦੇ ਸਾਹਮਣੇ ਆ ਜਾਂਦਾ ਤਾਂ ਉਸ ਨੂੰ ਵੀ ਪਹਿਲਿਆਂ ਵਾਂਗ ਮਾਰ ਮੁੱਕਾ ਦੇਣਾ ਸੀ। ਇਸ ਪਰਕਾਰ ਥੋੜੇ ਜਿਹੇ ਸਮੇਂ ਵਿਚ ਹੀ ਦੋਹਾਂ ਪਾਸਿਆਂ ਤੋਂ ਕਾਫ਼ੀ ਆਦਮੀ ਮਾਰੇ ਗਏ ਅਤੇ ਧਰਤੀ ਲਹੂ-ਲੁਹਾਣ ਹੋ ਗਈ। ਮਾਰੇ ਗਏ ਬੰਦਿਆਂ ਦੇ ਸਿਰ, ਪੈਰ ਅਤੇ ਲੱਤਾਂ-ਬਾਹਾਂ ਇਉਂ ਧਰਤੀ ਉਤੇ ਰੁਲ ਰਹੀਆਂ ਸਨ ਜਿਵੇਂ ਧਰਤੀ ਖਿਦੋ-ਖੂੰਡੀਆਂ ਨਾਲ ਭਰੀ ਪਈ ਹੋਵੇ। ਤੀਰਾਂ ਤੇ ਕਮਾਨਾਂ ਦੀਆਂ ਟੁਣਕਾਰਾਂ ਲੋਕਾਂ ਵਿਚ ਦਹਿਸ਼ਤ ਫੈਲਾਅ ਰਹੀਆਂ ਸਨ। ਤੀਰਾਂ ਦੀ ਬੁਛਾੜ ਦੇ ਪਿਛੋਂ ਸੂਰਮੇ ਬਰਛਿਆਂ ਨਾਲ ਲੜਾਈ ਕਰਨ ਲਗੇ ਪਰ ਲੜਾਈ ਵਿਚ ਇਕੱਲੀ ਸੂਰਮਗਤੀ ਕੀ ਕਰ ਸਕਦੀ ਹੈ ਜੇਕਰ ਭੁੱਖੇ ਭਾਣੇ ਚਾਲ੍ਹੀ ਆਦਮੀਆਂ ਉਪਰ ਅਣਗਿਣਤ ਫ਼ੌਜ ਟੁੱਟ ਕੇ ਆ ਪਵੇ।[1]

ਇਸ ਤਰ੍ਹਾਂ ਗੁਰੂ ਸਾਹਿਬ ਪੂਰਾ ਇਕ ਦਿਨ ਅਤੇ ਇਕ ਰਾਤ ਆਪਣੇ ਮੁੱਠੀ ਭਰ ਸਿੰਘਾਂ ਨਾਲ ਅਣਗਿਣਤ ਫ਼ੌਜ ਦਾ ਮੁਕਾਬਲਾ ਕਰਦੇ ਰਹੇ। ਅਖੀਰ ਜਦੋਂ ਲੜਾਈ ਵਿਚ ਗੁਰੂ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਅਤੇ ਕਾਫ਼ੀ ਸਿੰਘ ਮਾਰੇ ਗਏ ਤਾਂ ਬਾਕੀ ਦੇ ਬਚੇ ਹੋਏ ਸਿੰਘਾਂ ਨੇ ਗੁਰੂ ਸਾਹਿਬ ਨੂੰ ਦੁਸ਼ਮਣ ਦੇ ਘੇਰੇ ਵਿਚੋਂ ਨਿਕਲ ਜਾਣ ਦਾ ਹੁਕਮ ਕਰ ਦਿੱਤਾ। ਰਵਾਇਤ ਅਨੁਸਾਰ ਗੁਰੂ ਜੀ ਪੰਜ ਪਿਆਰਿਆਂ ਦੇ ਹੁਕਮ ਨੂੰ ਮੰਨਦੇ ਹੋਏ ਰਾਤ ਦੇ ਅੰਧੇਰੇ ਵਿਚ ਦੁਸ਼ਮਣ ਦੀ ਸੈਨਾ ਵਿਚੋਂ ਦੀ ਸਫਲਤਾ ਨਾਲ ਨਿਕਲ ਗਏ। ਹਵੇਲੀ ਵਿਚੋਂ ਨਿਕਲਣ ਸਮੇਂ ਗੁਰੂ ਜੀ ਨੇ ਦੁਸ਼ਮਣ ਨੂੰ ਭੁਲੇਖਾ ਪਾਉਣ ਲਈ ਆਪਣਾ ਲਿਬਾਸ ਭਾਈ ਸੰਗਤ ਸਿੰਘ ਨੂੰ ਪਹਿਨਾ ਦਿੱਤਾ। ਭਾਈ ਸੰਗਤ ਸਿੰਘ ਦੀ ਸ਼ਕਲ ਸੂਰਤ ਗੁਰੂ ਜੀ ਨਾਲ ਮਿਲਦੀ-ਜੁਲਦੀ ਸੀ। ਦਿਨ ਚੜ੍ਹੇ ਜਦੋਂ ਦੁਸ਼ਮਣਾਂ ਨੇ ਹਵੇਲੀ ਉਪਰ ਹਮਲਾ ਕੀਤਾ ਤਾਂ ਉਨ੍ਹਾਂ ਨੇ ਭਾਈ ਸੰਗਤ ਸਿੰਘ ਨੂੰ ਹੀ ਗੁਰੂ ਗੋਬਿੰਦ ਸਿੰਘ ਸਮਝ ਕੇ ਉਸ ਦਾ ਸਿਰ ਕਟ ਕੇ ਬਾਦਸ਼ਾਹ ਪਾਸ ਭੇਜ ਦਿੱਤਾ ਪਰੰਤੂ ਗੁਰੂ ਜੀ ਤਾਂ ਉਨ੍ਹਾਂ ਦੇ ਘੇਰੇ ਵਿਚੋਂ ਨਿਕਲ ਕੇ ਜਾ ਚੁਕੇ ਸਨ।

---

1. ਉਕਤ. ਪੰਨੇ 27-41

## ਜਤੌਲੀ

ਜਤੌਲੀ ਬਸਾਲੀ ਤੋਂ ਢਾਈ ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ ਬਸਾਲੀ ਵਿਖੇ ਠਹਿਰਨ ਸਮੇਂ ਇਥੇ ਆਏ ਸਨ। ਜਿਸ ਸਮੇਂ ਬਸਾਲੀ ਵਿਖੇ ਗੁਰੂ ਜੀ ਉਪਰ ਦੁਸ਼ਮਣਾਂ ਨੇ ਹਮਲਾ ਕੀਤਾ ਸੀ ਤਾਂ ਦੋਵਾਂ ਸੈਨਾਵਾਂ ਵਿਚਕਾਰ ਜਤੌਲੀ ਦੇ ਅਸਥਾਨ ਉਤੇ ਹੀ ਮੁੱਠਭੇੜ ਹੋਈ ਸੀ। ਇਥੇ ਗੁਰੂ ਜੀ ਦੀ ਜਿੱਤ ਹੋ ਜਾਣ ਕਰਕੇ ਪਿੰਡ ਦਾ ਨਾਂ ਜਤੌਲੀ ਭਾਵ ਜਿਤਾਉਣ ਵਾਲੀ ਪਿਆ ਹੈ। ਪਹਿਲਾਂ ਇਸ ਦਾ ਨਾਂ ਮਨਕੌਲੀ ਸੀ।

ਸਥਾਨਕ ਰਵਾਇਤ ਅਨੁਸਾਰ ਜਦੋਂ ਗੁਰੂ ਜੀ ਬਸਾਲੀ ਤੋਂ ਚਲ ਕੇ ਰਸਤੇ ਵਿਚਲਾ ਚੋਆ ਪਾਰ ਕਰ ਕੇ ਇਸ ਪਿੰਡ ਦੇ ਇਕ ਹਿੱਸੇ ਵਿਚ ਪਹੁੰਚੇ ਤਾਂ ਉਥੋਂ ਦੇ ਲੋਕਾਂ ਨੇ ਉਲਟਾ ਦੁਸ਼ਮਣ ਦੀਆਂ ਫ਼ੌਜਾਂ ਦਾ ਸਾਥ ਦਿੱਤਾ। ਇਸ ਕਰਕੇ ਗੁਰੂ ਜੀ ਨੇ ਪਿੰਡ ਦੇ ਦੂਸਰੇ ਹਿੱਸੇ ਵਿਚ ਜਿਹੜਾ ਚੋਏ ਤੋਂ ਦੂਜੇ ਪਾਸੇ ਹੈ ਡੇਰਾ ਲਾਇਆ। ਇਹ ਲੋਕ ਗੁਰੂ ਜੀ ਦੇ ਸ਼ਰਧਾਲੂ ਸਨ ਅਤੇ ਗੁਰੂ ਜੀ ਦੇ ਨਾਲ ਮਿਲ ਕੇ ਦੁਸ਼ਮਨ ਨਾਲ ਲੜੇ ਸਨ।

ਇਥੇ ਇਕ ਨਿੰਮ ਦਾ ਦਰਖਤ ਖੜਾ ਹੈ ਜਿਸ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਜੀ ਇਸ ਦੇ ਹੇਠਾਂ ਬੈਠੇ ਸਨ। ਅੱਜ ਕਲ੍ਹ ਪਿੰਡ ਵਾਸੀ ਇਸ ਦਰਖਤ ਨੂੰ ਗੁਰੂ ਜੀ ਦੀ ਯਾਦ ਦੇ ਤੌਰ ਤੇ ਸਤਿਕਾਰਦੇ ਹਨ।

## ਨਿਰਮੋਹ ਗੜ੍ਹ

ਨਿਰਮੋਹ ਗੜ੍ਹ ਆਨੰਦਪੁਰ ਸਾਹਿਬ-ਰੋਪੜ ਵਾਲੀ ਸੜਕ ਉਪਰ ਕੀਰਤਪੁਰ ਸਾਹਿਬ ਦੇ ਨਜ਼ਦੀਕ ਸਥਿਤ ਹੈ। 1699 ਈਸਵੀ ਵਿਚ ਖਾਲਸਾ ਸਾਜੇ ਜਾਣ ਪਿਛੋਂ ਜਦੋਂ ਕਹਿਲੂਰ ਦੀ ਰਿਆਸਤ ਦੇ ਰਾਜੇ ਨੇ ਆਪਣੀ ਰਿਆਸਤ ਦੀ ਸੁਰਖਿਆ ਲਈ ਖਤਰਾ ਮਹਿਸੂਸ ਕੀਤਾ ਤਾਂ ਉਸ ਨੇ ਹੋਰ ਗੁਆਂਢੀ ਰਾਜਿਆਂ ਨੂੰ ਨਾਲ ਲੈ ਕੇ ਆਨੰਦਪੁਰ ਸਾਹਿਬ ਉਤੇ ਆ ਹਮਲਾ ਕੀਤਾ। ਇਹ ਘੇਰਾ ਕਾਫ਼ੀ ਚਿਰ ਜਾਰੀ ਰਿਹਾ ਅਤੇ ਪਹਾੜੀ ਰਾਜੇ ਗੁਰੂ ਜੀ ਉਪਰ ਜਿੱਤ ਪ੍ਰਾਪਤ ਕਰਨ ਵਿਚ ਅਸਫ਼ਲ ਰਹੇ। ਆਖ਼ੀਰ ਉਤੇ ਰਾਜਿਆਂ ਵੱਲੋਂ ਸਮਝੌਤਾ ਕਰਨ ਬਾਦ ਇਕ ਚਾਲ ਚਲੀ ਗਈ ਜਿਸ ਅਨੁਸਾਰ ਗੁਰੂ ਜੀ ਨੇ ਕੁਝ ਸਮੇਂ ਲਈ ਆਨੰਦਪੁਰ ਸਾਹਿਬ ਦੁਆਲਿਓਂ ਆਪਣਾ ਘੇਰਾ ਚੁੱਕ ਲੈਣਾ ਸੀ। ਇਸ ਸਮਝੌਤੇ ਅਨੁਸਾਰ ਗੁਰੂ ਜੀ ਨੇ ਆਨੰਦਪੁਰ ਸਾਹਿਬ ਨੂੰ ਖਾਲੀ ਕਰ ਕੇ ਨਿਰਮੋਹ ਗੜ੍ਹ ਵਾਲੀ ਥਾਂ ਉਤੇ ਜਾ ਕੇ ਕੈਂਪ ਲਾ ਲਿਆ। ਕਿਉਂਕਿ ਗੁਰੂ ਜੀ ਆਨਦਪੁਰ ਸਾਹਿਬ ਨਾਲੋਂ ਸਭ ਮੋਹ-ਮਮਤਾ ਤਿਆਗ ਕੇ ਇਥੇ ਆਏ ਸਨ ਇਸ ਲਈ ਪਿੱਛੋਂ ਇਸ ਥਾਂ ਦਾ ਨਾਂ ਨਿਰਮੋਹ ਗੜ੍ਹ ਪੈ ਗਿਆ। ਇਥੇ ਗੁਰੂ ਜੀ ਕੁਝ ਸਮਾਂ ਰਹੇ।

## ਪਰਿਵਾਰ ਵਿਛੋੜਾ ਸਾਹਿਬ

ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਸਾਹਿਬ ਨੂੰ ਛੱਡ ਕੇ ਜਿਸ ਸਮੇਂ ਆਪਣੇ ਸਿੰਘਾਂ ਨਾਲ ਰੋਪੜ ਦੀ ਤਰਫ ਵੱਧ ਰਹੇ ਸਨ ਤਾਂ ਦੁਸ਼ਮਣ ਦੀਆਂ ਫ਼ੌਜਾਂ ਮਾਰੋਮਾਰ ਕਰਦੀਆਂ ਹੋਈਆਂ ਗੁਰੂ ਜੀ ਦਾ ਪਿੱਛਾ ਕਰਦੀਆਂ ਆ ਰਹੀਆਂ ਸਨ। ਰਸਤੇ ਵਿਚ ਵਰਤਮਾਨ ਗੁਰਦੁਆਰਾ ਪਰਿਵਾਰ ਵਿਛੋੜਾ ਵਾਲੀ ਥਾਂ ਉਤੇ ਸਰਸਾ ਨਦੀ ਚਲਦੀ ਸੀ ਅਤੇ ਸਰਸਾ ਨਦੀ ਵਿਚੋਂ ਪਰਿਵਾਰ ਅਤੇ ਹੋਰ ਮਾਲ ਅਸਬਾਬ ਨੂੰ ਪਾਰ ਲੰਘਾਉਣ ਲਈ ਜ਼ਰੂਰੀ ਸੀ ਕਿ ਦੁਸ਼ਮਣ ਦੀ ਫ਼ੌਜ ਨੂੰ ਪਿਛੇ ਰੋਕਿਆਂ ਜਾਂਦਾ। ਇਸ ਮਨੋਰਥ ਲਈ ਗੁਰੂ ਜੀ ਨੇ ਭਾਈ ਜੀਵਨ ਸਿੰਘ ਦੀ ਕਮਾਂਡ ਹੇਠ ਸੌ ਸਿੰਘਾਂ ਦਾ ਜੱਥਾ ਨੀਅਤ ਕੀਤਾ ਅਤੇ ਇਸ ਜੱਥੇ ਨੇ ਉਦੋਂ ਤੱਕ ਦੁਸ਼ਮਣ ਨੂੰ ਲੜਾਈ ਵਿਚ ਉਲਝਾਈ ਰਖਿਆ ਜਦੋਂ ਥੱਕ ਗੁਰੂ ਜੀ ਅਤੇ ਹੋਰ ਕਾਫਲਾ ਸਰਸਾ ਨਦੀ ਪਾਰ ਨਹੀਂ ਸੀ ਕਰ ਗਿਆ। ਭਾਈ ਜੀਵਨ ਸਿੰਘ ਦੀ ਕਮਾਂਡ ਹੇਠ ਸੌ ਦੇ ਸੌ ਦਾ ਜੱਥਾ ਲੜਾਈ ਵਿਚ ਸ਼ਹੀਦ ਹੋ ਗਿਆ ਸੀ।

ਸਰਸਾ ਨਦੀ ਪਾਰ ਕਰਨ ਸਮੇਂ ਗੁਰੂ ਜੀ ਦਾ ਸਾਰਾ ਪਰਿਵਾਰ ਇਥੋਂ ਵਿਛੜ ਗਿਆ ਸੀ। ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਵਿਛੜ ਕੇ ਗੰਗੂ ਬ੍ਰਾਹਮਣ ਨਾਲ ਮੋਰਿੰਡੇ ਦੀ ਤਰਫ ਚਲੇ ਗਏ ਸਨ। ਗੁਰੂ ਜੀ ਦੇ ਮਹਿਲ ਵੀ ਵਿਛੜ ਕੇ ਦਿੱਲੀ ਦੀ ਤਰਫ ਚਲੇ ਗਏ ਸਨ। ਗੁਰੂ ਜੀ ਸਿੰਘਾਂ ਸਮੇਤ ਦੁਸ਼ਮਣ ਦਾ ਮੁਕਾਬਲਾ ਕਰਦੇ ਹੋਏ ਰੋਪੜ ਵੱਲ ਕੋਟਲਾ ਨਿਹੰਗਾਂ ਵਿਖੇ ਪਹੁੰਚ ਗਏ ਸਨ। ਇਸ ਤਰ੍ਹਾਂ ਗੁਰੂ ਜੀ ਦਾ ਸਾਰਾ ਪਰਿਵਾਰ ਵਿੱਛੜ ਜਾਣ ਕਰਕੇ ਹੀ ਇਸ ਥਾਂ ਦਾ ਨਾਂ 'ਪਰਿਵਾਰ ਵਿਛੋੜਾ' ਰੱਖਿਆ ਗਿਆ ਹੈ।

ਕਿਹਾ ਜਾਂਦਾ ਹੈ ਕਿ ਜਿਸ ਸਮੇਂ ਇਥੇ ਪਹਿਲਾਂ ਗੁਰਦੁਆਰੇ ਦੀਆਂ ਨੀਹਾਂ ਪੁੱਟੀਆਂ ਜਾ ਰਹੀਆਂ ਸਨ ਅਤੇ ਪਿਛੋਂ ਭਾਖੜਾ ਨਹਿਰ ਦੀ ਪੁਟਾਈ ਕੀਤੀ ਜਾ ਰਹੀ ਸੀ ਤਾਂ ਉਸ ਸਮੇਂ ਧਰਤੀ ਵਿਚੋਂ ਮੁਰਦਿਆਂ ਦੀਆਂ ਖੋਪਰੀਆਂ, ਹੱਡੀਆਂ ਅਤੇ ਕੁਝ ਕਿਰਪਾਨਾਂ ਵੀ ਮਿਲੀਆਂ ਸਨ ਜਿਨ੍ਹਾਂ ਨੂੰ ਇਥੇ ਗੁਰਦੁਆਰੇ ਵਿਚ ਸੰਭਾਲਿਆ ਹੋਇਆ ਹੈ।

## ਫਿੱਡਾ, ਘਨੌਲਾ ਅਤੇ ਲੋਧੀ ਮਾਜਾਰਾ

ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਸਾਹਿਬ ਨੂੰ ਛਡ ਕੇ ਚਮਕੌਰ ਸਾਹਿਬ ਵੱਲ ਨੂੰ ਆਉਂਦੇ ਹੋਏ ਇਨ੍ਹਾਂ ਪਿੰਡਾਂ ਵਿਚੋਂ ਗੁਜ਼ਰੇ ਸਨ। ਇਹ ਪਿੰਡ ਆਨੰਦਪੁਰ ਸਾਹਿਬ ਤੋਂ ਰੋਪੜ ਵੱਲ ਨੂੰ ਆਉਂਦੇ ਉਸ ਸਮੇਂ ਦੇ ਰਸਤੇ ਉਪਰ ਸਥਿਤ ਸਨ। ਗੁਰੂ ਸਾਹਿਬ ਦੀ ਇਸ ਯਾਦ ਨਾਲ ਸੰਬੰਧਤ ਇਨ੍ਹਾਂ ਪਿੰਡਾਂ ਵਿਚ ਗੁਰਦੁਆਰੇ ਸਸ਼ੋਭਤ ਹਨ। ਇਥੋਂ ਫਿੱਡਾ ਅਤੇ ਘਨੌਲਾ ਵਰਤਮਾਨ ਆਨੰਦਪੁਰ ਸਾਹਿਬ ਰੋਪੜ ਸੜਕ ਉਪਰ ਨਾਲਾਗੜ੍ਹ ਸੜਕ ਨਜ਼ਦੀਕ ਡੇਢ ਡੇਢ ਕਿਲੋਮੀਟਰ ਦੀ ਵਿੱਥ ਉਤੇ ਹੈ ਅਤੇ ਲੋਧੀ ਮਾਜਰਾ ਫਿੱਡੇ ਤੋਂ ਲਗਭਗ ਦੋ ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ।

## ਬਸਾਲੀ

ਬਸਾਲੀ ਰੋਪੜ ਤੋਂ ਸਤਾਈ ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ ਨਿਰਮੋਹਗੜ੍ਹ ਵਿਖੇ ਦੁਸ਼ਮਣਾਂ ਨਾਲ ਜੰਗ ਕਰਨ ਪਿਛੋਂ ਇਥੇ ਆਏ ਸਨ। ਬਸਾਲੀ ਉਸ ਸਮੇਂ ਇਕ ਛੋਟੀ ਜਿਹੀ ਰਿਆਸਤ ਸੀ ਅਤੇ ਇਸ ਦਾ ਰਾਜਾ ਸੁਲਾਹੀ ਚੰਦ ਗੁਰੂ ਜੀ ਦਾ ਸ਼ਰਧਾਲੂ ਸੀ। ਗੁਰੂ ਜੀ ਦੇ ਇਥੇ ਪਹੁੰਚਣ ਉਤੇ ਦੁਸ਼ਮਣ ਵੱਲੋਂ ਪਿਛੋਂ ਹਮਲਾ ਕੀਤਾ ਗਿਆ। ਸਥਾਨਕ ਰਵਾਇਤ ਅਨੁਸਾਰ ਦੁਸ਼ਮਣ ਨਾਲ ਇਥੇ ਵੀ ਤਕੜੀ ਲੜਾਈ ਹੋਈ ਅਤੇ ਬਸਾਲੀ ਨਗਰ ਦਾ ਹਰ ਆਦਮੀ ਗੁਰੂ ਜੀ ਦੇ ਨਾਲ ਜੁੜ ਕੇ ਕਟ ਮਰਿਆ ਸੀ। ਇਹੀ ਕਾਰਨ ਹੈ ਕਿ ਬਸਾਲੀ ਨਗਰ ਦਾ ਨਾਂ "ਕਟਾ ਬਸਾਲੀ" ਵੀ ਲਿਆ ਜਾਂਦਾ ਹੈ ਜਿਸ ਦਾ ਮਤਲਬ ਹੈ ਕਿ ਬਸਾਲੀ ਦਾ ਨਗਰ ਗੁਰੂ ਜੀ ਲਈ ਕਟ ਮਰਿਆ।

ਬਸਾਲੀ ਵਿਖੇ ਗੁਰੂ ਜੀ ਨਾਲ ਸੰਬੰਧਤ ਤਿੰਨ ਥਾਵਾਂ ਹਨ। ਇਕ ਥਾਂ ਰਾਜੇ ਦੇ ਮਹਿਲਾਂ ਦੇ ਇਕ ਕਮਰੇ ਦੀ ਹੈ। ਇਥੇ ਅੱਜ ਕਲ੍ਹ ਇਕ ਫਲਾਹੀ ਦਾ ਦਰੱਖਤ ਖੜਾ ਹੈ ਅਤੇ ਇਸ ਦੇ ਹੇਠਾਂ ਇਕ ਪੱਕਾ ਥੜਾ ਹੈ। ਦੂਜਾ ਅਸਥਾਨ ਪਿੰਡ ਦੇ ਵਿਚਕਾਰ ਚੌਖੰਡੀ ਵਿਚ ਹੈ। ਇਥੇ ਇਕ ਪੱਥਰ ਪਿਆ ਹੈ ਜਿਸ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਜੀ ਇਸ ਪੱਥਰ ਉਪਰ ਬੈਠਿਆ ਕਰਦੇ ਸਨ। ਤੀਜਾ ਅਸਥਾਨ ਪਿੰਡ ਤੋਂ ਬਾਹਰ ਪਹਾੜੀ ਢਲਾਣ ਉਤੇ ਹੈ। ਇਸ ਅਸਥਾਨ ਨੂੰ ਗੁਰੂ ਜੀ ਦੀ ਚੌਕੀ ਜਾਂ ਗੁਰੂ ਜੀ ਦੀ ਝਿੜੀ ਕਿਹਾ ਜਾਂਦਾ ਹੈ। ਇਥੇ ਛਲ ਦੇ ਕੁਝ ਦਰੱਖਤ ਖੜੇ ਹਨ ਅਤੇ ਉਨ੍ਹਾਂ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਗੁਰੂ ਜੀ ਦੇ ਸਮੇਂ ਦੇ ਹਨ।

## ਬਿਭੌਰ ਸਾਹਿਬ

ਗੁਰੂ ਗੋਬਿੰਦ ਸਿੰਘ ਕਹਿਲੂਰ ਦੇ ਰਾਜੇ ਨਾਲ ਕਈ ਯੁੱਧ ਲੜਨ ਪਿਛੋਂ ਬਸਾਲੀ ਰਿਆਸਤ ਦੇ ਨਗਰ ਬਿਭੌਰ ਵਿਖੇ ਜਾ ਕੇ ਰਹਿਣ ਲਗ ਪਏ ਸਨ। ਇਹ ਥਾਂ ਸਤਲੁਜ ਦਰਿਆ ਦੇ ਐਨ ਕੰਢੇ ਉਪਰ ਸਥਿਤ ਹੈ ਅਤੇ ਨੰਗਲ ਸ਼ਹਿਰ ਤੋਂ ਤਿੰਨ ਕਿਲੋਮੀਟਰ ਉਪਰ ਵੱਲ ਹੈ। ਇਥੋਂ ਦਾ ਰਾਜਾ ਰਤਨ ਚੰਦ ਗੁਰੂ ਘਰ ਦਾ ਸ਼ਰਧਾਲੂ ਸੀ ਅਤੇ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਦਾ ਰਿਸ਼ਤੇਦਾਰ ਸੀ। ਇਸ ਕਰਕੇ ਗੁਰੂ ਜੀ ਨੂੰ ਅਨੇਕਾਂ ਯੁੱਧ ਕਰਨ ਪਿਛੋਂ ਇਥੇ ਕੁਝ ਸਮਾਂ ਸ਼ਾਂਤੀ ਨਾਲ ਰਹਿਣ ਲਈ ਪ੍ਰਾਪਤ ਹੋਇਆ।

ਸਥਾਨਕ ਰਵਾਇਤ ਅਨੁਸਾਰ ਗੁਰੂ ਜੀ ਇਥੇ ਇਕ ਸਾਲ ਦੇ ਕਰੀਬ ਸਮਾਂ ਰਹੇ। ਇਸ ਸਮੇਂ ਦੌਰਾਨ ਗੁਰੂ ਜੀ ਨੇ ਇਥੇ ਬੈਠ ਕੇ 'ਚੌਪਾਈ' ਦਾ ਉਚਾਰਨ ਵੀ ਕੀਤਾ ਸੀ। ਪੰਡਿਤ ਤਾਰਾ ਸਿੰਘ ਨਰੋਤਮ ਨੇ ਲਿਖਿਆ ਹੈ: "ਬਭੌਰ ਕੇ ਰਾਵ ਨੇ ਬਡੀ ਖਾਤ੍ਰ ਕਰੀ ਅਰ ਕਹਯਾ ਮਹਾਰਾਜ ਮੇਰੇ ਗ੍ਰਾਮ ਮੇ ਹੀ ਨਿਵਾਸ ਕਰੇਂ ਸਭ ਸਮਾਜ ਈਹਾਂ ਮੰਗਵਾਈਏ ਗੁਰੂ ਜੀ ਨੇ ਬਿਸਾਲੀ ਸੇ ਸਭ ਕੋ ਈਹਾਂ ਮੰਗਵਾਯਾ ਈਹਾਂ ਹੀ ਗੁਰੂ ਜੀ ਨੇ ਕ੍ਰਿਸ਼ਨ ਅਵਤਾਰ ਕੀ ਕਥਾ ਪੂਰਨ ਕਰੀ।"[1]

---

1. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 130

## ਬੂਰ ਮਾਜਰਾ

ਕੁਰਾਲੀ ਰੇਲਵੇ ਸਟੇਸ਼ਨ ਦੇ ਨਜ਼ਦੀਕ ਬੂਰ ਮਾਜਰਾ ਚਮਕੌਰ ਸਾਹਿਬ ਤੋਂ ਪੰਜ ਕੋਹ ਪਿਛਾਂਹ ਵੱਲ ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ ਰੋਪੜ ਤੋਂ ਚਮਕੌਰ ਸਾਹਿਬ ਵੱਲ ਜਾਂਦੇ ਹੋਏ ਇਥੇ ਕੁਝ ਸਮਾਂ ਠਹਿਰੇ ਸਨ। ਬੂਰ ਮਾਜਰਾ ਰੋਪੜ ਤੋਂ ਗੁਰੂ ਗੋਬਿੰਦ ਸਿੰਘ ਮਾਰਗ ਉਪਰ ਚਮਕੌਰ ਸਾਹਿਬ ਵੱਲ ਪੰਦਰਾਂ ਕਿਲੋਮੀਟਰ ਦੀ ਵਿੱਥ ਉਤੇ ਸਥਿਤ ਹੈ।

ਸਥਾਨਕ ਰਵਾਇਤ ਅਨੁਸਾਰ ਇਥੇ ਗੁਰੂ ਜੀ ਅਤੇ ਉਨ੍ਹਾਂ ਦੇ ਜੱਥੇ ਨੇ ਇਕ ਖੂਹ ਉਪਰ ਪਾਣੀ ਪੀਤਾ ਸੀ। ਇਹ ਖੂਹ ਹੁਣ ਵੀ ਗੁਰਦੁਆਰਾ ਸਾਹਿਬ ਦੀ ਇਮਾਰਤ ਵਿਚ ਸੁਰੱਖਿਅਤ ਹੈ। ਪੰਡਿਤ ਤਾਰਾ ਸਿੰਘ ਨਰੋਤਮ ਨੇ ਇਸ ਬਾਰੇ ਇਉਂ ਲਿਖਿਆ ਹੈ: "ਇਸ ਗ੍ਰਾਮ ਮੇ ਪਹੁਚ ਕੇ ਗੁਰੂ ਜੀ ਨੇ ਜਲ ਪੀਆ। ਸਿਖੋਂ ਨੇ ਪੀਆ ਮੁਖ ਧੋਏ ਫੇਰ ਆਗੇ ਚਲ ਦੀਏ॥ ਈਹਾਂ ਇਨ ਕੋ ਦੇਖ ਕਰ ਏਕ ਆਦਮੀ ਨੇ ਪਾਤਸਾਹੀ ਲਸਕਰ ਕੋ ਖਬਰ ਦਈ॥"[1]

ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਪਿੰਡ ਸੰਬੰਧੀ ਲਿਖਿਆ ਹੈ ਕਿ ਇਹ ਪਿੰਡ ਜ਼ਿਲ੍ਹਾ ਅੰਬਾਲਾ, ਤਹਿਸੀਲ ਰੋਪੜ, ਥਾਣਾ ਮੋਰਿੰਡਾ ਵਿਚ ਹੈ। ਪਿੰਡ ਤੋਂ ਪੱਛਮ ਵੱਲ ਅੱਧ ਮੀਲ ਉਤੇ ਦਸ਼ਮੇਸ਼ ਜੀ ਦਾ ਗੁਰਦੁਆਰਾ 'ਦੀਦਾਰ ਸਰ' ਨਾਮੀ ਹੈ। ਗੁਰੂ ਜੀ ਚਮਕੌਰ ਨੂੰ ਜਾਂਦੇ ਹੋਏ ਇਥੇ ਵਿਰਾਜੇ ਸਨ।[2]

## ਭਲਾਣ

ਭਲਾਣ, ਨਗਲ ਤੋਂ ਦੱਖਣ-ਪੂਰਬ ਵੱਲ 18 ਕਿਲੋਮੀਟਰ ਦੀ ਵਿੱਥ ਉਤੇ ਸਥਿਤ ਹੈ। ਇਥੇ ਗੁਰੂ ਗੋਬਿੰਦ ਸਿੰਘ ਦੇ ਸਮੇਂ ਰਾਜਪੂਤ ਬੰਸ ਦੇ ਲੋਕ ਰਹਿੰਦੇ ਸਨ ਅਤੇ ਇਹ ਲੋਕ ਪਹਾੜੀ ਰਾਜਿਆਂ ਦੇ ਮੁਦਈ ਸਨ। ਅੱਜ ਵੀ ਜਿਹੜੇ ਲੋਕ ਇਥੇ ਵਸਦੇ ਹਨ ਉਹ ਆਪਣੇ ਆਪ ਨੂੰ ਰਾਜਪੂਤ ਹੀ ਸਮਝਦੇ ਹਨ ਅਤੇ ਜ਼ਿਆਦਾ ਤਰ ਉਹ ਰਾਇ ਗੋਤ ਦੇ ਲੋਕ ਹਨ।

ਗੁਰੂ ਗੋਬਿੰਦ ਸਿੰਘ ਜੀ ਨਿਰਮੋਹ ਗੜ੍ਹ ਦੀ ਲੜਾਈ ਤੋਂ ਪਿਛੋਂ ਜਦੋਂ ਆਨੰਦਪੁਰ ਸਾਹਿਬ ਜਾ ਕੇ ਰਹਿਣ ਲਗ ਪਏ ਸਨ ਤਾਂ ਪਿਛੋਂ ਸਰਹਿੰਦ ਦੇ ਸੂਬੇ ਵੱਲੋਂ ਕੁਝ ਫ਼ੌਜੀ ਸਹਾਇਤਾ ਮਿਲਣ ਕਰਕੇ ਜਦ ਦੁਬਾਰਾ ਫਿਰ ਪਹਾੜੀ ਰਾਜਿਆਂ ਵੱਲੋਂ ਗੁਰੂ ਜੀ ਉਤੇ ਹਮਲਾ ਕੀਤਾ ਗਿਆ ਤਾਂ ਇਸ ਲੜਾਈ ਸਮੇਂ ਗੁਰੂ ਜੀ ਦੇ ਸਿੰਘਾਂ ਅਤੇ ਦੁਸ਼ਮਣ ਦੀ ਸੈਨਾ ਵਿਚਕਾਰ ਭਲਾਣ ਵਿਖੇ ਜੰਗ ਹੋਈ ਸੀ।

ਭਲਾਣ ਵਿਖੇ ਪੁਰਾਣੇ ਕਿਲ੍ਹੇ ਦੇ ਖੰਡਰਾਤ ਵੀ ਮਿਲਦੇ ਹਨ। ਅੱਜ ਕਲ੍ਹ ਇਸ ਕਿਲ੍ਹੇ ਵਿਚ ਹਾਈ ਸਕੂਲ ਚਲ ਰਿਹਾ ਹੈ। ਸਥਾਨਕ ਰਵਾਇਤ ਅਨੁਸਾਰ ਗੁਰੂ ਜੀ ਨੇ ਦੁਸ਼ਮਣ ਦਾ ਟਾਕਰਾ ਕਰਨ ਲਈ ਪਹਿਲੋਂ ਹੀ ਆ ਕੇ ਇਸ ਕਿਲ੍ਹੇ ਉਪਰ ਕਬਜ਼ਾ ਕਰ ਲਿਆ ਸੀ।

ਪੰਡਿਤ ਤਾਰਾ ਸਿੰਘ ਨਰੋਤਮ ਨੇ ਇਸ ਸੰਬੰਧੀ ਇਉਂ ਲਿਖਿਆ ਹੈ: "ਅਲਫ ਖਾਂਨ ਕੇ ਜੰਗ ਹੂਏ ਪੀਛੇ ਦਿਲਾਵਰ ਖਾਂਨ ਪਠਾਣ ਨੇ ਆਨੰਦਪੁਰ ਫਤੇ ਕਰਨੇ ਹੇਤ ਅਪਨਾ ਪੁੱਤ੍ਰ ਭੇਜਯਾ। ਰਾਤ ਕੋ ਆਨੰਦਪੁਰ ਕੇ ਪਾਸ ਆਯਾ। ਗੁਰੂ ਜੀ ਕੋ ਖਬਰ ਹੂਈ। ਜੰਗ ਕੀ ਤਯਾਰੀ ਕਰੀ। ਡਰ ਕਰ ਪੀਛੇ ਭਾਗਤੇ ਹੂਏ ਦਿਲਾਵਰ ਖਾਨ ਕੇ ਬੇਟੇ ਨੇ ਬਰਵਾ ਗ੍ਰਾਮ ਉਜਾੜ ਕੇ ਭਲਾਨ ਮੇਂ ਡੇਰਾ ਕੀਆ। ਗੁਰੂ ਜੀ ਭੀ ਇਸ ਗ੍ਰਾਮ ਮੇ ਗਏ।"[3]

---

1. ਉਹੀ, ਪੰਨਾ 136
2. ਮਹਾਨ ਕੋਸ਼, ਪੰਨਾ 662
3. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 138

## ਭੱਠਾ ਸਾਹਿਬ

ਗੁਰਦੁਆਰਾ ਭੱਠਾ ਸਾਹਿਬ ਰੋਪੜ ਸ਼ਹਿਰ ਦੇ ਬਾਹਰਵਾਰ ਕੁਰਾਲੀ ਵਾਲੀ ਸੜਕ ਉਪਰ ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ 1704 ਈਸਵੀ ਵਿਚ ਆਨੰਦਪੁਰ ਸਾਹਿਬ ਨੂੰ ਛੱਡਣ ਪਿਛੋਂ ਸਰਸਾ ਨਦੀ ਉਪਰ ਦੁਸ਼ਮਣ ਨਾਲ ਇਕ ਖੂੰਨੀ ਲੜਾਈ ਵਿਚ ਲੜਦੇ ਹੋਏ ਇਸ ਨਦੀ ਨੂੰ ਪਾਰ ਕਰ ਕੇ ਥੋੜੇ ਜਿਹੇ ਸਿੰਘਾਂ ਨਾਲ ਇਥੇ ਆਏ ਸਨ। ਇਥੇ ਉਸ ਸਮੇਂ ਇਕ ਭੱਠਾ ਸੀ। ਗੁਰੂ ਜੀ ਨੇ ਆਪਣੇ ਕੁਝ ਸਿੰਘਾਂ ਸਮੇਤ ਇਸ ਭੱਠੇ ਵਾਲੀ. ਥਾਂ ਉਤੇ ਠਹਿਰ ਕੇ ਵਿਸ਼ਰਾਮ ਕੀਤਾ ਸੀ। ਇਸੇ ਭੱਠੇ ਵਾਲੀ ਥਾਂ ਉਤੇ ਹੀ ਕੋਟਲਾ ਨਿਹੰਗਾਂ ਦੇ ਪਠਾਣ ਭਰਾਵਾਂ ਨੇ ਗੁਰੂ ਜੀ ਦੇ ਆਣ ਕੇ ਦਰਸ਼ਨ ਕੀਤੇ ਅਤੇ ਗੁਰੂ ਜੀ ਨੂੰ ਆਪਣੇ ਘਰ ਲੈ ਗਏ।

ਪਿਛੋਂ ਇਸ ਭੱਠੇ ਵਾਲੀ ਥਾਂ ਨੂੰ ਗੁਰੂ ਜੀ ਦੀ ਯਾਦ ਵਿਚ ਰੱਖ ਲਿਆ ਗਿਆ ਸੀ ਅਤੇ ਇਥੇ 'ਭੱਠਾ ਸਾਹਿਬ' ਦੇ ਨਾਂ ਉਪਰ ਇਕ ਸੁੰਦਰ ਗੁਰਦੁਆਰਾ ਉਸਾਰਿਆ ਗਿਆ। ਗੁਰਦੁਆਰਾ ਸਾਹਿਬ ਵਿਚ ਗੁਰੂ ਸਾਹਿਬ ਦੀਆਂ ਕੁਝ ਯਾਦਾਂ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਨ੍ਹਾਂ ਵਿਚੋਂ ਇਕ ਯਾਦ ਗੁਰੂ ਜੀ ਦੇ ਘੋੜੇ ਦੇ ਪੈਰ ਦਾ ਨਿਸ਼ਾਨ ਹੈ। ਕੁਝ ਹੱਡੀਆਂ ਅਤੇ ਮਨੁੱਖੀ ਚੇਹਰੇ ਦੀਆਂ ਖੋਪਰੀਆਂ ਵੀ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਇਹ ਹੱਡੀਆਂ ਗੁਰਦੁਆਰਾ ਸਾਹਿਬ ਦੀਆਂ ਨੀਹਾਂ ਪੁੱਟਣ ਸਮੇਂ ਨਿਕਲੀਆਂ ਸਨ। ਇਨ੍ਹਾਂ ਬਾਰੇ ਰਵਾਇਤ ਹੈ ਕਿ ਇਹ ਉਨ੍ਹਾਂ ਸਿੰਘਾਂ ਦੀਆਂ ਹਨ ਜੋ ਉਸ ਸਮੇਂ ਇਥੇ ਦੁਸ਼ਮਣ ਨਾਲ ਲੜਦੇ ਹੋਏ ਸ਼ਹੀਦ ਹੋ ਗਏ ਸਨ। ਅੱਜ ਕਲ੍ਹ ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਪਾਸ ਹੈ।



ਮੰਡੀ ਦੇ ਗੁਰਦੁਆਰੇ ਵਿਚ ਸੁਰਖਿਅਤ ਗੁਰੂ ਗੋਬਿੰਦ ਸਿੰਘ ਜੀ ਦਾ
ਪਾਵਨ ਮਿਰਦੰਗ ।

## ਲੁਧਿਆਣਾ

1. ਆਲਮਗੀਰ
2. ਸਹਿਜੋ ਮਾਜਰਾ
3. ਸਾਹਨੇਵਾਲ
4. ਹੇਰਾਂ
5. ਕਟਾਣਾ
6. ਕਨੇਚ
7. ਘੁਲਾਲ
8. ਚੱਕਰ
9. ਝਾੜ ਸਾਹਿਬ
10. ਟਿੱਬਾ
11. ਨੰਦਪੁਰ
12. ਬੱਸੀਆਂ
13. ਮਹਿਦੀਆਣਾ ਸਾਹਿਬ
14. ਮਾਛੀਵਾੜਾ
15. ਮਾਣੂੰਕੇ
16. ਮੋਹੀ
17. ਰਤਨ
18. ਰਾਇਕੋਟ
19. ਰਾਜੋਆਣਾ ਅਤੇ ਸੀਲੋਆਣੀ
20. ਰਾਮਪੁਰ
21. ਲੱਲ ਕਲਾਂ
22. ਲੰਮੇ ਜੱਟਪੁਰੇ

# ਆਲਮਗੀਰ

ਆਲਮਗੀਰ ਦਾ ਇਤਿਹਾਸਕ ਅਸਥਾਨ ਲੁਧਿਆਣਾ-ਮਾਲੇਰਕੋਟਲਾ ਸੜਕ ਉਪਰ ਪਿੰਡ ਗਿੱਲ ਤੋਂ 3 ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ। ਇਹ ਨਿਰੋਲ ਗੁਰਦੁਆਰਾ ਕੰਪਲੈਕਸ ਹੀ ਹੈ। ਇਕ ਰਵਾਇਤ ਅਨੁਸਾਰ ਇਥੇ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜਾ ਤੋਂ ਉਚ ਦੇ ਪੀਰ ਦੇ ਭੇਸ ਵਿਚ ਚਲ ਕੇ ਪਹੁੰਚੇ ਸਨ।

ਰਵਾਇਤ ਹੈ ਕਿ ਜਿਸ ਸਮੇਂ ਗੁਰੂ ਸਾਹਿਬ ਇਥੇ ਪਹੁੰਚੇ ਤਾਂ ਇਹ ਬੇਆਬਾਦ ਭੂਮੀ ਸੀ ਅਤੇ ਸੰਘਣੇ ਸੰਘਣੇ ਜੰਗਲ ਸਨ। ਗੁਰੂ ਸਾਹਿਬ, ਗ਼ਨੀ ਖਾਂ, ਨਬੀ ਖਾਂ ਅਤੇ ਕੁਝ ਹੋਰ ਸਿੰਘਾਂ ਨਾਲ ਇਥੇ ਪਹੁੰਚੇ ਸਨ। ਗੁਰੂ ਜੀ ਉਚ ਦੇ ਪੀਰ ਦੇ ਰੂਪ ਵਿਚ ਸਨ ਅਤੇ ਬਾਕੀ ਸਾਰੇ ਸਾਥੀ ਪਠਾਣੀ ਲਿਬਾਸ ਵਿਚ ਸਨ। ਇਥੇ ਪਹੁੰਚ ਕੇ ਗੁਰੂ ਜੀ ਨੇ ਆਪਣਾ ਲਿਬਾਸ ਬਦਲਿਆ। ਇਲਾਕੇ ਦੇ ਸਿੱਖਾਂ ਵੱਲ ਸੁਨੇਹੇ ਭੇਜੇ ਗਏ। ਇਸ ਤਰ੍ਹਾਂ ਪਤਾ ਲੱਗਣ ਉਤੇ ਜਦੋਂ ਸਿੱਖ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣ ਲਗੀਆਂ ਤਾਂ ਇਕ ਸਿੱਖ ਭਾਈ ਨੋਧਾ ਜੀ (ਕਈਆਂ ਅਨੁਸਾਰ ਭਾਈ ਨਿਗਾਹੀਆ ਜੀ) ਇਕ ਸੁੰਦਰ ਘੋੜਾ ਲੈ ਕੇ ਹਾਜ਼ਰ ਹੋਇਆ। ਗੁਰੂ ਜੀ ਨੇ ਇੱਥੋਂ ਗ਼ਨੀ ਖਾਂ ਤੇ ਨਬੀ ਖਾਂ ਨੂੰ ਪ੍ਰਸੰਸਾ ਪੱਤਰ ਦੇ ਕੇ ਵਾਪਸ ਮੋੜ ਦਿੱਤਾ ਅਤੇ ਆਪ ਕੁਝ ਸਿੰਘਾਂ ਸਮੇਤ ਅੱਗੇ ਨੂੰ ਰਵਾਨਾ ਹੋ ਗਏ।

ਅੱਜ ਕਲ੍ਹ ਇਥੇ ਬਹੁਤ ਸੁੰਦਰ ਗੁਰਦੁਆਰਾ ਕੰਪਲੈਕਸ ਹੈ ਜਿਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਅਧੀਨ ਹੈ।

# ਸਹਿਜੋ ਮਾਜਰਾ

ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਨੂੰ ਜਾਂਦੇ ਹੋਏ ਇਸ ਪਿੰਡ ਵਿਚ ਕੁਝ ਸਮਾਂ ਠਹਿਰੇ ਸਨ। ਸਹਿਜੋ ਮਾਜਰਾ ਅਤੇ ਧਾਉਤ ਦੋ ਪਿੰਡ ਨੇੜੇ ਨੇੜੇ ਹਨ ਅਤੇ ਝਾੜ ਸਾਹਿਬ ਗੁਰਦੁਆਰੇ ਤੋਂ ਥੋੜ੍ਹੀ ਹੀ ਦੂਰੀ ਉਤੇ ਹਨ।

ਗੁਰਦੁਆਰਾ ਸਾਹਿਬ ਸਹਿਜੋ ਮਾਜਰਾ ਪਿੰਡ ਦੀ ਜੂਹ ਵਿਚ ਹੈ। ਸਥਾਨਕ ਰਵਾਇਤ ਅਨੁਸਾਰ ਭਾਈ ਦਯਾ ਸਿੰਘ ਅਤੇ ਕਈ ਹੋਰ ਸਿੱਖ ਸੂਰਬੀਰ ਗੁਰੂ ਜੀ ਨੂੰ ਇਥੇ ਹੀ ਆ ਕੇ ਮਿਲੇ ਸਨ ਪਰੰਤੂ ਇਹ ਗਲ ਠੀਕ ਨਹੀਂ ਕਿਉਂਕਿ ਅਜੋਕੀ ਖੋਜ ਦਸਦੀ ਹੈ ਕਿ ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਚਮਕੌਰ ਸਾਹਿਬ ਤੋਂ ਚਲ ਕੇ ਗੁਰੂ ਜੀ ਨੂੰ ਮਾਛੀਵਾੜੇ ਜਾ ਕੇ ਹੀ ਮਿਲੇ ਸਨ। ਪੰਡਿਤ ਤਾਰਾ ਸਿੰਘ ਨਰੋਤਮ ਅਤੇ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਵੀ ਇਸੇ ਤਰ੍ਹਾਂ ਲਿਖਿਆ ਹੈ।[1]

1. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 137; ਮਹਾਨ ਕੋਸ਼, ਪੰਨਾ 719

## ਸਾਹਨੇਵਾਲ

ਗੁਰੂ ਗੋਬਿੰਦ ਸਿੰਘ ਜੀ ਆਲਮਗੀਰ ਵੱਲ ਨੂੰ ਜਾਣ ਸਮੇਂ ਇਥੇ ਠਹਿਰੇ ਸਨ। ਜਿਸ ਥਾਂ ਉਤੇ ਇਸ ਸਮੇਂ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ ਇਸ ਥਾਂ ਉਤੇ ਪਹਿਲਾਂ ਇਕ ਦੁਸਹਿਰਾ ਮਨਾਉਣ ਵਾਲਾ ਮੈਦਾਨ ਹੁੰਦਾ ਸੀ। 20-25 ਸਾਲ ਪਹਿਲਾਂ ਇਥੋਂ ਦੇ ਸਿੱਖਾਂ ਨੇ ਇਥੇ ਗੁਰਦੁਆਰਾ ਬਣਾ ਦਿੱਤਾ ਅਤੇ ਇਸ ਦਾ ਨਾਂ 'ਗੁਰਦੁਆਰਾ ਸ੍ਰੀ ਦਮਦਮਾ ਸਾਹਿਬ' ਰਖਿਆ। ਇਸ ਦਾ ਭਾਵ ਹੈ ਕਿ ਗੁਰੂ ਜੀ ਨੇ ਇਥੇ ਕੁਝ ਸਮਾਂ ਠਹਿਰ ਕੇ ਦਮ ਲਿਆ ਸੀ।

ਰਵਾਇਤ ਹੈ ਕਿ ਨੰਦਪੁਰ ਪਿੰਡ ਦੇ ਰਹਿਣ ਵਾਲੇ ਲੋਕ ਹਰਾ ਗੋਤ ਦੇ ਜੱਟ ਸਨ ਜਿਹੜੇ ਮਾਝੇ ਵਿਚਲੇ ਇਕ ਪਿੰਡ ਜਮਰਾ ਵਿਚੋਂ ਆ ਕੇ ਵਸੇ ਸਨ। ਇਨ੍ਹਾਂ ਦਾ ਮੋਢੀ ਸਾਹਨੇਵਾਲ ਵਿਆਹਿਆ ਹੋਇਆ ਸੀ। ਸਾਹਨੇਵਾਲ ਦੇ ਲੋਕਾਂ ਨੇ ਇਨ੍ਹਾਂ ਨੂੰ ਆਪਣੀ ਜੂਹ ਵਿਚੋਂ ਕੁਝ ਜ਼ਮੀਨ ਦੇ ਦਿੱਤੀ ਸੀ ਜਿਸ ਉਪਰ ਇਨ੍ਹਾਂ ਨੇ ਆਪਣਾ ਵਖਰਾ ਪਿੰਡ ਵਸਾ ਲਿਆ ਸੀ। ਇਹੀ ਪਿੰਡ ਹੁਣ ਨੰਦਪੁਰ ਹੈ।

ਸਾਹਨੇਵਾਲ ਪਿੰਡ ਜੀ. ਟੀ. ਰੋਡ ਉਪਰ ਕੁਝ ਫਰਕ ਨਾਲ ਵਸਿਆ ਹੋਇਆ ਹੈ। ਅਸਲ ਵਿਚ ਪਿੰਡ ਸਾਹਨੇਵਾਲ ਅਤੇ ਨੰਦਪੁਰ ਦੋਵੇਂ ਇਕੱਠੇ ਹੀ ਹਨ। ਪਰ ਅੱਜ ਕਲ੍ਹ ਸਾਹਨੇਵਾਲ ਦੇ ਲੋਕਾਂ ਨੇ ਜੀ. ਟੀ. ਰੋਡ ਉਪਰ ਮਕਾਨ ਅਤੇ ਦੁਕਾਨਾਂ ਪਾ ਕੇ ਨਵੇਂ ਕਸਬੇ ਦੇ ਰੂਪ ਵਿਚ ਆਪਣੇ ਆਪ ਨੂੰ ਵਸਾ ਲਿਆ ਹੈ। ਇਸ ਕਰਕੇ ਇਸ ਨਵੇਂ ਕਸਬੇ ਵਿਚ ਨੰਦਪੁਰ ਅਤੇ ਸਾਹਨੇਵਾਲ ਦੇ ਪੁਰਾਣੇ ਪਿੰਡਾਂ ਦੀ ਵਖਰੀ ਹੋਂਦ ਖ਼ਤਮ ਹੋ ਗਈ ਹੈ।

## ਹੇਰਾਂ

ਪਿੰਡ ਹੇਰਾਂ ਪਿੰਡ ਮੋਹੀ ਤੋਂ 13 ਕਿਲੋਮੀਟਰ ਦੀ ਵਿੱਥ ਉਤੇ ਗੁਰੂ ਗੋਬਿੰਦ ਸਿੰਘ ਮਾਰਗ ਉਪਰ ਸਥਿਤ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਆਲਮਗੀਰ ਤੋਂ ਰਾਇਕੋਟ ਨੂੰ ਜਾਂਦੇ ਹੋਏ ਠਹਿਰੇ ਸਨ।

ਮਹੰਤ ਕਿਰਪਾਲ ਦਾਸ ਉਦਾਸੀ ਜੋ ਭੰਗਾਣੀ ਦੀ ਲੜਾਈ ਵਿਚ ਲੜਿਆ ਸੀ ਉਹ ਪਿਛੋਂ ਇਥੇ ਆ ਕੇ ਵਸ ਗਿਆ ਸੀ।[1] ਉਸ ਨੇ ਇਥੇ ਉਦਾਸੀਆਂ ਦੇ ਇਕ ਬਹੁਤ ਵੱਡੇ ਡੇਰੇ ਦੀ ਸਥਾਪਨਾ ਕੀਤੀ ਸੀ। ਜਿਸ ਸਮੇਂ ਗੁਰੂ ਸਾਹਿਬ ਇਥੇ ਆਏ ਸਨ ਤਾਂ ਮਹੰਤ ਕਿਰਪਾਲ ਦਾਸ ਦਾ ਉਤਰ-ਅਧਿਕਾਰੀ ਇਥੇ ਰਹਿੰਦਾ ਸੀ। ਉਸ ਨੇ ਗੁਰੂ ਜੀ ਦੀ ਬਹੁਤ ਆਓ-ਭਗਤ ਕੀਤੀ। ਇਸ ਆਓ-ਭਗਤ ਕਰਨ ਦੇ ਫਲ ਸਰੂਪ ਗੁਰੂ ਜੀ ਦੇ ਜਾਣ ਪਿਛੋਂ ਹਕੂਮਤ ਨੇ ਇਸ ਮਹੰਤ ਨੂੰ ਮਰਵਾ ਦਿੱਤਾ ਸੀ।

ਸਥਾਨਕ ਰਵਾਇਤ ਅਨੁਸਾਰ ਗੁਰੂ ਸਾਹਿਬ ਨੇ ਇਸ ਮਹੰਤ ਨੂੰ ਵਰ ਦਿੱਤਾ ਸੀ ਕਿ ਉਸ ਦਾ ਡੇਰਾ ਚਿਰੰਜੀਵ ਰਹੇਗਾ। ਇਹ ਡੇਰਾ 1921-22 ਤੱਕ ਉਦਾਸੀਆਂ ਪਾਸ ਰਿਹਾ ਪਰ ਫਿਰ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋ ਜਾਣ ਕਰਕੇ ਇਥੋਂ ਦੇ ਮਹੰਤ ਹਰ ਪ੍ਰਸ਼ਾਦ ਨੇ ਸਿੱਖਾਂ ਨਾਲ ਸਮਝੌਤਾ ਕਰ ਕੇ ਇਸ ਡੇਰੇ ਨੂੰ ਸਿੱਖਾਂ ਦੇ ਹਵਾਲੇ ਕਰ ਦਿੱਤਾ ਅਤੇ ਵਰਤਮਾਨ ਗੁਰਦੁਆਰੇ ਦਾ ਰੂਪ ਦਿੱਤਾ।

1. ਪੰਡਤ ਤਾਰਾ ਸਿੰਘ ਨਰੋਤਮ, ਉਕਤ, ਪੰਨਾ 141.

## ਕਟਾਣਾ

ਕਟਾਣਾ ਸਾਹਿਬ ਗੁਰਦੁਆਰਾ ਸਰਹਿੰਦ ਨਹਿਰ ਉਪਰ ਸਥਿਤ ਹੈ ਅਤੇ ਦੁਰਾਹੇ ਤੋਂ ਤਿੰਨ ਕਿਲੋਮੀਟਰ ਦੀ ਵਿੱਥ ਉਤੇ ਹੈ। ਪਿੰਡ ਕਟਾਣਾ ਗੁਰਦੁਆਰਾ ਸਾਹਿਬ ਤੋਂ ਕੁਝ ਵਿੱਥ ਉਤੇ ਹੈ। ਇਹ ਪਿੰਡ ਪਹਿਲਾਂ ਇਥੋਂ ਦੇ ਨਜ਼ਦੀਕ ਕਟਾਣੀ ਕਲਾਂ ਦਾ ਹੀ ਇਕ ਹਿੱਸਾ ਸੀ। ਕਟਾਣੀ ਕਲਾਂ ਦੀ ਇਕ ਪੱਤੀ ਪਿੰਡ ਵਿਚੋਂ ਉਠ ਕੇ ਆਪਣੇ ਖੇਤਾਂ ਵਿਚ ਵਸ ਗਈ ਸੀ ਅਤੇ ਇਸ ਦਾ ਨਾਂ ਕਟਾਣਾ ਰੱਖਿਆ ਗਿਆ ਸੀ। ਕੁਝ ਸਮੇਂ ਪਿਛੋਂ ਇਥੇ ਇਕ ਪੂਰਾ ਪਿੰਡ ਆਬਾਦ ਹੋ ਗਿਆ।

ਕਟਾਣੀ ਕਲਾਂ ਅਤੇ ਕਟਾਣਾ ਦਾ ਨਾਂ ਇਥੋਂ ਦੇ ਇਕ ਚੌਧਰੀ ਕੱਟ ਤੋਂ ਚਲਿਆ ਹੈ। ਸਥਾਨਕ ਰਵਾਇਤ ਅਨੁਸਾਰ ਇਸ ਕੱਟ ਚੌਧਰੀ ਨੇ ਇਥੇ ਕਿਲ੍ਹਾ ਨੁਮਾ ਬੁਰਜ ਉਸਾਰ ਰੱਖਿਆ ਸੀ ਜਿਥੇ ਕਿ ਪਿਛੋਂ ਇਸੇ ਕੱਟ ਦੇ ਨਾਂ ਤੇ ਕਟਾਣੀ ਕਲਾਂ ਪਿੰਡ ਵਸ ਗਿਆ ਸੀ। ਇਥੋਂ ਦੇ ਲੋਕ ਮਾਂਗਟ ਗੋਤ ਦੇ ਜੱਟ ਸਿੱਖ ਹਨ। ਮਾਂਗਟਾਂ ਦੇ ਇਕੱਠੇ ਅਠਾਰਾਂ ਪਿੰਡ ਇਥੇ ਵਸੇ ਹੋਏ ਹਨ।

ਸਥਾਨਕ ਰਵਾਇਤ ਅਨੁਸਾਰ ਇਥੇ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਆਏ ਸਨ। ਸਰਹਿੰਦ ਨਹਿਰ ਨਿਕਲਣ ਤੋਂ ਪਹਿਲਾਂ ਇਸ ਥਾਂ ਉਤੇ ਇਕ ਸਿੱਖ ਸੰਤ ਆ ਕੇ ਰਹਿਣ ਲਗ ਪਿਆ ਸੀ ਜਿਸ ਨੇ ਇਥੇ ਗੁਰੂ ਹਰਿਗੋਬਿੰਦ ਸਾਹਿਬ ਦੇ ਆਉਣ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਸੀ। ਉਸ ਸੰਤ ਨੇ ਗੁਰੂ ਜੀ ਦੀ ਯਾਦ ਵਿਚ ਇਕ ਕਮਰਾ ਬਣਵਾ ਦਿੱਤਾ ਸੀ। ਪਿਛੋਂ ਪਟਿਆਲਾ ਦੇ ਮਹਾਰਾਜਾ ਅਮਰ ਸਿੰਘ ਨੇ ਇਥੇ ਗੁਰੂ ਜੀ ਦੀ ਯਾਦ ਵਿਚ ਇਕ ਮੰਜੀ ਸਾਹਿਬ ਬਣਵਾ ਦਿੱਤੀ ਸੀ। ਇਸ ਤਰ੍ਹਾਂ ਇਥੇ ਗੁਰਦੁਆਰੇ ਦੀ ਸਥਾਪਨਾ ਹੋਈ ਅਤੇ ਲੋਕ ਦੂਰੋਂ ਨੇੜਿਓਂ ਆ ਕੇ ਇਥੇ ਗੁਰਪੁਰਬ ਮਨਾਉਂਦੇ ਸਨ. ਪਿਛੋਂ ਇਥੋਂ ਦੇ ਲੋਕਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਆਉਣ ਬਾਰੇ ਖੋਜ ਕੀਤੀ ਜਿਸ ਕਰਕੇ ਇਥੋਂ ਦੇ ਸੂਬੇਦਾਰ ਹੀਰਾ ਸਿੰਘ ਦੀ ਲੜਕੀ ਬੀਬੀ ਹੁਕਮ ਕੌਰ ਨੇ 1933 ਈਸਵੀ ਵਿਚ ਇਥੇ ਇਕ ਹੋਰ ਗੁਰਦੁਆਰਾ ਬਣਵਾ ਦਿੱਤਾ। ਸੰਤ ਅਤਰ ਸਿੰਘ ਰੇਰੂ ਸਾਹਿਬ ਵਾਲਿਆਂ ਨੇ ਆਪਣੇ ਇਕ ਸੇਵਕ ਬਾਬਾ ਨੱਥਾ ਸਿੰਘ ਨੂੰ ਭੇਜ ਕੇ ਇਸ ਗੁਰਦੁਆਰੇ ਦੀ ਸੇਵਾ ਸੰਭਾਲ ਕਰਵਾਉਣੀ ਸ਼ੁਰੂ ਕਰ ਦਿੱਤੀ ਸੀ। 1968 ਈਸਵੀ ਵਿਚ ਬਾਬਾ ਨੱਥਾ ਸਿੰਘ ਚੜ੍ਹਾਈ ਕਰ ਗਏ ਸਨ। ਇਸ ਪਿਛੋਂ ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਬੰਧ ਵਿਚ ਲੈ ਲਿਆ ਗਿਆ ਹੈ।

## ਕਨੇਚ

ਪਿੰਡ ਕਨੇਚ ਗੁਰਦੁਆਰਾ ਰੇਰੂ ਸਾਹਿਬ, ਰਾਮਪੁਰ ਤੋਂ ਕੇਵਲ ਦੋ ਕੁ ਕਿਲੋਮੀਟਰ ਦੀ ਵਿੱਥ ਉਤੇ ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ ਰਾਮਪੁਰ ਤੋਂ ਚਲ ਕੇ ਇਥੇ ਆਏ ਸਨ।

ਸਥਾਨਕ ਰਵਾਇਤ ਅਨੁਸਾਰ ਪਿੰਡ ਕਨੇਚ ਵਿਚ ਗੁਰੂ ਘਰ ਦਾ ਇਕ ਸ਼ਰਧਾਲੂ ਸਿੱਖ ਰਹਿੰਦਾ ਸੀ। ਗੁਰੂ ਸਾਹਿਬ ਉਸ ਦੇ ਘਰ ਗਏ। ਉਸ ਗੁਰਸਿੱਖ ਨੇ ਗੁਰੂ ਜੀ ਦੀ ਤਨ-ਮਨ-ਧਨ ਨਾਲ ਸੇਵਾ ਕੀਤੀ। ਉਸ ਗੁਰ ਸਿੱਖ ਨੇ ਪਿੰਡ ਵਿਚੋਂ ਗੁਰੂ ਜੀ ਨੂੰ ਇਕ ਘੋੜੀ ਲੈ ਕੇ ਦੇਣ ਦਾ ਯਤਨ ਵੀ ਕੀਤਾ ਪਰੰਤੂ ਪਿੰਡ ਦੇ ਚੌਧਰੀਆਂ ਨੇ ਮੁਗ਼ਲ ਹਕੂਮਤ ਤੋਂ ਡਰਦਿਆਂ ਇਹ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ। ਗੁਰੂ ਜੀ ਕੁਝ ਸਮਾਂ ਇਥੇ ਠਹਿਰ ਕੇ ਅੱਗੇ ਨੂੰ ਰਵਾਨਾ ਹੋ ਗਏ।

## ਘੁਲਾਲ

ਪਿੰਡ ਘੁਲਾਲ, ਮਾਛੀਵਾੜੇ ਤੋਂ 10 ਕਿਲੋਮੀਟਰ ਦੀ ਦੂਰੀ ਉਤੇ ਲੁਧਿਆਣਾ ਸਮਰਾਲਾ ਸੜਕ ਉਤੇ ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਤੋਂ ਚਲ ਕੇ ਅੱਗੇ ਨੂੰ ਜਾਂਦੇ ਹੋਏ ਇਥੋਂ ਦੀ ਗੁਜ਼ਰੇ ਸਨ। ਸਥਾਨਕ ਰਵਾਇਤ ਅਨੁਸਾਰ ਇਥੋਂ ਦੇ ਇਕ ਕਾਰੀਗਰ ਨੇ ਗੁਰੂ ਜੀ ਨੂੰ ਇਕ ਕਮਾਨ 22 ਤੀਰ ਅਤੇ ਦੋ ਤਲਵਾਰਾਂ ਭੇਟ ਕੀਤੀਆਂ ਸਨ। ਪਰੰਤੂ ਇਹ ਗੱਲਾਂ ਗੁਰੂ ਜੀ ਦੀ ਉਸ ਸਥਿਤੀ ਨੂੰ ਸਾਹਮਣੇ ਰੱਖਦੇ ਹੋਏ ਜਿਸ ਵਿਚੋਂ ਦੀ ਉਹ ਗੁਜ਼ਰ ਰਹੇ ਸਨ ਅਸੰਭਵ ਲਗਦੀਆਂ ਹਨ। ਗੁਰੂ ਜੀ ਤਾਂ ਉੱਚ ਦੇ ਪੀਰ ਦੇ ਰੂਪ ਵਿਚ ਦੁਸ਼ਮਣਾਂ ਤੋਂ ਬਚਾਅ ਕਰਦੇ ਹੋਏ ਗੁਜ਼ਰ ਰਹੇ ਸਨ।

ਗੁਰੂ ਜੀ ਦੀ ਯਾਦ ਵਿਚ ਇਥੇ ਇਕ ਗੁਰਦੁਆਰਾ ਸਥਿਤ ਹੈ। ਇਥੇ ਗੁਰੂ ਹਰਿ ਗੋਬਿੰਦ ਸਾਹਿਬ ਵੀ ਆਏ ਦੱਸੇ ਜਾਂਦੇ ਹਨ। ਇਨ੍ਹਾਂ ਨਾਲ ਸੰਬੰਧਤ ਵੀ ਇਕ ਛੋਟਾ ਜਿਹਾ ਹੋਰ ਗੁਰਦੁਆਰਾ ਇਥੇ ਸਥਿਤ ਹੈ।

## ਚੱਕਰ

ਪਿੰਡ ਚੱਕਰ ਗੁਰੂ ਗੋਬਿੰਦ ਸਿੰਘ ਮਾਰਗ ਉਪਰ ਲੰਮੇ ਜੱਟਪੁਰੇ ਤੋਂ 15 ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ। ਰਵਾਇਤ ਹੈ ਕਿ ਇਥੇ ਗੁਰੂ ਗੋਬਿੰਦ ਸਿੰਘ ਦੀਨੇ ਕਾਂਗੜ ਨੂੰ ਜਾਣ ਸਮੇਂ ਠਹਿਰੇ ਸਨ। ਉਨ੍ਹਾਂ ਤੋਂ ਪਹਿਲਾਂ ਗੁਰੂ ਪਾਤਿਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਵੀ ਇਥੇ ਆ ਚੁੱਕੇ ਸਨ। ਇਸ ਪਿੰਡ ਦਾ ਨਾਂ 'ਚੱਕਰ' ਗੁਰੂ ਹਰਿ ਗੋਬਿੰਦ ਸਾਹਿਬ ਵੱਲੋਂ ਇਥੇ ਇਕ ਚੱਕਰ ਜਾਂ ਗੇੜਾ ਮਾਰਨ ਕਰ ਕੇ ਹੀ ਪਿਆ ਹੈ।

ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਇਥੇ ਪਧਾਰਨ ਦੀ ਯਾਦ ਵਿਚ ਇਕ ਛੋਟਾ ਜਿਹਾ ਮੱਟ ਬਣਾਇਆ ਹੋਇਆ ਸੀ। ਗੁਰੂ ਗੋਬਿੰਦ ਸਿੰਘ ਜੀ ਵੀ ਇਸੇ ਹੀ ਮੱਟ ਵਾਲੀ ਥਾਂ ਉਤੇ ਕੁਝ ਸਮਾਂ ਠਹਿਰੇ ਸਨ। ਪਿਛੋਂ ਇਸ ਮੱਟ ਨੂੰ ਢਾਹ ਕੇ ਇਕ ਛੋਟਾ ਜਿਹਾ ਗੁਰਦੁਆਰਾ ਉਸਾਰਿਆ ਗਿਆ ਸੀ।

ਪਿੰਡ ਦੇ ਮੋਹੜੀ ਗੱਡ ਸੰਧੂ ਗੋਤ ਦੇ ਜੱਟ ਸਨ ਜਿਨ੍ਹਾਂ ਦਾ ਪਿਛੋਕੜ ਅੰਮ੍ਰਿਤਸਰ ਦੇ ਸਠਿਆਲੀ ਪਿੰਡ ਦਾ ਹੈ। ਅੱਜ ਕਲ੍ਹ ਸਿਧੂ ਗੋਤ ਦੇ ਜੱਟ ਇਥੇ ਜ਼ਿਆਦਾ ਹਨ। ਪਿੰਡ ਦੀਆਂ ਚਾਰ ਪੱਤੀਆਂ—ਸੰਧੂ, ਬਿਹਣ, ਕਿਲ੍ਹਾ ਅਤੇ ਬਾਬਾ ਪੱਤੀ ਹਨ। ਪਹਿਲੇ ਸਮਿਆਂ ਵਿਚ ਪਿੰਡ ਵਿਚ ਚਾਰ ਕੱਚੇ ਬੁਰਜ ਸਨ।

## ਝਾੜ ਸਾਹਿਬ

ਗੁਰੂ ਗੋਬਿੰਦ ਸਿੰਘ ਜੀ ਚਮਕੌਰ ਸਾਹਿਬ ਤੋਂ ਇਧਰ ਨੂੰ ਆਉਂਦੇ ਹੋਏ ਕੁਝ ਸਮੇਂ ਲਈ ਇਥੇ ਇਕ ਸੰਘਣੇ ਝਾੜ ਹੇਠਾਂ ਠਹਿਰੇ ਸਨ । ਗੁਰਦੁਆਰਾ ਝਾੜ ਸਾਹਿਬ ਰੋਪੜ ਜਿਲ੍ਹੇ ਦੇ ਗੁਰਦੁਆਰਾ ਜੰਡ ਸਾਹਿਬ ਦੇ ਨੇੜੇ ਹੈ। ਇਹ ਚੂਹੜਵਾਲ ਪਿੰਡ ਦੀ ਜੂਹ ਵਿਚ ਹੈ । ਪਿੰਡ ਬਹਿਲੋਲਪੁਰ ਵੀ ਇਥੋਂ ਨੇੜੇ ਹੀ ਹੈ।

ਸਥਾਨਕ ਰਵਾਇਤ ਅਨੁਸਾਰ ਜਿਸ ਸਮੇਂ ਗੁਰੂ ਸਾਹਿਬ ਚਮਕੌਰ ਸਾਹਿਬ ਤੋਂ ਦੁਸ਼ਮਣ ਦੀਆਂ ਫ਼ੌਜਾਂ ਦੇ ਘੇਰੇ ਵਿਚੋਂ ਨਿਕਲ ਕੇ ਇਧਰ ਆ ਰਹੇ ਸਨ ਤਾਂ ਦੁਸ਼ਮਣ ਦੀਆਂ ਫ਼ੌਜਾਂ ਗੁਰੂ ਜੀ ਦੀ ਚਾਰ-ਚੁਫੇਰੇ ਪੂਰੀ ਸਰਗਰਮੀ ਨਾਲ ਭਾਲ ਕਰ ਰਹੀਆਂ ਸਨ। ਕਿਹਾ ਜਾਂਦਾ ਹੈ ਕਿ ਗੁਰੂ ਜੀ ਦੁਸ਼ਮਣ ਦੀਆਂ ਫ਼ੌਜਾਂ ਤੋਂ ਬਚਣ ਲਈ ਦਿਨ ਸਮੇਂ ਇਥੇ ਸੰਘਣੇ ਝਾੜਾਂ ਵਿਚ ਰਹੇ ਸਨ ਅਤੇ ਫਿਰ ਰਾਤ ਪੈਣ ਸਮੇਂ ਹੀ ਅੱਗੇ ਨੂੰ ਰਵਾਨਾ ਹੋਏ ਸਨ। ਝਾੜਾਂ ਵਿਚ ਰਹਿਣ ਕਰਕੇ ਹੀ ਇਥੋਂ ਦੇ ਗੁਰਦਆਰਾ ਸਾਹਿਬ ਦਾ ਨਾਂ 'ਗੁਰਦੁਆਰਾ ਸ੍ਰੀ ਝਾੜ ਸਾਹਿਬ' ਹੈ।

## ਟਿੱਬਾ

ਪਿੰਡ ਟਿੱਬਾ, ਸਾਹਨੇਵਾਲ ਤੋਂ ਤਿੰਨ ਕਿਲੋਮੀਟਰ ਦੀ ਦੂਰੀ ਉਤੇ ਦੱਖਣ ਵੱਲ ਗੁਰੂ ਗੋਬਿੰਦ ਸਿੰਘ ਮਾਰਗ ਉਪਰ ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ ਆਲਮਗੀਰ ਨੂੰ ਜਾਂਦੇ ਹੋਏ ਇਥੋਂ ਦੀ ਗੁਜ਼ਰੇ ਸਨ। ਸਥਾਨਕ ਰਵਾਇਤ ਅਨੁਸਾਰ ਜਿਸ ਸਮੇਂ ਗੁਰੂ ਸਾਹਿਬ ਇਥੇ ਆਏ ਸਨ ਤਾਂ ਉਨ੍ਹਾਂ ਨੂੰ ਕੁਝ ਲੋਕਾਂ ਨ ਕਿਹਾ ਕਿ ਉਨ੍ਹਾਂ ਨੂੰ ਪਾਣੀ ਦੀ ਤੰਗੀ ਰਹਿੰਦੀ ਹੈ। ਗੁਰੂ ਜੀ ਨੇ ਆਪਣੇ ਸਿੰਘਾਂ ਰਾਹੀਂ ਉਥੇ ਇਕ ਅਸਥਾਨ ਤੇ ਕੁਝ ਮਿੱਟੀ ਪੁਟਵਾ ਕੇ ਪਾਣੀ ਦਾ ਸੋਮਾ ਬਣਵਾ ਦਿੱਤਾ। ਇਸੇ ਦੇ ਨਾਂ ਉਤੇ ਹੀ ਅੱਜ ਕਲ੍ਹ ਇਥੋਂ ਦੇ ਗੁਰਦੁਆਰਾ ਸਾਹਿਬ ਦਾ ਨਾਂ 'ਗੁਰਦੁਆਰਾ ਸੋਮਾ ਸਾਹਿਬ' ਹੈ। ਇਹ ਗੁਰਦੁਆਰਾ ਪਿੰਡ ਤੋਂ ਕੁਝ ਬਾਹਰ ਇਕ ਉੱਚੀ ਥਾਂ ਉਤੇ ਸਥਿਤ ਹੈ।

## ਨੰਦਪੁਰ

ਪਿੰਡ ਨੰਦਪੁਰ ਗ੍ਰੈਂਡ ਟਰੰਕ ਰੋਡ ਉੱਤੇ ਸਾਹਨੇਵਾਲ ਦੇ ਬਿਲਕੁਲ ਨਾਲ ਹੀ ਸਥਿਤ ਹੈ । ਇਥੇ ਦਰਖੱਤਾਂ ਦੇ ਇਕ ਝੁੰਡ ਹੇਠ ਗੁਰੂ ਗੋਬਿੰਦ ਸਿੰਘ ਜੀ ਕਨੇਚ ਵੱਲੋਂ ਆਉਂਦੇ ਹੋਏ ਕੁਝ ਸਮਾਂ ਠਹਿਰੇ ਸਨ। ਪਿੱਛੋਂ ਪਿੰਡ ਦੇ ਲੋਕ ਇਨ੍ਹਾਂ ਦਰਖਤਾਂ ਦੇ ਝੁੰਡ ਨੂੰ ਸ਼ਹੀਦਾਂ ਦੀ ਥਾਂ ਵੀ ਕਹਿੰਦੇ ਹੁੰਦੇ ਸਨ । ਇਸ ਝੁੰਡ ਵਿਚ ਕੇਵਲ ਰੇਰੂ ਦੇ ਦਰੱਖਤ ਹੀ ਸਨ । ਸੰਨ 1928 ਵਿਚ ਮਾਘੀ ਦੇ ਦਿਹਾੜੇ ਉਤੇ ਦੋ ਸਿੰਘ ਕਟਾਣੀ ਪਿੰਡ ਤੋਂ ਇਥੇ ਆਏ ਸਨ। ਇਨ੍ਹਾਂ ਵਿਚ ਇਕ ਰਾਮ ਸਿੰਘ ਨੀਵੀਂ ਮੰਗਲੀ ਦਾ ਨਵਾਸੀ ਸੀ । ਇਨ੍ਹਾਂ ਨੇ ਪਿੰਡ ਦੇ ਸਿੱਖਾਂ ਨੂੰ ਕਿਹਾ ਕਿ ਇਥੇ ਸ਼ਹੀਦਾਂ ਵਾਲੀ ਥਾਂ ਉਤੇ ਇਕ ਗੁਰਦੁਆਰਾ ਬਣਾਉਣਾ ਹੈ। ਉਨ੍ਹਾਂ ਨੇ ਫੌਰੀ ਤੌਰ ਤੇ ਛਟੀਆਂ ਦਾ ਛਪਰ ਬਣਾ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ ਜਿਸ ਪਿਛੋਂ ਸਿੱਖਾਂ ਨੇ ਇਲਾਕੇ ਵਿਚੋਂ ਚੰਦਾ ਉਗਰਾਹ ਕੇ ਇਥੇ ਗੁਰਦੁਆਰਾ ਬਣਾ ਦਿੱਤਾ । ਇਸ ਗੁਰਦੁਆਰੇ ਦਾ ਨਾਂ ਵੀ ਗੁਰਦੁਆਰਾ ਰੇਰੂ ਸਾਹਿਬ ਹੈ ।

ਇਸ ਸਮੇਂ ਇਥੇ ਰੇਰੂ ਦੇ ਕੁਝ ਪੁਰਾਣੇ ਦਰੱਖਤ ਖੜੇ ਹਨ । ਇਹ ਗੁਰਦੁਆਰੇ ਦੀ ਇਮਾਰਤ ਦੇ ਨਾਲ ਹੀ ਹਨ । ਲੋਕ ਇਨ੍ਹਾਂ ਰੇਰੂ ਦੇ ਦਰੱਖਤਾਂ ਦੀਆਂ ਜੜ੍ਹਾਂ ਵਿਚ ਸਤਿਕਾਰ ਵਜੋਂ ਹਰ ਮਹੀਨੇ ਦੀ ਦਸਵੀਂ ਨੂੰ ਆਪਣੀਆਂ ਮੱਝਾਂ ਅਤੇ ਗਊਆਂ ਦਾ ਦੁੱਧ ਚੜ੍ਹਾਉਂਦੇ ਹਨ ।

## ਬੱਸੀਆਂ

ਰਵਾਇਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਰਾਏਕੋਟ ਵਿਖੇ ਰਹਿੰਦਿਆਂ ਹੋਇਆਂ ਇਥੇ ਆਏ ਸਨ । ਇਹ ਥਾਂ ਰਾਏਕੋਟ ਤੋਂ ਪੱਛਮ ਵੱਲ ਪੰਜ ਕਿਲੋਮੀਟਰ ਦੀ ਵਿੱਥ ਉਤੇ ਸਥਿਤ ਹੈ । ਸਥਾਨਕ ਰਵਾਇਤ ਅਨੁਸਾਰ ਗੁਰੂ ਜੀ ਅਤੇ ਰਾਏ ਕੱਲਾ ਇਕੱਠੇ ਹੀ ਕਿਸੇ ਸਮੇਂ ਇਧਰ ਆਏ ਸਨ ਅਤੇ ਇਥੇ ਬੈਠ ਕੇ ਸ਼ਤਰੰਜ ਦੀ ਖੇਡ ਖੇਡੇ ਸਨ। ਸ਼ਤਰੰਜ ਦੇ ਉਹ ਮੋਹਰੇ ਅਤੇ ਬੋਰਡ ਮੌਜੂਦਾ ਸਮੇਂ ਵਿਚ ਵੀ ਗੁਰਦੁਆਰੇ ਦੀ ਇਮਾਰਤ ਵਿਚ ਸੁਰੱਖਿਅਤ ਰੱਖੇ ਹੋਏ ਹਨ । ਇਨ੍ਹਾਂ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਉਹੀ ਮੋਹਰੇ ਹਨ ਜਿਨ੍ਹਾਂ ਨਾਲ ਗੁਰੂ ਜੀ ਅਤੇ ਰਾਏ ਕੱਲਾ ਸ਼ਤਰੰਜ ਖੇਡੇ ਸਨ ।

ਛੇਵੇਂ ਪਾਤਿਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਇਥੇ ਆਉਣ ਦੀ ਵੀ ਰਵਾਇਤ ਹੈ । ਗੁਰਦੁਆਰਾ ਸਾਹਿਬ ਵਿਖੇ ਇਕ ਲਿਖਤੀ ਕਾਗਜ਼ ਪਿਆ ਹੈ । ਇਸ ਉਪਰ ਲਿਖਿਆ ਹੋਇਆ ਹੈ ਕਿ ਗੁਰੂ ਜੀ ਜਿਸ ਸਮੇਂ ਇਥੇ ਆਏ ਸਨ ਤਾਂ ਉਦੋਂ ਇਥੇ ਬਾਸੋ ਨਾਮੀ ਇਕ ਫ਼ਕੀਰ ਰਹਿੰਦਾ ਸੀ । ਗੁਰੂ ਜੀ ਨੇ ਉਸ ਨਾਲ ਵਿਚਾਰ ਵਟਾਂਦਰਾ ਕੀਤਾ ਸੀ । ਇਸੇ ਹੀ ਬਾਸੋ ਫ਼ਕੀਰ ਨੇ ਪਿਛੋਂ ਗੁਰੂ ਜੀ ਦੀ ਯਾਦ ਵਿਚ ਇਥੇ ਇਕ ਥੜ੍ਹਾ ਬਣਵਾ ਦਿੱਤਾ ਸੀ । ਅੱਜ ਕਲ੍ਹ ਇਸ ਫ਼ਕੀਰ ਦੀ ਸਮਾਧ ਵੀ ਗੁਰਦੁਆਰਾ ਸਾਹਿਬ ਦੀ ਚਾਰ ਦਿਵਾਰੀ ਦੇ ਅੰਦਰ ਹੀ ਹੈ ।

# ਮਹਿਦੀਆਣਾ ਸਾਹਿਬ

ਗੁਰਦੁਆਰਾ ਮਹਿਦੀਆਣਾ ਸਾਹਿਬ ਮਣੂੰਕੇ, ਦੇਹੜਕੇ, ਮੱਲ੍ਹਾ, ਚੱਕਰ ਅਤੇ ਲੱਖਾ ਪਿੰਡਾਂ ਦ ਬਿਲਕੁਲ ਦਰਮਿਆਨ ਗੁਰੂ ਗੋਬਿੰਦ ਸਿੰਘ ਮਾਰਗ ਉਪਰ ਸਥਿਤ ਹੈ। ਇਨ੍ਹਾਂ ਪੰਜ ਪਿੰਡਾਂ ਦੇ ਵਿਚਕਾਰਲੀ ਥਾਂ ਹੋਣ ਕਰਕੇ ਇਸ ਥਾਂ ਦਾ ਨਾਂ ਮਹਿਦੀਆਣਾ ਪੈ ਗਿਆ ਹੈ ਜਿਸ ਦਾ ਭਾਵ ਵਿਚਕਾਰਲੀ ਥਾਂ ਤੋਂ ਹੈ।[1] ਗੁਰੂ ਗੋਬਿੰਦ ਸਿੰਘ ਜੀ ਲੰਮੇ ਜੱਟਪੁਰੇ ਤੋਂ ਹੁੰਦੇ ਹੋਏ ਇਥੇ ਆਏ ਸਨ।

ਇਥੋਂ ਦੇ ਨਜ਼ਦੀਕ ਪਿੰਡ ਰਾਮਗੜ੍ਹ ਦੇ ਇਕ ਸੰਤ ਮੱਘਰ ਸਿੰਘ ਸਨ। ਇਨ੍ਹਾਂ ਨੇ ਪੂਰੀ ਖੋਜ-ਪੜਤਾਲ ਕਰ ਕੇ ਇਥੇ ਗੁਰੂ ਦਸਮ ਪਾਤਸ਼ਾਹ ਦੇ ਆਉਣ ਦੀ ਗੱਲ ਨੂੰ ਲੋਕਾਂ ਵਿਚ ਪ੍ਰਚਾਰਿਆ। ਇਸ ਪਰਕਾਰ ਸੰਤ ਮੱਘਰ ਸਿੰਘ ਦੇ ਕਹਿਣ ਉਤੇ ਪਿੰਡ ਮਾਣੂੰਕਿਆਂ ਦੇ ਰਾਜਾ ਇੰਦਰ ਸਿੰਘ ਨੇ ਖੁਦ ਅੱਗੇ ਲੱਗ ਕੇ ਆਲੇ ਦੁਆਲੇ ਦੇ ਪਿੰਡਾਂ ਦੀਆਂ ਸਿੱਖ ਸੰਗਤਾਂ ਤੋਂ ਗੁਰਦੁਆਰਾ ਉਸਾਰਨ ਲਈ ਉਗਰਾਹੀ ਸ਼ੁਰੂ ਕਰਵਾਈ। ਇਸ ਤਰ੍ਹਾਂ ਸਭ ਤੋਂ ਪਹਿਲਾਂ ਪਿੰਡ ਮੱਲ੍ਹਾ ਅਤੇ ਮਾਣੂੰਕੇ ਦੀਆਂ ਸੰਗਤਾਂ ਨੇ ਇਥੇ ਗੁਰਦੁਆਰੇ ਦੀ ਉਸਾਰੀ ਆਰੰਭ ਕਰਵਾਈ। ਪਾਣੀ ਦੀ ਸਹੂਲਤ ਲਈ ਕੱਚੀ ਖੂਹਾਰ ਲਗਾਈ ਗਈ ਸੀ।

1972 ਈਸਵੀ ਵਿਚ ਲੱਖੇ ਪਿੰਡ ਦੇ ਸਰਪੰਚ ਸਰਦਾਰ ਜੋਰਾ ਸਿੰਘ ਨੇ ਇਸ ਗੁਰਦੁਆਰੇ ਨੂੰ ਹੋਰ ਵਡੇਰਾ ਕਰਨ ਦਾ ਸੰਕਲਪ ਕੀਤਾ। ਉਸ ਨੇ ਸਿੱਖ ਸੰਗਤਾਂ ਕੋਲੋਂ ਇਸ ਮਨੋਰਥ ਲਈ ਉਗਰਾਹੀ ਕੀਤੀ ਅਤੇ ਤੀਹ ਹਜ਼ਾਰ ਰੁਪਿਆ ਇਕੱਠਾ ਕਰ ਲਿਆ। ਇਸ ਤੀਹ ਹਜ਼ਾਰ ਰੁਪਏ ਨਾਲ ਜੋਰਾ ਸਿੰਘ ਨੇ ਪੁਰਾਣਾ ਗੁਰਦੁਆਰਾ ਉਖੇੜ ਕੇ ਵਰਤਮਾਨ ਗੁਰਦੁਆਰੇ ਦੀ ਉਸਾਰੀ ਕਰਵਾਈ। ਇਸ ਸਮੇਂ ਇਥੇ ਇਕ ਅਤੀ ਸੁੰਦਰ ਗੁਰਦੁਆਰਾ ਉਸਰ ਚੁਕਿਆ ਹੈ। ਇਸ ਗੁਰਦੁਆਰੇ ਦੀ ਸੁੰਦਰਤਾ ਅਤੇ ਰਮਣੀਕਤਾ ਇਥੋਂ ਦੇ ਇਲਾਕੇ ਵਿਚ ਬਹੁਤ ਪ੍ਰਸਿੱਧ ਹੈ। ਇਸ ਦੇ ਕੁਝ ਕੁ ਮਹੱਤਵਪੂਰਨ ਗੁਣ ਇਸ ਪ੍ਰਕਾਰ ਹਨ :

ਗੁਰਦੁਆਰੇ ਦੇ ਬਿਲਕੁਲ ਸਾਹਮਣੇ ਚਾਰ ਸਿੱਖ ਜਰਨੈਲਾਂ—ਹਰੀ ਸਿੰਘ ਨਲਵਾ, ਸ਼ਾਮ ਸਿੰਘ ਅਟਾਰੀਵਾਲਾ, ਮਹਾਰਾਜਾ ਰਣਜੀਤ ਸਿੰਘ ਅਤੇ ਅਕਾਲੀ ਫੂਲਾ ਸਿੰਘ ਦੇ ਬੁੱਤ ਹਨ। ਦੋ ਕਿਲ੍ਹਿਆਂ ਦੇ ਮਾਡਲ ਹਨ। ਇਕ ਉਪਰ ਬੰਦਾ ਸਿੰਘ ਬਹਾਦਰ ਆਪਣੇ ਸਾਥੀ ਸਿੰਘਾਂ ਨਾਲ ਫੌਜੀ ਲਿਬਾਸ ਵਿਚ ਬੈਠਾ ਹੈ ਅਤੇ ਦੂਜੇ ਉਪਰ ਬਾਬਾ ਦੀਪ ਸਿੰਘ ਆਪਣੇ ਸਾਥੀ ਸਿੰਘਾਂ ਨੂੰ ਯੁੱਧ ਵਿਚ ਜਾਣ ਲਈ ਲਲਕਾਰ ਰਿਹਾ ਹੈ। ਗੁਰਦੁਆਰੇ ਦੇ ਦਰਵਾਜ਼ੇ ਦੇ ਬਿਲਕੁਲ ਨਾਲ ਲਗਵੇਂ ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਦੇ ਬੁੱਤ ਹਨ ਜੋ ਘੋੜਿਆਂ ਦੀਆਂ ਵਾਗਾਂ ਫੜੀ ਖੜੇ ਹਨ। ਇਸ ਤਰ੍ਹਾਂ ਸ਼ਾਇਦ ਦੁਨੀਆਂ ਭਰ ਦੇ ਗੁਰਦੁਆਰਿਆਂ ਵਿਚੋਂ ਇਹੀ ਇਕ ਐਸਾ ਗੁਰਦੁਆਰਾ ਹੈ ਜਿਥੇ ਕਿ ਸਿੱਖ ਜਰਨੈਲਾਂ ਜਾਂ ਨੇਤਾਵਾਂ ਦੇ ਬੁੱਤ ਲਾਏ ਗਏ ਹੋਣ। ਭਾਵੇਂ ਪੱਥਰ ਦੇ ਬੁੱਤ ਲਾਉਣਾ ਸਿੱਖ ਧਰਮ ਅਨੁਸਾਰ ਪ੍ਰਵਾਨਤ ਨਹੀਂ ਪਰ ਇਥੇ ਲੱਗੇ ਬੁੱਤਾਂ ਨੇ ਹਰ ਦੇਖਣ ਵਾਲੇ ਦਾ ਦਿਲ ਖਿਚ ਲਿਆ ਹੈ ਅਤੇ ਕਿਸੇ ਵੀ ਸਿੱਖ ਸੰਤ ਜਾਂ ਨੇਤਾ ਨੇ ਇਨ੍ਹਾਂ ਬੁੱਤਾਂ ਦੀ ਨਿੰਦਿਆ ਨਹੀਂ ਕੀਤੀ।

ਗੁਰਦੁਆਰੇ ਦੇ ਪ੍ਰਬੰਧਕਾਂ ਦੇ ਦੱਸਣ ਅਨੁਸਾਰ ਇਹ ਬੁੱਤ-ਤਰਾਸ਼ੀ ਅਤੇ ਗੁਰਦੁਆਰੇ ਦਾ ਨਕਸ਼ਾ ਸਿਰਫ ਇਥੋਂ ਦੇ ਹੀ ਸਥਾਨਕ ਮਿਸਤਰੀਆਂ ਦੇ ਆਪਣੇ ਦਿਮਾਗ ਦੀ ਕਾਢ ਹੈ। ਬੁੱਤ-ਤਰਾਸ਼ੀ ਦਾ ਕੰਮ ਰਾਏਕੋਟ ਦੇ ਤਾਰਾ ਸਿੰਘ ਆਰਟਿਸਟ ਨੇ ਕੀਤਾ ਦਸਿਆ ਜਾਂਦਾ ਹੈ।

---

1. ਇਸ ਨਾਂ ਦਾ ਇਕ ਹੋਰ ਪੱਖ ਵੀ ਦਿੱਤਾ ਜਾਂਦਾ ਹੈ। ਇਸ ਅਨੁਸਾਰ ਇਥੇ ਮਹਿਤੇ ਜੱਟਾਂ ਦੀ ਆਬਾਦੀ ਹੋਣ ਕਰਕੇ ਇਸ ਵਿਚਕਾਰਲੀ ਥਾਂ ਦਾ ਨਾਂ ਮਹਿਤੇ ਸ਼ਬਦ ਤੋਂ ਵਿਗੜ ਕੇ ਮਹਿਦੀਆਣਾ ਪ੍ਰਚਲਤ ਹੋ ਗਿਆ ਹੈ। ਪਰ ਉਪਰ ਦਿੱਤਾ ਪੱਖ ਜ਼ਿਆਦਾ ਸਹੀ ਪ੍ਰਤੀਤ ਹੁੰਦਾ ਹੈ।

ਗੁਰਦੁਆਰਾ ਸ਼ੁਰੂ ਕਰਨ ਤੋਂ ਪਹਿਲਾਂ ਇਹ ਥਾਂ ਬਾਕੀ ਦੀ ਥਾਂ ਨਾਲੋਂ ਬਹੁਤ ਨੀਵੀਂ ਸੀ। ਇਸ ਨੂੰ ਭਰਤ ਪਾ ਕੇ ਉੱਚਾ ਕੀਤਾ ਗਿਆ ਹੈ। ਇਥੇ ਹੀ ਇਕ ਬਹੁਤ ਡੂੰਘੀ ਢਾਬ ਸੀ ਜਿਸ ਨੂੰ ਹੁਣ ਇਕ ਸੁੰਦਰ ਸਰੋਵਰ ਦਾ ਰੂਪ ਦੇ ਦਿੱਤਾ ਗਿਆ ਹੈ।

## ਮਾਛੀਵਾੜਾ

ਮਾਛੀਵਾੜਾ ਚਮਕੌਰ ਸਾਹਿਬ ਤੋਂ 31 ਕਿਲੋਮੀਟਰ ਦੀ ਵਿੱਥ ਉਤੇ ਉੱਤਰ-ਪਛਮ ਵੱਲ ਹੈ। ਗੁਰੂ ਗੋਬਿੰਦ ਸਿੰਘ ਜੀ ਚਮਕੌਰ ਸਾਹਿਬ ਤੋਂ ਚਲ ਕੇ ਇਥੇ ਪਹੁੰਚੇ ਸਨ। ਸਥਾਨਕ ਰਵਾਇਤ ਅਨੁਸਾਰ ਗੁਰੂ ਸਾਹਿਬ ਇਥੇ ਪਹੁੰਚ ਕੇ ਗ਼ਨੀ ਖਾਂ ਅਤੇ ਨਬੀ ਖਾਂ ਦੇ ਬਾਗ ਵਿਚ ਠਹਿਰੇ ਜਿਹੜਾ ਪਿੰਡ ਤੋਂ ਬਾਹਰਵਾਰ ਸੀ। ਇਥੇ ਕੁਝ ਚਿਰ ਆਰਾਮ ਕਰਨ ਲਈ ਗੁਰੂ ਜੀ ਧਰਤੀ ਉਤੇ ਹੀ ਪਰਨਾ ਵਿਛਾ ਕੇ ਅਤੇ ਖੂਹ ਦੀ ਟਿੰਡ ਦਾ ਸਿਰਹਾਣਾ ਬਣਾ ਕੇ ਲੇਟ ਗਏ ਸਨ। ਗ਼ਨੀ ਖਾਂ ਅਤੇ ਨਬੀ ਖਾਂ ਪਠਾਣ ਭਰਾ ਸਨ ਅਤੇ ਗੁਰੂ ਜੀ ਦੇ ਸ਼ਰਧਾਲੂ ਸਨ। ਜਦੋਂ ਇਨ੍ਹਾਂ ਨੂੰ ਪਤਾ ਲਗਿਆ ਕਿ ਕੋਈ ਯਾਤਰੂ ਇਨ੍ਹਾਂ ਦੇ ਬਾਗ[1] ਵਿਚ ਸੁੱਤਾ ਪਿਆ ਹੈ ਤਾਂ ਇਹ ਉਥੇ ਪਹੁੰਚੇ। ਗੁਰੂ ਜੀ ਨੂੰ ਪਛਾਣ ਕੇ ਇਨ੍ਹਾਂ ਨੇ ਗੁਰੂ ਜੀ ਦੀ ਬਹੁਤ ਆਓ ਭਗਤ ਕੀਤੀ ਅਤੇ ਆਪਣੇ ਘਰ ਲੈ ਆਏ।

ਇਥੇ ਹੀ ਇਕ ਭਾਈ ਗੁਲਾਬਾ ਰਹਿੰਦਾ ਸੀ ਜੋ ਗੁਰੂ ਘਰ ਦਾ ਇਕ ਸ਼ਰਧਾਲੂ ਸਿੱਖ ਸੀ। ਉਹ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ। ਪਰ ਸੁਰੱਖਿਅਤਾ ਦੇ ਪੱਖੋਂ ਗੁਰੂ ਜੀ ਦਾ ਉਸ ਦੇ ਘਰ ਰਹਿਣਾ ਠੀਕ ਨਹੀਂ ਸੀ ਕਿਉਂਕਿ ਦੁਸ਼ਮਣ ਦੀਆਂ ਫ਼ੌਜਾਂ, ਗੁਰੂ ਜੀ ਦੀ ਭਾਲ ਕਰਦੀਆਂ ਹੋਈਆਂ ਹਰ ਗੈਰ-ਮੁਸਲਿਮ ਦਾ ਘਰ ਤਲਾਸ਼ ਕਰ ਰਹੀਆਂ ਸਨ। ਇਸ ਲਈ ਗੁਰੂ ਜੀ ਗ਼ਨੀ ਖਾਂ ਅਤੇ ਨਬੀ ਖਾਂ ਦੇ ਘਰ ਹੀ ਰਹੇ।

ਭਾਈ ਗੁਲਾਬੇ ਦੇ ਘਰ ਹੀ ਪਠਾਣ ਭਰਾਵਾਂ ਨੇ ਆਪਣੀ ਵਿਉਂਤ ਅਨੁਸਾਰ ਚਿੱਟੇ ਖੱਦਰ ਦੇ ਕੱਪੜਿਆਂ ਨੂੰ ਨੀਲੇ ਰੰਗ ਵਿਚ ਰੰਗਿਆ ਸੀ। ਇਹ ਕੱਪੜੇ ਗੁਰੂ ਘਰ ਦੀ ਸ਼ਰਧਾਲੂ ਇਕ ਮਾਈ ਨੇ ਆਪ ਬੁਣੇ ਸਨ। ਗ਼ਨੀ ਖਾਂ ਅਤੇ ਨਬੀ ਖਾਂ ਨੇ ਗੁਰੂ ਜੀ ਨੂੰ ਸੁਰੱਖਿਅਤਾ ਨਾਲ ਕੱਢਣ ਲਈ ਉਨ੍ਹਾਂ ਨੂੰ 'ਉੱਚ ਦਾ ਪੀਰ' ਬਣਾ ਕੇ ਲੈ ਜਾਣ ਦੀ ਵਿਉਂਤ ਬਣਾਈ। ਇਸ ਤਰ੍ਹਾਂ ਇਨ੍ਹਾਂ ਦੋਵੇਂ ਪਠਾਣ ਭਰਾਵਾਂ ਨੇ ਗੁਰੂ ਜੀ ਨੂੰ ਨੀਲੇ ਭੇਸ ਵਿਚ 'ਉੱਚ ਦਾ ਪੀਰ' ਬਣਾਕੇ ਦੁਸ਼ਮਣ ਦੇ ਘੇਰੇ ਵਿਚੋਂ ਕੱਢ ਕੇ ਲੈ ਜਾਣ ਵਿਚ ਸਫਲਤਾ ਪ੍ਰਾਪਤ ਕੀਤੀ।

ਮਾਛੀਵਾੜੇ ਵਿਚ ਤਿੰਨ ਗੁਰਦੁਆਰੇ ਗੁਰੂ ਜੀ ਦੀ ਯਾਦ ਵਿਚ ਹਨ। ਬਾਗ ਵਾਲੀ ਥਾਂ ਉਤੇ ਗੁਰਦੁਆਰਾ ਚਰਨ ਕਮਲ ਸਾਹਿਬ ਸਥਿਤ ਹੈ। ਗ਼ਨੀ ਖਾਂ ਅਤੇ ਨਬੀ ਖਾਂ ਦੀ ਹਵੇਲੀ ਵਿਖੇ ਵੀ ਇਕ ਗੁਰਦੁਆਰਾ ਸਥਿਤ ਹੈ। ਇਥੇ ਹੀ ਇਨ੍ਹਾਂ ਦੋਵੇਂ ਪਠਾਣ ਭਰਾਵਾਂ ਦੀ ਯਾਦ ਵਿਚ ਦੋ ਮਸਜਿਦਾਂ ਸਥਿਤ ਹਨ। ਭਾਈ ਗੁਲਾਬੇ ਦੇ ਘਰ ਵਿਖੇ 'ਚੁਬਾਰਾ ਸਾਹਿਬ' ਦੇ ਨਾਂ ਦਾ ਗੁਰਦੁਆਰਾ ਸਥਿਤ ਹੈ। ਭਾਈ ਦਯਾ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਜੀ ਇਥੇ ਹੀ ਗੁਰੂ ਸਾਹਿਬ ਨੂੰ ਮਿਲੇ ਸਨ।

---

1. ਪੰਡਿਤ ਤਾਰਾ ਸਿੰਘ ਨਰੋਤਮ (ਪੰਨਾ 137) ਅਤੇ ਭਾਈ ਕਾਨ੍ਹ ਸਿੰਘ ਨਾਭਾ (ਪੰਨਾ 719) ਨੇ ਇਸੇ ਬਾਗ ਨੂੰ ਭਾਈ ਗੁਲਾਬੇ ਦਾ ਬਾਗ ਲਿਖਿਆ ਹੈ ਪਰ ਇਹ ਠੀਕ ਪਰਤੀਤ ਨਹੀਂ ਹੁੰਦਾ। ਸਥਾਨਕ ਰਵਾਇਤ ਬੜੀ ਪਰਪੱਕਤਾ ਨਾਲ ਇਸ ਬਾਗ ਨੂੰ ਗ਼ਨੀ ਖਾਂ ਅਤੇ ਨਬੀ ਖਾਂ ਦਾ ਬਾਗ ਹੀ ਦਰਸਾਉਂਦੀ ਹੈ। ਇਹ ਹੀ ਪਠਾਣ ਭਰਾ ਇਥੋਂ ਦੀ ਜ਼ਮੀਨ ਦੇ ਮਾਲਕ ਸਨ।

## ਮਾਣੂੰਕੇ

ਗੁਰੂ ਗੋਬਿੰਦ ਸਿੰਘ ਜੀ ਲੰਮੇ-ਜੱਟਪੁਰੇ ਤੋਂ ਮੁਕਤਸਰ ਨੂੰ ਜਾਂਦਿਆਂ ਹੋਇਆਂ ਇਥੇ ਠਹਿਰੇ ਸਨ। ਪਿੰਡ ਮਾਣੂੰਕੇ, ਲੰਮੇ-ਜੱਟਪੁਰੇ ਤੋਂ ਤਿੰਨ ਕੁ ਕਿਲੋਮੀਟਰ ਦੀ ਵਿੱਥ ਉਤੇ ਗੁਰੂ ਗੋਬਿੰਦ ਸਿੰਘ ਮਾਰਗ ਉਪਰ ਸਥਿਤ ਹੈ।

ਸਥਾਨਕ ਰਵਾਇਤ ਅਨੁਸਾਰ ਜਿਸ ਸਮੇਂ ਗੁਰੂ ਜੀ ਇਥੇ ਆਏ ਸਨ ਤਾਂ ਇਥੇ ਪਿੰਡ ਨਹੀਂ ਸੀ ਸਗੋਂ ਇਥੇ ਇਕ ਸੰਘਣਾ ਜੰਗਲ ਸੀ ਜਿਸ ਉਤੇ ਇਕ ਲਾਲ ਨਾਮੀ ਆਦਮੀ ਦਾ ਕਬਜ਼ਾ ਸੀ। ਇਹ ਬੜਾ ਬਹਾਦਰ ਅਤੇ ਚੰਗਾ ਘੋੜ ਸਵਾਰ ਸੀ। ਗੁਰੂ ਜੀ ਜਦੋਂ ਇਥੋਂ ਲੰਘਦੇ ਹੋਏ ਇਸ ਜੰਗਲ ਵਿਚ ਠਹਿਰੇ ਤਾਂ ਲਾਲ ਆਪਣੀ ਘੋੜੀ ਉਤੇ ਸਵਾਰ ਹੋਇਆ ਗੁਰੂ ਜੀ ਨੂੰ ਮਿਲਿਆ। ਗੁਰੂ ਜੀ ਨੇ ਸੁੰਦਰ ਘੋੜੀ ਦੀ ਬਹੁਤ ਤਾਰੀਫ ਕੀਤੀ।

ਇਸ ਲਾਲ ਦੇ ਕਿਸੇ ਵੱਡੇ ਵਡੇਰੇ ਦਾ ਨਾਂ ਮਾਣੂੰ ਸੀ। ਗੁਰੂ ਸਾਹਿਬ ਨੇ ਲਾਲ ਨੂੰ ਇਥੇ ਪਿੰਡ ਵਸਾਉਣ ਲਈ ਕਿਹਾ ਸੀ। ਇਸ ਲਈ ਲਾਲ ਨੇ ਇਥੇ ਆਪਣੇ ਵਡੇਰੇ ਮਾਣੂੰ ਦੇ ਨਾਂ ਉਤੇ ਪਿੰਡ ਬੰਨ੍ਹਿਆ ਜਿਸ ਦਾ ਨਾਂ ਮਾਣੂੰਕੇ ਪਰਚਲਤ ਹੋ ਗਿਆ। ਇਹ ਸੰਧੂ ਗੋਤ ਦੇ ਜੱਟ ਸਨ। ਅੱਜ ਕਲ੍ਹ ਇਥੇ ਗੁਰੂ ਜੀ ਦੀ ਯਾਦ ਵਿਚ ਬਹੁਤ ਸੁੰਦਰ ਗੁਰਦੁਆਰਾ ਸੁਸ਼ੋਭਤ ਹੈ।

## ਮੋਹੀ

ਮੋਹੀ ਪਿੰਡ ਅਹਿਮਦਗੜ੍ਹ-ਮੁਲਾਂਪੁਰ ਸੜਕ ਉਪਰ ਸਥਿਤ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਆਲਮਗੀਰ ਤੋਂ ਰਾਇਕੋਟ ਵੱਲ ਨੂੰ ਜਾਂਦੇ ਹੋਏ ਪਹੁੰਚੇ ਸਨ। ਸਥਾਨਕ ਰਵਾਇਤ ਅਨੁਸਾਰ, ਗੁਰੂ ਜੀ ਨੇ ਇਥੇ ਪਹੁੰਚ ਕੇ ਆਪਣੇ ਹੱਥ ਦੀ ਇਕ ਉਂਗਲੀ ਵਿਚੋਂ ਤੰਗ ਮੁੰਦਰੀ ਨੂੰ ਇਕ ਲੁਹਾਰ ਕੋਲੋਂ ਕਟਵਾਇਆ ਸੀ। ਇਹ ਮੁੰਦਰੀ ਸੋਨੇ ਦੀ ਸੀ। ਕਟੀ ਹੋਈ ਮੁੰਦਰੀ ਹੀ ਲੁਹਾਰ ਨੂੰ ਦਿੱਤੀ ਸੀ। ਸਥਾਨਕ ਰਵਾਇਤ ਅਨੁਸਾਰ ਹੀ ਗੁਰੂ ਜੀ ਨੇ ਪਿੰਡ-ਵਾਸੀਆਂ ਨੂੰ ਵਰ ਦਿੱਤਾ ਸੀ ਕਿ "ਇਥੇ ਚੜ੍ਹੀ ਆਵੇਗੀ ਲੱਥੀ ਜਾਵੇਗੀ।" ਪੰਡਤ ਤਾਰਾ ਸਿੰਘ ਨੇ ਮੋਹੀ ਵਿਖੇ ਗੁਰੂ ਜੀ ਦੇ ਆਉਣ ਬਾਰੇ ਇਉਂ ਲਿਖਿਆ ਹੈ: "ਈਹਾ ਗੁਰੂ ਜੀ ਨੇ ਲੁਹਾਰ ਸੇ ਹਾਥ ਕਾ ਛੱਲਾ ਕਟਵਾਯ ਕੇ ਕਹਯਾ ਕੁਛ ਬਰ ਮਾਂਗ। ਉਸਨੇ ਕਹਯਾ ਬੇਟੇ ਬਿਯਾਹੇ ਜਾਵੇਂ। ਬਚਨ ਕੀਆ ਦੋ ਦੋ ਵਿਆਹ ਹੋਵੇਂਗੇ। ਸੋ ਉਸੀ ਤਰ੍ਹਾਂ ਹੋਤਾ ਹੈ।"[1]

---

1. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 140

## ਰਤਨ

ਪਿੰਡ ਰਤਨ ਲੁਧਿਆਣਾ ਰਾਇਪੁਰ ਸੜਕ ਉਪਰ ਯੋਧਾਂ ਪਿੰਡ ਦੇ ਨਜ਼ਦੀਕ ਹੈ। ਗੁਰੂ ਗੋਬਿੰਦ ਸਿੰਘ ਜੀ ਆਲਮਗੀਰ ਤੋਂ ਰਾਏ ਕੋਟ ਵੱਲ ਨੂੰ ਜਾਂਦੇ ਹੋਏ ਇਥੇ ਆ ਕੇ ਠਹਿਰੇ ਸਨ। ਸਥਾਨਕ ਰਵਾਇਤ ਅਨੁਸਾਰ ਉਸ ਸਮੇਂ ਇਥੇ ਇਕ ਬਹੁਤ ਵੱਡਾ ਟਾਹਲੀ ਦਾ ਰੁੱਖ ਸੀ। ਕਿਹਾ ਜਾਂਦਾ ਹੈ ਕਿ ਗੁਰੂ ਜੀ ਇਸ ਟਾਹਲੀ ਹੇਠਾਂ ਹੀ ਠਹਿਰੇ ਸਨ। ਇਸੇ ਕਰਕੇ ਹੀ ਇਥੋਂ ਦੇ ਗੁਰਦੁਆਰੇ ਦਾ ਨਾਂ 'ਟਾਹਲੀ ਸਾਹਿਬ' ਪਰਚਲਤ ਹੋਇਆ। ਇਕ ਰਵਾਇਤ ਅਨੁਸਾਰ ਇਥੇ ਨੇੜੇ ਹੀ ਇਕ ਤੂਤਾਂ ਵਾਲਾ ਖੂਹ ਹੈ। ਗੁਰੂ ਜੀ ਨੇ ਇਸ ਖੂਹ ਤੋਂ ਪੀਣ ਲਈ ਪਾਣੀ ਮੰਗਵਾਇਆ ਸੀ।

ਸਥਾਨਕ ਰਵਾਇਤ ਹੈ ਕਿ ਗੁਰੂ ਜੀ ਦੇ ਪਿਛੋਂ ਇਸ ਥਾਂ ਦੀ ਪੂਜਾ ਹੋਣ ਲਗੀ। ਕੁਝ ਚਿਰ ਪਿਛੋਂ ਇਥੇ ਸਾਧਾਂ ਨੇ ਆਪਣਾ ਇਕ ਡੇਰਾ ਬਣਾ ਲਿਆ। ਪਰ ਇਥੋਂ ਦੇ ਲੋਕਾਂ ਨੇ ਇਨ੍ਹਾਂ ਤੋਂ ਡੇਰਾ ਖਾਲੀ ਕਰਵਾ ਲਿਆ ਅਤੇ ਇਸ ਡੇਰੇ ਨੂੰ ਗੁਰਦੁਆਰੇ ਦਾ ਰੂਪ ਦਿੱਤਾ ਗਿਆ। ਇਥੇ ਨਾਲ ਹੀ ਇਕ ਛਪੜੀ ਹੁੰਦੀ ਸੀ। ਹੁਣ ਇਸ ਦੀ ਸੰਭਾਲ ਕਰ ਕੇ ਇਕ ਬਾਉਲੀ ਬਣਾ ਦਿੱਤੀ ਗਈ ਹੈ।

ਇਸ ਸਮੇਂ ਇਥੇ ਇਕ ਬਹੁਤ ਸੁੰਦਰ ਗੁਰਦੁਆਰਾ ਸਥਿਤ ਹੈ ਜਿਹੜਾ ਸਥਾਨਕ ਕਮੇਟੀ ਦੇ ਪਰਬੰਧ ਅਧੀਨ ਹੈ।

## ਰਾਇਕੋਟ

ਇਥੇ ਗੁਰੂ ਗੋਬਿੰਦ ਸਿੰਘ ਜੀ ਆਲਮਗੀਰ ਤੋਂ ਚਲ ਕੇ ਮੁਕਤਸਰ ਨੂੰ ਜਾਂਦੇ ਹੋਏ ਠਹਿਰੇ ਸਨ। ਇਥੋਂ ਦਾ ਚੌਧਰੀ ਰਾਏ ਕੱਲ੍ਹਾ ਸੀ ਜੋ ਰਾਜਪੂਤ ਮੁਸਲਮਾਨ ਸੀ। ਰਾਏ ਕੱਲ੍ਹਾ ਗੁਰੂ ਘਰ ਦਾ ਸ਼ਰਧਾਲੂ ਸੀ।

ਸਥਾਨਕ ਰਵਾਇਤ ਅਨੁਸਾਰ ਰੋਪੜ ਨੇੜੇ ਕੋਟਲਾ ਨਿਹੰਗ ਖਾਂ ਦੇ ਰਹਿਣ ਵਾਲਾ ਨਿਹੰਗ ਖਾਨ ਪਠਾਣ ਰਾਏ ਕੱਲ੍ਹੇ ਦਾ ਸੰਬੰਧੀ ਸੀ। ਇਸ ਨੇ ਰਾਇ ਕੱਲ੍ਹੇ ਨੂੰ ਗੁਰੂ ਜੀ ਦੀ ਸੇਵਾ ਕਰਨ ਲਈ ਪਰੇਰਿਆ ਸੀ। ਗੁਰੂ ਸਾਹਿਬ ਜਦੋਂ ਰਾਏ ਕੋਟ ਦੇ ਲਾਗਲੇ ਪਿੰਡਾਂ ਵਿਚ ਠਹਿਰੇ ਹੋਏ ਸਨ ਤਾਂ ਰਾਏ ਕੱਲ੍ਹਾ ਅਗੋਂ ਜਾ ਕੇ ਗੁਰੂ ਜੀ ਨੂੰ ਲੈ ਕੇ ਆਇਆ ਸੀ। ਗੁਰੂ ਜੀ ਦਾ ਉਤਾਰਾ ਨਗਰ ਤੋਂ ਬਾਹਰਵਾਰ ਕੀਤਾ ਗਿਆ। ਇਥੇ ਟਾਹਲੀਆਂ ਦਾ ਕਾਫੀ ਵੱਡਾ ਝੁੰਡ ਸੀ। ਇਸੇ ਹੀ ਥਾਂ ਉਤੇ ਪਿੱਛੋਂ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਬਣਾਇਆ ਗਿਆ ਹੈ।

ਸਥਾਨਕ ਰਵਾਇਤ ਅਨੁਸਾਰ ਰਾਏ ਕੱਲ੍ਹੇ ਕੋਲ ਪਹੁੰਚਣ ਉਪਰੰਤ ਗੁਰੂ ਜੀ ਨੇ ਰਾਏ ਕੱਲ੍ਹੇ ਨੂੰ ਕਿਹਾ ਕਿ ਉਹ ਕਿਸੇ ਆਦਮੀ ਨੂੰ ਭੇਜ ਕੇ ਸਰਹਿੰਦ ਤੋਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਪਤਾ ਮੰਗਵਾਏ। ਰਾਏ ਕੱਲ੍ਹੇ ਨੇ ਨੂਰੇ ਮਾਹੀ ਨੂੰ ਪਤਾ ਲੈਣ ਲਈ ਭੇਜਿਆ। ਨੂਰੇ ਮਾਹੀ ਨੇ ਆ ਕੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੇ ਸ਼ਹੀਦ ਹੋਣ ਦੀ ਖ਼ਬਰ ਦਿੱਤੀ। ਇਹ ਖ਼ਬਰ ਸੁਣਨ ਉਪਰੰਤ ਗੁਰੂ ਜੀ ਨੇ ਇਕ ਕਾਹੀ ਦੇ ਬੂਟੇ ਦੀ ਜੜ੍ਹ ਨੂੰ ਪੁਟ ਕੇ ਕਿਹਾ ਕਿ ਹੁਣ ਜ਼ੁਲਮੀ ਰਾਜ ਦੀਆਂ ਜੜ੍ਹਾਂ ਪੁੱਟੀਆਂ ਜਾਣਗੀਆਂ।

ਗੁਰੂ ਸਾਹਿਬ ਇਥੇ ਕਾਫੀ ਦਿਨ ਰਹੇ ਦਸੇ ਜਾਂਦੇ ਹਨ। ਇਸ ਸਮੇਂ ਦੌਰਾਨ ਗੁਰੂ ਜੀ ਲਾਗਲੇ ਪਿੰਡਾਂ ਵਿਚ ਵੀ ਚਲੇ ਜਾਇਆ ਕਰਦੇ ਸਨ। ਜਾਣ ਸਮੇਂ ਗੁਰੂ ਜੀ ਨੇ ਰਾਏ ਕੱਲ੍ਹੇ ਨੂੰ ਇਕ ਤਲਵਾਰ, ਇਕ ਗੰਗਾ ਸਾਗਰ ਅਤੇ ਇਕ ਰਾਹਲ ਬਖ਼ਸ਼ੀ ਸੀ ਅਤੇ ਵਰ ਦਿੱਤਾ ਸੀ ਕਿ ਜਦੋਂ ਤੱਕ ਇਹ ਤਲਵਾਰ ਉਸ ਦੇ ਖਾਨਦਾਨ ਪਾਸ ਰਹੇਗੀ ਉਦੋਂ ਤੱਕ ਉਸ ਦੀ ਚੌਧਰ ਬਣੀ ਰਹੇਗੀ। ਅੱਜ ਕਲ੍ਹ ਇਹ ਤਲਵਾਰ ਨਾਭੇ ਦੇ 'ਗੁਰਦੁਆਰਾ ਸਿਰੋਪਾਓ' ਵਿਖੇ ਪਈ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਰਾਏ ਕੱਲ੍ਹਾ ਬਾਰੇ ਇਉਂ ਲਿਖਿਆ ਹੈ: "ਰਾਏਕੋਟ (ਜ਼ਿਲ੍ਹਾ ਲੁਧਿਆਣਾ) ਦਾ ਸਰਦਾਰ ਜੋ ਜਗਰਾਵਾਂ ਦੇ ਪਾਸ ਦੇ ਤਿਹਾੜੇ ਇਲਾਕੇ ਦਾ ਰਾਜਾ ਸੀ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸੇਵਕ ਸੀ। ਮਾਛੀਵਾੜੇ ਤੋਂ ਉੱਚ ਦੇ ਪੀਰ ਦੀ ਸ਼ਕਲ ਵਿੱਚ ਦਸ਼ਮੇਸ਼ ਰਾਇਕੋਟ ਪਹੁੰਚੇ। ਕੱਲ੍ਹੇ ਨੇ ਤਨ ਮਨ ਤੋਂ ਸੇਵਾ ਕੀਤੀ। ਆਪਣਾ ਚਰਵਾਹਾ ਨੂਰੂ ਸਰਹਿੰਦ ਭੇਜ ਕੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਦੀ ਖ਼ਬਰ ਇਸੇ ਨੇ ਮੰਗਵਾਈ ਸੀ। ਕਲਗੀਧਰ ਨੇ ਕੱਲ੍ਹਾਰਾਯ ਨੂੰ ਇੱਕ ਖੜਗ ਬਖ਼ਸ਼ਿਆ ਅਤੇ ਹੁਕਮ ਦਿੱਤਾ ਕਿ ਇਸ ਨੂੰ ਸਨਮਾਨ ਨਾਲ ਰੱਖਣਾ। ਕੱਲ੍ਹੇ ਨੇ ਹੁਕਮ ਦੀ ਪੂਰੀ ਪਾਲਣਾ ਕੀਤੀ।"[1]

## ਰਾਜੋਆਣਾ ਅਤੇ ਸੀਲੋਆਣੀ

ਗੁਰੂ ਗੋਬਿੰਦ ਸਿੰਘ ਰਾਏਕੋਟ ਵਿਖੇ ਰਹਿੰਦੇ ਹੋਏ ਇਨ੍ਹਾਂ ਪਿੰਡਾਂ ਵਿਚ ਜਾਇਆ ਕਰਦੇ ਸਨ। ਇਹ ਪਿੰਡ ਇਕ ਦੂਜੇ ਦੇ ਬਿਲਕੁਲ ਨਜ਼ਦੀਕ ਹਨ ਅਤੇ ਇਹ ਫੈਸਲਾ ਕਰਨਾ ਮੁਸ਼ਕਲ ਹੈ ਕਿ ਗੁਰੂ ਜੀ ਕਿਹੜੇ ਪਿੰਡ ਵਿਚ ਪਹਿਲਾਂ ਅਤੇ ਕਿਹੜੇ ਵਿਚ ਪਿਛੋਂ ਗਏ ਸਨ। ਇਨ੍ਹਾਂ ਦੋਵੇਂ ਪਿੰਡਾਂ ਵਿਚ ਹੀ ਗੁਰੂ ਜੀ ਦੀ ਯਾਦ ਵਿਚ ਗੁਰਦੁਆਰੇ ਹਨ।

ਸੀਲੋਆਣੀ ਪਿੰਡ ਵਿਚ ਗੁਰੂ ਜੀ ਦੇ ਆਉਣ ਬਾਰੇ ਪੰਡਿਤ ਤਾਰਾ ਸਿੰਘ ਨਰੋਤਮ ਇਉਂ ਲਿਖਦਾ ਹੈ: "ਇਸ ਗ੍ਰਾਮ ਮੇ ਰਾਯ ਕੇ ਕੋਟ ਵਾਲਾ ਕੱਲਾ ਰਾਯ ਮਿਲਾ। ਗੁਰੂ ਜੀ ਨੇ ਬਚਨ ਕੀਆ ਸਿਰੰਦ ਸੇ ਖਬਰ ਮਗਵਾਓ। ਆਦਮੀ ਭੇਜਾ ਸਿਰੰਦ ਸੇ ਖਬਰ ਲੇ ਗਯਾ।"[2] ਸਥਾਨਕ ਰਵਾਇਤ ਅਨੁਸਾਰ ਗੁਰੂ ਜੀ ਇਥੇ ਇਕ ਬੇਰੀ ਦੇ ਦਰੱਖਤ ਹੇਠਾਂ ਬੈਠੇ ਸਨ। ਇਸੇ ਹੀ ਬੇਰੀ ਦੇ ਦਰੱਖਤ ਕਰਕੇ ਇਥੇ ਗੁਰਦੁਆਰਾ ਬੇਰੀ ਸਾਹਿਬ ਹੈ।

ਰਾਜੋਆਣਾ ਪਿੰਡ ਵਿਚ, ਸਥਾਨਕ ਰਵਾਇਤ ਅਨੁਸਾਰ, ਇਕ ਮਾਈ ਭੱਟੀ ਦੇ ਪੁੱਤਰ ਗੁਰੂ ਜੀ ਨੂੰ ਮਿਲੇ ਸਨ ਅਤੇ ਉਨ੍ਹਾਂ ਨੇ ਗੁਰੂ ਜੀ ਲਈ ਇਕ ਪਲੰਘ ਲਿਆ ਕੇ ਦਿੱਤਾ ਸੀ ਅਤੇ ਇਸੇ ਹੀ ਪਲੰਘ ਉਪਰ ਉਹ ਗੁਰੂ ਜੀ ਨੂੰ ਕਮਾਲਪੁਰ ਪਿੰਡ ਤੱਕ ਜੋ ਇਥੋਂ ਨੇੜੇ ਹੀ ਹੈ ਲੈ ਕੇ ਗਏ ਸਨ। ਇਸੇ ਹੀ ਯਾਦ ਵਿਚ ਇਥੇ ਗੁਰਦੁਆਰਾ ਮੰਜੀ ਸਾਹਿਬ ਹੈ।

---

1. ਮਹਾਨ ਕੋਸ਼, ਪੰਨਾ 233
2. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 140

## ਰਾਮਪੁਰ

ਪਿੰਡ ਰਾਮਪੁਰ, ਸਰਹਿੰਦ ਨਹਿਰ ਉਪਰ ਦੁਰਾਹੇ ਤੋਂ ਤਿੰਨ ਕਿਲੋਮੀਟਰ ਦੀ ਦੂਰੀ ਉਤ ਸਥਿਤ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਆਲਮਗੀਰ ਵੱਲੋਂ ਜਾਂਦੇ ਹੋਏ ਕੁਝ ਚਿਰ ਲਈ ਇਕ ਰੇਰੂ ਦੇ ਦਰੱਖ਼ਤ ਹੇਠ ਠਹਿਰੇ ਸਨ। ਇਸ ਰੇਰੂ ਦੇ ਦਰੱਖਤ ਦੇ ਨਾਂ ਉਪਰ ਹੀ ਇਥੋਂ ਦੇ ਗੁਰਦੁਆਰੇ ਦਾ ਨਾਂ ਗੁਰਦੁਆਰਾ ਰੇਰੂ ਸਾਹਿਬ ਪਿਆ ਹੈ।

ਇਸ ਪਿੰਡ ਦੇ ਸਾਰੇ ਵਸਨੀਕ ਮਾਂਗਟ ਗੋਤ ਦੇ ਜੱਟ ਹਨ ਅਤੇ ਭਾਰਾ ਮੱਲ ਦੀ ਔਲਾਦ ਹਨ। ਭਾਰਾ ਮੱਲ ਦੇ ਅੱਗੇ ਤਿੰਨ ਪੁੱਤਰ ਸਨ : ਆਸਾ, ਹੁਸ਼ਿਆਰਾ ਅਤੇ ਚੰਦੂ। ਪਿਛੋਂ ਇਨ੍ਹਾਂ ਤਿੰਨਾਂ ਪੁੱਤਰਾਂ ਦੇ ਨਾਂ ਉਤੇ ਪਿੰਡ ਦੀਆਂ ਤਿੰਨ ਪੱਤੀਆਂ ਬਣ ਗਈਆਂ ਸਨ। ਜਿਸ ਥਾਂ ਉਤੇ ਗੁਰਦੁਆਰਾ ਰੇਰੂ ਸਾਹਿਬ ਸਥਿਤ ਹੈ ਉਹ ਹੁਸ਼ਿਆਰਾ ਪੱਤੀ ਦੀ ਜ਼ਮੀਨ ਸੀ ਅਤੇ ਇਕ ਵਿਅਕਤੀ ਦਸੋਂਧਾ ਸਿੰਘ ਦੀ ਮਲਕੀਅਤ ਸੀ।

ਦਸਿਆ ਜਾਂਦਾ ਹੈ ਕਿ ਸੰਤ ਅਤਰ ਸਿੰਘ ਜੀ ਲੋਪੋਂ ਵਾਲਿਆਂ ਨੇ ਇਥੇ ਆ ਕੇ ਭਜਨ ਬਦਗੀ ਕਰਨੀ ਸ਼ੁਰੂ ਕਰ ਦਿੱਤੀ ਸੀ। ਇਕ ਗੇਂਦਾ ਸਿੰਘ ਸੂਦ ਨੇ ਸੰਤਾਂ ਨੂੰ ਦਸਿਆ ਸੀ ਕਿ ਇਥੇ ਗੁਰੂ ਗੋਬਿੰਦ ਸਿੰਘ ਜੀ ਆਏ ਸਨ। ਸੰਤਾਂ ਨੇ ਰੇਰੂ ਦੇ ਦਰਖਤ ਕੋਲ ਹੀ ਗੁਰੂ ਜੀ ਦੀ ਯਾਦ ਵਿਚ ਇਕ ਛੋਟਾ ਜਿਹਾ ਗੁਰਦੁਆਰਾ ਬਣਾ ਦਿੱਤਾ ਸੀ। ਪਿਛੋਂ ਨਵੇਂ ਪਿੰਡ ਰਾਜਗੜ੍ਹ ਦੇ ਲੋਕਾਂ ਨੇ ਸੰਤਾਂ ਨੂੰ ਵੱਡਾ ਗੁਰਦੁਆਰਾ ਬਣਾਉਣ ਦੀ ਸਲਾਹ ਦਿੱਤੀ। ਇਸ ਦੀ ਪੂਰਤੀ ਸੰਤ ਅਤਰ ਸਿੰਘ ਜੀ ਤੋਂ ਪਿਛੋਂ ਉਨ੍ਹਾਂ ਦੇ ਉਤਰ-ਅਧਿਕਾਰੀ ਸੰਤ ਭਗਵਾਨ ਸਿੰਘ ਜੀ ਦੇ ਸਮੇਂ ਹੋਈ। ਸੰਤ ਭਗਵਾਨ ਸਿੰਘ ਪਿੰਡ ਨੰਦਪੁਰ-ਕਲੌੜ (ਰੋਪੜ) ਦੇ ਰਹਿਣ ਵਾਲੇ ਸਨ। ਸੰਤ ਭਗਵਾਨ ਸਿੰਘ ਤੋਂ ਪਿਛੋਂ ਬਾਬਾ ਸਾਧੂ ਸਿੰਘ ਜੀ ਇਸ ਥਾਂ ਦੀ ਸੇਵਾ ਕਰਵਾਉਂਦੇ ਰਹੇ। ਇਹ ਇਥੋਂ ਦੇ ਹੀ ਨੇੜੇ ਦੇ ਇਕ ਪਿੰਡ ਬਰਵਾਲਾ ਦੇ ਰਹਿਣ ਵਾਲੇ ਸਨ। ਸੰਤ ਈਸ਼ਰ ਸਿੰਘ ਰਾੜੇਵਾਲੇ ਇਸੇ ਹੀ ਟਕਸਾਲ (ਹੋਤੀ ਮਰਦਾਨ) ਨਾਲ ਸੰਬੰਧਤ ਸਨ। ਇਨ੍ਹਾਂ ਨੇ ਸੰਤ ਭਗਵਾਨ ਸਿੰਘ ਨੂੰ ਸੰਤ ਅਤਰ ਸਿੰਘ ਦੀ ਗੱਦੀ ਦਾ ਅਧਿਕਾਰ ਮਿਲਣ ਕਰਕੇ ਆਪਣਾ ਵਖਰਾ ਡੇਰਾ ਢੱਕੀ ਗਿਆਨ ਸਿੰਘ ਰਾੜੇਵਾਲਾ ਸਥਾਪਤ ਕਰ ਲਿਆ ਸੀ।

ਅੱਜ ਕਲ੍ਹ ਇਹ ਗੁਰਦੁਆਰਾ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਅਧੀਨ ਹੈ।

## ਲੱਲ ਕਲਾਂ

ਪਿੰਡ ਲੱਲ ਕਲਾਂ ਮਾਛੀਵਾੜੇ ਤੋਂ 12 ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਤੋਂ ਅੱਗੇ ਨੂੰ ਜਾਂਦੇ ਹੋਏ ਇਥੇ ਕੁਝ ਸਮਾਂ ਠਹਿਰੇ ਸਨ। ਸਥਾਨਕ ਰਵਾਇਤ ਅਨੁਸਾਰ, ਇਥੇ ਗੁਰੂ ਜੀ ਨੇ ਆਪਣੇ ਛਕਣ ਲਈ ਦੇਗ ਤਿਆਰ ਕਰਵਾਈ ਸੀ ਜਿਹੜੀ ਕਿ ਅਗਲੇ ਪਿੰਡ ਕਟਾਣੀ ਵਿਖੇ ਜਾ ਕੇ ਛੱਕੀ ਗਈ ਸੀ।

ਗੁਰੂ ਜੀ ਇਸ ਥਾਂ ਉਤੇ ਉੱਚ ਦੇ ਪੀਰ ਦੇ ਭੇਸ ਵਿਚ ਹੀ ਆਏ ਸਨ। ਪੰਡਤ ਤਾਰਾ ਸਿੰਘ ਨਰੋਤਮ ਨੇ ਲਿਖਿਆ ਹੈ : "ਗੁਰੂ ਜੀ ਇਸ ਸਾਂਗ ਮੇਂ ਜਬ ਈਹਾਂ ਪਹੁੰਚੇ ਏਕ ਫੌਜ ਕਾ ਸਰਦਾਰ ਈਹਾਂ ਉਤਰਾ ਥਾ। ਉਸ ਨੇ ਸਿਪਾਹੀ ਭੇਜਾ ਪੂਛੋ ਕੋਨ ਹੈ ਕਹਾ ਸੇ ਆਏ ਕਹਾ ਜਾਤੇ ਹੈਂ। ਅਰ ਇਨ ਕੋ ਉਤਾਰੋ ਪਰਖ ਕੇ ਜਾਨ ਦੇਵਗੇ। ਵੇਸ ਬਦਲ ਕੇ ਗੁਰੂ ਨਾ ਨਿਕਸ ਜਾਵੇ। ਸਿਪਾਹੀ

ਨੇ ਪੂਛਾ। ਨਬੀ ਗਨੀ ਖਾਂ ਨੇ ਉੱਤਰ ਦੀਆ ਮੁਲਤਾਨ ਕੇ ਪਾਸ ਉੱਚ ਗ੍ਰਾਮ ਹੈ। ਤਹਾਂ ਕੇ ਸਯਦ ਹੈਂ। ਮੱਕੇ ਸੇ ਹੱਜ ਕਰਕੇ ਆਏ ਹੈਂ। ਮੁਲਕ ਕੀ ਸੈਰ ਕਰਤੇ ਹੈਂ। ਸੁਨ ਕਰ ਸਿਪਾਹੀ ਨੇ ਉਤਾਰੇ। ਸਰਦਾਰ ਨੇ ਖਾਨਾ ਪਕਵਾਯਾ। ਗੁਰੂ ਜੀ ਨੇ ਸਿੱਖੋਂ ਕੋ ਹੁਕਮ ਦੀਆ। ਚਿੱਤ ਮੈਂ ਆਸੰਕਾ ਨਹੀਂ ਕਰਨੀ। ਬਿਪਦਾ ਕਾਲ ਮੇਂ ਬਿਸਵਾ ਮਿੱਤ੍ਰ ਨੇ ਚੰਡਾਲ ਸੇ ਕੁੱਤੇ ਕਾ ਮਾਸ ਖਾਨੇ ਕੋ ਲਿਆ। ਕੁਰਖੇਤ੍ਰ ਮੇਂ ਏਕ ਰਿਖੀ ਨੇ ਹਥਵਾਨੋਂ ਕੀ ਜੂਠੀ ਰੋਟੀਆਂ ਖਾਈ। ਤੈਸੇ ਤੁਮ ਭੀ ਜਾਓ ਕਰਦ ਲਗਾ ਲੇਨੀ। ਪੂਛੇ ਤੋ ਕਹ ਦੇਨਾ ਮੱਕੇ ਸੇ ਨਈ ਸਰਾ ਨਿਕਸੀ ਹੈ। ਸਿੱਖੋਂ ਨੇ ਜਾਕਰ ਕਰਦ ਭੇਟ ਕਰੀ। ਕੜਾਹ ਪ੍ਰਸਾਦ ਬਨ ਗਯਾ। ਗੁਰੂ ਜੀ ਕੋ ਬਤਾਯਾ ਪੀਰ ਜੀ ਰੋਜੇ ਮੇ ਹੈ। ਕਬੀ ਖਾਤੇ ਹੈਂ। ਥੋੜੇ ਸੇ ਜੌ ਖਾ ਲੇਤੇ ਹੈਂ। ਸਰਦਾਰ ਨੇ ਸਯਦ ਹੋਨੇ ਕੀ ਗਵਾਹੀ ਮਾਂਗੀ। ਸੌ ਨੂਰ ਪੁਰ ਕੇ ਸਯਦੋਂ ਨੇ ਦਈ ਕਹਾ ਸਯਦ ਹੈ ਹਮ ਜਾਨਤੇ ਹੈਂ। ਉਨ ਕੋ ਗੁਰੂ ਜੀ ਨੇ ਹੁਕਮ ਨਾਮਾ ਦੀਆ''।[1]

## ਲੰਮੇ ਜੱਟਪੁਰੇ

ਗੁਰੂ ਗੋਬਿੰਦ ਸਿੰਘ ਜੀ ਇਥੇ ਰਾਏਕੋਟ ਰਹਿਣ ਸਮੇਂ ਆਏ ਸਨ। ਲੰਮੇ ਅਤੇ ਜੱਟਪ੍ਰਾ ਦੋ ਪਿੰਡ ਹਨ। ਇਕ ਦਾ ਨਾਂ ਲੰਮੇ ਹੈ ਅਤੇ ਦੂਜੇ ਦਾ ਨਾਂ ਜੱਟਪੁਰਾ ਹੈ। ਇਹ ਰਾਇਕੋਟ ਤੋਂ 6 ਕੁ ਕਿਲੋਮੀਟਰ ਦੀ ਵਿੱਥ ਉਤੇ ਹਨ।

ਸਥਾਨਕ ਰਵਾਇਤ ਅਨੁਸਾਰ ਗੁਰੂ ਜੀ ਲੰਮੇ ਪਿੰਡ ਦੇ ਇਕ ਭਾਈ ਰਮਦਿੱਤਾ ਸਿੰਘ ਦੇ ਘਰ ਆਏ ਸਨ। ਇਥੇ ਕੁਝ ਸਮਾਂ ਰਹਿ ਕੇ ਗੁਰੂ ਜੀ ਪਿੰਡ ਦੇ ਬਾਹਰਵਾਰ ਇਕ ਹਰਿਆਵਲ ਵਾਲੀ ਥਾਂ ਉਪਰ ਆ ਕੇ ਬੈਠੇ ਸਨ। ਇਸ ਥਾਂ ਬ੍ਰਿਛਾਂ ਦਾ ਇਕ ਸੰਘਣਾਂ ਝੁੰਡ ਸੀ। ਇਨ੍ਹਾਂ ਦੋਵਾਂ ਥਾਵਾਂ ਉਪਰ ਹੀ ਅੱਜ ਗੁਰਦੁਆਰੇ ਸੁਸ਼ੋਭਤ ਹਨ।

ਸਥਾਨਕ ਰਵਾਇਤ ਅਨੁਸਾਰ ਗੁਰੂ ਸਾਹਿਬ ਨੂੰ ਨੂਰੇ ਮਾਹੀ ਵੱਲੋਂ ਇਥੇ ਹੀ ਖ਼ਬਰ ਲਿਆ ਕੇ ਦਿੱਤੀ ਗਈ ਸੀ। ਇਥੇ ਹੀ ਗੁਰੂ ਜੀ ਨੇ ਰਾਏ ਕੱਲ੍ਹੇ ਨੂੰ ਤਲਵਾਰ ਬਖ਼ਸ਼ੀ ਸੀ।


ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਬਾਰੇ ਇਉਂ ਲਿਖਿਆ ਹੈ: ''ਗੁਰੂ ਸਾਹਿਬ ਮਾਛੀਵਾੜੇ ਵੱਲੋਂ ਆ ਕੇ ਇਥੇ ਵਿਰਾਜੇ ਸਨ।'' ਭਾਈ ਸੰਤੋਖ ਸਿੰਘ ਨੇ ਲਿਖਿਆ ਹੈ ਕਿ ਕਲ੍ਹਾਰਾਯ ਨੂੰ ਗੁਰੂ ਸਾਹਿਬ ਨੇ ਇਸੇ ਥਾਂ ਖੜਗ ਬਖ਼ਸ਼ਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰਦੁਆਰੇ ਨਾਲ 40 ਘੁਮਾਉਂ ਜ਼ਮੀਨ ਕਈ ਪਿੰਡਾਂ ਵੱਲੋਂ ਹੈ। ਪੁਜਾਰੀ ਸਿੰਘ ਹੈ। ਇਸ ਪਿੰਡ ਨੂੰ ਲੰਮੇ ਜੱਟਪੁਰੇ ਭੀ ਆਖਦੇ ਹਨ। ਕਿਸੇ ਸਮੇਂ ਇਸ ਦਾ ਨਾਮ ਰਣਧੀਰ ਗੜ੍ਹ ਸੀ।[2]

ਪੰਡਿਤ ਤਾਰਾ ਸਿੰਘ ਨਰੋਤਮ ਨੇ ਲਿਖਿਆ ਹੈ: ''ਇਸੀ ਗ੍ਰਾਮ ਮੇਂ ਗੁਰੂ ਜੀ ਨੇ ਕਰਦ ਸੇ ਕਾਨੇ ਕੇ ਪੇਡ ਕੀ ਜੜ ਕਾਟ ਕੇ 'ਮੁਸਲਮਾਨੋ' ਕੀ ਜੜਾਂ ਦੂਰ ਹੋਨੇ ਕਾ ਬਚਨ ਕੀਆ॥ ਰਾਯ ਨੇ ਸੁਨ ਕਰ ਕਹਯਾ ਮੇਰੀ ਜੜ ਰੱਖੀਏ। ਤਿਸ ਕੋ ਗੁਰੂ ਜੀ ਨੇ ਖੰਡਾ ਦੀਆ॥ ਅਰ ਬਚਨ ਕੀਆ॥ ਜਬ ਤਕ ਇਸਕੀ ਪੂਜਾ ਕਰੋਂਗੇ ਬਨੀ ਰਹੇਗੀ।''[3]


ਗੁਰੂ ਜੀ ਕਦੇ ਵੀ ਕਿਸੇ ਧਰਮ ਜਾਂ ਫਿਰਕੇ ਦੇ ਖਿਲਾਫ਼ ਨਹੀਂ ਸਨ ਸਗੋਂ ਜ਼ੁਲਮ ਅਤੇ ਜਬਰ ਦੇ ਖਿਲਾਫ਼ ਸਨ। ਇਸ ਲਈ ਜਿਥੇ ਕਿਤੇ ਮੁਸਲਮਾਨਾਂ ਦੀ ਜੜ੍ਹ ਪੁੱਟਣ ਜੈਸੇ ਸ਼ਬਦ ਆਉਂਦੇ ਹਨ ਉਹ ਗੁਰੂ ਜੀ ਦੀ ਸਿਖਿਆ ਦੇ ਅਨੁਸਾਰ ਠੀਕ ਨਹੀਂ ਹਨ।

---

1. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨੇ 138-139
2. ਮਹਾਨ ਕੋਸ਼, ਪੰਨਾ 806
3. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 142; ਸਿੱਖ ਸਿਧਾਂਤਾਂ ਤੋਂ ਭਲੀ-ਭਾਂਤੀ ਸਪਸ਼ਟ ਹੈ ਕਿ ਸਿੱਖ ਗੁਰੂ ਸਾਹਿਬਾਨ ਕਿਸੇ ਵੀ ਧਰਮ ਦੇ ਵਿਰੁਧ ਨਹੀਂ ਸਨ। ਮੁਸਲਮਾਨਾਂ ਵਿਰੁਧ ਸਾਖੀਆਂ ਦਾ ਕੋਈ ਪਰਮਾਨ ਨਹੀਂ ਹੈ।



ਤਖ਼ਤ ਸਿਰੀ ਕੇਸਗੜ੍ਹ ਸਾਹਿਬ ਵਿਖੇ ਸੁਰਖਿਅਤ
ਗੁਰੂ ਗੋਬਿੰਦ ਸਿੰਘ ਜੀ ਦੇ ਹਥਿਆਰ ।



ਤਖ਼ਤ ਸਿਰੀ ਕੇਸਗੜ੍ਹ ਸਾਹਿਬ ਆਨੰਦਪੁਰ ।

# ਫਰੀਦਕੋਟ

1. ਕੋਟਕਪੂਰਾ
2. ਕੋਟ ਭਾਈ
3. ਕੌਣੀ ਜਾਂ ਕਾਉਣੀ
4. ਗਿੱਦੜਬਾਹਾ
5. ਗੁਰੂ ਸਰ ਸਰਾਵਾਂ
6. ਗੁੜੀ ਸੰਘਰ ਅਤੇ ਮੱਲਣ
7. ਜੈਤੋ
8. ਡੋਡ
9. ਢਿੱਲਵਾਂ ਸੋਢੀਆਂ
10. ਤਖ਼ਤੂਪੁਰਾ
11. ਥੇੜ੍ਹੀ ਭਾਈ ਕੇ
12. ਦੀਨਾ
13. ਨਾਂਗੇ ਦੀ ਸਰਾਂ
14. ਬਹਿਬਲ ਕਲਾਂ
15. ਬਜੀਦਪੁਰ
16. ਬਰਗਾੜੀ
17. ਭੂੰਦੜ
18. ਮੁਕਤਸਰ
19. ਰਾਮੇਆਣਾ
20. ਲੰਬਵਾਲੀ
21. ਵਾਂਦਰ

# ਕੋਟਕਪੂਰਾ

ਕੋਟਕਪੂਰਾ, ਫਰੀਦਕੋਟ ਜ਼ਿਲ੍ਹੇ ਦਾ ਇਕ ਪ੍ਰਸਿੱਧ ਸ਼ਹਿਰ ਹੈ। ਇਸ ਦਾ ਮੋਢੀ ਬਰਾੜ ਗੋਤ ਦਾ ਜੱਟ ਕਪੂਰਾ ਚੌਧਰੀ ਸੀ। ਕਪੂਰੇ ਨੇ ਇਥੇ ਆਪਣੀ ਹਿਫ਼ਾਜ਼ਤ ਲਈ ਇਕ ਕੋਟ ਬਣਵਾ ਰਖਿਆ ਸੀ। ਇਸ ਕੋਟ ਨੂੰ ਕਪੂਰੇ ਦਾ ਕੋਟ ਕਿਹਾ ਜਾਂਦਾ ਸੀ। ਕਪੂਰੇ ਦੇ ਕੋਟ ਤੋਂ ਇਹ ਸ਼ਬਦ ਹੋਰ ਸੌਖਾ ਹੁੰਦਾ ਹੋਇਆ ਕੋਟਕਪੂਰਾ ਪ੍ਰਸਿੱਧ ਹੋ ਗਿਆ।

ਸਥਾਨਕ ਰਵਾਇਤ ਅਨੁਸਾਰ ਜਿਸ ਸਮੇਂ ਗੁਰੂ ਜੀ ਕੋਟ ਕਪੂਰੇ ਵੱਲ ਆ ਰਹੇ ਸਨ ਤਾਂ ਚੌਧਰੀ ਕਪੂਰਾ ਅੱਗੋਂ ਗੁਰੂ ਜੀ ਨੂੰ ਲੈਣ ਗਿਆ। ਗੁਰੂ ਜੀ ਨੇ ਕਪੂਰੇ ਨੂੰ ਉਸ ਦਾ ਕੋਟ ਉਨ੍ਹਾਂ ਦੇ ਹਵਾਲੇ ਕਰਨ ਲਈ ਕਿਹਾ ਤਾ ਕਿ ਹਕੂਮਤ ਨਾਲ ਇਥੇ ਠਹਿਰ ਕੇ ਡਟ ਕੇ ਲੜਾਈ ਕੀਤੀ ਜਾਵੇ। ਪਰ ਕਪੂਰਾ ਹਕੂਮਤ ਤੋਂ ਡਰਦਾ ਸੀ। ਇਸ ਲਈ ਉਹ ਟਾਲ ਮਟੋਲ ਕਰਦਾ ਰਿਹਾ। ਸਥਾਨਕ ਰਵਾਇਤ ਅਨੁਸਾਰ ਗੁਰੂ ਜੀ ਨੇ ਕਪੂਰੇ ਨੂੰ ਕਿਹਾ ਕਿ ਜਿਸ ਗੱਲ ਤੋਂ ਉਹ ਡਰਦਾ ਹੈ ਅਖੀਰ ਨੂੰ ਇਹ ਡਰ ਸੱਚ ਮੁੱਚ ਤੌਰ ਤੇ ਹੀ ਉਸ ਦੇ ਸਾਹਮਣੇ ਆ ਜਾਵੇਗਾ। ਉਸ ਨੇ ਗੁਰੂ ਜੀ ਦੀ ਆਓ-ਭਗਤ ਤਾਂ ਕੀਤੀ ਪਰ ਉਹ ਸਰਗਰਮ ਫ਼ੌਜੀ ਸਹਾਇਤਾ ਦੇਣ ਤੋਂ ਇਨਕਾਰੀ ਹੀ ਰਿਹਾ।

ਅਸਲ ਵਿਚ ਮਾਲਵ ਦਾ ਇਲਾਕਾ ਜੱਟਾਂ ਦੇ ਵੱਖ ਵੱਖ ਕਬੀਲਿਆਂ ਦ ਅਧੀਨ ਸੀ। ਇਹ ਕਬੀਲੇ ਮੁੱਖ ਤੌਰ ਤੇ ਬਰਾੜ ਅਤੇ ਮਾਨਾਂ ਭੁੱਲਰਾਂ ਦੇ ਸਨ। ਕੋਟਕਪੂਰੇ ਦਾ ਇਲਾਕਾ ਕਪੂਰੇ ਬਰਾੜ ਦੀ ਚੌਧਰ ਹੇਠ ਸੀ ਪਰ ਉਹ ਜੱਟ ਕਬੀਲੇ ਆਪਸ ਵਿਚ ਲੜਦੇ ਰਹਿੰਦੇ ਸਨ ਪਰੰਤੂ ਉਹ ਸਾਰੇ ਹੀ ਗੁਰੂ ਘਰ ਦੇ ਸ਼ਰਧਾਲੂ ਸਨ। ਜਿਸ ਸਮੇਂ ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਕੇ ਪਿੰਡੋ ਪਿੰਡੀ ਇਧਰ ਆ ਰਹੇ ਸਨ ਤਾਂ ਉਨ੍ਹਾਂ ਦਾ ਮੁੱਖ ਮਨੋਰਥ ਇਨ੍ਹਾਂ ਜੱਟ ਕਬੀਲਿਆਂ ਦੀ ਸੈਨਿਕ ਤਾਕਤ ਨੂੰ ਇਕੱਠਿਆਂ ਕਰ ਕੇ ਹਕੂਮਤ ਦੇ ਖਿਲਾਫ਼ ਲੜਨ ਦਾ ਸੀ ਜਿਸ ਵਿਚ ਗੁਰੂ ਜੀ ਸਫਲ ਰਹੇ।

ਇਥੇ ਗੁਰੂ ਜੀ ਦੇ ਆਉਣ ਦੀ ਯਾਦ ਵਿਚ ਗਿਰਜਾਘਰ ਦੇ ਨਮੂਨੇ ਉਤੇ ਇਕ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ ਜਿਸ ਨੂੰ ਕਪੂਰੇ ਦੇ ਖਾਨਦਾਨ ਵਿਚੋਂ ਹੀ ਫਰੀਦਕੋਟ ਦੇ ਰਾਜੇ ਹਰਿੰਦਰ ਸਿੰਘ ਨੇ ਬਣਵਾਇਆ ਸੀ। ਅੱਜ ਕਲ੍ਹ ਇਸ ਦਾ ਪ੍ਰਬੰਧ ਨਿਹੰਗ ਸਿੰਘਾਂ ਕੋਲ ਹੈ ਜਿਸ ਦੇ ਆਗੂ ਨਿਹੰਗ ਜੋਰਾ ਸਿੰਘ ਜੀ ਹਨ। ਇਹ ਭਾਈ ਦਾਨ ਸਿੰਘ ਬਰਾੜ ਦੀ ਬਾਰ੍ਹਵੀਂ ਪੀੜ੍ਹੀ ਵਿਚੋਂ ਹਨ।

## ਕੋਟ ਭਾਈ

ਪਿੰਡ ਕੋਟ ਭਾਈ ਗਿੱਦੜਬਾਹਾ ਤੋਂ ਗਿੱਦੜਬਾਹਾ-ਦੋਦਾ ਸੜਕ ਉਪਰ 8 ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਤੋਂ ਤਲਵੰਡੀ ਸਾਬੋ ਵੱਲ ਨੂੰ ਜਾਂਦੇ ਹੋਏ ਇਥੇ ਠਹਿਰੇ ਸਨ।

ਦੌਰਿਆਂ ਦੀ ਸਾਖੀ ਪੋਥੀ ਵਿਚ ਲਿਖਿਆ ਹੈ : "ਅਗੇ ਗੁਰੂ ਜੀ ਚੜੇ ਡੇਰਾ ਕੀਤਾ ਭਾਈ ਦੇ ਕੋਟ। ਬਾਣੀਏ ਸਿੱਖਾਂ ਨੇ ਟਹਿਲ ਕੀਤੀ। ਗੁਰੂ ਜੀ ਨੂੰ ਰਸਦ ਦਿਤੀ ਤਰਾ ਤਰੀ। ਪਹੁਲ ਲਈ। ਰੰਗੀ ਕਾ ਨਾਉ ਰਖਿਆ ਰੰਗੀ ਸਿੰਘ, ਦੂਏ ਕਾ ਨਾਉ ਰਖਿਆ ਘੁੰਮੀ ਸਿੰਘ।"[1]

ਸਥਾਨਕ ਰਵਾਇਤ ਅਨੁਸਾਰ ਝੋਰੜ ਪਿੰਡ ਜੋ ਹਰਿਆਣੇ ਦੇ ਸਰਸਾ ਜ਼ਿਲ੍ਹੇ ਵਿਚ ਸਥਿਤ ਹੈ ਦਾ ਇਕ ਵਿਅਕਤੀ ਗੁਰਬਖਸ਼ ਸਿੰਘ ਇਥੇ ਗੁਰੂ ਜੀ ਨੂੰ ਮਿਲਣ ਆਇਆ। ਉਸ ਨੇ ਅੰਮ੍ਰਿਤ ਛਕਿਆ ਅਤੇ ਸਿੰਘ ਸਜ ਗਿਆ। ਗੁਰੂ ਜੀ ਦੀ ਸੇਵਾ ਵਜੋਂ ਉਸ ਨੇ ਤੂੜੀ ਦਾ ਇਕ ਪੂਰਾ ਕੁੱਪ ਗੁਰੂ ਜੀ ਦੇ ਪਸ਼ੂਆਂ ਲਈ ਦਿੱਤਾ।

ਪੰਡਤ ਤਾਰਾ ਸਿੰਘ ਨਰੋਤਮ[2] ਨੇ ਇਸ ਸੰਬੰਧੀ ਇਉਂ ਲਿਖਿਆ ਹੈ :

"ਭਾਈ ਦਾ ਕੋਟ ਜੰਗੀਰਾਣੇ ਸੇ ਛੀ ਕੋਸ ਵਾਯਵ ਕੋਣ ਮੇਂ ਰਾਜ ਫਰੀਦਕੋਟ...ਯਹ ਗ੍ਰਾਮ ਭਾਈ ਭਗਤੂ ਦਾ ਬਾਸਾਯਾ ਹੂਆ ਹੈ ਇਸ ਵਾਸਤੇ ਇਸ ਕੋ ਭਾਈ ਦਾ ਕੋਟ ਕਹੇਂ ਹੈਂ। ਈਹਾਂ ਗੁਰੂ ਜੀ ਨੇ ਬਣੀਏ ਸਿੰਘ ਬਨਾਏ।"

ਗੁਰੂ ਸਾਹਿਬ ਦੇ ਠਹਿਰਨ ਵਾਲੀ ਥਾਂ ਇਸ ਸਮੇਂ ਪਿੰਡ ਦੇ ਵਿਚਕਾਰ ਹੈ। ਇਸ ਸਮੇਂ ਇਥੇ ਕੇਵਲ ਨਿਸ਼ਾਨ ਸਾਹਿਬ ਹੀ ਹੈ। ਇਹ ਥਾਂ ਪਿੰਡ ਦੀ ਜਾਤਰੀ ਨਾਮੀ ਪੱਤੀ ਵਿਚ ਹੈ। ਇਥੋਂ ਗੁਰੂ ਸਾਹਿਬ ਬਾਹਰਲੇ ਗੁਰਦੁਆਰੇ ਵਾਲੀ ਥਾਂ ਉਤੇ ਤੁਰਨ ਫਿਰਨ ਜਾਇਆ ਕਰਦੇ ਸਨ। ਬਾਹਰਲੀ ਥਾਂ ਉਤੇ ਗੁਰਦੁਆਰਾ ਸੁਸ਼ੋਭਤ ਹੈ।

## ਕੌਣੀ ਜਾਂ ਕਾਉਣੀ

ਪਿੰਡ ਕਾਉਣੀ ਮੁਕਤਸਰ ਬਠਿੰਡਾ ਸੜਕ ਉਤੇ ਦੋਦਾ ਕਸਬੇ ਤੋਂ ਚੜ੍ਹਦੇ ਵੱਲ ਪੰਜ ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ। ਕਾਉਣੀ ਨਾਂ ਕਾਵਾਂ ਤੋਂ ਆਰੰਭ ਹੋਇਆ ਹੈ। ਟਿੱਬੇ ਵਾਲੀ ਢਾਬ ਉਤੇ ਕਾਂ ਬਹੁਤ ਹੁੰਦੇ ਸਨ। ਕਾਵਾਂ ਦੇ ਰਹਿਣ ਕਰਕੇ ਇਸ ਢਾਬ ਨੂੰ ਕਾਵਾਂ ਵਾਲੀ ਅਤੇ ਹੌਲੀ ਹੌਲੀ ਕਾਉਣੀ ਕਿਹਾ ਜਾਣ ਲਗ ਪਿਆ। ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਨੂੰ ਜਾਂਦੇ ਹੋਏ ਇਥੇ ਇਕ ਢਾਬ ਉਤੇ ਆ ਕੇ ਠਹਿਰੇ ਸਨ। ਗੁਰੂ ਜੀ ਦੇ ਇਥੇ ਠਹਿਰਨ ਕਰਕੇ ਇਸ ਢਾਬ ਨੂੰ ਗੁਰੂ ਕੀ ਢਾਬ ਵੀ ਕਿਹਾ ਜਾਂਦਾ ਹੈ। ਇਥੇ ਗੁਰੂ ਜੀ ਦੀ ਯਾਦ ਵਿਚ ਇਕ ਥੜ੍ਹਾ ਬਣਾ ਦਿੱਤਾ ਗਿਆ ਸੀ। ਪਿੰਡ ਦੀਆਂ ਔਰਤਾਂ ਇਸ ਥੜ੍ਹੇ ਨੂੰ ਲਿਪ ਪੋਚ ਦਿੰਦੀਆਂ ਸਨ। ਇਸ ਥਾਂ ਉਤੇ ਪਹਿਲਾਂ ਪਹਿਲਾਂ ਚਮਾਰ ਜਾਤੀ ਦੇ ਲੋਕ ਰਿਹਾ ਕਰਦੇ ਸਨ।

---

1. ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨਾ 74
2. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 152

ਬਾਬਾ ਝੰਡਾ ਸਿੰਘ (ਸ: ਨਰਾਇਣ ਸਿੰਘ ਦੀ ਅੰਸ਼ ਵਿਚੋਂ) ਨੇ ਕਾਫੀ ਖੋਜ ਪੜਤਾਲ ਕਰ ਕੇ ਸਾਰੀਆਂ ਪੁਸਤਕਾਂ ਵਿਚੋਂ ਹਵਾਲੇ ਪ੍ਰਾਪਤ ਕਰ ਕੇ ਇਥੇ ਗੁਰੂ ਗੋਬਿੰਦ ਸਿੰਘ ਜੀ ਦੇ ਆਉਣ ਦੀ ਪ੍ਰੰਪਰਾ ਨੂੰ ਪਕਿਆਂ ਕੀਤਾ ਅਤੇ ਉਨ੍ਹਾਂ ਦੀ ਯਾਦ ਵਿਚ ਗੁਰਦੁਆਰੇ ਦੀ ਉਸਾਰੀ ਆਰੰਭ ਕਰਵਾਈ। ਜਿਸ ਥਾਂ ਉਤੇ ਪਹਿਲਾਂ ਕੱਚਾ ਥੜ੍ਹਾ ਸੀ ਉਸੇ ਥਾਂ ਉਤੇ ਨਿਹੰਗ ਸਿੰਘਾਂ ਵੱਲੋਂ ਗੁਰਦੁਆਰੇ ਦੀ ਨੀਂਹ ਰਖੀ ਗਈ। ਇਹ ਗੁਰਦੁਆਰਾ ਅਜੇ ਅਧੂਰੀ ਸ਼ਕਲ ਵਿਚ ਹੀ ਹੈ ਅਤੇ ਕੇਵਲ ਦਰਬਾਰ ਹਾਲ ਹੀ ਪੱਕਾ ਬਣਿਆ ਹੈ। ਪਿੰਡ ਦੇ ਲੋਕਾਂ ਦਾ ਵਿਸ਼ਵਾਸ ਹੈ ਕਿ ਇਥੇ ਕੀਤੀ ਗਈ ਅਰਦਾਸ ਪੂਰੀ ਹੋ ਜਾਂਦੀ ਹੈ। ਇਸ ਲਈ ਲਗ ਭਗ ਹਰ ਇਕ ਆਦਮੀ ਕੋਈ ਕੰਮ ਆਰੰਭ ਕਰਨ ਤੋਂ ਪਹਿਲਾਂ ਇਥੇ ਅਰਦਾਸ ਕਰਦਾ ਹੈ।

## ਗਿੱਦੜਬਾਹਾ

ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਤੋਂ ਤਲਵੰਡੀ ਸਾਬੋ ਨੂੰ ਜਾਂਦੇ ਹੋਏ ਇਥੇ ਆਏ ਸਨ। ਗਿੱਦੜਬਾਹਾ ਫਰੀਦਕੋਟ ਦਾ ਇਕ ਪ੍ਰਸਿੱਧ ਕਸਬਾ ਹੈ ਅਤੇ ਮੁਕਤਸਰ ਅਤੇ ਬਠਿੰਡੇ ਤੋਂ ਤਕਰੀਬਨ ਇਕੋ ਜਿਹੇ ਫਾਸਲੇ ਉਤੇ ਹੈ। ਬੁਨਿਆਦੀ ਤੌਰ ਤੇ ਗਿੱਦੜਬਾਹਾ ਇਕ ਪਿੰਡ ਹੈ ਪਰ ਪਿਛੋਂ ਪਿੰਡ ਦੇ ਛਿਪਦੇ ਵੱਲ ਰੇਲਵੇ ਲਾਈਨ ਦੇ ਪਾਰ ਸ਼ਹਿਰ ਵਸ ਗਿਆ ਹੈ। ਪਿੰਡ ਰੇਲਵੇ ਲਾਈਨ ਦੇ ਚੜ੍ਹਦੇ ਵੱਲ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਬਣਿਆ ਗੁਰਦੁਆਰਾ ਰਲਵੇ ਲਾਈਨ ਦੇ ਬਿਲਕੁਲ ਉਪਰ ਹੈ ਅਤੇ ਗਿੱਦੜਬਾਹਾ ਸ਼ਹਿਰ ਤੋਂ ਇਕ ਕਿਲੋਮੀਟਰ ਦੀ ਵਿੱਥ ਉਤੇ ਹੈ। ਗੁਰਦੁਆਰੇ ਦਾ ਨਾਂ ਗੁਰਦੁਆਰਾ ਸਿਨਿਅਰ ਸਾਹਿਬ ਹੈ।

ਸਥਾਨਕ ਰਵਾਇਤ ਅਨੁਸਾਰ ਪਹਿਲਾਂ ਇਸ ਪਿੰਡ ਦਾ ਨਾਂ ਕਰਮਗੜ੍ਹ ਸੀ। ਪਿਛੋਂ ਗਿੱਦੜਬਾਹਾ ਪੈ ਗਿਆ। ਗਿੱਦੜਬਾਹਾ ਨਾਂ ਗੁਰੂ ਜੀ ਦੇ ਆਉਣ ਤੋਂ ਪਿਛੋਂ ਪ੍ਰਚਲਤ ਹੋਇਆ ਹੈ। ਕਿਹਾ ਜਾਂਦਾ ਹੈ ਕਿ ਇਥੇ ਗਿੱਦੜ ਬਹੁਤ ਰਹਿੰਦੇ ਸਨ । ਇਹ ਨੁਕਸਾਨ ਵੀ ਬਹੁਤ ਕਰਦੇ ਸਨ ਅਤੇ ਭਿਆਨਕ ਵੀ ਸਨ। 'ਬਾਹਾ' ਸ਼ਬਦ 'ਵਾਸ' ਜਾਂ 'ਵਾਸਾ' ਦਾ ਮਤਲਬ ਦਰਸਾਉਂਦਾ ਹੈ। ਗਿੱਦੜਾਂ ਦਾ ਵਾਸਾ ਹੋਣ ਕਰਕੇ ਇਸ ਨੂੰ ਗਿੱਦੜਬਾਹਾ ਕਿਹਾ ਜਾਣ ਲਗ ਪਿਆ। ਗੁਰੂ ਜੀ ਜਦ ਇਥੇ ਆਏ ਤਾਂ ਲੋਕਾਂ ਨੇ ਇਥੋਂ ਦੇ ਜੰਗਲੀ ਗਿੱਦੜਾਂ ਦੀ ਸ਼ਕਾਇਤ ਕੀਤੀ। ਸਿੰਘਾਂ ਨੇ ਗਿੱਦੜਾਂ ਨੂੰ ਮਾਰ ਕੇ ਮੁੱਕਾ ਦਿੱਤਾ।

## ਗੁਰੂ ਸਰ ਸਰਾਵਾਂ

ਗੁਰੂ ਗੋਬਿੰਦ ਸਿੰਘ ਮੁਕਤਸਰ ਵੱਲ ਜਾਂਦੇ ਹੋਏ ਇਸ ਸਥਾਨ ਉਤੇ ਆਏ ਸਨ। ਗੁਰੂ ਸਰ ਨਾਮ ਗੁਰੂ ਜੀ ਦੇ ਨਾਮ ਉਤੇ ਪਿਆ ਹੈ। ਗੁਰੂ ਸਰ ਗੁਰਦੁਆਰਾ ਸਰਾਵਾਂ ਪਿੰਡ ਦਾ ਹੀ ਗੁਰਦੁਆਰਾ ਹੈ ਪਰ ਇਹ ਪਿੰਡ ਤੋਂ ਬਾਹਰਵਾਰ ਹੈ। ਗੁਰੂ ਸਾਹਿਬ ਨੇ ਇਥੇ ਠਹਿਰ ਕੇ ਬਿਸ਼ਰਾਮ ਕੀਤਾ ਸੀ। ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ ਵਿਚ ਇਉਂ ਲਿਖਿਆ ਹੈ : ''ਸਿਉਰਾਮੀ ਡੇਰਾ ਹੋਇਆ। ਦੋਦੇ ਵਾਲੇ ਤਲਾਉ ਸੁਚੇਤੇ ਗਏ, ਉਥੇ ਮਿਲਿਆ ਸਈਅਦ, ਸਿਰੀਹ ਵਿਚ ਰਹਿੰਦਾ ਸੀ ਗੁਪਤ। ਓਸ ਨੇ ਮੱਥਾ ਟੇਕਿਆ, ਧੌਲੀ ਦਾੜੀ ਸੀ। ਗੁਰੂ ਜੀ ਕਹਿੰਦੇ, 'ਰਾਜੀ ਹੈਂ ਮੀਆਂ' ਉਹ ਕਹਿੰਦਾ, 'ਅਜੁ ਰਾਜੀ ਹਾਂ, ਖੁਦਾਇ ਦਾ ਦੀਦਾਰ ਪਾਇਆ'।''

''ਫੇਰ ਡੇਰੇ ਆਏ। ਸਿੱਖਾਂ ਨੇ ਪੁਛਿਆ : 'ਜੀ ਏਹ ਕੌਣ ਹੈਸੀ ?' ਗੁਰੂ ਜੀ ਕਹਿਆ : 'ਏਸ ਕੀ ਵਾਸਨਾਂ ਰਹੀ ਸੀ ਸਰੀਰ ਵਿਚ, ਹੈਸੀ ਤਾਂ ਸਾਂਈ ਲੋਕ'।''[1]

ਇਥੇ ਸੰਨ 1900 ਈਸਵੀ ਵਿਚ ਮਹਾਰਾਜਾ ਫਰੀਦਕੋਟ ਨੇ ਗੁਰਦੁਆਰੇ ਦੀ ਇਮਾਰਤ ਬਣਵਾਈ। ਗੁਰਦੁਆਰੇ ਦੇ ਨਾਲ ਲਗਵਾਂ ਹੀ ਇਕ ਕਰੀਰ ਦਾ ਰੁੱਖ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਕਰੀਰ ਗੁਰੂ ਸਾਹਿਬ ਦੇ ਸਮੇਂ ਦਾ ਹੀ ਹੈ।

## ਗੁੜੀ ਸੰਘਰ ਅਤੇ ਮੱਲਣ

ਗੁਰੂ ਗੋਬਿੰਦ ਸਿੰਘ ਜੀ ਜੈਤੋ ਤੋਂ ਮੁਕਤਸਰ ਨੂੰ ਜਾਂਦੇ ਸਮੇਂ ਇਥੇ ਆਏ ਸਨ। ਮੱਲਣ ਅਤੇ ਗੁੜੀ ਸੰਘਰ ਤਕਰੀਬਨ ਨਾਲੋ ਨਾਲ ਹੀ ਹਨ। ਮੱਲਣ ਕੁਝ ਚਿਰ ਵਿਸ਼ਰਾਮ ਕਰਨ ਲਈ ਠਹਿਰਾਅ ਕੀਤਾ ਗਿਆ ਸੀ। ਇਥੇ ਬੜਿੰਗ ਗੋਤ ਦੇ ਜੱਟ ਰਹਿੰਦੇ ਸਨ। ਉਨ੍ਹਾਂ ਨੇ ਗੁਰੂ ਜੀ ਨੂੰ ਜਲ ਪਾਣੀ ਛਕਾਇਆ। ਜਾਂਦੇ ਸਮੇਂ ਬੜਿੰਗਾਂ ਨੂੰ ਕਿਹਾ ਗਿਆ ਕਿ ਜੇ ਕਰ ਪਿਛੋਂ ਆ ਕੇ ਕੋਈ ਪੁਛੇ ਕਿ ਗੁਰੂ ਜੀ ਕਿਧਰ ਨੂੰ ਗਏ ਹਨ ਤਾਂ ਦਸਿਓ ਨਾ। ਸਥਾਨਕ ਰਵਾਇਤ ਮੁਤਾਬਕ ਜਦ ਪਿੱਛੋਂ ਪਿੱਛਾ ਕਰਦੀ ਆ ਰਹੀ ਸ਼ਾਹੀ ਫ਼ੌਜ ਨੇ ਮੱਲਣ ਦੇ ਲੋਕਾਂ ਕੋਲੋਂ ਪੁੱਛਿਆ ਤਾਂ ਉਨ੍ਹਾਂ ਦੱਸ ਦਿੱਤਾ।

ਸਥਾਨਕ ਰਵਾਇਤ ਅਨੁਸਾਰ ਹੀ ਮੱਲਣ ਦੇ ਲੋਕ ਗੁਰੂ ਜੀ ਦੇ ਖਾਣ ਪੀਣ ਲਈ ਕੁਝ ਪੀਲੂ ਜਾਂ ਡੇਲਿਆਂ ਦਾ ਪੱਕਿਆ ਰੂਪ ਲੈ ਕੇ ਆਏ। ਗੁਰੂ ਜੀ ਨੇ ਕਿਹਾ ਕਿ ਕਿਸੇ ਸਮੇਂ ਇਥੇ ਕਣਕ ਬਹੁਤ ਹੋਇਆ ਕਰੇਗੀ। ਉਹ ਸਭ ਕਣਕ ਖਾਇਆ ਕਰਨਗੇ।

ਗੁੜੀ ਦਾ ਸੰਘਰ ਚੌਧਰੀ ਇਥੇ ਹੀ ਗੁਰੂ ਜੀ ਨੂੰ ਮਿਲਣ ਆਇਆ ਸੀ। ਸੰਘਰ ਨੇ ਵੀ ਆਪਣੇ ਵੱਲੋਂ ਗੁਰੂ ਜੀ ਦੀ ਕਾਫੀ ਸੇਵਾ ਕੀਤੀ ਸੀ। ਇਸ ਚੌਧਰੀ ਨੇ ਕਾਫੀ ਗੁੜ ਗੁਰੂ ਜੀ ਦੀ ਭੇਟ ਕੀਤਾ। ਗੁੜ ਭੇਂਟ ਕਰਨ ਕਰਕੇ ਗੁੜੀ ਸੰਘਰ ਹੀ ਪਿੰਡ ਦਾ ਨਾਂ ਪ੍ਰਸਿੱਧ ਹੋ ਗਿਆ।

---

1. ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨਾ 43

## ਜੈਤੋ

ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਵੱਲ ਜਾਂਦਿਆਂ ਇਥੇ ਆਏ ਸਨ ਅਤੇ ਕੁਝ ਸਮਾਂ ਠਹਿਰੇ ਸਨ। ਸਥਾਨਕ ਰਭਾਇਤ ਅਨੁਸਾਰ ਗੁਰੂ ਜੀ ਨੇ ਸਭ ਤੋਂ ਪਹਿਲਾਂ ਗੁਰਦੁਆਰਾ ਟਿੱਬੀ ਸਾਹਿਬ ਵਾਲੀ ਥਾਂ ਉਤੇ ਉਤਾਰਾ ਕੀਤਾ ਸੀ। ਇਹ ਥਾਂ ਇਕ ਉੱਚੀ ਟਿੱਬੀ ਉਤੇ ਹੈ। ਇਥੋਂ ਫਿਰ ਗੁਰਦੁਆਰਾ ਗੰਗਸਰ ਸਾਹਿਬ ਵਾਲੀ ਥਾਂ ਉਤੇ ਗਏ।

ਦੌਰਿਆਂ ਦੀ ਸਾਖੀ ਪੋਥੀ[1] ਅਨੁਸਾਰ ਜਦ ਕਿਸੇ ਚੌਧਰੀ ਜੈਤੋ ਖਾਂ ਕੋਲੋਂ ਗੁਰੂ ਜੀ ਨੇ ਪੁੱਛਿਆ ਕਿ ਇਹ ਕਿਹੜਾ ਪਿੰਡ ਸੀ ਤਾਂ ਉਸ ਨੇ ਉੱਤਰ ਦਿੱਤਾ ਕਿ ਪਿੰਡ ਕਿਹੜਾ ਸੀ ਐਵੇਂ ਚਾਰ ਕੁ ਜੈਤੋ ਖਾਂ ਦੀਆਂ ਝੁੱਗੀਆਂ ਜਿਹੀਆਂ ਸਨ। ਗੁਰੂ ਜੀ ਨੇ ਕਿਹਾ ਕਿ ਇਸ ਤਰ੍ਹਾਂ ਨਾ ਕਹੋ ਸਗੋਂ ਇਹ ਤਾਂ ਬਹੁਤ ਵੱਡਾ ਪਿੰਡ ਹੋਵੇਗਾ।

1920ਵਿਆਂ ਦੀ ਅਕਾਲੀ ਐਜੀਟੇਸ਼ਨ ਵੇਲੇ ਜੈਤੋ ਨਗਰ ਸਮੁੱਚੀ ਅਕਾਲੀ ਐਜੀਟੇਸ਼ਨ ਦਾ ਕੇਂਦਰੀ ਅਸਥਾਨ ਬਣਿਆ ਰਿਹਾ ਹੈ ਕਿਉਂਕਿ ਜੈਤੋ ਦਾ ਪ੍ਰਸਿੱਧ ਮੋਰਚਾ ਗੁਰਦੁਆਰਾ ਗੰਗਸਰ ਵਿਚ ਆਖੰਡ ਪਾਠ ਦੇ ਖੰਡਤ ਕਰਨ ਪਿਛੋਂ ਹੀ ਲੱਗਿਆ ਸੀ।

## ਡੋਡ

ਪਿੰਡ ਡੋਡ ਦੀ ਸਥਿਤੀ ਭਗਤਾ ਭਾਈ ਕਾ ਅਤੇ ਬਾਜਾਖਾਨਾ ਸੜਕ ਉਪਰ ਹੈ। ਗੁਰੂ ਗੋਬਿੰਦ ਸਿੰਘ ਜੀ ਥੇਹ ਤੋਂ ਹੁੰਦੇ ਹੋਏ ਇਥੇ ਆਏ ਸਨ। ਗੁਰਦੁਆਰੇ ਅੰਦਰ ਪੱਥਰ ਉਪਰ ਲਿਖੀ ਲਿਖਤ ਅਨੁਸਾਰ 'ਗੁਰੂ ਪਾਤਸ਼ਾਹ ਢਿਲਵਾਂ ਤੋਂ ਡੋਡ ਰਾਹੀਂ ਕੋਠਾ ਗੁਰੂ ਗਏ। ਫਿਰ ਜਲਾਲ ਤੋਂ ਵਾਪਸ ਆਏ ਅਤੇ ਰਾਤ ਦਾ ਵਿਸ਼ਰਾਮ ਕੀਤਾ। ਪੰਜ ਤੀਰ ਚਲਾਏ।' ਇਹ ਸਾਲ 1763 ਬਿਕਰਮੀ ਦੀ ਲਿਖਤ ਦੱਸੀ ਜਾਂਦੀ ਹੈ।

ਡੋਡ ਅਤੇ ਲੰਬਵਾਲੀ ਦੋਵੇਂ ਪਿੰਡ ਨੇੜੇ ਨੇੜੇ ਹਨ ਅਤੇ ਗੁਰਦੁਆਰਾ ਦੋਹਾਂ ਤੋਂ ਇਕੋ ਜਿੰਨੇ ਫਾਸਲੇ ਉਤੇ ਹੈ। ਇਲਾਕੇ ਦੀਆਂ ਸਿੱਖ ਸੰਗਤਾਂ ਨੇ ਹੀ ਇਸ ਗੁਰਦੁਆਰੇ ਦੀ ਉਸਾਰੀ ਕਰਵਾਈ ਹੈ।

---

1. ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨਾ 48

## ਢਿੱਲਵਾਂ ਸੋਢੀਆਂ

ਗੁਰੂ ਸਾਹਿਬ ਇਥੇ ਕੋਟਕਪੂਰੇ ਵਿਖੇ ਚੌਧਰੀ ਕਪੂਰੇ ਨੂੰ ਮਿਲਣ ਤੋਂ ਪਿੱਛੋਂ ਆਏ ਸਨ। ਇਥੇ ਗੁਰੂ ਸਾਹਿਬ ਦੇ ਖਾਨਦਾਨ ਵਿਚੋਂ ਹੀ ਸੋਢੀ ਕੰਵਲ ਨੈਣ ਜੀ ਜਿਨ੍ਹਾਂ ਨੂੰ ਸੋਢੀ ਕੌਲ ਜੀ ਵੀ ਕਿਹਾ ਜਾਂਦਾ ਹੈ ਰਹਿੰਦੇ ਸਨ। ਜਿਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਹਕੂਮਤ ਨਾਲ ਲੜਾਈਆਂ ਲੜਨ ਦਾ ਰਾਹ ਅਖਤਿਆਰ ਕਰ ਲਿਆ ਤਾਂ ਅੰਮ੍ਰਿਤਸਰ ਦੇ ਸੋਢੀ, ਜਿਹੜੇ ਪ੍ਰਿਥੀ ਚੰਦ ਦੀ ਅੰਸ ਵਿਚੋਂ ਸਨ, ਡਰ ਦੇ ਮਾਰੇ ਅੰਮ੍ਰਿਤਸਰ ਛਡ ਕੇ ਦੂਰ-ਦੂਰ ਦੇ ਪਿੰਡਾਂ ਵਿਚ ਆ ਕੇ ਵਸਣ ਲਗ ਪਏ।

ਸਥਾਨਕ ਰਵਾਇਤ ਅਨੁਸਾਰ ਗੁਰੂ ਸਾਹਿਬ ਜਦੋਂ ਕਪੂਰੇ ਨਾਲ ਗੁੱਸੇ ਹੋ ਕੇ ਇਥੇ ਪਹੁੰਚੇ ਤਾਂ ਸੋਢੀ ਕੰਵਲ ਨੈਣ ਜੀ ਨੇ ਪੁੱਛਿਆ ਕਿ ਉਹ ਕਿਧਰੋਂ ਆ ਰਹੇ ਹਨ। ਗੁਰੂ ਜੀ ਨੇ ਕਿਹਾ ਕਿ ਉਹ ਕਪੂਰੇ ਦੀਆਂ ਜੜ੍ਹਾਂ ਪੁੱਟ ਕੇ ਆ ਰਹੇ ਹਨ। ਸੋਢੀ ਕੌਲ ਜੀ ਨੇ ਕਿਹਾ ਕਿ ਕਪੂਰੇ ਦੀਆਂ ਜੜ੍ਹਾਂ ਤਾਂ ਉਸ ਦੇ ਆਪਣੇ ਪੇਟ ਵਿਚ ਸਨ। ਗੁਰੂ ਦੀ ਨੇ ਫ਼ਰਮਾਇਆ ਕਿ ਜੜ੍ਹਾਂ ਪੇਟ ਵਿਚੋਂ ਵੀ ਪੁੱਟ ਲਈਆਂ ਜਾਣਗੀਆਂ। ਰਵਾਇਤ ਪ੍ਰਚਲਤ ਹੈ ਕਿ ਸੋਢੀ ਕੰਵਲ ਨੈਣ ਜੀ ਸਾਨ੍ਹਾਂ ਦੇ ਭੇੜ ਵਿਚ ਆ ਕੇ ਮਾਰੇ ਗਏ ਸਨ। ਇਕ ਸਾਨ੍ਹ ਦਾ ਸਿੰਗ ਸੋਢੀ ਜੀ ਦੇ ਪੇਟ ਨੂੰ ਚੀਰ ਗਿਆ ਸੀ।[1]

ਸਥਾਨਕ ਰਵਾਇਤ ਅਨੁਸਾਰ ਹੀ ਜਦੋਂ ਗੁਰੂ ਜੀ ਸੋਢੀ ਜੀ ਨੂੰ ਨੀਲੇ ਭੇਸ ਵਿਚ ਮਿਲੇ ਤਾਂ ਸੋਢੀ ਜੀ ਨੇ ਕਿਹਾ ਕਿ ਤੁਸਾਂ ਇਹ ਭੇਸ ਕਿਉਂ ਧਾਰਨ ਕਰ ਰਖਿਆ ਹੈ। ਗੁਰੂ ਜੀ ਨੇ ਉੱਤਰ ਦਿੱਤਾ ਕਿ ਜੇ ਇਹ ਭੇਸ ਮਾੜਾ ਲਗਦਾ ਹੈ ਤਾਂ ਜਿਹੜਾ ਭੇਸ ਉਸ ਨੂੰ ਅੱਛਾ ਲਗਦਾ ਹੈ ਉਹ ਪਾ ਲੈਣਗੇ। ਤਾਂ ਸੋਢੀ ਕੌਲ ਜੀ ਨੇ ਨਵੇਂ ਬਸਤਰ ਗੁਰੂ ਜੀ ਨੂੰ ਦਿੱਤੇ ਅਤੇ ਨੀਲਾ ਬਾਣਾ ਲਾਹ ਕੇ ਅੱਗ ਦੀ ਭੇਟ ਕਰ ਦਿੱਤਾ। ਰਵਾਇਤ ਹੈ ਕਿ ਅੱਗ ਦੀ ਭੇਟ ਕਰਦਿਆਂ ਹੋਇਆਂ ਹੀ ਇਨ੍ਹਾਂ ਨੀਲੇ ਬਸਤਰਾਂ ਵਿਚੋਂ ਇਕ ਲੀਰ ਭਾਈ ਮਾਨ ਸਿੰਘ ਨੇ ਨਿਸ਼ਾਨੀ ਵਜੋਂ ਰੱਖ ਲਈ ਸੀ। ਪਿਛੋਂ ਭਾਈ ਮਾਨ ਸਿੰਘ ਨੇ ਨਿਹੰਗ ਪ੍ਰਥਾ ਕਾਇਮ ਕੀਤੀ ਅਤੇ ਨਿਹੰਗ ਸਿੰਘਾਂ ਨੇ ਇਸੇ ਨਿਸ਼ਾਨੀ ਨੂੰ ਕਾਇਮ ਰਖਣ ਲਈ ਹੀ ਆਪਣੀਆਂ ਤੁਰਲੇਦਾਰ ਪੱਗਾਂ ਉਪਰ ਇਕ ਨੀਲੀ ਲੀਰ ਨੂੰ ਟੰਗਣਾ ਸ਼ੁਰੂ ਕਰ ਦਿੱਤਾ ਸੀ।

1. ਹੋਰ ਵਿਸਥਾਰ ਲਈ ਦੇਖੋ ਪੰਡਿਤ ਤਾਰਾ ਸਿੰਘ ਨਰੋਤਮ, ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨੇ 146-147

## ਤਖ਼ਤੂਪੁਰਾ

ਗੁਰੂ ਗੋਬਿੰਦ ਸਿੰਘ ਜੀ ਦੀਨੇ-ਕਾਂਗੜ ਤੋਂ ਕੋਟ ਕਪੂਰੇ ਵੱਲ ਨੂੰ ਜਾਂਦੇ ਹੋਏ ਇਥੇ ਆਏ ਸਨ। ਇਥੇ ਗੁਰੂ ਨਾਨਕ ਦੇਵ ਜੀ, ਗੁਰੂ ਹਰਿ ਗੋਬਿੰਦ ਸਾਹਿਬ ਜੀ ਅਤੇ ਗੁਰੂ ਹਰਿ ਕ੍ਰਿਸ਼ਨ ਜੀ ਆਦਿ ਗੁਰੂਆਂ ਦੇ ਆਉਣ ਦੀਆਂ ਵੀ ਰਵਾਇਤਾਂ ਮਿਲਦੀਆਂ ਹਨ।

ਸਥਾਨਕ ਰਵਾਇਤ ਅਨੁਸਾਰ ਇਥੇ ਭਰਥਰੀ ਅਤੇ ਗੋਪੀ ਚੰਦ ਸਿੱਧ ਗੁਰੂ ਨਾਨਕ ਸਾਹਿਬ ਦੇ ਸਮੇਂ ਰਹਿੰਦੇ ਸਨ। ਉਸ ਸਮੇਂ ਇਥੇ ਸਿੱਧਾਂ ਦੀ ਇਕ ਛਪੜੀ ਜਾਂ ਢਾਬ ਸੀ। ਇਥੇ ਜੋਗੀਆਂ ਦੇ ਵੱਡੇ ਵੱਡੇ ਟੋਲੇ ਰਿਹਾ ਕਰਦੇ ਸਨ। ਉਹ ਇਥੇ ਮੇਲੇ ਵੀ ਲਾਇਆ ਕਰਦੇ ਸਨ। ਹਰ ਵੀਹਾਂ ਸਾਲਾਂ ਪਿਛੋਂ ਇਕ ਬੀਸਵੀਂ ਲਗਿਆ ਕਰਦੀ ਸੀ ਜਿਸ ਵਿਚ ਦੂਰ-ਦੂਰ ਤੋਂ ਜੋਗੀ ਆਇਆ ਕਰਦੇ ਸਨ। ਭਰਥਰੀ ਨਾਲ ਸੰਬੰਧਤ ਹੋਣ ਕਾਰਨ ਇਹ ਅਸਥਾਨ ਬਹੁਤ ਪੁਰਾਣਾ ਹੈ। ਜੋਗੀਆਂ ਦਾ ਇਹ ਟਿੱਲਾ ਬਹੁਤ ਮਸ਼ਹੂਰ ਸੀ। ਇਸ ਨਾਲ ਸੰਬੰਧਤ ਆਖਰੀ ਮੇਲਾ 1903 ਈਸਵੀ ਵਿਚ ਲਗਿਆ ਸੀ। ਪਿਛੋਂ ਇਹ ਬੰਦ ਹੋ ਗਿਆ ਸੀ।

ਜਦੋਂ ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਇਥੇ ਆਏ ਸਨ ਤਾਂ ਤਖ਼ਤੂਪੁਰੇ ਦੀ ਸੰਗਤ ਦੇ ਮੋਹਰੀ ਭਾਈ ਜੱਕੋ ਜੀ ਸਨ। ਰਵਾਇਤ ਹੈ ਕਿ ਉਨ੍ਹਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੇ ਬਿਰਧਾਂ ਵਾਂਗ ਉਨ੍ਹਾਂ ਨੂੰ ਵੀ ਸਿੱਧਾਂ ਦੇ ਦਰਸ਼ਨ ਕਰਾਓ। ਗੁਰੂ ਜੀ ਨੇ ਫ਼ਰਮਾਇਆ ਸੀ ਕਿ ਤੁਸੀਂ ਸਿੱਧਾਂ ਨਾਲ ਕੋਈ ਗੱਲ ਨਾ ਕਰਨੀ। ਇਕ ਦਿਨ ਗੁਰੂ ਜੀ ਨੇ ਸਾਰੇ ਜੋਗੀ ਹਾਜ਼ਰ ਕਰ ਲਏ। ਵਿਚਾਰ ਗੋਸ਼ਟੀ ਹੋਈ। ਵਿਚਾਰ ਗੋਸ਼ਟੀ ਵਿਚ ਗ੍ਰਹਿਸਤ ਜੀਵਨ ਬਾਰੇ ਵੀ ਬਹਿਸ ਹੋਈ। ਇਸ ਨੁਕਤੇ ਉਤੇ ਭਾਈ ਜੱਕੋ ਜੋਗੀ ਗੋਪੀ ਚੰਦ ਦੀ ਨਿੰਦਿਆ ਕਰਨ ਲਗਾ। ਇਹ ਸੁਣ ਕੇ ਜਦ ਗੋਪੀ ਚੰਦ ਜੋਗੀ ਭਾਈ ਜੱਕੋ ਵੱਲ ਕਰੋਧ ਭਰੀਆਂ ਨਜ਼ਰਾਂ ਨਾਲ ਦੇਖਣ ਲਗਿਆ ਤਾਂ ਭਾਈ ਜੱਕੋ ਦਾ ਮੂੰਹ ਜਲ ਗਿਆ। ਗੁਰੂ ਜੀ ਨੇ ਇਹ ਦੇਖ ਕੇ ਗੋਸ਼ਟੀ ਬੰਦ ਕਰ ਦਿੱਤੀ ਅਤੇ ਸਿੱਧਾਂ ਨੂੰ ਜਾਣ ਲਈ ਕਿਹਾ। ਭਾਈ ਜੱਕੋ ਨੂੰ ਗੁਰੂ ਜੀ ਨੇ ਕਿਹਾ ਕਿ ਉਸ ਨੂੰ ਨਾ ਬੋਲਣ ਦਾ ਹੁਕਮ ਕੀਤਾ ਗਿਆ ਸੀ ਫਿਰ ਬੋਲਿਆ ਕਿਉਂ ? ਭਾਈ ਜੱਕੋ ਨੇ ਮੁਆਫੀ ਮੰਗੀ। ਗੁਰੂ ਜੀ ਨੇ ਕਿਹਾ ਕਿ ਉਹ ਨਾਲ ਲਗਦੀ ਛਪੜੀ ਵਿਚ ਆਪਣਾ ਮੂੰਹ ਧੋਹ ਲਵੇ। ਭਾਈ ਜੱਕੋ ਨੇ ਇਸੇ ਤਰ੍ਹਾਂ ਕੀਤਾ ਅਤੇ ਉਸ ਦਾ ਮੂੰਹ ਠੀਕ ਹੋ ਗਿਆ।

ਗੁਰੂ ਹਰਿ ਗੋਬਿੰਦ ਸਾਹਿਬ ਤੋਂ ਪਿਛੋਂ ਗੁਰੂ ਹਰਿ ਰਾਇ ਜੀ ਵੀ ਇਥੇ ਆਏ ਸਨ। ਪਰ ਇਨ੍ਹਾਂ ਨਾਲ ਸੰਬੰਧਤ ਕੋਈ ਰਵਾਇਤ ਨਹੀਂ ਮਿਲਦੀ।

ਗੁਰੂ ਹਰਿ ਰਾਇ ਜੀ ਤੋਂ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਇਥੇ ਪਹੁੰਚੇ ਸਨ। ਗੁਰੂ ਜੀ ਇਥੇ ਕਈ ਦਿਨ ਠਹਿਰੇ ਦੱਸੇ ਜਾਂਦੇ ਹਨ। ਇਥੇ ਠਹਿਰ ਕੇ ਗੁਰੂ ਜੀ ਨੇ ਕਾਫੀ ਸਿੰਘ ਆਪਣੀ ਫ਼ੌਜ ਵਿਚ ਭਰਤੀ ਕੀਤੇ ਸਨ।

ਇਥੇ ਤਿੰਨ ਇਤਿਹਾਸਕ ਗੁਰਦੁਆਰੇ ਅਤੇ ਇਕ ਸਰੋਵਰ ਹੈ। ਇਹ ਸਰੋਵਰ ਉਸੇ ਛੱਪੜੀ ਵਾਲੀ ਥਾਂ ਉਤੇ ਹੈ ਜਿਸ ਵਿਚ ਭਾਈ ਜੱਕੋ ਦਾ ਮੂੰਹ ਠੀਕ ਹੋਇਆ ਦੱਸਿਆ ਜਾਂਦਾ ਹੈ। ਇਸ ਇਤਿਹਾਸਕ ਯਾਦਗਾਰ ਨੂੰ ਹਰ ਸਾਲ ਮਾਘੀ ਦੇ ਮੌਕੇ ਉਤੇ ਮੇਲਾ ਲਗਾ ਕੇ ਮਨਾਇਆ ਜਾਂਦਾ ਹੈ।

ਗੁਰੂ ਜੀ ਦੇ ਇਥੇ ਆਉਣ ਨਾਲ ਹੁਕਮ ਨਾਥ ਜੋਗੀ ਦਾ ਇਥੋਂ ਵਸੇਬਾ ਹਿਲ ਗਿਆ। ਲੋਕਾਂ ਨੇ ਉਸ ਨੂੰ ਮੰਨਣਾ ਬੰਦ ਕਰ ਦਿੱਤਾ। ਇਸ ਨਾਲ ਉਸ ਦੀ ਸੇਵਕੀ ਖਤਮ ਹੋ ਗਈ। ਇਹ ਵੀ ਕਿਹਾ ਜਾਂਦਾ ਹੈ ਕਿ ਉਸ ਕੋਲ ਇਕ ਬਹੁਤ ਵੱਡੀ ਹਾਂਡੀ ਸੀ। ਇਸ ਵਿਚ ਭਾਂਤ ਭਾਂਤ ਦੇ ਅਤੇ ਬਹੁਤ ਵੱਡੀ ਮਾਤਰਾ ਵਿਚ ਪਕਵਾਨ ਪਕਾਏ ਜਾ ਸਕਦੇ ਸਨ। ਜੋਗੀ ਦੀ ਸੇਵਕੀ

ਖਤਮ ਹੋ ਜਾਣ ਨਾਲ ਉਸ ਨੂੰ ਚੜ੍ਹਾਵਾ ਚੜ੍ਹਨਾ ਬੰਦ ਹੋ ਗਿਆ ਅਤੇ ਪਕਵਾਨ ਬਣਾਉਣੇ ਵੀ ਬੰਦ ਕਰ ਦਿੱਤੇ ਗਏ। ਜੋਗੀ ਇਥੋਂ ਉਠ ਕੇ ਗੰਗਾ ਨਗਰ ਦੇ ਇਲਾਕੇ ਵਿਚ 'ਕਰਨ' ਨਾਂ ਦੇ ਪਿੰਡ ਵਿਚ ਜਾ ਕੇ ਰਹਿਣ ਲਗ ਪਿਆ ਸੀ।

## ਥੇੜ੍ਹੀ ਭਾਈ ਕੇ

ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਤੋਂ ਤਲਵੰਡੀ ਸਾਬੋ ਵੱਲ ਨੂੰ ਜਾਂਦਿਆਂ ਇਥੇ ਆਏ ਸਨ। ਇਹ ਪਿੰਡ ਮਲੋਟ-ਗਿੱਦੜਬਾਹਾ ਸੜਕ ਉਤੇ ਗਿੱਦੜਬਾਹਾ ਤੋਂ ਅੱਠ ਕਿਲੋਮੀਟਰ ਅਤੇ ਫੱਕਰਸਰ ਰੇਲਵੇ ਸਟੇਸ਼ਨ ਤੋਂ ਢਾਈ ਕਿਲੋਮੀਟਰ ਦੀ ਵਿੱਥ ਉਤੇ ਸਥਿਤ ਹੈ। ਰਵਾਇਤ ਹੈ ਕਿ ਇਸ ਪਿੰਡ ਨੂੰ ਚੱਕ ਭੁੱਚੋ ਭਾਈ ਕੇ ਦੇ ਆਏ ਦੋ ਭਰਾਵਾਂ ਨੇ ਬੰਨ੍ਹਿਆ ਸੀ। ਇਸ ਵਿਚੋਂ ਇਕ ਦਾ ਨਾਂ ਭਾਈ ਬਾਗ ਸਿੰਘ ਸੀ। ਇਥੇ ਭਾਈ ਬਾਗ ਸਿੰਘ ਦੀ ਹੀ ਔਲਾਦ ਰਹਿੰਦੀ ਹੈ। ਭਾਈ ਬਾਗ ਸਿੰਘ ਗੁਰੂ ਰਾਮਦਾਸ ਜੀ ਦੀ ਅੰਸ਼ ਵਿਚੋਂ ਸਨ।

ਸਥਾਨਕ ਰਵਾਇਤ ਅਨੁਸਾਰ ਇਥੇ ਦੀਨੇ-ਕਾਂਗੜ ਦਾ ਇਕ ਡੇਰਾ ਹੁੰਦਾ ਸੀ। ਇਸ ਡੇਰੇ ਦੇ ਹੁਕਮ ਨਾਥ ਜੋਗੀ ਮਹੰਤ ਹੁੰਦੇ ਸਨ। ਇਸ ਦੇ ਚੇਲੇ ਦੂਰ ਦੂਰ ਤੱਕ ਗਾਜਾ ਮੰਗਣ ਚਲੇ ਜਾਇਆ ਕਰਦੇ ਸਨ। ਇਹ ਜੋਗੀ ਆਪਣੇ ਆਪ ਨੂੰ ਬਹੁਤ ਕਰਾਮਾਤੀ ਸਮਝਦਾ ਸੀ। ਇਸ ਬਾਰੇ ਇਹ ਵੀ ਰਵਾਇਤ ਪ੍ਰਚਲਤ ਹੈ ਕਿ ਇਸ ਡੇਰੇ ਦੀਆਂ ਗਊਆਂ ਦੇ ਬੱਛਰੂ ਇਸ ਜੋਗੀ ਦੇ ਹੁਕਮ ਬਿਨਾਂ ਆਪਣੀਆਂ ਮਾਂਵਾਂ-ਗਊਆਂ ਦਾ ਦੁੱਧ ਵੀ ਨਹੀਂ ਚੁੰਘ ਸਕਦੇ ਸਨ।

ਮੁਕਤਸਰ ਦੀ ਲੜਾਈ ਤੋਂ ਪਿਛੋਂ ਗੁਰੂ ਗੋਬਿੰਦ ਸਿੰਘ ਇਧਰ ਆਕੇ ਰਹੇ ਸਨ। ਇਥੇ ਪੁੱਜਣ ਉਤੇ ਇਸ ਜੋਗੀ ਦੇ ਚੇਲਿਆਂ ਦਾ ਗੁਰੂ ਜੀ ਨਾਲ ਮੇਲ ਹੋਇਆ। ਜੋਗੀ ਦੇ ਚੇਲਿਆਂ ਨੇ ਆਪਣੇ ਗੁਰੂ ਜੋਗੀ ਦੀ ਬਹੁਤ ਵਡਿਆਈ ਕੀਤੀ। ਇਹ ਚੇਲੇ ਉਸ ਸਮੇਂ ਗਊਆਂ ਨੂੰ ਚਾਰਦੇ ਫਿਰਦੇ ਸਨ। ਸਥਾਨਕ ਰਵਾਇਤ ਅਨੁਸਾਰ, ਜਦ ਇਨ੍ਹਾਂ ਚੇਲਿਆਂ ਨੇ ਆਪਣੇ ਗੁਰੂ-ਜੋਗੀ ਦੀ ਉਸਤਤ ਕਰਦਿਆਂ ਕਰਦਿਆਂ ਇਹ ਗੱਲ ਕਹੀ ਕਿ ਜੋਗੀ ਦੇ ਹੁਕਮ ਬਿਨਾਂ ਤਾਂ ਬੱਛਰੂ ਵੀ ਦੁੱਧ ਨਹੀਂ ਚੁੰਘ ਸਕਦੇ ਤਾਂ ਗੁਰੂ ਸਾਹਿਬ ਨੇ ਸਿੰਘਾਂ ਨੂੰ ਹੁਕਮ ਦਿੱਤਾ ਕਿ ਉਹ ਸਾਰੀਆਂ ਗਊਆਂ ਦਾ ਦੁੱਧ ਚੋ ਕੇ ਪੀ ਲੈਣ। ਇਸ ਤਰ੍ਹਾਂ ਗੁਰੂ ਜੀ ਨੇ ਇਸ ਪਾਖੰਡੀ ਅਤੇ ਘੁਮੰਡੀ ਜੋਗੀ ਦਾ ਹੰਕਾਰ ਤੋੜਿਆ ਅਤੇ ਲੋਕਾਂ ਨੂੰ ਉਸ ਦੇ ਪਾਖੰਡ ਤੋਂ ਜਾਣੂ ਕਰਵਾਇਆ। ਪੰਡਿਤ ਤਾਰਾ ਸਿੰਘ ਨਰੋਤਮ ਨੇ ਇਸ ਬਾਰੇ ਇਉਂ ਲਿਖਿਆ ਹੈ: "ਇਸ ਗ੍ਰਾਮ ਮੇ ਨਾਥ ਕੀ ਕਰਾਮਾਤ ਦੂਰ ਕਰੀ ਅਰ ਏਕ ਮੁਸਲਮਾਨ ਕੀ ਕਬਰ ਕੀ ਬਡਿਆਈ ਕਰੀ।"[1]

ਜਿਸ ਸਮੇਂ ਗੁਰੂ ਸਾਹਿਬ ਇਥੇ ਆਰਾਮ ਕਰ ਰਹੇ ਸਨ ਤਾਂ ਉਨ੍ਹਾਂ ਨੇ ਆਪਣਾ ਤੀਰ-ਕਮਾਨ ਅਤੇ ਕਮਰ-ਕਸਾ ਖੋਲ੍ਹ ਕੇ ਇਥੇ ਖੜੇ ਇਕ ਜੰਡ ਦੇ ਰੁੱਖ ਨਾਲ ਟੰਗ ਦਿੱਤਾ ਸੀ। ਇਹ ਜੰਡ ਅੱਜੇ ਵੀ ਖੜਾ ਹੈ। ਇਸ ਦੇ ਨੇੜੇ ਹੀ ਗੁਰੂ ਜੀ ਦੀ ਯਾਦ ਵਿਚ ਇਕ ਇਤਿਹਾਸਕ ਗੁਰਦੁਆਰਾ ਹੈ।

---

1. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 151

## ਦੀਨਾ

ਗੁਰੂ ਗੋਬਿੰਦ ਸਿੰਘ ਜੀ ਰਾਇਕੋਟ ਤੋਂ ਚਲ ਕੇ ਦੀਨਾ ਪਹੁੰਚੇ ਸਨ। ਦੀਨਾ ਪਿੰਡ ਕਿਉਂਕਿ ਕਾਂਗੜ ਦੇ ਬਿਲਕੁਲ ਨਜ਼ਦੀਕ ਹੈ ਅਤੇ ਦੋਹਾਂ ਪਿੰਡਾਂ ਨੂੰ ਵਸਾਉਣ ਵਾਲੇ ਲੋਕ ਰਾਇ ਯੋਧ ਦੇ ਪਰਵਾਰ ਵਿਚੋਂ ਹੀ ਸਨ ਇਸ ਲਈ ਦੋਹਾਂ ਪਿੰਡਾਂ ਨੂੰ ਅਕਸਰ ਜੁੜਵੇਂ ਨਾਂ ਦੀਨਾ-ਕਾਂਗੜ ਨਾਲ ਹੀ ਬੁਲਾਇਆ ਜਾਂਦਾ ਹੈ। ਇਹ ਪਿੰਡ ਕਾਂਗੜ ਤੋਂ ਤਿੰਨ ਕਿਲੋਮੀਟਰ ਦੀ ਵਿੱਥ ਉਤੇ ਹੈ ਅਤੇ ਕਾਂਗੜ ਬਰਨਾਲਾ-ਬਾਜਾਖ਼ਾਨਾ ਸੜਕ ਦੇ ਉਪਰ ਹੈ।

ਇਥੋਂ ਦਾ ਚੌਧਰੀ ਰਾਇ ਯੋਧ ਗੁਰੂ ਘਰ ਦਾ ਸ਼ਰਧਾਲੂ ਸੀ। ਇਸ ਨੇ ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਦੀ ਇਕ ਜੰਗ ਵਿਚ ਸਹਾਇਤਾ ਵੀ ਕੀਤੀ ਸੀ। ਰਾਇ ਯੋਧ ਦੇ ਪੁੱਤਰ ਸ਼ਮੀਰ, ਲਖਮੀਰ ਅਤੇ ਤਖ਼ਤਮੱਲ ਗੁਰੂ ਗੋਬਿੰਦ ਸਿੰਘ ਦੇ ਸਮਕਾਲੀ ਸਨ। ਉਨ੍ਹਾਂ ਨੇ ਗੁਰੂ ਸਾਹਿਬ ਦੀ ਬਹੁਤ ਆਓ-ਭਗਤ ਕੀਤੀ।

ਗੁਰੂ ਸਾਹਿਬ ਇਥੇ ਕਾਫ਼ੀ ਚਿਰ ਰਹੇ ਦਸੇ ਜਾਂਦੇ ਹਨ। ਇਸ ਸਮੇਂ ਦੌਰਾਨ ਗੁਰੂ ਜੀ ਇਕੱਲੇ ਦੀਨੇ ਪਿੰਡ ਵਿਚ ਹੀ ਨਹੀਂ ਰਹਿੰਦੇ ਸਨ ਸਗੋਂ ਭਦੌੜ ਵਿਖੇ ਵੀ ਚਲੇ ਜਾਇਆ ਕਰਦੇ ਸਨ। ਗੁਰੂ ਜੀ ਨੇ ਇਥੇ ਰਹਿ ਕੇ ਹੀ ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਲਿਖ ਕੇ ਭਾਈ ਦਿਆ ਸਿੰਘ ਦੇ ਹੱਥ ਦੱਖਣ ਵੱਲ ਭੇਜਿਆ ਸੀ।

ਇਥੇ ਇਕ ਸੰਨਿਆਸੀ ਸਾਧੂ ਦਿਆਲਪੁਰੀ ਦੇ ਗੁਰੂ ਸਾਹਿਬ ਨੂੰ ਮਿਲਣ ਆਉਣ ਦੀ ਰਵਾਇਤ ਹੈ। ਗੁਰੂ ਸਾਹਿਬ ਦੀ ਯਾਦ ਵਿਚ ਇਸ ਪਿੰਡ ਵਿਖੇ ਇਕ ਸੁੰਦਰ ਗੁਰਦੁਆਰਾ ਸੁਸ਼ੋਭਤ ਹੈ। ਇਸ ਦਾ ਨਾਂ ਗੁਰਦੁਆਰਾ ਸੀ ਲੋਹਗੜ੍ਹ ਸਾਹਿਬ ਹੈ।

## ਨਾਂਗੇ ਦੀ ਸਰਾਂ

ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਦ ਯੁੱਧ ਤੋਂ ਵਿਹਲੇ ਹੋ ਕੇ ਇਧਰ ਆਏ ਅਤੇ ਇਥੇ ਇਕ ਰਾਤ ਗੁਜ਼ਾਰੀ। ਗੁਰੂ ਜੀ ਦੇ ਸਮੇਂ ਇਥੇ ਨਾਂਗਾ ਸਾਧੂ ਰਹਿੰਦਾ ਸੀ। ਇਸ ਸਾਧੂ ਦੇ ਨਾਂਗੇ ਰਹਿਣ ਕਰਕੇ ਹੀ ਇਸ ਸਰਾਂ ਨੂੰ ਮਤੇ ਦੀ ਸਰਾਂ ਤੋਂ ਬਦਲ ਕੇ ਨਾਂਗੇ ਦੀ ਸਰਾਂ ਕਿਹਾ ਜਾਣ ਲੱਗ ਪਿਆ।

ਨਾਂਗੇ ਦੀ ਸਰਾਂ ਜਾਂ ਸਰਾਇ ਨਾਂਗਾ ਇਕ ਇਤਿਹਾਸਕ ਕਸਬਾ ਹੈ। ਇਥੇ ਗੁਰੂ ਅੰਗਦ ਦੇਵ ਜੀ ਦਾ ਜਨਮ ਹੋਇਆ ਸੀ। ਇਸ ਦਾ ਪਹਿਲਾ ਨਾਂ ਮਤੇ ਦੀ ਸਰਾਂ ਸੀ। ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਅਤੇ ਗੁਰੂ ਗੋਬਿੰਦ ਸਿੰਘ ਜੀ ਇਥੇ ਆਏ ਸਨ। ਤਿੰਨਾਂ ਹੀ ਪਾਤਸ਼ਾਹੀਆਂ ਦੀ ਯਾਦ ਵਿਚ ਗੁਰਦੁਆਰੇ ਹਨ।

ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਬਾਰੇ ਇਉਂ ਲਿਖਿਆ ਹੈ : "ਜ਼ਿਲਾ ਫਿਰੋਜ਼ਪਰ, ਤਹਿਸੀਲ ਮੁਕਤਸਰ ਵਿੱਚ, ਮੁਕਤਸਰ ਤੋਂ ਸੱਤ ਕੋਹ ਉੱਤਰ ਪੂਰਵ ਇੱਕ ਪਿੰਡ, ਜਿਸ ਦਾ ਹੁਣ ਨਾਮ ਨਾਗੇ ਕੀ ਸਰਾਇ ਹੈ, ਕਿਉਂਕਿ ਇਹ ਉਜੜਿਆ ਥੇਹ ਉਦਾਸੀ ਨਾਗੇ ਸਾਧੂ ਨੇ ਆਬਾਦ ਕੀਤਾ ਸੀ। ਇੱਥੇ ਇੱਕ ਗੁਰਦੁਵਾਰਾ ਗੁਰੂ ਨਾਨਕ ਦੇਵ ਜੀ ਦਾ ਅਤੇ ਦੂਜਾ ਸ੍ਰੀ ਗੁਰੂ ਅੰਗਦ ਜੀ ਦਾ ਹੈ। ਗੁਰੂ ਅੰਗਦ ਦੇਵ ਜੀ ਦਾ ਜਨਮ ਅਸਥਾਨ ਪਿੰਡ ਤੋਂ ਚਾਰ ਸੌ ਕਦਮ ਪੂਰਵ ਵੱਲ ਮਤੇ ਦੀ ਸਰਾਇ ਦੇ ਥੇਹ ਪੁਰ ਹੈ। ਇਥੇ ਵੈਸਾਖੀ ਨੂੰ ਮੇਲਾ ਹੁੰਦਾ ਹੈ।"[1]

1. ਮਹਾਨ ਕੋਸ਼, ਪੰਨਾ 707

## ਬਹਿਬਲ ਕਲਾਂ

ਇਥੇ ਗੁਰੂ ਸਾਹਿਬ ਦੋ ਵਾਰ ਆਏ ਸਨ। ਇਕ ਵਾਰ ਤਾਂ ਉਸ ਸਮੇਂ ਜਦੋਂ ਕਿ ਉਹ ਕੋਟਕਪੂਰੇ ਵੱਲ ਜਾ ਰਹੇ ਸਨ ਅਤੇ ਦੂਸਰਾ ਉਦੋਂ ਜਦੋਂ ਕਿ ਉਹ ਕੋਟਕਪੂਰੇ ਤੋਂ ਹੋ ਕੇ ਇਧਰ ਢਿਲਵਾਂ ਸੋਢੀਆਂ ਵੱਲ ਆਏ ਸਨ। ਸਥਾਨਕ ਰਵਾਇਤ ਅਨੁਸਾਰ ਜਿਸ ਸਮੇਂ ਗੁਰੂ ਜੀ ਚੌਧਰੀ ਕਪੂਰੇ ਵੱਲੋਂ ਸੈਨਿਕ ਸਹਾਇਤਾ ਦੇਣ ਤੋਂ ਇਨਕਾਰ ਕਰਨ ਕਰਕੇ ਅਤੇ ਉਸ ਨਾਲ ਗੁੱਸੇ ਹੋ ਕੇ ਢਿਲਵਾਂ ਸੋਢੀਆਂ ਵੱਲ ਆਏ ਸਨ ਤਾਂ ਪਿਛੋਂ ਚੌਧਰੀ ਕਪੂਰੇ ਨੇ ਆਪਣੀ ਗਲਤੀ ਦਾ ਅਹਿਸਾਸ ਕੀਤਾ ਅਤੇ ਭੁੱਲ ਬਖ਼ਸ਼ਾਉਣ ਲਈ ਗੁਰੂ ਜੀ ਦੇ ਪਿਛੇ ਗਿਆ। ਪਰੰਤੂ ਉਸ ਸਮੇਂ ਗੁਰੂ ਜੀ ਢਿਲਵਾਂ ਸੋਢੀਆਂ ਤੋਂ ਬਹਿਬਲ ਕਲਾਂ ਪਹੁੰਚ ਚੁੱਕੇ ਸਨ। ਇਸ ਲਈ ਕਪੂਰਾ ਇਥੇ ਬਹਿਬਲ ਕਲਾਂ ਆ ਕੇ ਮਿਲਿਆ ਅਤੇ ਆਪਣੀ ਭੁਲ ਬਖ਼ਸ਼ਾਈ।

ਰਵਾਇਤ ਹੈ ਕਿ ਜਿਸ ਸਮੇਂ ਗੁਰੂ ਜੀ ਇਥੇ ਪਹਿਲੀ ਵਾਰ ਆਏ ਸਨ ਤਾਂ ਇਥੋਂ ਦੇ ਲੋਕਾਂ ਨੇ ਗੁਰੂ ਜੀ ਦੀ ਬਹੁਤ ਆਓ ਭਗਤ ਕੀਤੀ। ਗੁਰੂ ਜੀ ਨੇ ਸਿੰਘਾਂ ਨੂੰ ਹਰ ਇਕ ਘਰ ਵਿਚ ਅੱਡ ਅੱਡ ਜਾ ਕੇ ਖਾਣਾ ਖਾਣ ਲਈ ਕਿਹਾ। ਇਸ ਤਰ੍ਹਾਂ ਹਰ ਘਰ ਵਿਚ ਇਕ ਇਕ ਸਿੰਘ ਗਿਆ। ਇਕ ਗਰੀਬ ਸਿੱਖ ਸੀ। ਉਸ ਦੇ ਘਰ ਵੀ ਇਕ ਸਿੰਘ ਚਲਿਆ ਗਿਆ। ਪਰ ਉਹ ਸਿੱਖ ਇਤਨਾ ਗਰੀਬ ਸੀ ਕਿ ਸਿੰਘ ਨੂੰ ਚੰਗਾ ਖਾਣਾ ਮੁਹਈਆ ਨਹੀਂ ਕਰ ਸਕਦਾ ਸੀ; ਜੋ ਕੁਝ ਉਸ ਦੇ ਘਰ ਸੀ ਉਹੀ ਉਸ ਨੇ ਘਰ ਆਏ ਸਿੰਘ ਦੇ ਅੱਗੇ ਰੱਖ ਦਿੱਤਾ। ਇਹ ਉਬਾਲੇ ਹੋਏ ਪੀਲੂ ਸਨ। ਸਿੰਘ ਨੇ ਪੀਲੂ ਖਾ ਕੇ ਹੀ ਘਰ ਵਾਲੇ ਦਾ ਸ਼ੁਕਰੀਆ ਅਦਾ ਕੀਤਾ। ਜਿਸ ਸਮੇਂ ਗੁਰੂ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਦੋਵਾਂ ਹੀ ਸਿੰਘਾਂ ਦੀ ਪ੍ਰਸੰਸਾ ਕੀਤੀ। ਉਨ੍ਹਾਂ ਕਿਹਾ ਕਿ ਖਾਣ ਵਾਲੇ ਨੂੰ ਵੀ ਸੰਤੋਖ ਚਾਹੀਦਾ ਹੈ ਅਤੇ ਖੁਆਉਣ ਵਾਲੇ ਨੂੰ ਵੀ ਸ਼ਰਧਾ ਅਤੇ ਪਿਆਰ ਭਾਵਨਾ ਚਾਹੀਦੀ ਹੈ।

ਇਥੇ ਗੁਰੂ ਜੀ ਦੀ ਯਾਦ ਵਿਚ ਇਕ ਗੁਰਦੁਆਰਾ ਟਿੱਬੀ ਸਾਹਿਬ ਸਸ਼ੋਭਤ ਹੈ। ਇਸ ਗੁਰਦੁਆਰੇ ਦੀ ਇਮਾਰਤ ਸੰਨ 1955 ਈਸਵੀਂ ਵਿਚ ਇਥੋਂ ਦੀਆਂ ਸਿੱਖ ਸੰਗਤਾਂ ਨੇ ਬਣਵਾਈ ਸੀ। ਮਹਾਰਾਜਾ ਫਰੀਦਕੋਟ ਨੇ ਇਸ ਦਾ ਨੀਂਹ ਪੱਥਰ ਰਖਿਆ ਸੀ।

## ਬਜੀਦਪੁਰ (ਵਜੀਦਪੁਰ)

ਵਜੀਦਪੁਰ ਮੁਕਤਸਰ ਤੋਂ 40 ਕਿਲੋਮੀਟਰ ਦੂਰ ਫ਼ਿਰੋਜ਼ਪੁਰ ਜ਼ਿਲ੍ਹੇ ਵਿਚ ਸਥਿਤ ਇਕ ਪਿੰਡ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਦੇ ਯੁਧ ਤੋਂ ਵਿਹਲੇ ਹੋ ਕੇ ਆਏ ਸਨ। ਵਜੀਦਪੁਰ ਦੇ ਸਿੱਖਾਂ ਨੇ ਮੁਕਤਸਰ ਦੇ ਯੁੱਧ ਵਿਚ ਤਕੜਾ ਹਿਸਾ ਪਾਇਆ ਸੀ। ਉਨ੍ਹਾਂ ਸਿੰਘਾਂ ਦੀ ਕੁਰਬਾਨੀ ਤੋਂ ਖੁਸ਼ ਹੋ ਕੇ ਗੁਰੂ ਸਾਹਿਬ ਉਨ੍ਹਾਂ ਦੇ ਪਿੰਡ ਗਏ ਅਤੇ ਉਥੇ ਦੀਆਂ ਸਿੱਖ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਲੜਾਈ ਵਿਚ ਜਿੱਤ ਪਰਾਪਤ ਹੋਣ ਕਰਕੇ ਸਿੰਘਾਂ ਨੇ ਇਥੇ ਦੀ ਜੂਹ ਵਿਚ ਭਾਂਤ ਭਾਂਤ ਦੇ ਜਾਨਵਰਾਂ ਦਾ ਸ਼ਿਕਾਰ ਕੀਤਾ ਸੀ। ਇਥੋਂ ਦੇ ਤਿਤਰ ਬੜੇ ਮੋਟੇ ਅਤੇ ਵੱਡੇ ਆਕਾਰ ਦੇ ਸਮਝੇ ਜਾਂਦੇ ਸਨ। ਸਿੰਘਾਂ ਨੇ ਖਾਸ ਤੌਰ ਤੇ ਇਨ੍ਹਾਂ ਤਕੜੇ ਤਿਤਰਾਂ ਨੂੰ ਬਹੁਤ ਵੱਡੀ ਗਿਣਤੀ ਵਿਚ ਮਾਰਿਆ। ਜਦੋਂ ਸਥਾਨਕ ਲੋਕਾਂ ਨੇ ਪੁਛਿਆ ਕਿ ਉਨ੍ਹਾਂ ਨੇ ਇਤਨੀ ਵੱਡੀ ਗਿਣਤੀ ਵਿਚ ਤਿਤਰ ਕਿਉਂ ਮਾਰੇ ਹਨ ਤਾਂ ਸਿੰਘਾਂ ਨੇ ਜਵਾਬ ਦਿੱਤਾ ਕਿ

ਤਿੱਤਰ ਅਤੇ ਦੁਕਾਨਦਾਰੀ ਸੇਠ ਇਕ ਬਰਾਬਰ ਹਨ। ਉਹ ਦੁਕਾਨ ਉਤੇ ਬੈਠ ਕੇ ਕਿਰਸਾਨ ਨੂੰ ਲੁਟਦਾ ਹੈ ਅਤੇ ਇਹ ਖੇਤਾਂ ਵਿਚ ਰਹਿ ਕੇ ਕਿਸਾਨ ਦੀ ਫ਼ਸਲ ਨੂੰ ਖਰਾਬ ਕਰ ਕੇ ਉਸ ਦਾ ਨੁਕਸਾਨ ਕਰਦੇ ਹਨ। ਇਸ ਲਈ ਇਨ੍ਹਾਂ ਦੋਹਾਂ ਤੋਂ ਛੁਟਕਾਰਾ ਪਾਉਣਾ ਜ਼ਰੂਰੀ ਹੈ। ਗੁਰੂ ਜੀ ਇਥੇ ਇਕ ਰਾਤ ਠਹਿਰ ਕੇ ਵਾਪਸ ਮੁਕਤਸਰ ਨੂੰ ਹੀ ਆ ਗਏ ਸਨ।

## ਬਰਗਾੜੀ

ਪਿੰਡ ਬਰਗਾੜੀ ਗੁਰੂ ਗੋਬਿੰਦ ਸਿੰਘ ਮਾਰਗ ਉਪਰ ਸਥਿਤ ਹੈ ਅਤੇ ਡੋਡ ਅਤੇ ਕੋਟਕਪੂਰਾ ਸੜਕ ਉਤੇ 10 ਕਿਲੋਮੀਟਰ ਦੀ ਵਿੱਥ ਉਤੇ ਹੈ। ਗੁਰੂ ਗੋਬਿੰਦ ਸਿੰਘ ਜੀ ਕੋਟਕਪੂਰੇ ਵੱਲ ਜਾਂਦੇ ਹੋਏ ਇਥੇ ਪਹੁੰਚੇ ਸਨ। ਸਥਾਨਕ ਰਵਾਇਤ ਮੁਤਾਬਕ ਗੁਰੂ ਸਾਹਿਬ ਇਥੇ ਤਿੰਨ ਦਿਨ ਰਹੇ ਸਨ। ਇਹ ਵੀ ਰਵਾਇਤ ਹੈ ਕਿ ਗੁਰੂ ਸਾਹਿਬ ਇਥੇ ਦੋ ਵਾਰ ਆਏ ਸਨ। ਮਾਲਵਾ ਦੇਸ ਰਟਨ ਦੀ ਸਾਖੀ ਪੋਥੀ ਵਿਚ ਇਸ ਦਾ ਨਾਂ 'ਬਨਗਾੜੀ' ਲਿਖਿਆ ਹੋਇਆ ਹੈ।

ਇਸ ਅਨੁਸਾਰ, "ਅਗੇ ਡੇਰਾ ਬਨਗਾੜੀ ਹੋਇਆ। ਨਗਰੀ ਨੇ ਟਹਿਲ ਕੀਤੀ, ਰਸਤ ਦਿੱਤੀ। ਸਿੱਖਾਂ ਆਖਿਆ : 'ਜੀ ਪਾਤਸਾਹ ! ਏਹ ਤਾਂ ਲੋਕ ਮੋਟੇ ਜੇਹੇ ਹੈਨ'। ਗੁਰੂ ਜੀ ਕਹਿੰਦੇ : 'ਧਾੜਵੀ ਲੋਕ ਹੈਨ, ਕਿਸੇ ਦੀ ਆਣ ਨਹੀਂ ਮਨਦੇ। ਇਸ ਨਗਰੀ ਏਨਾਂ ਦੀਆਂ ਧਾੜਾਂ ਕਠੀਆਂ ਹੋਦੀਆਂ ਹੈਨਿ। ਹੁਣ ਗੁਰੂ ਕਾ ਚਰਨ ਪਇਆ ਹੈ, ਹਛੇ ਹੋ ਜਾਣਗੇ। ਸੰਗਤਾਂ ਕੀਆਂ ਟਹਿਲਾਂ ਕਰਨਗੇ, ਬਰਾੜ ਗੁਰੂ ਕੇ ਨਾਲ। ਪੂਰੇ ਸਤਿਗੁਰ ਕਰੇ ਨਿਹਾਲ'।"[1]

ਪੰਡਿਤ ਤਾਰਾ ਸਿੰਘ ਨਰੋਤਮ ਨੇ ਇਸ ਬਾਰੇ ਇਉਂ ਲਿਖਿਆ ਹੈ "ਗੁਰੂ ਜੀ ਇਸ ਗ੍ਰਾਮ ਮੋ ਉਤਰੇ ਕਪੂਰੇ ਕੇ ਭਾਈ ਨੰਦ ਨੇ ਬਡੀ ਟਹਲ ਕਰੀ ਗੁਰੂ ਜੀ ਨੇ ਸੂਰਬੀਰਤਾ ਕਾ ਬਰ ਦੀਆ।"[2]

## ਭੂੰਦੜ

ਪਿੰਡ ਭੂੰਦੜ ਮੁਕਤਸਰ ਮਲੋਟ ਸੜਕ ਉਤੇ ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਤਲਵੰਡੀ ਸਾਬੋ ਨੂੰ ਜਾਂਦੇ ਹੋਏ ਇਥੇ ਆਏ ਸਨ। ਇਥੇ ਇਕ ਭੂੰਦੜ ਨਾਮੀ ਗੁਰੂ ਦਾ ਸਿੱਖ ਰਹਿੰਦਾ ਸੀ ਜਿਸ ਨੂੰ ਬਾਬਾ ਭੂੰਦੜ ਦੇ ਨਾਂ ਨਾਲ ਵੀ ਪੁਕਾਰਿਆ ਜਾਂਦਾ ਸੀ। ਰਵਾਇਤ ਹੈ ਕਿ ਇਸ ਦੀ ਉਮਰ ਬਹੁਤ ਲੰਮੀ ਸੀ। ਮੁਕਤਸਰ ਦੇ ਜੰਗ ਤੋਂ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਇਥੇ ਆ ਕੇ ਇਸ ਨੂੰ ਮਿਲੇ ਸਨ। ਗੁਰੂ ਜੀ ਨੇ ਉਸ ਨੂੰ ਕਿਹਾ ਕਿ ਉਸ ਨੇ ਬਹੁਤ ਉਮਰ ਭੋਗ ਲਈ ਹੈ ਹੁਣ ਚਾਲੇ ਪਾ ਦੇਣੇ ਚਾਹੀਦੇ ਹਨ। ਤਦ ਭੂੰਦੜ ਨੇ ਕਿਹਾ ਕਿ ਉਸ ਦੇ ਦੋ ਪੁੱਤਰ ਸਨ। ਦੋਵੇਂ ਹੀ ਕਿਸੇ ਧਾੜਵੀਂ ਨੇ ਮਾਰ ਦਿੱਤੇ ਹਨ। ਉਸ ਦਾ ਨਾਂ ਦੁਨੀਆਂ ਵਿਚ ਕਿਵੇਂ ਰਹੇਗਾ ? ਤਾਂ ਗੁਰੂ ਜੀ ਨੇ ਫਰਮਾਇਆ ਕਿ ਨਾਮ ਪੁਤਰਾਂ ਕਰਕੇ ਨਹੀਂ ਸਗੋਂ ਚੰਗੇ ਕਰਮਾਂ ਕਰਕੇ ਰਹੇਗਾ। ਉਸ ਦਾ ਨਾਮ ਵੀ ਹਮੇਸ਼ਾ ਕਾਇਮ ਰਹੇਗਾ ਅਤੇ ਉਸ ਦੀ ਯਾਦ ਵਿਚ ਲੋਕ ਸੁੱਖਾਂ ਸੁੱਖ ਕੇ ਖੁਸ਼ੀਆਂ ਪ੍ਰਾਪਤ ਕਰਿਆ ਕਰਨਗੇ। ਇਸੇ ਵਰ ਕਰਕੇ ਹੀ ਅੱਜ ਇਹ ਪਿੰਡ ਉਸੇ ਦੇ ਨਾਂ ਉਤੇ "ਭੂੰਦੜ" ਦੇ ਨਾਮ ਨਾਲ ਪ੍ਰਸਿੱਧ ਹੈ।

ਗੁਰੂ ਸਾਹਿਬ ਇਥੇ ਥੋੜਾ ਸਮਾਂ ਹੀ ਠਹਿਰੇ ਸਨ। ਬਾਬਾ ਭੂੰਦੜ ਨੇ ਗੁਰੂ ਜੀ ਨੂੰ ਦੁੱਧ ਛਕਾਇਆ। ਇਥੇ ਇਕ ਵਣ ਦਾ ਦਰਖਤ ਹੈ ਜਿਸ ਹੇਠ ਗੁਰੂ ਜੀ ਬੈਠੇ ਦਸੇ ਜਾਂਦੇ ਹਨ। ਨਾਲ ਹੀ ਬਾਬੇ ਭੂੰਦੜ ਦੀ ਸਮਾਧ ਹੈ। ਇਥੇ ਵਿਸਾਖੀ ਤੋਂ ਇਕ ਦਿਨ ਪਹਿਲਾਂ ਮੇਲਾ ਲਗਦਾ ਹੈ।

1. ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨਾ 42
2. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 145

## ਮੁਕਤਸਰ

ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਕੇ ਮਾਲਵੇ ਦੇ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਦੁਸ਼ਮਣ ਦੀਆਂ ਫ਼ੌਜਾਂ ਨਾਲ ਇਕ ਨਿਰਣਾਜਨਕ ਲੜਾਈ ਲੜਣ ਦੇ ਇਰਾਦੇ ਨਾਲ ਮਲਵਈ ਸਰਦਾਰਾਂ ਨੂੰ ਇਕੱਠਿਆਂ ਕਰ ਕੇ ਮੁਕਤਸਰ ਵਾਲੀ ਥਾਂ ਉਤੇ ਪਹੁੰਚੇ ਸਨ। ਇਥੇ ਉਸ ਸਮੇਂ ਇਕ ਢਾਬ ਸੀ ਜਿਥੋਂ ਪੀਣ ਵਾਲੇ ਪਾਣੀ ਦਾ ਕੰਮ ਸਾਰਿਆ ਜਾਂਦਾ ਸੀ। ਹੋਰ ਆਲੇ ਦੁਆਲੇ ਪਾਣੀ ਦਾ ਕੋਈ ਸਰੋਤ ਨਹੀਂ ਸੀ। ਇਸ ਦਾ ਮਾਲਕ ਖਿਦਰਾਣਾ ਸੀ। ਇਸ ਨੂੰ ਖਿਦਰਾਣੇ ਦੀ ਢਾਬ ਵੀ ਕਿਹਾ ਜਾਂਦਾ ਸੀ। ਪਹਿਲੇ ਸਮਿਆਂ ਵਿਚ ਇਹ ਢਾਬ ਹੀ ਪਾਣੀ ਦਾ ਇਕੋ ਇਕ ਵਸੀਲਾ ਸੀ। ਇਸੇ ਕਰਕੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਸਾਹਿਬ ਵੱਲੋਂ ਆ ਕੇ ਇਸ ਢਾਬ ਉਤੇ ਡੇਰਾ ਲਾਇਆ ਸੀ। ਇਥੇ 30 ਪੋਹ, ਮਾਘ ਵਦੀ 10, ਸੰਮਤ 1762 ਬਿਕਰਮੀ ਮੁਤਾਬਕ 29 ਦਸੰਬਰ 1705 ਈਸਵੀ ਨੂੰ[1] ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਅਤੇ ਹਕੂਮਤ ਵਿਚਕਾਰ ਜ਼ਬਰਦਸਤ ਯੁੱਧ ਹੋਇਆ ਸੀ। ਇਸ ਯੁੱਧ ਵਿਚ ਮਾਝੇ ਦੇ ਇਲਾਕੇ ਤੋਂ ਭਾਈ ਮਹਾਂ ਸਿੰਘ ਅਤੇ ਮਾਈ ਭਾਗੋ ਦੀ ਅਗਵਾਈ ਹੇਠ ਆਏ ਚਾਲ੍ਹੀ ਸਿੰਘ ਸ਼ਹੀਦ ਹੋ ਗਏ ਸਨ। ਇਨ੍ਹਾਂ ਚਾਲ੍ਹੀ ਸਿੰਘਾਂ ਨੂੰ ਗੁਰੂ ਜੀ ਨੇ 'ਮੁਕਤੇ' ਹੋਣ ਦਾ ਵਰ ਦਿੱਤਾ। ਇਨ੍ਹਾਂ ਚਾਲ੍ਹੀ ਸਿੰਘਾਂ ਦੀ ਸ਼ਹੀਦੀ ਇਸ ਖਿਦਰਾਣੇ ਦੀ ਢਾਬ ਦੇ ਨੇੜੇ ਹੀ ਹੋਈ ਸੀ। ਇਸ ਕਰਕੇ ਇਸ ਢਾਬ ਦਾ ਨਾਂ ਮੁਕਤਿਆਂ ਦੇ ਨਾਂ ਉਤੇ ਮੁਕਤਸਰ ਪੈ ਗਿਆ।

ਕਵੀ ਸੈਨਾਪਤਿ ਨੇ ਇਸ ਘਟਨਾ ਦਾ ਜ਼ਿਕਰ ਇਸ ਪਰਕਾਰ ਕੀਤਾ ਹੈ :

ਭਨਕ ਪ੍ਰਭ ਕੀ ਤਬੈ ਸੁਨੀ ਦੂਤਾਨ ਨੇ ਫੌਜ ਸੀਗਾਰ ਕੇ ਫੇਰਿ ਧਾਏ।
ਦੇਖ ਐਸੇ ਕਹਿਓ ਜਾਹੁ ਸੰਗ੍ਰਾਮ ਕੋ ਫੇਰ ਵੇ ਫੌਜ ਲੇ ਤੁਰਤ ਆਏ।
ਸਿੰਘ ਚਾਰੋ ਦਿਸਾ ਦੌਰ ਦਲ ਮੈ ਪਰੈ ਸਿੰਘ ਸਿੰਘਾਨ ਹੂਜੈ ਸਹਾਏ।
ਮਾਰਿ ਐਸੀ ਕਰੈ ਸੂਰ ਤਾਹੀ ਸਮੈ ਭਏ ਗਹਿ ਗਡਿ ਦਲ ਯੌ ਗਿਰਾਏ।[2]

'ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ' ਵਿਚ ਇਸ ਤਰ੍ਹਾਂ ਲਿਖਿਆ ਹੈ :

"ਮਾਏ ਤੇ ਚਾਲੀ ਸਿੰਘਾਂ ਦੀ ਚਾਉਕੀ ਆਉਂਦੀ ਸੀ ਮਗਰ ਮਗਰ। ਉਨ੍ਹਾਂ ਨੇ ਮਾਲ੍ਹ ਉਤੇ ਚਾਦਰ ਪਾਇ ਦਿਤੇ ਤੁਰਕ ਐਧਰ ਆਵੇ ਗੁਰੂ ਜੀ ਕੇ ਮਗਰ ਨਾ ਜਾਵੇ—। ਤੁਰਕਾਂ ਨੇ ਏਧਰ ਹੀ ਸਿੰਘਾਂ ਨੂੰ ਆਇ ਟਾਕਰਾ ਕੀਆ। ਇਕ ਸਿੰਘ ਪਹਿਲਾਂ ਨਿਕਲਿਆਂ, ਮਾਲ੍ਹ ਹੇਠ ਤੇ ਸ਼ਸਤ੍ਰ ਮਾਰੇ। ਫੇਰ ਸਿੰਘ ਪੰਜ ਪੰਜ ਨਿਕਲ ਕੇ ਸ਼ਸਤ੍ਰ ਮਾਰਣਿ। ਏਸੇ ਤਰ੍ਹਾਂ ਚਾਲੀਆਂ ਸਿੰਘਾਂ ਨੇ ਸੀਸ ਲਾਏ, ਮੁਕਤੇ ਹੋਏ। ਇਕ ਸਿਖਣੀ ਸੀ ਓਸ ਨੇ ਬੀ ਲੈ ਕੇ ਨੇਜਾ ਮਾਰਿਆ। ਸਿੰਘਾਂ ਨੇ ਢਾਈ ਸੌ ਤੁਰਕ ਮਾਰਿਆ।"[3] (ਪੰਨਾ 54)

ਗੁਰੂ ਸਾਹਿਬ ਜਿਸ ਸਮੇਂ ਚਮਕੌਰ ਸਾਹਿਬ ਤੋਂ ਇਧਰ ਆਏ ਸਨ ਤਾਂ ਉਨ੍ਹਾਂ ਨੇ ਇਧਰ ਮਾਲਵੇ ਦੇ ਇਲਾਕੇ ਵਿਚੋਂ ਬਰਾੜ ਕਬੀਲੇ ਸਮੇਤ ਹੋਰ ਸਿਧੂ, ਮਾਨਾਂ ਅਤੇ ਭੁਲਰਾਂ ਦੇ ਕਬੀਲਿਆਂ ਨੂੰ ਇਕੱਠਾ ਕੀਤਾ ਅਤੇ ਜੰਗ ਲਈ ਤਿਆਰੀ ਕੀਤੀ। ਇਹ ਜੱਟ ਕਬੀਲੇ ਸਿੱਖ ਧਰਮ ਧਾਰਣ ਕਰ

---

1. ਸ੍ਰੀ ਗੁਰ ਸੋਭਾ, ਪੰਨਾ 86
2. ਉਕਤ, ਪੰਨਾ ਉਹੀ।
3. ਵਿਸਥਾਰ ਲਈ ਦੇਖੋ ਪੰਡਿਤ ਤਾਰਾ ਸਿੰਘ ਨਰੋਤਮ, ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨੇ 147-148 ਅਤੇ ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨਾ 50

ਚੁੱਕੇ ਸਨ। ਇਨ੍ਹਾਂ ਦੀ ਆਪਸ ਵਿਚ ਭਾਵੇਂ ਬਿਲਕੁਲ ਨਹੀਂ ਸੀ ਬਣਦੀ ਪਰ ਗੁਰੂ ਜੀ ਲਈ ਇਹ ਸਾਰੇ ਹੀ ਮਰ ਮਿਟਣ ਨੂੰ ਤਿਆਰ ਸਨ।

ਕੋਟਕਪੂਰੇ ਦਾ ਚੌਧਰੀ ਕਪੂਰਾ ਬਰਾੜ ਭਾਵੇਂ ਗੁਰੂ ਘਰ ਦਾ ਸ਼ਰਧਾਲੂ ਸੀ ਅਤੇ ਸਿੱਖ ਸੀ ਪਰ ਉਸਨੇ ਹਕੂਮਤ ਤੋਂ ਡਰਦੇ ਹੋਏ ਗੁਰੂ ਜੀ ਦੀ ਸਹਾਇਤਾ ਨਾ ਕੀਤੀ ਸਗੋਂ ਇਸ ਦੇ ਉਲਟ ਹਕੂਮਤ ਦੀ ਮਦਦ ਕੀਤੀ। ਪਰ ਫਿਰ ਵੀ ਇਲਾਕੇ ਦਾ ਭੇਤੀ ਹੋਣ ਕਰਕੇ ਅਤੇ ਅੰਦਰੋਂ ਗੁਰੂ ਜੀ ਦਾ ਸ਼ਰਧਾਲੂ ਹੋਣ ਕਰਕੇ ਇਸ ਨੇ ਅੰਦਰ ਗਤੀ ਹਕੂਮਤ ਦੀਆਂ ਫ਼ੌਜਾਂ ਨੂੰ ਚੰਗੀ ਤਰ੍ਹਾਂ ਇਲਾਕੇ ਦੀ ਭੂਗੋਲਤਾ ਬਾਰੇ ਨਹੀਂ ਦਸਿਆ।

ਇਹ ਜੰਗ ਲੜਨ ਦੇ ਪਿਛੋਂ ਗੁਰੂ ਜੀ ਸਾਬੋ ਦੀ ਤਲਵੰਡੀ ਵੱਲ ਨੂੰ ਚਲ ਪਏ ਸਨ। ਲੜਾਈ ਵਿਚ ਸ਼ਹੀਦ ਹੋਏ ਮੁਕਤਿਆਂ ਦੀ ਯਾਦ ਵਿਚ ਇਸ ਸਮੇਂ ਬਹੁਤ ਵਿਸ਼ਾਲ ਅਤੇ ਸੁੰਦਰ ਸਰੋਵਰ ਮੁਕਤਸਰ ਹੈ। ਇਸ ਦੇ ਪੱਛਮ ਵਾਲੇ ਕੰਢੇ ਉਤੇ ਗੁਰਦੁਆਰਾ ਟੁੱਟੀ ਗੰਢੀ ਸਸ਼ੋਭਤ ਹੈ। ਨੇੜੇ ਹੀ ਗੁਰਦੁਆਰਾ ਸ਼ਹੀਦ ਗੰਜ ਹੈ ਜਿਥੇ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ ਸੀ।

ਸ਼ਹਿਰ ਤੋਂ ਥੋੜੀ ਜਿਹੀ ਵਿੱਥ ਉਤੇ ਗੁਰਦੁਆਰਾ ਟਿੱਬੀ ਸਾਹਿਬ ਅਤ ਦਾਤਣਸਰ ਆਦਿ ਗੁਰਦੁਆਰੇ ਸਸ਼ੋਭਤ ਹਨ। ਇਨ੍ਹਾਂ ਸਭ ਦਾ ਪ੍ਰਬੰਧ ਸ਼ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ, ਅਮ੍ਰਿਤਸਰ ਦੇ ਅਧੀਨ ਹੈ।

## ਰਾਮੇਆਣਾ

ਗੁਰੂ ਗੋਬਿੰਦ ਸਿੰਘ ਜੀ ਨੇ ਜੈਤੋ ਤੋਂ ਚਲ ਕੇ ਇਥੇ ਰਾਹ ਦਾ ਠਹਿਰਾ ਕੀਤਾ। ਸਥਾਨਕ ਰਵਾਇਤ ਅਨੁਸਾਰ ਇਥੇ ਗੁਰੂ ਜੀ ਨੂੰ ਪਿੰਡ ਦਾ ਇਕ ਜੱਟ ਮਿਲਿਆ। ਉਹ ਡੇਲੇ ਤੋੜ ਤੋੜ ਕੇ ਇਕੱਠੇ ਕਰ ਰਿਹਾ ਸੀ। ਗੁਰੂ ਜੀ ਦੇ ਪੁੱਛਣ ਉਤੇ ਉਸ ਨੇ ਦਸਿਆ ਕਿ ਉਹ ਡੇਲੇ ਪਰਵਾਰ ਦੇ ਖਾਣ ਲਈ ਇਕੱਠੇ ਕਰ ਰਿਹਾ ਹੈ। ਗੁਰੂ ਜੀ ਨੇ ਉਹ ਸਾਰੇ ਡੇਲੇ ਸੁੱਟਣ ਲਈ ਕਿਹਾ ਪਰੰਤੂ ਉਸ ਜੱਟ ਨੇ ਬਾਰ ਬਾਰ ਕਹਿਣ ਦੇ ਬਾਵਜੂਦ ਵੀ ਥੋੜ੍ਹੇ ਜਿਹੇ ਡੇਲੇ ਸੁੱਟਣੋਂ ਰੱਖ ਲਏ। ਗੁਰੂ ਜੀ ਨੇ ਕਿਹਾ ਕਿਉਂਕਿ ਉਸ ਨੇ ਬਾਰ ਬਾਰ ਕਹਿਣ ਦੇ ਬਾਵਜੂਦ ਵੀ ਪੂਰੇ ਡੇਲੇ ਨਹੀਂ ਸੁੱਟੇ ਇਸ ਲਈ ਇਸ ਇਲਾਕੇ ਵਿਚੋਂ ਕਾਲ ਪੂਰੀ ਤਰ੍ਹਾਂ ਖਤਮ ਨਹੀਂ ਹੋਏਗਾ। ਉਹ ਜੇਕਰ ਸਾਰੇ ਸੁਟ ਦਿੰਦਾ ਤਾਂ ਕਾਲ ਬਿਲਕੁਲ ਹੀ ਖਤਮ ਹੋ ਜਾਣਾ ਸੀ।

ਇਥੋਂ ਦੇ ਗੁਰਦੁਆਰਾ ਸਾਹਿਬ ਨੂੰ ਗੁਰਦੁਆਰਾ ਜੰਡਸਰ ਕਿਹਾ ਜਾਂਦਾ ਹੈ। ਇਹ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਹੈ।

## ਲੰਬਵਾਲੀ

ਗੁਰੂ ਗੋਬਿੰਦ ਸਿੰਘ ਜੀ ਕੋਟਕਪੂਰੇ ਵੱਲ ਨੂੰ ਜਾਂਦੇ ਹੋਏ ਇਥੇ ਕੁਝ ਸਮਾਂ ਠਹਿਰ ਸਨ। ਪਿੰਡ ਲੰਬਵਾਲੀ ਗੁਰੂ ਗੋਬਿੰਦ ਸਿੰਘ ਮਾਰਗ ਉਪਰ ਸਥਿਤ ਹੈ। ਇਥੇ ਤਿੰਨ ਗੁਰੂ ਸਾਹਿਬਾਨ ਆਏ ਸਨ। ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ, ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਅਤੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ। ਸਥਾਨਕ ਰਵਾਇਤ ਅਨੁਸਾਰ ਜਿਸ ਸਮੇਂ ਗੁਰੂ ਨਾਨਕ ਸਾਹਿਬ ਇਥੇ ਆਏ ਸਨ ਤਾਂ ਇਥੇ ਇਕ ਸਾਧੂ ਰਹਿੰਦਾ ਸੀ ਜਿਹੜਾ ਕਿ ਬੜਾ ਹੰਕਾਰੀ ਸੀ। ਉਹ ਲੋਕਾਂ ਕੋਲੋਂ ਰੋਅਬ ਨਾਲ ਆਪਣੀ ਮਨ ਆਈ ਕਰਾਉਂਦਾ ਸੀ। ਗੁਰੂ ਜੀ ਨੇ ਉਸ ਦਾ ਹੰਕਾਰ ਤੋੜਕੇ ਪਾਖੰਡ ਨੂੰ ਲੋਕਾਂ ਸਾਹਮਣੇ ਨੰਗਿਆਂ ਕੀਤਾ। ਫਿਰ ਜਿਸ ਸਮੇਂ ਗੁਰੂ ਹਰਿ ਗੋਬਿੰਦ ਸਾਹਿਬ ਇਥੇ ਆਏ ਤਾਂ ਉਨ੍ਹਾਂ ਨੇ ਇਕ ਸਰਾਲ ਨੂੰ ਮਾਰਿਆ। ਲੋਕਾਂ ਵਿਚ ਇਹ ਗੱਲ ਪ੍ਰਚੱਲਤ ਹੋ ਗਈ ਸੀ ਕਿ ਇਸ ਸਰਾਲ ਵਿਚ ਉਸੇ ਸਾਧ ਦੀ ਰੂਹ ਸੀ ਜਿਹੜਾ ਹੰਕਾਰੀ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਇਥੇ ਦੋ ਵਾਰ ਆਉਣ ਦੀ ਰਵਾਇਤ ਮਿਲਦੀ ਹੈ। ਇਕ ਵਾਰ ਜੈਤੋ ਤੋਂ ਅਤੇ ਦੂਜੀ ਵਾਰ ਡੋਡ ਵੱਲੋਂ ਆਏ ਦੱਸੇ ਜਾਂਦੇ ਹਨ।

ਇਥੇ ਗੁਰੂ ਸਾਹਿਬਾਨ ਦੀ ਯਾਦ ਵਿਚ ਤਿੰਨ ਗੁਰਦੁਆਰੇ ਹਨ। ਗੁਰੂ ਦਸਮ ਪਾਤਸ਼ਾਹ ਦੀ ਯਾਦ ਵਿਚ ਅਜੇ ਗੁਰਦੁਆਰਾ ਉਸਾਰੀ ਅਧੀਨ ਹੈ ਅਤੇ ਕੇਵਲ ਮੰਜੀ ਸਾਹਿਬ ਹੀ ਬਣਿਆ ਹੋਇਆ ਹੈ। ਇਨ੍ਹਾਂ ਤਿੰਨਾਂ ਗੁਰਦੁਆਰਿਆਂ ਦੀ ਸੇਵਾ ਸਿੱਖ ਸੰਗਤਾਂ ਨੇ ਕਰਵਾਈ ਹੈ।

## ਵਾਂਦਰ

ਪਿੰਡ ਵਾਂਦਰ ਗੁਰੂ ਗੋਬਿੰਦ ਸਿੰਘ ਮਾਰਗ ਉਤੇ ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ ਕੋਟਕਪੂਰੇ ਵੱਲ ਨੂੰ ਜਾਂਦੇ ਹੋਏ ਇਥੇ ਕੁਝ ਸਮਾਂ ਠਹਿਰੇ ਸਨ। ਵਾਂਦਰ ਗੋਤ ਦੇ ਜੱਟਾਂ ਵੱਲੋਂ ਪਿੰਡ ਬੰਨਣ ਕਰਕੇ ਪਿੰਡ ਦਾ ਨਾਂ ਵੀ ਵਾਂਦਰ ਹੀ ਚਾਲੂ ਹੋ ਗਿਆ। ਪਿੰਡ ਦੇ ਲੋਕਾਂ ਦੇ ਦਸਣ ਅਨੁਸਾਰ ਪਿੰਡ ਦਾ ਪਹਿਲਾ ਨਾਂ ਅਜੀਤਗੜ੍ਹ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਇਥੇ ਪਹੁੰਚਣ ਸੰਬੰਧੀ ਦੋ ਵਿਚਾਰ ਹਨ। ਇਕ ਇਹ ਕਿ ਗੁਰੂ ਜੀ ਇਥੇ ਭਗਤਾ ਭਾਈ ਕਾ ਪਿੰਡ ਤੋਂ ਆਏ ਸਨ। ਦੂਜਾ ਇਹ ਕਿ ਗੁਰੂ ਜੀ ਭਗਤੇ ਤੋਂ ਨਹੀਂ ਸਗੋਂ ਡੋਡ ਤੋਂ ਆਏ ਸਨ।

ਪਿੰਡ ਦੀਆਂ ਸਿੱਖ ਸੰਗਤਾਂ ਨੇ ਸਾਂਝੇ ਉਦਮ ਨਾਲ ਇਥ ਗੁਰਦੁਆਰਾ ਉਸਾਰਿਆ ਹੈ।

# ਸੰਗਰੂਰ

## ਭਦੌੜ (ਸੰਗਰੂਰ)



ਥੜਾ ਸਾਹਿਬ ਨਰਾਇਣਾ (ਰਾਜਸਥਾਨ) ਇਥੇ ਗੁਰੂ ਜੀ ਨੇ ਮਹੰਤ ਜੈਤ ਰਾਮ
ਨਾਲ ਮੁਲਾਕਾਤ ਕਰਨ ਸਮੇਂ ਠਹਿਰਾਅ ਕੀਤਾ ਸੀ ।

# ਭਦੌੜ (ਸੰਗਰੂਰ)

ਭਦੌੜ, ਸੰਗਰੂਰ ਜਿਲ੍ਹੇ ਦਾ ਇਕ ਪ੍ਰਸਿਧ ਕਸਬਾ ਹੈ। ਇਸਨੂੰ ਅਕਸਰ ਸ਼ਹਿਣਾ ਭਦੌੜ ਦੇ ਜੁੜਵੇਂ ਨਾਂ ਨਾਲ ਵੀ ਪੁਕਾਰਿਆ ਜਾਂਦਾ ਹੈ ਕਿਉਂਕਿ ਸ਼ਹਿਣਾ ਪਿੰਡ ਇਸਦੇ ਨਜ਼ਦੀਕ ਹੀ ਹੈ। ਇਹ ਕਸਬਾ ਬਰਨਾਲਾ-ਬਾਜਾਖਾਨਾ ਸੜਕ ਉਪਰ ਸਥਿਤ ਹੈ।

ਇਥੇ ਗੁਰੂ ਗੋਬਿੰਦ ਸਿੰਘ ਜੀ ਦੀਨਾ-ਕਾਂਗੜ ਵਿਖੇ ਠਹਿਰਨ ਸਮੇਂ ਆਏ ਸਨ। ਇਥੇ ਦੋ ਗੁਰਦੁਆਰੇ ਹਨ। ਇਕ ਕਸਬੇ ਦੇ ਅੰਦਰ ਹੈ ਅਤੇ ਇਕ ਬਾਹਰ ਹੈ। ਗੁਰੂ ਸਾਹਿਬ ਦੀ ਯਾਦ ਵਿਚ ਅੰਦਰਲਾ ਗੁਰਦੁਆਰਾ ਹੈ। ਅੱਜ ਕਲ੍ਹ ਇਹ ਨਿਹੰਗ ਸਿੰਘਾਂ ਦੇ ਕਬਜ਼ੇ ਵਿਚ ਹੈ। ਬਾਹਰਲਾ ਗੁਰਦੁਆਰਾ ਮਾਤਾ ਸੁੰਦਰੀ ਜੀ ਨਾਲ ਸਬੰਧਤ ਹੈ।

ਇਹ ਪਿੰਡ ਬਾਬਾ ਆਲਾ ਸਿੰਘ ਨੇ ਵਸਾਇਆ ਸੀ। ਬਾਬਾ ਆਲਾ ਸਿੰਘ ਨੇ 60 ਘੁਮਾ ਜ਼ਮੀਨ ਗੁਰਦੁਆਰੇ ਦੇ ਨਾਂ ਲਗਵਾ ਦਿੱਤੀ ਸੀ। ਬਾਹਰਲੇ ਗੁਰਦੁਆਰੇ ਦੇ ਨਾਂ 110 ਘੁਮਾ ਜ਼ਮੀਨ ਲਗਵਾਈ ਦਸੀ ਜਾਂਦੀ ਹੈ।


ਭਾਈ ਕਾਨ੍ਹ ਸਿੰਘ ਨਾਭਾ ਨ ਇਸ ਬਾਰੇ ਲਿਖਿਆ ਹੈ: "ਰਾਜ ਪਟਿਆਲੇ ਵਿੱਚ ਬਰਨਾਲੇ ਦੇ ਪਾਸ ਫੂਲਵੰਸ਼ੀ ਬਾਬਾ ਆਲਾ ਸਿੰਘ ਦੀ ਵਸਾਈ ਨਗਰੀ, ਜਿਸ ਵਿੱਚ ਰਾਮ ਸਿੰਘ ਦੇ ਵੱਡੇ ਪੁਤ੍ਰ ਦੁੱਨੇ ਦੀ ਔਲਾਦ ਦੇ ਸਰਦਾਰ ਮਾਲਿਕ ਹਨ। ਇੱਥੇ ਗੁਰੂ ਗੋਬਿੰਦ ਸਿੰਘ ਜੀ ਸ਼ਿਕਾਰ ਖੇਡਦੇ ਆਏ ਅਤੇ ਇੱਕ ਸੱਪਣ ਮਾਰੀ। ਗੁਰਦੁਆਰਾ ਬਣਿਆ ਹੋਇਆ ਹੈ, ਨਾਲ 60 ਘੁਮਾਉਂ ਜ਼ਮੀਨ ਬਾਬਾ ਆਲਾ ਸਿੰਘ ਜੀ ਦੇ ਸਮੇਂ ਤੋਂ ਹੈ।...ਮਾਤਾ ਸੁੰਦਰੀ ਜੀ ਦੇ ਪਾਲਿਤ ਚਰਨਦਾਸ ਜੀ ਇਥੇ ਨਾਮੀ ਸਾਧੂ ਹੋਏ ਹਨ, ਜਿਨ੍ਹਾਂ ਦਾ ਅਸਥਾਨ ਪਿੰਡ ਤੋਂ ਬਾਹਰ ਹੈ। ਇਸ ਨਾਲ ਰਿਆਸਤ ਵੱਲੋਂ 110 ਘੁਮਾਉਂ ਜ਼ਮੀਨ ਹੈ।"[1]

---

1. ਮਹਾਨ ਕੋਸ਼, ਪੰਨਾ 677



ਗੁਰੂ ਗੋਬਿੰਦ ਸਿੰਘ ਜੀ ਭਾਈ ਮਨੀ ਸਿੰਘ ਜੀ ਤੋਂ ਦਸਮ ਗ੍ਰਥ ਦੀ ਲਿਖਵਾਈ ਕਰਵਾ ਰਹੇ ਹਨ ।



ਤਖ਼ਤ ਸਿਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਜਿਥੇ ਗੁਰੂ ਜੀ ਤਕਰੀਬਨ 9 ਮਹੀਨੇ ਠਹਿਰੇ ਸਨ।

## ਬਠਿੰਡਾ

1. ਅਬਲੂ
2. ਕਾਂਗੜ
3. ਕੋਟ ਸਾਹਿਬ ਚੰਦ
4. ਕੋਟ ਸ਼ਮੀਰ
5. ਕੋਟ ਗੁਰੂ
6. ਗੁਰੂ ਹਰਿ ਰਾਇਪੁਰ ਸਾਹਿਬ (ਭੌਂਖੜੀ)
7. ਗੰਡੂ ਕੀ ਥੇਹ
8. ਚੱਕ ਅਤਰ ਸਿੰਘ ਵਾਲਾ
9. ਚੱਕ ਫ਼ਤਿਹ ਸਿੰਘ ਵਾਲਾ
10. ਛੱਤਿਆਣਾ
11. ਜਲਾਲ
12. ਜੱਸੀ ਬੱਗਵਾਲੀ
13. ਜੰਗੀਰਾਣਾ
14. ਟਾਹਲਾ ਸਾਹਿਬ
15. ਤਲਵੰਡੀ ਸਾਬੋ
16. ਦਿਆਲਪੁਰਾ ਭਾਈ ਕਾ
17. ਪੱਕਾ ਕਲਾਂ
18. ਬਠਿੰਡਾ
19. ਬਾਜਕ
20. ਬੁਰਜਮਾਨਾ
21. ਬੰਗੀਆਂ
22. ਭਗਤਾ ਭਾਈ ਕਾ
23. ਭਾਗੀ ਵਾਂਦਰ
24. ਭਾਗੂ
25. ਮਹਿਮਾ-ਸਰਜਾ
26. ਮਲੂਕਾ ਅਤੇ ਕੋਠਾ ਗੁਰੂ
27. ਰੋਹਿਲਾ ਸਾਹਿਬ
28. ਲਵੇਰੀ ਸਰ
29. ਲੱਖੀ ਜੰਗਲ

# ਅਬਲੂ

ਅਬਲੂ ਅਤੇ ਮਹਿਮਾ ਦੋ ਜੁੜਵੇਂ ਪਿੰਡ ਹਨ ਜਿਨ੍ਹਾਂ ਦਾ ਪਿਛੋਕੜ ਭਾਈ ਦਾਨ ਸਿੰਘ ਬਰਾੜ ਦੇ ਨਾਲ ਜੁੜਦਾ ਹੈ। ਇਹ ਦੋਵੇਂ ਪਿੰਡ ਬਠਿੰਡੇ ਤੋਂ ਅੱਠ ਕੁ ਕਿਲੋਮੀਟਰ ਦੀ ਵਿੱਥ ਉਤੇ ਪੱਛਮ-ਉੱਤਰ ਵੱਲ ਹਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਛਤਿਆਣੇ ਵਿਖੇ ਬਰਾੜਾਂ ਨੂੰ ਤਨਖਾਹਾਂ ਵੰਡ ਰਹੇ ਸਨ ਤਾਂ ਭਾਈ ਦਾਨ ਸਿੰਘ ਬਰਾੜ ਨੇ ਉਥੇ ਗੁਰੂ ਜੀ ਨੂੰ ਉਸ ਦੇ ਪਿੰਡ ਆਉਣ ਲਈ ਬੇਨਤੀ ਕੀਤੀ। ਦੌਰਿਆਂ ਦੀ ਸਾਖੀ ਪੋਥੀ[1] ਵਿਚ ਇਸ ਬਾਰੇ ਇਉਂ ਲਿਖਿਆ ਹੈ : "ਦਾਨ ਸਿੰਘ ਆਖਦਾ : 'ਜੇ, ਸਚੇ ਪਾਤਿਸ਼ਾਹਿ ! ਆਪ ਦਿਆਲ ਹੋ ਤਾਂ ਸਾਡੀ ਨਗਰੀ ਚਰਨ ਪਾਵੋਂ'। ਗੁਰੂ ਜੀ ਚੜੇ, ਤੀਜਰੇ ਪਹਿਰ ਸ਼ਿਕਾਰ ਖੇਡਦੇ ਖੇਡਦੇ ਜੰਗਲ ਬੀਚ ਆਨ ਖੜੇ ਹੋਏ। ਬਚਨ ਕੀਤਾ : 'ਬਡੀ ਸੁੰਦਰ ਜ਼ਮੀਨ ਹੈ, ਦਾਨ ਸਿੰਘ ਤੇਰਾ ਨਗਰ ਕਿਤਨਾਂ ਹੈ ?' ਓਨਿ ਆਖਿਆ : 'ਜੀ ਸਵਾ ਕੋਸ'। ਹੁਕਮ ਹੋਇਆ : 'ਹੁਣ ਤਾਂ ਸੋਦਰ ਵੇਲਾ ਹੈ, ਏਥੇ ਹੀ ਡੇਰਾ ਕਰੋ'।"

ਅਗਲੇ ਦਿਨ ਗੁਰੂ ਜੀ ਛਤਿਆਣੇ ਤੋਂ ਸਿੱਧਾ ਭਾਈ ਦਾਨ ਸਿੰਘ ਬਰਾੜ ਦੇ ਪਿੰਡ ਪਹੁੰਚੇ। "ਦਾਨ ਸਿੰਘ ਨੇ ਆਪਣੇ ਘਰ ਪ੍ਰਸ਼ਾਦਿ ਕੀਤਾ। ਗੁਰੂ ਜੀ ਪਿੰਡ ਦੇ ਪਾਸਿ ਆਏ। ਓਥੇ ਜੈਤੋ ਕੇ ਸਿਖ ਆਨਿ ਮਿਲੇ। ਗੁਰੂ ਜੀ ਤਿਥੇ ਹੀ ਉਤਰਿ ਪਏ। ਸਿੱਖਾਂ ਨੇ ਲੋਏ ਬਿਛਾ ਦਿਤੇ, ਪ੍ਰਸ਼ਾਦਿ ਭੀ ਉਥੇ ਹੀ ਮੰਗਾਇਕੇ ਛਕਿਆ।"[2]

ਕੁਝ ਸਮਾਂ ਗੁਰੂ ਸਾਹਿਬ ਇਥੇ ਰਹੇ ਅਤੇ ਭਾਈ ਦਾਨ ਸਿੰਘ ਦੀ ਸੇਵਾ ਤੋਂ ਖੁਸ਼ ਹੋ ਕੇ ਵਰ ਦਿੱਤਾ "ਤੇਰੇ ਭੀ, ਤੇਰੀ ਨਗਰੀ ਭੀ ਸਿਖੀ ਕਾ ਨਿਵਾਸ ਹੋਊ।"[3] ਗੁਰੂ ਜੀ ਦਾ ਇਸ ਸਮੇਂ ਉਤਾਰਾ ਲੱਖੀ ਜੰਗਲ ਦੇ ਵਰਤਮਾਨ ਗੁਰਦੁਆਰੇ ਵਾਲੀ ਥਾਂ ਉਪਰ ਸੀ।

# ਕਾਂਗੜ

ਕਾਂਗੜ ਬਠਿੰਡਾ ਜ਼ਿਲੇ ਦਾ ਇੱਕ ਪ੍ਰਸਿੱਧ ਪਿੰਡ ਹੈ। ਇਥੋਂ ਦੀਨਾ ਨਾਮੀ ਪਿੰਡ ਕੇਵਲ ਤਿੰਨ ਕੁ ਕਿਲੋਮੀਟਰ ਦੀ ਵਿੱਥ ਉਤੇ ਹੈ। ਇਸ ਤਰ੍ਹਾਂ ਦੋਵੇਂ ਪਿੰਡਾਂ ਦੇ ਨੇੜੇ-ਨੇੜੇ ਹੋਣ ਕਰਕੇ ਦੀਨਾ-ਕਾਂਗੜ ਦੇ ਜੁੜਵੇਂ ਨਾਮ ਨਾਲ ਵੀ ਪੁਕਾਰਿਆ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਚਮਕੌਰ ਤੋਂ ਚਲ ਕੇ ਇਥੇ ਆਏ ਸਨ ਅਤੇ ਕੁਝ ਦਿਨ ਇਥੇ ਰਹੇ ਸਨ। ਇਥੇ ਰਹਿ ਕੇ ਹੀ ਗੁਰੂ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ 'ਜ਼ਫਰਨਾਮਾ' ਲਿਖਿਆ ਸੀ। 'ਜ਼ਫਰਨਾਮੇ' ਵਿਚ ਵੀ ਇਸ ਥਾਂ ਦਾ ਜ਼ਿਕਰ ਆਉਂਦਾ ਹੈ :

ਕਿ ਤਸ਼ਰੀਫ਼ ਦਰ ਕਸਬਾ ਕਾਂਗੜ ਕੁਨਦ
ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵਦ ॥ 58 ॥

ਅਰਥਾਤ ਜੇ ਤੂੰ (ਔਰੰਗਜ਼ੇਬ) ਕਾਂਗੜ ਨਗਰ ਵਿਚ ਤਸ਼ਰੀਫ਼ ਲੈ ਆਵੇਂ ਤਾਂ ਇਸ ਉਪਰੰਤ ਸਾਡੀ ਮੁਲਾਕਾਤ ਹੋ ਸਕੇਗੀ।

---

1. ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨੇ 71-72
2. ਉਹੀ, ਪੰਨਾ 72
3. ਉਹੀ

ਇਹ 'ਜ਼ਫ਼ਰਨਾਮਾ' ਭਾਈ ਦਯਾ ਸਿੰਘ ਦੇ ਹੱਥ ਦੇ ਕੇ ਦੱਖਣ ਵੱਲ ਬਾਦਸ਼ਾਹ ਔਰੰਗਜ਼ੇਬ ਨੂੰ ਦੇਣ ਲਈ ਭੇਜਿਆ ਗਿਆ। ਗੁਰੂ ਜੀ ਨੂੰ ਇਥੋਂ ਅਗਾਂਹ ਨੂੰ ਜਾਣਾ ਪਿਆ ਕਿਉਂਕਿ ਗੁਰੂ ਸਾਹਿਬ ਨੂੰ ਸੂਚਨਾ ਪ੍ਰਾਪਤ ਹੋਈ ਸੀ ਕਿ ਸਰਹੰਦ ਦਾ ਸੂਬੇਦਾਰ ਵਜ਼ੀਰ ਖਾਂ ਮੁਗਲ ਸੈਨਾ ਸਮੇਤ ਉਨ੍ਹਾਂ ਦਾ ਪਿੱਛਾ ਕਰਦਾ ਆ ਰਿਹਾ ਹੈ। ਇਸ ਲਈ ਗੁਰੂ ਜੀ ਰਵਾਂ-ਰਵੀਂ ਅੱਗੇ ਨੂੰ ਹੋ ਤੁਰੇ। ਭਾਈ ਕਾਨ੍ਹ ਸਿੰਘ ਨਾਭਾ ਨੇ ਕਾਂਗੜ ਕਸਬੇ ਬਾਰੇ ਇਉਂ ਲਿਖਿਆ ਹੈ : "ਰਾਜ ਨਾਭਾ ਵਿੱਚ ਨਜ਼ਾਮਤ ਫੂਲ ਦੇ ਥਾਣੇ ਦਿਆਲਪੁਰੇ ਦਾ ਇੱਕ ਪਿੰਡ, ਜੋ ਦੀਨੇ ਤੋਂ ਡੇਢ ਕੋਹ ਦੱਖਣ ਹੈ। ਇਹ ਕਿਸੇ ਸਮੇਂ ਰਾਇਜੋਧ ਦੀ ਰਾਜਧਾਨੀ ਸੀ। ਇਸ ਥਾਂ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਸੇਵਕ ਰਾਇਜੋਧ ਦਾ ਪ੍ਰੇਮ ਦੇਖ ਕੇ ਪਧਾਰੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭੀ ਇਹ ਅਸਥਾਨ ਚਰਣਾਂ ਨਾਲ ਪਵਿਤ੍ਰ ਕੀਤਾ ਹੈ...ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਰਾਇਜੋਧ ਨੂੰ ਬਖਸ਼ੀ ਕਟਾਰ ਹੁਣ ਸਰਦਾਰ ਬਘੇਲ ਸਿੰਘ ਦੇ ਘਰ ਹੈ।"[1]

ਇਹ ਕਟਾਰ ਅੱਜ ਵੀ ਬਘੇਲ ਸਿੰਘ ਦੇ ਵਾਰਸਾਂ, ਸਰਦਾਰ ਰਾਮੇਸ਼ਵਰ ਸਿੰਘ ਅਤੇ ਇਸ ਦੇ ਪੁੱਤਰ ਪਰੀਤ ਮਹਿੰਦਰ ਸਿੰਘ ਦੇ ਘਰ ਪਈ ਹੈ।

## ਕੋਟ ਸਾਹਿਬ ਚੰਦ

ਕੋਟ ਸਾਹਿਬ ਚੰਦ ਪਿੰਡ ਕੋਟ ਭਾਈ ਅਤੇ ਛੱਤਿਆਣਾ ਪਿੰਡ ਦੇ ਲਾਗੇ ਹੀ ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਤੋਂ ਤਲਵੰਡੀ ਸਾਬੋ ਵੱਲ ਜਾਣ ਸਮੇਂ ਇਥੇ ਆਏ ਸਨ। ਇਥੇ ਗੁਰੂ ਸਾਹਿਬ ਇਕ ਵੱਡੇ ਦਰੱਖਤ ਹੇਠ ਕੁਝ ਚਿਰ ਵਿਸ਼ਰਾਮ ਕਰਨ ਲਈ ਠਹਿਰੇ ਸਨ। ਇਸ ਵਿਸ਼ਰਾਮ ਦੇ ਸਮੇਂ ਗੁਰੂ ਜੀ ਨੇ ਇਥੇ ਸ਼ਰਦਾਈ ਬਣਾ ਕੇ ਸਿੰਘਾਂ ਨੂੰ ਪਿਆਈ। ਇਥੇ ਹੀ ਕੁਝ ਬੰਦੇ ਕੋਟ ਭਾਈ ਕੇ ਪਿੰਡ ਦੇ ਆ ਕੇ ਗੁਰੂ ਸਾਹਿਬ ਨੂੰ ਮਿਲੇ ਸਨ। ਇਹ ਬਦੇ ਗੁਰੂ ਜੀ ਨੂੰ ਆਪਣੇ ਨਾਲ ਕੋਟ ਭਾਈ ਕੇ ਲੈ ਆਏ ਸਨ। ਇਥੇ ਗੁਰੂ ਜੀ ਦੀ ਯਾਦ ਵਿਚ ਇਕ ਗੁਰਦੁਆਰਾ ਸੁਸ਼ੋਭਤ ਹੈ।

## ਕੋਟ ਸ਼ਮੀਰ

ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਵਿਖੇ ਰਹਿੰਦੇ ਸਮੇਂ ਪ੍ਰਚਾਰ ਦੌਰਾ ਕਰਨ ਲਈ ਇਥੇ ਆਏ ਸਨ। ਪਿੰਡ ਦਾ ਗੁਰਦੁਆਰਾ ਪਿੰਡ ਤੋਂ ਬਾਹਰਵਾਰ ਸੜਕ ਤੋਂ ਤਕਰੀਬਨ ਦੋ ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ। ਇਥੇ ਇਕ ਝਿੜੀ ਸੀ ਅਤੇ ਗੁਰੂ ਸਾਹਿਬ ਇਸ ਝਿੜੀ ਵਿਚ ਠਹਿਰੇ ਸਨ। ਇਥੋਂ ਹੀ ਥੋੜੀ ਜਿਹੀ ਦੂਰ ਛਿਪਦੇ ਵੱਲ ਇਕ ਜੰਡਾਲੀ ਟਿੱਬੀ ਹੈ। ਇਸ ਜੰਡਾਲੀ ਟਿੱਬੀ ਵਾਲੀ ਥਾਂ ਉਤੇ ਭਾਈ ਡੱਲੇ ਨੇ ਗੁਰੂ ਜੀ ਨੂੰ ਅੱਗੋਂ ਆ ਕੇ ਜੀਓ-ਆਇਆਂ ਕਿਹਾ ਸੀ। ਦੌਰਿਆਂ ਦੀ ਸਾਖੀ ਪੋਥੀ[2] ਅਨੁਸਾਰ : "ਅਗੇ ਗੁਰੂ ਜੀ ਚੜੇ ਸਮੀਰ ਆਇ ਡੇਰਾ ਕੀਤਾ। ਰਾਤ ਰਹੇ ਨਗਰੀ। ਡੱਲਾ ਤਿਥੇ ਹੀ ਆਨਿ ਮਿਲਿਆ। ਜ਼ਿਮੀਦਾਰ ਡੱਲੇ ਨੂੰ ਨਜ਼ਰ ਲੈ ਕੇ ਆਏ। (ਨਜ਼ਰ) ਦੇਣ ਲਗੇ ਤਾਂ ਡੱਲੇ ਨੇ ਆਖਿਆ : 'ਭੇਟਾ ਗੁਰੂ ਜੀ ਕੋ ਦੇਵੋ ! ਭੇਟਾ ਕੀ ਲਾਇਕ ਗੁਰੂ ਜੀ ਹੈਨ। ਏਨਾਂ ਕੇ ਅਗੇ ਮੇਰੀ ਕੀ ਤਾਗਤ ਹੈ ਭੇਟਾ ਲੈਣੇ ਕੀ'।" ਸਥਾਨਕ ਰਵਾਇਤ ਅਨੁਸਾਰ

1. ਮਹਾਨ ਕੋਸ਼, ਪੰਨਾ 316
2. ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨੇ 90-91

ਜਿਸ ਸਮੇਂ ਗੁਰੂ ਜੀ ਇਥੇ ਆ ਕੇ ਠਹਿਰੇ ਸਨ ਤਾਂ ਇਥੇ ਇਕ ਬੁੱਢਾ ਆਦਮੀ ਰਹਿੰਦਾ ਸੀ ਜਿਸ ਨੂੰ ਥੋੜਾ ਬਹੁਤ ਦਿਸਦਾ ਸੀ। ਗੁਰੂ ਜੀ ਨੇ ਉਸ ਬੁੱਢੇ ਨੂੰ ਪਾਣੀ ਬਾਰੇ ਪੁੱਛਿਆ। ਬੁੱਢੇ ਨੇ ਕਿਹਾ ਕਿ ਪਾਣੀ ਤਾਂ ਇਥੇ ਸੀ ਪਰ ਉਸ ਨੂੰ ਦਿਸਦਾ ਨਹੀਂ ਹੈ। ਇਸ ਲਈ ਉਹ ਪਾਣੀ ਲਿਆਉਣ ਤੋਂ ਅਸਮਰਥ ਹੈ। ਗੁਰੂ ਜੀ ਨੇ ਕਿਹਾ ਕਿ ਕੋਸ਼ਿਸ਼ ਕਰਕੇ ਤਾਂ ਵੇਖੋ। ਜਦ ਬੁੱਢਾ ਪਾਣੀ ਲੈਣ ਉਠਿਆ ਤਾਂ ਉਸ ਨੂੰ ਦਿਸਣ ਲਗ ਪਿਆ। ਜਿਸ ਟੋਏ ਵਿਚੋਂ ਬੁੱਢਾ ਪਾਣੀ ਲੈ ਕੇ ਆਇਆ ਸੀ ਉਸ ਨੂੰ 'ਸੁਜਾਖਾਵਾਲਾ ਟੋਆ' ਕਿਹਾ ਜਾਣ ਲਗ ਪਿਆ। ਪਿੱਛੋਂ ਪਿੰਡ ਦੇ ਲੋਕਾਂ ਨੇ ਇਸ ਟੋਏ ਵਾਲੀ ਥਾਂ ਉਤੇ ਇਕ ਸਰੋਵਰ ਬਣਾ ਦਿੱਤਾ ਅਤੇ ਗੁਰਦੁਆਰਾ ਵੀ ਉਸਾਰ ਦਿੱਤਾ।

ਇਹ ਇਲਾਕਾ ਮਾਨ ਭੁੱਲਰ ਗੋਤ ਦੇ ਜੱਟਾਂ ਦਾ ਸੀ। ਰਵਾਇਤ ਹੈ ਕਿ ਇਹ ਇਥੇ ਆਏ ਸਿੱਧੂ ਲੋਕਾਂ ਨੂੰ ਵਸਣ ਨਹੀਂ ਸੀ ਦਿੰਦੇ। ਜਿਸ ਸਮੇਂ ਗੁਰੂ ਜੀ ਇਧਰ ਆਏ ਸਨ ਤਾਂ ਇਥੋਂ ਦੇ ਸਿੱਧੂਆਂ ਨੇ ਫ਼ਰਿਆਦ ਕੀਤੀ ਕਿ ਉਨ੍ਹਾਂ ਨੂੰ ਮਾਨ-ਭੁੱਲਰ ਟਿਕਣ ਨਹੀਂ ਦਿੰਦੇ। ਗੁਰੂ ਜੀ ਨੇ ਮਾਨ ਭੁੱਲਰਾਂ ਅਤੇ ਸਿੱਧੂ ਲੋਕਾਂ ਵਿਚ ਸੁਲਹਾ ਸਫਾਈ ਕਰਵਾ ਦਿੱਤੀ।

ਕੋਟ ਸ਼ਮੀਰ ਤਲਵੰਡੀ ਸਾਬੋ-ਬਠਿੰਡਾ ਸੜਕ ਉਤੇ ਹੀ ਭਾਗੀ ਵਾਂਦਰ ਤੋਂ ਪੰਜ ਕੁ ਕਿਲੋਮੀਟਰ ਉਤੇ ਹੈ। ਕਿਹਾ ਜਾਂਦਾ ਹੈ ਕਿ ਇਹ ਪਿੰਡ ਭਾਗੀ ਵਾਂਦਰ ਤੋਂ ਆਏ ਲੋਕਾਂ ਵਿਚੋਂ ਕਿਸੇ ਸ਼ਮੀਰ ਨਾਂ ਦੇ ਵਿਅਕਤੀ ਨੇ ਵਸਾਇਆ ਸੀ। ਉਸ ਨੇ ਇਥੇ ਇਕ ਕਿਲ੍ਹਾ ਵੀ ਉਸਾਰਿਆ। ਇਸ ਕਿਲ੍ਹੇ ਨੂੰ ਕੋਟ ਸ਼ਮੀਰ ਵਾਲਾ ਕਿਹਾ ਜਾਣ ਲਗਿਆ ਅਤੇ ਪਿਛੋਂ ਇਹ ਪਿੰਡ ਕੋਟ ਸ਼ਮੀਰ ਦੇ ਨਾਮ ਨਾਲ ਪ੍ਰਸਿੱਧ ਹੋਇਆ।

## ਕੋਟ ਗੁਰੂ

ਪਿੰਡ ਕੋਟ ਗੁਰੂ ਬਠਿੰਡਾ-ਬਾਦਲ ਸੜਕ ਉਪਰ ਹੀ ਚੱਕ ਅਤਰ ਸਿੰਘ ਵਾਲਾ ਤੋਂ 13 ਕਿਲੋਮੀਟਰ ਅੱਗੇ ਹੈ। ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਵੱਲ ਆਉਂਦਿਆਂ ਇਥੇ ਕੁਝ ਸਮਾਂ ਠਹਿਰੇ ਸਨ। ਇਸੇ ਯਾਦਗਾਰ ਵਜੋਂ ਹੀ ਇਥੇ ਗੁਰਦੁਆਰਾ ਗੁਰੂਸਰ ਸਾਹਿਬ ਸਥਿਤ ਹੈ। ਭਾਈ ਕਾਨ੍ਹ ਸਿੰਘ ਜੀ ਨੇ ਇਸ ਪਿੰਡ ਬਾਰੇ ਇਉਂ ਲਿਖਿਆ ਹੈ: "ਰਾਜ ਪਟਿਆਲਾ, ਤਸੀਲ ਥਾਨਾ ਭਟਿੰਡਾ ਵਿੱਚ ਇੱਕ ਪਿੰਡ, ਜਿਸ ਨੂੰ ਸਰਕਾਰੀ ਕਾਗਜ਼ਾਂ ਵਿੱਚ "ਕੋਟ ਗੁਰੂ" ਲਿਖਿਆ ਜਾਂਦਾ ਹੈ। ਇਹ ਸੋਢੀ ਬਨਮਾਲੀ ਜੀ ਦੇ ਪੁਤ੍ਰਾਂ (ਅਭੈਰਾਮ ਅਤੇ ਜੈਰਾਮ) ਨੇ ਰਿਆਸਤ ਪਟਿਆਲੇ ਦੀ ਆਗਯਾ ਨਾਲ ਆਬਾਦ ਕੀਤਾ ਸੀ। ਮਹਾਰਾਜਾ ਪਟਿਆਲਾ ਨੇ ਇਸ ਦਾ ਮੁਆਮਲਾ ਸੋਢੀ ਸਾਹਿਬਾਨ ਨੂੰ ਜਾਗੀਰ ਵਿੱਚ ਦੇ ਰੱਖਿਆ ਹੈ। ਪਿੰਡ ਦਾ ਰਕਬਾ 11449 ਵਿੱਘੇ ਕੱਚਾ ਹੈ ਅਤੇ ਮੁਆਮਲਾ ਗਿਆਰਾਂ ਸੌ ਰੁਪਏ ਸਾਲਾਨਾ ਹੈ।"[1]

1. ਮਹਾਨ ਕੋਸ਼, ਪੰਨਾ 567

## ਗੁਰੂ ਹਰਿ ਰਾਇਪੁਰ ਸਾਹਿਬ (ਭੌਂਖੜੀ)

ਗੁਰੂ ਹਰਿ ਰਾਇਪੁਰ ਸਾਹਿਬ ਪਿੰਡ ਦਾ ਵਰਤਮਾਨ ਅਤੇ ਨਵਾਂ ਨਾਂ ਹੈ। ਇਸ ਦਾ ਪਹਿਲਾ ਅਤੇ ਪੁਰਾਣਾ ਨਾਂ ਭੌਂਖੜੀ ਹੈ। ਇਹ ਗੋਨਿਆਣਾ-ਨਥਾਣਾ ਸੜਕ ਉਪਰ ਗੋਨਿਆਣਾ ਪਿੰਡ ਤੋਂ ਲੱਗਭਗ ਦੋ ਕਿਲੋਮੀਟਰ ਨਥਾਣੇ ਵੱਲ ਹੈ। ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਵਿਖੇ ਰਹਿੰਦੇ ਹੋਏ ਆਲੇ ਦੁਆਲੇ ਦੇ ਪਿੰਡਾਂ ਦੇ ਪ੍ਰਚਾਰ ਦੌਰਿਆਂ ਦੌਰਾਨ ਇਥੇ ਆਏ ਸਨ।

ਇਸ ਪਿੰਡ ਦੇ ਪਿਛੋਕੜ ਬਾਰੇ ਕਿਹਾ ਜਾਂਦਾ ਹੈ ਕਿ ਇਸ ਦੀ ਮੋਢੀ ਇਕ ਬੁੱਢੀ ਔਰਤ ਸੀ। ਉਸ ਦੇ ਕਬੀਲੇ ਦੇ ਲੋਕ ਦੁਸ਼ਮਣਾਂ ਨਾਲ ਜੰਗ ਕਰਦੇ ਕਰਦੇ ਹਾਰਦੇ ਜਾ ਰਹੇ ਸਨ। ਇਸੇ ਵਿਚ ਹੀ ਉਸ ਬੁੱਢੀ ਔਰਤ ਦੇ ਪੁੱਤਰ ਮਾਰੇ ਗਏ। ਪੁੱਤਰਾਂ ਦੇ ਮਾਰੇ ਜਾਣ ਉਤੇ ਬੁੱਢੀ ਮਾਂ ਨੂੰ ਇਕ ਦਮ ਜੋਸ਼ ਆ ਗਿਆ ਅਤੇ ਉਹ ਆਪਣੇ ਕਬੀਲੇ ਸਮੇਤ ਪਿੱਛੇ ਹਟਣ ਦੀ ਬਜਾਏ ਦੁਸ਼ਮਣ ਨਾਲ ਡਟ ਕੇ ਲੜਣ ਲਈ ਖੜੋ ਗਈ। ਇਸ ਗੱਲ ਨੂੰ ਮਲਵਈ ਬੋਲੀ ਵਿਚ 'ਭੌਂਖੜੀ' ਵੀ ਕਿਹਾ ਜਾਂਦਾ ਹੈ ਜਿਸ ਦਾ ਮਤਲਬ ਹੈ ਕਿ ਬੁੱਢੀ ਔਰਤ ਭੌਂ ਕੇ ਅਰਥਾਤ ਮੁੜ ਕੇ ਦੁਸ਼ਮਣ ਦੇ ਮੁਕਾਬਲੇ ਲਈ ਖੜ ਗਈ। ਇਸ ਘਟਨਾ ਉਪਰ ਹੀ 'ਭੌਂਖੜੀ' ਨਾਂ ਚਾਲੂ ਹੋ ਗਿਆ। ਪਰੰਤੂ ਪਿਛਲੇ ਕੁਝ ਸਮੇਂ ਤੋਂ ਪਿੰਡ ਦੇ ਲੋਕ ਆਪਣੇ ਪਿੰਡ ਦਾ ਨਾਂ ਬਦਲਾਉਣ ਦਾ ਯਤਨ ਕਰਦੇ ਆ ਰਹੇ ਸਨ। ਇਸ ਲਈ ਉਨ੍ਹਾਂ ਆਪਣੇ ਪਿੰਡ ਦਾ ਨਾਂ ਸਿੱਖਾਂ ਦੇ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਨਾਮ ਉਤੇ 'ਗੁਰ ਹਰਿ ਰਾਇਪੁਰ ਸਾਹਿਬ' ਰੱਖ ਲਿਆ। ਇਥੇ ਸੱਤਵੇਂ ਪਾਤਸ਼ਾਹ ਆਏ ਸਨ ਅਤੇ ਕੁਝ ਸਮਾਂ ਠਹਿਰੇ ਸਨ।

ਗੁਰੂ ਸੱਤਵੇਂ ਪਾਤਸ਼ਾਹ ਤੋਂ ਪਹਿਲਾਂ ਗੁਰੂ ਹਰਿ ਗੋਬਿੰਦ ਸਾਹਿਬ ਵੀ ਇਥੇ ਆ ਚੁੱਕੇ ਸਨ। ਪਿੱਛੋਂ ਗੁਰੂ ਤੇਗ਼ ਬਹਾਦਰ ਜੀ ਇਥੇ ਆਏ ਸਨ। ਪਰ ਜੋ ਗੁਰਦੁਆਰਾ ਸਾਹਿਬ ਇਥੇ ਸਸ਼ੋਬਤ ਹੈ ਉਹ ਗੁਰੂ ਹਰਿ ਰਾਇ ਜੀ ਦੇ ਨਾਂ ਉਤੇ ਹੀ ਹੈ।

## ਗੰਡੂ ਕੀ ਥੇਹ

ਗੰਡੂ ਕੀ ਥੇਹ ਖੇਤਾਂ ਦੇ ਖੁੱਲੇ ਟਿੱਬਿਆਂ ਵਿਚ ਗੁਰਦੁਆਰੇ ਦੀ ਇਕ ਥਾਂ ਹੈ ਜੋ ਭਗਤਾ ਭਾਈ ਕਾ ਪਿੰਡ ਤੋਂ ਦੋ ਕੁ ਕਿਲੋਮੀਟਰ ਦੀ ਵਿੱਥ ਉਤੇ ਸਥਿਤ ਹੈ।

ਗੁਰੂ ਗੋਬਿੰਦ ਸਿੰਘ ਜੀ ਭਗਤਾ ਭਾਈ ਕਾ ਵਿਖੇ ਠਹਿਰਣ ਸਮੇਂ ਹੀ ਇਧਰ ਸ਼ਿਕਾਰ ਖੇਡਣ ਲਈ ਆਏ ਸਨ। ਇਥੇ ਫਿਰਦਿਆਂ ਸਿੰਘਾਂ ਨੇ ਕੁਝ ਤਿਤਰਾਂ ਦਾ ਸ਼ਿਕਾਰ ਕੀਤਾ ਸੀ ਜਿਸ ਦੀ ਯਾਦ ਵਿਚ ਭਾਈ ਭਗਤਾ ਦੇ ਪੁੱਤਰਾਂ ਨੇ ਇਥੇ ਇਕ ਕੱਚਾ ਗੁੰਬਦ ਗੁਰਦੁਆਰੇ ਦੇ ਰੂਪ ਵਿਚ ਬਣਾ ਦਿੱਤਾ ਸੀ। ਇਸ ਗੁਰਦੁਆਰੇ ਦਾ ਨਾਂ ਗੁਰਦੁਆਰਾ ਤਿਤਰ ਸਾਹਿਬ ਰਖਿਆ ਗਿਆ ਹੈ। ਪਿਛੋਂ ਮਾਹਾਰਾਜਾ ਫਰੀਦਕੋਟ ਨੇ ਇਥੇ ਛੋਟਾ ਜਿਹਾ ਪੱਕਾ ਗੁਰਦੁਆਰਾ ਬਣਵਾ ਦਿੱਤਾ।

## ਚੱਕ ਅਤਰ ਸਿੰਘ ਵਾਲਾ

ਪਿੰਡ ਚੱਕ ਅਤਰ ਸਿੰਘ ਵਾਲਾ ਬਠਿੰਡਾ–ਬਾਦਲ ਸੜਕ ਉਤੇ ਕਾਲ ਝਰਾਣੀ ਤੋਂ ਥੋੜਾ ਅੱਗੇ ਹੈ। ਸਥਾਨਕ ਰਵਾਇਤ ਅਨੁਸਾਰ ਇਸ ਪਿੰਡ ਵਿਚ ਜਿਸ ਥਾਂ ਉਤੇ ਗੁਰੂ ਜੀ ਬੈਠੇ ਸਨ ਉਥੇ ਇਕ ਭਿਆਨਕ ਸੱਪ ਨਿਕਲਿਆ। ਗੁਰੂ ਜੀ ਨੇ ਉਸੇ ਸਮੇਂ ਹੀ ਆਪਣੀ ਕਟਾਰ ਨਾਲ ਉਸ ਸੱਪ ਨੂੰ ਮਾਰ ਦਿੱਤਾ। ਇਹ ਸੱਪ ਬਹੁਤ ਜ਼ਹਿਰੀਲਾ ਅਤੇ ਭਿਆਨਕ ਸੀ। ਗੁਰੂ ਜੀ ਦੇ ਪਿਛੋਂ ਇਸੇ ਹੀ ਘਟਨਾ ਨਾਲ ਸੰਬੰਧਤ ਗੁਰਦੁਆਰਾ ਕਟਾਰਸਰ ਬਣਾਇਆ ਗਿਆ।

## ਚੱਕ ਫ਼ਤਿਹ ਸਿੰਘ ਵਾਲਾ

ਚੱਕ ਫ਼ਤਿਹ ਸਿੰਘ ਵਾਲਾ ਭਾਈ ਫ਼ਤਿਹ ਸਿੰਘ ਦੇ ਨਾਂ ਉਤੇ ਆਬਾਦ ਹੋਇਆ ਹੈ। ਭਾਈ ਫ਼ਤਿਹ ਸਿੰਘ ਅਤੇ ਭਾਈ ਰਾਮ ਸਿੰਘ ਦੋਵੇਂ ਭਰਾ ਸਨ ਅਤੇ ਇਹ ਭਾਈ ਭਗਤੂ ਦੀ ਔਲਾਦ ਸਨ। ਇਹ ਦੋਵੇਂ ਭਰਾ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਰਹਿੰਦੇ ਸਨ। ਜਿਸ ਸਮੇਂ ਗੁਰੂ ਜੀ ਤਲਵੰਡੀ ਸਾਬੋ ਵਿਖੇ ਰਹਿ ਰਹੇ ਸਨ ਤਾਂ ਭਾਈ ਰਾਮ ਸਿੰਘ ਨੇ ਗੁਰੂ ਜੀ ਨੂੰ ਉਸ ਦੇ ਪਿੰਡ ਆਉਣ ਦੀ ਬੇਨਤੀ ਕੀਤੀ। ਗੁਰੂ ਜੀ ਉਥੇ ਪਹੁੰਚੇ। ਇਥੇ ਹੀ ਭਾਈ ਰਾਮ ਸਿੰਘ ਦੀ ਚਾਚੀ ਵੀ ਰਹਿੰਦੀ ਸੀ। ਉਹ ਕਿਸੇ ਗਲੋਂ ਭਾਈ ਰਾਮ ਸਿੰਘ ਨਾਲ ਨਾਰਾਜ਼ ਸੀ ਪਰ ਗੁਰੂ ਜੀ ਦੀ ਬਹੁਤ ਸ਼ਰਧਾਲੂ ਸੀ। ਜਿਸ ਸਮੇਂ ਗੁਰੂ ਜੀ ਪਿੰਡ ਵਿਚ ਪਹੁੰਚੇ ਤਾਂ ਗੁਰੂ ਜੀ ਲਈ ਇਹ ਬਹੁਤ ਵਧੀਆ ਖੇਸ ਲੈ ਕੇ ਆਈ ਪਰ ਉਸ ਨੇ ਰਾਮ ਸਿੰਘ ਦੇ ਘਰ ਨਹੀਂ ਸੀ ਜਾਣਾ। ਗੁਰੂ ਜੀ ਨੇ ਬੁੱਢੀ ਮਾਈ ਨੂੰ ਦੇਖ ਲਿਆ ਅਤੇ ਉਹ ਉਸ ਕੋਲ ਪਹੁੰਚੇ। ਰਾਮ ਸਿੰਘ ਨੇ ਗੁਰੂ ਜੀ ਨੂੰ ਪਹਿਲਾਂ ਆਪਣੇ ਘਰ ਲਿਆਉਣਾ ਚਾਹਿਆ। ਇਥੇ ਗੁਰੂ ਜੀ ਨੇ ਇਕ ਰਾਤ ਵਿਸ਼ਰਾਮ ਕੀਤਾ।

ਪਿੰਡ ਦੇ ਅੰਦਰ ਭਾਈ ਫ਼ਤਿਹ ਸਿੰਘ ਦੇ ਆਪਣੇ ਮਕਾਨ ਵਾਲੀ ਥਾਂ ਉਤੇ ਹੁਣ ਇਕ ਕੱਚਾ ਬੁਰਜ ਹੈ। ਇਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਭਾਈ ਫ਼ਤਿਹ ਸਿੰਘ ਦੇ ਸਮੇਂ ਦਾ ਹੀ ਬਣਾਇਆ ਹੋਇਆ ਹੈ। ਇਸ ਨੂੰ ਭਾਈ ਸੰਗੋ ਸ਼ਾਹ ਜਾਂ ਸੰਗੋ ਸਿੰਘ ਦਾ ਬੁਰਜ ਵੀ ਕਿਹਾ ਜਾਂਦਾ ਹੈ। ਭਾਈ ਸੰਗੋ ਭਾਈ ਫ਼ਤਿਹ ਸਿੰਘ ਦਾ ਪੁੱਤਰ ਸੀ। ਪਿੰਡ ਵਿਚ ਦੋ ਗੁਰਦੁਆਰੇ ਹਨ। ਇਕ ਵੱਡਾ ਗੁਰਦੁਆਰਾ ਪਿੰਡ ਦੇ ਬਾਹਰਵਾਰ ਹੀ ਚੜ੍ਹਦੇ ਵੱਲ ਹੈ ਅਤੇ ਦੂਜਾ ਭਾਈ ਸੰਗੋ ਵਾਲਾ ਬੁਰਜ ਹੈ। ਦੋਹਾਂ ਨਾਲ ਹੀ ਇਹ ਰਵਾਇਤ ਪ੍ਰਚਲਤ ਹੈ ਕਿ ਗੁਰੂ ਜੀ ਇਨ੍ਹਾਂ ਅਸਥਾਨਾਂ ਉਤੇ ਬਿਰਾਜੇ ਸਨ।

## ਛੱਤਿਆਣਾ

ਜਿਸ ਸਮੇਂ ਗੁਰੂ ਸਾਹਿਬ ਮੁਕਤਸਰ ਦੀ ਜੰਗ ਤੋਂ ਵਿਹਲੇ ਹੋ ਕੇ ਤਲਵੰਡੀ ਸਾਬੋ ਵੱਲ ਾ ਰਹੇ ਸਨ ਤਾਂ ਛੱਤਿਆਣਾ ਵਿਖੇ ਕੁਝ ਸਮੇਂ ਲਈ ਠਹਿਰਾਅ ਕੀਤਾ ਸੀ। ਛੱਤਿਆਣਾ, ਟ ਭਾਈ ਅਤੇ ਦੋਦਾ ਪਹੁੰਚ ਸੜਕ ਉਪਰ ਹੈ ਜਿਹੜੀ ਮੁਕਤਸਰ ਨੂੰ ਜਾਣ ਵਾਲੀ ਮੁੱਖ ਸੜਕ ਾਲ ਜੁੜੀ ਹੋਈ ਹੈ। ਇਥੋਂ ਅੱਗੇ ਚੌਧਰੀ ਡੱਲ ਸਿੰਘ ਬਰਾੜ ਦੀ ਧਰਤੀ ਆਉਣੀ ਸੀ। ਇਸ ਰਕੇ ਦਾਨ ਸਿੰਘ ਅਤੇ ਕਪੂਰੇ ਦੇ ਜਿਹੜੇ ਬਰਾੜ ਸਿਪਾਹੀ ਗੁਰੂ ਜੀ ਨਾਲ ਸਨ ਉਹ ਡੱਲੇ ਬਰਾੜ ੀ ਹੱਦ ਅੰਦਰ ਨਹੀਂ ਆਉਣਾ ਚਾਹੁੰਦੇ ਸਨ। ਇਸ ਕਰਕੇ ਉਨ੍ਹਾਂ ਨੇ ਛੱਤਿਆਣੇ ਪਿੰਡ ਵਿਖੇ ੀ ਗੁਰੂ ਜੀ ਨੂੰ ਆਪਣੀ ਮਜਬੂਰੀ ਦਸੀ ਅਤੇ ਉਨ੍ਹਾਂ ਦੀ ਬਣਦੀ ਰਕਮ ਇਥੇ ਹੀ ਦੇ ਦੇਣ ਲਈ ਕਿਹਾ। ਪ੍ਰੰਤੂ ਗੁਰੂ ਜੀ ਇਨ੍ਹਾਂ ਸਭ ਬਰਾੜਾਂ ਨੂੰ ਤਲਵੰਡੀ ਸਾਬੋ ਲਿਜਾ ਕੇ ਆਪਸ ਵਿਚ ਮਲਾਉਣਾ ਚਾਹੁੰਦੇ ਸਨ। ਇਸ ਲਈ ਗੁਰੂ ਸਾਹਿਬ ਉਨ੍ਹਾਂ ਨੂੰ ਕਹਿੰਦੇ ਸਨ ਕਿ ਕੀ ਉਹ ਗੁਰੂ ੇ ਸਿੱਖ ਬਣਨਾ ਚਾਹੁੰਦੇ ਸਨ ਜਾਂ ਕੇਵਲ ਤਨਖ਼ਾਹਾਂ ਲੈਣੀਆਂ ਹੀ ਚਾਹੁੰਦੇ ਸਨ। ਸਾਖੀ ਪੋਥੀ ਵਿਚ ਲਿਖਿਆ ਹੈ, "ਅਕੇ ਸਿਖੀ ਰਖੋ, ਅਕੇ ਚਾਕਰੀ ਲਹੋ।"[1] ਪਰ ਇਨ੍ਹਾਂ ਬਰਾੜ ਸਿਪਾਹੀਆਂ ੇ ਕਿਹਾ ਕਿ ਉਨ੍ਹਾਂ ਨੂੰ ਤਾਂ ਤਨਖ਼ਾਹਾਂ ਹੀ ਚਾਹੀਦੀਆਂ ਸਨ। ਇਸ ਲਈ ਗੁਰੂ ਜੀ ਨੇ ਉਨ੍ਹਾਂ ਬਰਾੜਾਂ ਨੂੰ ਉਨ੍ਹਾਂ ਦੀ ਬਣਦੀ ਤਨਖ਼ਾਹਾਂ ਦੀ ਰਕਮ ਛੱਤਿਆਣੇ ਪਿੰਡ ਵਿਚ ਹੀ ਵੰਡ ਦਿੱਤੀ ਅਤੇ ਉਨ੍ਹਾਂ ਨੂੰ ਆਪਣੇ ਆਪਣੇ ਪਿੰਡਾਂ ਨੂੰ ਵਿਦਾ ਕਰ ਕੇ ਗੁਰੂ ਸਾਹਿਬ ਅੱਗੇ ਵੱਲ ਨੂੰ ਚਲ ਪਏ।

ਇਨ੍ਹਾਂ ਨਾਲ ਹੀ ਭਾਈ ਦਾਨ ਸਿੰਘ ਬਰਾੜ ਸੀ। ਰਵਾਇਤ ਹੈ ਕਿ ਜਦ ਗੁਰੂ ਜੀ ਨੇ ਇਸ ਨੂੰ ਪੁੱਛਿਆ ਕਿ ਉਹ ਕੀ ਲੈਣਾ ਚਾਹੁੰਦਾ ਹੈ ਤਾਂ ਭਾਈ ਦਾਨ ਸਿੰਘ ਨੇ ਜਵਾਬ ਦਿੱਤਾ : "ਜੀ ਪਾਤਿਸਾਹੁ! ਮੈਨੂੰ ਸਿਖੀ ਬਖਸੋ ਜੀ! ਮੇਰੇ ਦੁਧ ਪੁਤ ਘੋੜੇ ਸਭੁ ਕੁਹੁ ਹੈ ਜੀ।" ਗੁਰੂ ਜੀ ਨੇ ਖੁਸ਼ ਹੋ ਕੇ ਕਿਹਾ, "ਤੈਂਇ ਦਾਨ ਸਿੰਘ! ਸਿਖੀ ਕਾ ਬੀਜੁ ਰਖਿਆ। ਬੀਜ ਵਧ ਜਾਵੇਗੀ।"[2]

ਸਥਾਨਕ ਰਵਾਇਤ ਅਨੁਸਾਰ, ਜੋ ਮਾਇਆ ਗੁਰੂ ਜੀ ਨੇ ਬਰਾੜ ਸਿਪਾਹੀਆਂ ਵਿਚ ਵੰਡੀ ਸੀ ਉਹ ਗੁਰੂ ਜੀ ਨੇ ਕਿਸੇ ਗੁਪਤ ਦੂਤ ਕੋਲੋਂ ਮੰਗਵਾਈ ਸੀ। ਇਸ ਗੁਪਤ ਖ਼ਜ਼ਾਨੇ ਦੇ ਨਾਂ ਉਤੇ ਹੀ ਇਥੋਂ ਦੇ ਗੁਰਦੁਆਰੇ ਦਾ ਨਾਂ ਗੁਰਦੁਆਰਾ ਸ੍ਰੀ ਗੁਪਤਸਰ ਸਾਹਿਬ ਹੈ। ਗੁਰਦੁਆਰਾ ਪਿੰਡ ਛੱਤਿਆਣਾ ਤੋਂ ਬਾਹਰਵਾਰ ਹੈ।

ਗੁਰੂ ਜੀ ਦੇ ਛੱਤਿਆਣੇ ਆਉਣ ਬਾਰੇ ਪੰਡਿਤ ਤਾਰਾ ਸਿੰਘ ਨੇ ਇਉਂ ਲਿਖਿਆ ਹੈ "ਇਸ ਗ੍ਰਾਮ ਪਹੁਚ ਗੁਰੋ ਨੇ ਗੁਪਤ ਲੱਛਮੀ ਪ੍ਰਗਟ ਕਰ ਨੌਕਰੋਂ ਕੋ ਢਾਲਾਂ ਸਾਥ ਰੁਪਏ ਮੁਹਰਾਂ ਵਰਤਾਈਆਂ ਅਰ ਵਡੇ ਸਿੱਧ ਫਕੀਰ ਪੀਰ ਵਹਿਮੀ ਮੁਸਲਮਾਨ ਕੋ ਅਪਨਾ ਸਿੱਖ ਬਨਾਯ ਕਰ ਭਾਈ ਦੇ ਕੋਟ ਹੋ ਬਾਜਕ ਗਏ।"[3]

1. ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨਾ 69
2. ਉਕਤ, ਪੰਨਾ 70
3. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 153

## ਜਲਾਲ

ਜਲਾਲ, ਸਲਾਬਤ-ਪੁਰਾ-ਬਾਜਾਖਾਨਾ ਸੜਕ ਉਪਰ, ਸਲਾਬਤਪੁਰੇ ਤੋਂ 6 ਕਿਲੋਮੀਟਰ ਦੀ ਦੂਰੀ ਉਤੇ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਕੋਟਕਪੂਰੇ ਵੱਲ ਨੂੰ ਜਾਂਦੇ ਹੋਏ ਆਏ ਸਨ। ਗੁਰੂ ਜੀ ਦੇ ਠਹਿਰਨ ਵਾਲੀ ਥਾਂ ਜਲਾਲ ਪਿੰਡ ਤੋਂ ਚੜ੍ਹਦੇ ਵੱਲ ਬਾਹਰਵਾਰ ਖੇਤਾਂ ਵਿਚ ਤਕਰੀਬਨ ਇਕ ਕਿਲੋਮੀਟਰ ਦੀ ਵਿੱਥ ਉਤੇ ਹੈ।

ਸਥਾਨਕ ਰਵਾਇਤ ਅਨੁਸਾਰ ਇਥੇ ਜਲਾਲ ਪਿੰਡ ਦੇ ਲੋਕ ਗੁਰੂ ਜੀ ਨੂੰ ਮਿਲਣ ਲਈ ਆਏ ਸਨ। ਇਨ੍ਹਾਂ ਨੇ ਬੇਨਤੀ ਕੀਤੀ ਕਿ ਕੇਸਰ ਪਿੰਡ ਵਾਲੇ ਉਨ੍ਹਾਂ ਨੂੰ ਤੰਗ ਕਰਦੇ ਰਹਿੰਦੇ ਹਨ। ਗੁਰੂ ਜੀ ਨੇ ਕਿਹਾ ਕਿ ਜੇ ਉਹ ਸਿੱਖੀ ਨਾਲ ਜੁੜੇ ਰਹਿਣਗੇ ਤਾਂ ਉਨ੍ਹਾਂ ਦਾ ਕੋਈ ਵੀ ਕੁਝ ਨਹੀਂ ਵਿਗਾੜ ਸਕੇਗਾ।

ਸਥਾਨਕ ਰਵਾਇਤ ਅਨੁਸਾਰ ਹੀ ਇਕ ਵਾਰ ਇਸੇ ਹੀ ਪਿੰਡ ਦੇ ਕੁਝ ਲੋਕਾਂ ਨੇ ਜਲਾਲ ਦੇ ਪੁੱਤਰ ਓਵਰੇ ਦੀ ਅਗਵਾਈ ਵਿਚ ਸਿੰਘਾਂ ਦੇ ਇਕ ਜੱਥੇ ਵਿਚੋਂ ਕੁਝ ਘੋੜੇ ਚੋਰੀ ਕਰ ਲਏ ਸਨ। ਇਸ ਪਿੱਛੋਂ ਬਾਹਰਲੀਆਂ ਕੁਝ ਧਾੜਵੀ ਟੋਲੀਆਂ ਨੇ ਇਸ ਪਿੰਡ ਨੂੰ ਲੁੱਟ ਲਿਆ ਸੀ। ਇਸ ਤਰ੍ਹਾਂ ਲੁਟੇ ਜਾਣ ਉਤੇ ਇਸ ਪਿੰਡ ਦੇ ਲੋਕਾਂ ਨੇ ਸਿੰਘਾਂ ਦੇ ਜੱਥੇ ਤੋਂ ਘੋੜੇ ਖੋਹਣ ਦੀ ਗੱਲ ਦਾ ਪਸ਼ਚਾਤਾਪ ਕੀਤਾ ਅਤੇ ਇਸ ਪਸ਼ਚਾਤਾਪ ਵਜੋਂ ਇਥੇ ਗੁਰੂ ਜੀ ਦੀ ਯਾਦ ਵਿਚ ਗੁਰਦੁਆਰਾ ਬਣਵਾਇਆ।

ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਬਾਰੇ ਲਿਖਿਆ ਹੈ: "ਰਿਆਸਤ ਨਾਭਾ, ਨਜ਼ਾਮਤ ਫੂਲ (ਉਸ ਸਮੇਂ) ਦਾ ਇਕ ਪਿੰਡ, ਜੋ ਦਿਆਲਪੁਰੇ ਪਾਸ ਹੈ। ਇਸ ਥਾਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀਨੇ ਤੋਂ ਚਲ ਕੇ ਵਿਰਾਜੇ ਸਨ। ਰਿਆਸਤ ਵੱਲੋਂ ਗੁਰਦੁਆਰੇ ਦੀ ਸੇਵਾ ਲਈ ਜ਼ਮੀਨ ਲਗੀ ਹੋਈ ਹੈ। ਇਥੇ ਭਾਈ ਵੀਰ ਸਿੰਘ ਜੀ ਨਿਰਮਲੇ ਸੰਤ ਵਡੇ ਵਿਦਵਾਨ ਹੋਏ ਹਨ।"[1]

## ਜੱਸੀ ਬੱਗਵਾਲੀ

ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਨੂੰ ਜਾਂਦੇ ਹੋਏ ਇਥੇ ਠਹਿਰੇ ਸਨ। ਸਥਾਨਕ ਰਵਾਇਤ ਅਨੁਸਾਰ ਉਨ੍ਹਾਂ ਇਥੇ ਇਕ ਢਾਬ ਉਪਰ ਉਤਾਰਾ ਕੀਤਾ। ਘੋੜਿਆਂ ਨੂੰ ਇਥੇ ਪਾਣੀ ਪਿਆਇਆ ਅਤੇ ਗੁਰੂ ਜੀ ਨੇ ਇਸ ਢਾਬ ਉਤੇ ਇਸ਼ਨਾਨ ਕਰ ਕੇ ਪਹਿਲੇ ਨੀਲੇ (ਸਰਮਈ) ਬਸਤਰ ਉਤਾਰ ਕੇ ਨਵੇਂ ਚਿੱਟੇ ਬਸਤਰ ਪਹਿਨੇ। ਇਸ ਪਿਛੋਂ ਇਸ ਢਾਬ ਨੂੰ ਸਿੱਖਾਂ ਨੇ ਬੱਗਸਰ ਜਾਂ ਸਵੇਤਸਰ ਕਹਿਣਾ ਸ਼ੁਰੂ ਕਰ ਦਿੱਤਾ ਜਿਸ ਦਾ ਭਾਵ ਹੈ ਕਿ ਇਸ ਸਰੋਵਰ ਉਪਰ ਗੁਰੂ ਜੀ ਦੇ ਬਸਤਰ ਨੀਲੇ ਤੋਂ ਚਿੱਟੇ ਹੋ ਗਏ ਸਨ।

ਸਥਾਨਕ ਰਵਾਇਤ ਅਨੁਸਾਰ ਹੀ ਇਥੋਂ ਦੀ ਸੰਗਤ ਨੇ ਕਾਫੀ ਮਾਤਰਾ ਵਿਚ ਗੁੜ ਗੁਰੂ ਜੀ ਨੂੰ ਭੇਟ ਕੀਤਾ। ਬਹੁਤ ਮਾਤਰਾ ਵਿਚ ਗੁੜ ਦੇ ਇਕੱਠਾ ਹੋ ਜਾਣ ਕਰਕੇ ਗੁਰੂ ਜੀ ਨੇ ਸਭ ਸੰਗਤਾਂ ਨੂੰ ਗੁੜ ਛਕਾਇਆ ਅਤੇ ਘੋੜਿਆਂ ਨੂੰ ਵੀ ਗੁੜ ਹੀ ਛਕਾਇਆ ਗਿਆ। ਗੁੜ ਵਾਲੀ ਘਟਨਾ ਤੋਂ ਹੀ ਇਸ ਪਿੰਡ ਵਿਚ ਇਕ ਗੀਤ ਪ੍ਰਚਲਤ ਹੈ, "ਜੱਸੀ ਆਏ ਚਲੇ ਗੁੜ ਖਾਏ ਚਲੇ।" ਪਿੰਡ ਦੇ ਲੋਕਾਂ ਦੇ ਦੱਸਣ ਮੁਤਾਬਕ ਗੁਰੂ ਜੀ ਨੇ ਬਚਨ ਕੀਤਾ ਸੀ ਕਿ ਅੱਗੇ ਤੋਂ ਸਿੱਖ ਸੰਗਤਾਂ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਗੁੜ ਦੀ ਭੇਟਾ ਦਿੱਤਾ ਕਰਨ।

---

1. ਮਹਾਨ ਕੋਸ਼, ਪੰਨਾ 384

ਪੰਡਿਤ ਤਾਰਾ ਸਿੰਘ, ਨਰੋਤਮ ਨੇ ਇਸ ਬਾਰੇ ਇਉਂ ਲਿਖਿਆ ਹੈ : "ਗੁਰੂ ਜੀ ਜੱਸੀ ਪਹੁੰਚ ਘੋੜੇ ਚੜੇ ਜੱਸੀ ਕੇ ਤਲਾਵ ਮੈਂ ਪ੍ਰਵੇਸ਼ ਕਰ ਪਾਰ ਹੂਏ ਬਸਤ੍ਰ ਸੁਕਲ ਹੋ ਗਏ। ਇਸ ਲੀਏ ਇਸ ਕਾ ਨਾਮ ਬੱਗਸਰ ਰੱਖਾ । ਇਸ ਗ੍ਰਾਮ ਮੇਂ ਸਭ ਸਿੱਖੋਂ ਕੋ ਏਕ ਦਿਨ ਗੁੜ ਹੀ ਛਕਾਯਾ। ਅਰ ਆਗੇ ਸਿੱਖੋਂ ਵਾਸਤੇ ਆਗਯਾ ਦਈ ਜੋ ਈਹਾਂ ਆਵੇ ਸਨਾਨ ਕਰ ਗੁਰਦੁਵਾਰੇ ਗੁੜ ਚੜ੍ਹਾਯ ਛਕੇ ਬਚਨ ਹੈ।"[1]

## ਜੰਗੀਰਾਣਾ

ਪਿੰਡ ਜੰਗੀਰਾਣਾ ਬਠਿੰਡਾ ਜ਼ਿਲ੍ਹੇ ਵਿਚ ਸਥਿਤ ਹੈ ਅਤੇ ਉਥੋਂ ਦੱਖਣ-ਪੱਛਮ ਵੱਲ ਤਕਰੀਬਨ 30 ਕਿਲੋਮੀਟਰ ਦੀ ਵਿੱਥ ਉਤੇ ਹੈ। ਗੁਰੂ ਗੋਬਿੰਦ ਸਿੰਘ ਜੀ ਇਥੇ ਮੁਕਤਸਰ ਤੋਂ ਆਉਂਦੇ ਹੋਏ ਅਤੇ ਤਲਵੰਡੀ ਸਾਬੋ ਵੱਲ ਨੂੰ ਜਾਂਦੇ ਹੋਏ ਠਹਿਰੇ ਸਨ । ਗੁਰਦੁਆਰਾ ਸਾਹਿਬ ਛੋਟਾ ਜਿਹਾ ਹੈ ਅਤੇ ਪਿੰਡ ਤੋਂ ਬਾਹਰਵਾਰ ਕਾਫੀ ਫਰਕ ਨਾਲ ਬਣਿਆ ਹੋਇਆ ਹੈ। ਇਹ ਗੁਰਦੁਆਰਾ ਵੀ ਹੁਣੇ ਜਿਹੇ ਹੀ ਬਣਿਆ ਹੈ। ਕਿਹਾ ਜਾਂਦਾ ਹੈ ਕਿ ਪਹਿਲਾਂ ਇਥੇ ਸਥਾਨਕ ਸਿੱਖਾਂ ਦੀ ਅਣਗਹਿਲੀ ਕਾਰਨ ਇਹ ਅਸਥਾਨ ਪਰਗਟ ਨਹੀਂ ਸੀ ਕੀਤਾ ਜਾ ਸਕਿਆ।

ਪਿੰਡ ਵਿਚ ਹੀ ਇਕ ਤਿਲਕਰਾ ਨਾਂ ਦਾ ਟੋਭਾ ਹੈ। ਇਸ ਨਾਲ ਸਿਧੂ ਗੋਤ ਦੇ ਜੱਟਾਂ ਦਾ ਸਬੰਧ ਜੁੜਿਆ ਹੋਇਆ ਹੈ। ਸਿਧੂ ਗੋਤ ਦੇ ਜੱਟ ਇਸ ਟੋਭੇ ਵਿਚੋਂ ਹਰ ਸਾਲ ਨੌਰਾਤਿਆਂ ਦੇ ਮੌਕੇ (ਅਸੂ-ਸਤੰਬਰ) ਮਿੱਟੀ ਕੱਢਣ ਆਉਂਦੇ ਹਨ। ਭਾਵੇਂ ਇਹ ਟੋਭਾ ਕੱਚਾ ਹੈ ਅਤੇ ਇਸ ਦਾ ਪਾਣੀ ਵੀ ਗੰਦਾ ਹੈ ਪਰ ਇਸ ਵਿਚੋਂ ਮਿੱਟੀ ਕੱਢਣਾ ਇਕ ਖਾਸ ਫਰਜ਼ ਦੀ ਪੂਰਤੀ ਸਮਝਿਆ ਜਾਂਦਾ ਹੈ।

## ਟਾਹਲਾ ਸਾਹਿਬ

ਪਿੰਡ ਟਾਹਲਾ ਸਾਹਿਬ ਮੌੜ ਮੰਡੀ ਤੋਂ ਤਿੰਨ ਕਿਲੋਮੀਟਰ ਦੀ ਵਿੱਥ ਉਤੇ ਦੱਖਣ ਵੱਲ ਸਥਿਤ ਹੈ। ਸਾਖੀ ਪੋਥੀ ਅਨੁਸਾਰ ਮੌੜਾਂ ਦਾ ਇਕ ਦਲਪਤ ਨਾਮੀ ਸਿੱਖ ਗੁਰੂ ਗੋਬਿੰਦ ਸਿੰਘ ਜੀ ਨੂੰ ਤਲਵੰਡੀ ਸਾਬੋ ਵਿਖੇ ਮਿਲਿਆ ਸੀ। ਇਸ ਦਲਪਤ ਦੇ ਸੱਦੇ ਉਤੇ ਹੀ ਗੁਰੂ ਜੀ ਇਧਰ ਆਏ ਸਨ। ਸਾਖੀ ਪੋਥੀ ਵਿਚ ਇਸ ਤਰ੍ਹਾਂ ਲਿਖਿਆ ਹੈ, "ਇਕ ਦਿਨ ਇਕ ਸਿੱਖ ਨੇ ਮੱਥਾ ਟੇਕਿਆ ਦਹੀਂ ਦਾ ਤੌਲਾ ਗੁਰੂ ਜੀ ਕੋ । ਕਹਿੰਦੇ : 'ਕਿਹੜੇ ਪਿੰਡ ਥੋਂ ਹਹਿਂ ?' 'ਜੀ ਪਾਤਿਸ਼ਾਹ ਮੌੜਾ ਥੋਂ ।' 'ਕਿਆ ਨਾਮ ਹੈ ਤੇਰਾ ?' 'ਜੀ ਨਾਮ ਦਲਪਤ ਹੈ ।' 'ਕਿਸਕਾ ਬੇਟਾ ਹੈਂ ?' 'ਜੀ ਭੀਉਂ ਕਾ ਬੇਟਾ ਹਾਂ।' ਗੁਰੂ ਜੀ ਕਹਿਆ। 'ਤਦੇ ਦਲਾਂ ਦੀ ਪਤ ਹੈਂ', ਭੀਉਂ ਕਾ ਬੇਟਾ ਹਹਿਂ।' ਗੁਰੂ ਜੀ ਖੁਸ਼ੀ ਹੋਏ, ਪਗ ਪੈਨਾਈ। ਘਰਿ ਆਇ ਮਹੀਨੇ ਥੋਂ ਮਗਰੋਂ ਡੂੰਮ ਆਏ ਗਾਉਣ ਵਾਲੇ, ਸਾਰੀ ਪੋਸਾਕੀ ਪਗ ਸਮੇਤ ਦੇਇ ਦਿਤੀ।"[2] ਪੰਡਿਤ ਤਾਰਾ ਸਿੰਘ ਨਰੋਤਮ ਲਿਖਦੇ ਹਨ : "ਯਹਾਂ ਪੂਜਾਰੀਯੋਂ ਕੀ ਆਠ ਸਾਤ ਘਰ ਕੀ ਵਸਤੀ ਹੈ। ਈਹਾਂ ਦਮਦਮੇ ਸੇ ਆਏ।"[3]

---

1. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 153
2. ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨੇ 84-35
3. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 157

ਕਿਹਾ ਜਾਂਦਾ ਹੈ ਕਿ ਪਹਿਲਾਂ ਗੁਰੂ ਜੀ ਮੌੜਾਂ ਵਿਖੇ ਆਏ ਸਨ ਅਤੇ ਇਥੋਂ ਫਿਰ ਟਾਹਲਾ ਸਾਹਿਬ ਵਿਖੇ ਗਏ ਸਨ। ਮੌੜਾਂ ਦੇ ਲੋਕ ਦੁੱਧ ਦੀਆਂ ਕੁੜਨੀਆਂ ਲੈ ਕੇ ਇਥੇ ਆਏ ਸਨ। ਗੁਰੂ ਜੀ ਇਥੇ ਇਕ ਟਾਹਲੀ ਹੇਠ ਬੈਠੇ ਸਨ। ਸਥਾਨਕ ਰਵਾਇਤ ਅਨੁਸਾਰ ਅੱਜ ਵੀ ਇਹ ਟਾਹਲੀ ਖੜੀ ਹੈ।

## ਤਲਵੰਡੀ ਸਾਬੋ

ਤਲਵੰਡੀ ਸਾਬੋ ਬਠਿੰਡੇ ਤੋਂ 28 ਕਿਲੋਮੀਟਰ ਦੀ ਦੂਰੀ ਉਤੇ ਦੱਖਣ-ਪੂਰਬ ਵੱਲ ਸਥਿਤ ਹੈ। ਅੱਜ ਕਲ੍ਹ ਇਹ ਕਸਬਾ ਬਠਿੰਡਾ ਜ਼ਿਲ੍ਹੇ ਦੀ ਤਹਿਸੀਲ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਅਸਥਾਨ ਨੂੰ ਖਾਲਸਾ ਪੰਥ ਦੇ ਪੰਜ ਤਖ਼ਤਾਂ ਵਿਚੋਂ ਇਕ ਤਖ਼ਤ ਦੇ ਤੌਰ ਤੇ ਸਥਾਪਤ ਕੀਤਾ। ਇਸ ਪ੍ਰਕਾਰ ਇਸ ਨੂੰ ਅੱਜ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਨਾਂ ਨਾਲ ਵੀ ਪੁਕਾਰਿਆ ਜਾਂਦਾ ਹੈ।

ਪਿੰਡ ਬੰਗੀਆਂ ਤੋਂ ਚੌਧਰੀ ਡੱਲਾ ਗੁਰੂ ਜੀ ਨੂੰ ਤਲਵੰਡੀ ਸਾਬੋ ਵਿਖੇ ਲੈ ਕੇ ਆਇਆ। ਗੁਰੂ ਜੀ ਦਾ ਉਤਾਰਾ ਉਸ ਨੇ ਆਪਣੀਆਂ ਹਵੇਲੀਆਂ ਦੇ ਬਾਹਰਵਾਰ ਹੀ ਕੀਤਾ। ਭਾਈ ਡੱਲੇ ਨੇ ਗੁਰੂ ਜੀ ਨੂੰ ਉਸ ਦੀ ਹਵੇਲੀ ਵਿਚ ਹੀ ਰਹਿਣ ਦੀ ਬੇਨਤੀ ਕੀਤੀ ਸੀ। ਪਰੰਤੂ ਗੁਰੂ ਜੀ ਬਾਹਰ ਕੈਂਪ ਵਿਚ ਹੀ ਰਹਿਣਾ ਚਾਹੁੰਦੇ ਸਨ। ਸਾਖੀ ਪੋਥੀ ਵਿਚ ਲਿਖਿਆ ਹੈ : "ਡੱਲੇ ਕਹਿਆ 'ਜੀ ਡੇਰਾ ਅੰਦਰ ਕਰੋ ਕਿਲੇ ਵਿਚਿ।' ਸਾਹਿਬ ਜੀ ਕਹਿੰਦੇ : 'ਡੇਰਾ ਬਾਹਰ ਹੀ ਹੱਛਾ ਹੈ। ਅੰਦਰ ਜਨਾਨੇ ਹਨਿ।' ਡੱਲੇ ਕਹਿਆ 'ਜੀ ਜਨਾਨੇ ਇਕ ਹਵੇਲੀ ਵਿਚ ਰਹਿਨਗੇ ਅਤੇ ਜਨਾਨਿਆਂ ਕਾ ਡੇਰਾ ਸਹਰ ਕਾਇ ਦੇਂਦੇ ਹਾਂ।' ਗੁਰੂ ਜੀ ਕਹਿੰਦੇ: 'ਬਾਹਰ (ਸਹਰ) ਕੀ ਕਰਾਂਗੇ।' ਡੱਲੇ ਕਹਿਆ : 'ਜੀ, ਮਾਤਾ ਜੀ ਕਾ ਡੇਰਾ ਤਾਂ ਅੰਦਰ ਹੋਵੇ ।' ਗੁਰੂ ਜੀ ਕਹਿੰਦੇ : 'ਉਨਕੀ ਖੁਸ਼ੀ।' ਡੱਲੇ ਨੇ ਕਹਿਆ 'ਮਾਤਾ ਜੀ। ਤੁਸੀਂ ਡੇਰਾ ਅੰਦਰ ਕਰੋ ਜੀ।' ਮਾਤਾ ਜੀ ਬਚਨ ਕੀਆ। 'ਹਜੂਰ ਕੇ ਚਰਨਾਂ ਵਿਚ ਹੀ ਹੱਛਾ ਹੈ।' ਕਿਲ੍ਹੇ ਦੀ ਕੰਧ ਕੇ ਨਾਲ ਡੇਰਾ ਕੀਤਾ। ਲੰਗਰ ਡੱਲੇ ਕੇ ਘਰ ਹੋਇਆ ਕਰੇ। ਗੁਰੂ ਜੀ ਪ੍ਰਸਾਦਿ ਡੱਲੇ ਕੇ ਲੰਗਰ ਤੇ ਬਾਹਰ ਮੰਗਾਇ ਲੈਂਦੇ... ਹੋਰੁ ਖਾਲਸਾ ਡੇਰੇ ਛਕ ਆਂਵਦਾ !"[1]

ਫਿਰ ਕੁਝ ਸਮੇਂ ਪਿੱਛੋਂ ਲੰਗਰ ਖਾਲਸੇ ਦੇ ਕੈਂਪ ਵਿਚ ਹੀ ਪਕਾਇਆ ਜਾਣ ਲਗ ਪਿਆ ਸੀ। ਇਸ ਲੰਗਰ ਦਾ ਸਾਰਾ ਖਰਚਾ ਭਾਈ ਡੱਲੇ ਵੱਲੋਂ ਦਿੱਤਾ ਜਾਂਦਾ ਸੀ। ਇਕ ਦਿਨ ਭਾਈ ਡੱਲੇ ਨੇ ਗੁਰੂ ਜੀ ਦੇ ਨਾਲ ਆਏ ਸਾਰੇ ਬਰਾੜ ਸਿਪਾਹੀਆਂ ਨੂੰ ਲੰਗਰ ਛਕਾਇਆ। ਗੁਰੂ ਜੀ ਨੂੰ ਉਹ ਆਪਣੀ ਹਵੇਲੀ ਵਿਚ ਲੈ ਕੇ ਗਿਆ। ਨਜ਼ਰਾਨੇ ਦੇ ਤੌਰ ਉਤੇ ਗੁਰੂ ਜੀ ਨੂੰ ਇਕ ਘੋੜਾ, ਦੁਸ਼ਾਲਾ ਅਤੇ ਸੌ ਰੁਪਿਆ ਮੱਥਾ ਟੇਕਿਆ । ਗੁਰੂ ਜੀ ਦੇ ਮਹਿਲਾਂ (ਮਾਤਾਵਾਂ) ਨੂੰ ਚੰਗੇ ਚੰਗੇ ਬਸਤਰ ਭੇਟ ਕੀਤੇ।[2]

ਗੁਰੂ ਗੋਬਿੰਦ ਸਿੰਘ ਜੀ ਇਥੇ 9 ਮਹੀਨੇ ਦੇ ਕਰੀਬ ਸਮਾਂ ਰਹੇ ਸਨ। ਇਸ ਸਮੇਂ ਦੌਰਾਨ ਇਥੇ ਗੁਰੂ ਜੀ ਨਾਲ ਸੰਬੰਧਤ ਅਨੇਕਾਂ ਘਟਨਾਵਾਂ ਦਾ ਜ਼ਿਕਰ ਮਿਲਦਾ ਹੈ। ਸਥਾਨਕ ਰਵਾਇਤ ਅਨੁਸਾਰ ਇਹ ਵੀ ਕਿਹਾ ਜਾਂਦਾ ਹੈ ਕਿ ਗੁਰੂ ਜੀ ਦਾ ਇਥੇ ਰਹਿਣਾ ਸੁਣ ਕੇ ਸਰਹੰਦ ਦੇ ਵਜ਼ੀਰ, ਵਜ਼ੀਰ ਖਾਨ ਨੇ ਭਾਈ ਡੱਲੇ ਨੂੰ ਕਿਹਾ ਸੀ ਕਿ ਉਹ ਜਾਂ ਤਾਂ ਗੁਰੂ ਜੀ ਨੂੰ ਇਥੋਂ ਕੱਢ ਦੇਵੇ ਜਾਂ ਫਿਰ ਉਸ ਦੇ ਖਿਲਾਫ ਲੜਾਈ ਵਿਚ ਉਹ ਹਕੂਮਤ ਦੀ ਸਹਾਇਤਾ ਕਰੇ। ਪਰੰਤੂ ਭਾਈ ਡੱਲੇ ਨੇ ਇਸ ਪਰਕਾਰ ਦਬਾਅ ਵਿਚ ਆਉਣ ਤੋਂ ਇਨਕਾਰ ਕਰ ਦਿੱਤਾ ਸੀ। ਭਾਈ ਡੱਲੇ ਦੇ ਸਾਥ

1. ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨੇ 79-80
2. ਉਕਤ, ਪੰਨਾ 80

ਨਾ ਦੇਣ ਕਰਕੇ ਸਰਹੰਦ ਦੇ ਸੂਬੇਦਾਰ ਦੀ ਸੈਨਾ ਇਧਰ ਆ ਕੇ ਗੁਰੂ ਜੀ ਉਪਰ ਹਮਲਾ ਕਰਨ ਦਾ ਹੌਂਸਲਾ ਨਹੀਂ ਕਰ ਸਕੀ।

ਗੁਰੂ ਜੀ ਨੇ ਇਥੇ ਰਹਿ ਕੇ ਖਾਲਸੇ ਨੂੰ ਨਾ ਕੇਵਲ ਜੰਗੀ ਤਿਆਰੀਆਂ ਹੀ ਕਰਵਾਈਆਂ ਸਗੋਂ ਕਈ ਸਭਿਆਚਾਰਕ ਕੰਮ ਵੀ ਕੀਤੇ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦੁਬਾਰਾ ਸੰਪਾਦਨਾ ਕਰ ਕੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੂੰ ਇਸ ਵਿਚ ਸ਼ਾਮਲ ਕਰਵਾਇਆ ਗਿਆ। ਇਸ ਸੰਪਾਦਤ ਬੀੜ ਨੂੰ 'ਦਮਦਮੇ ਵਾਲੀ ਬੀੜ' ਕਿਹਾ ਜਾਂਦਾ ਹੈ। ਸ਼ਹੀਦ ਬਾਬਾ ਦੀਪ ਸਿੰਘ ਜੀ ਤੋਂ ਇਸ ਦੀਆਂ ਕਈ ਕਾਪੀਆਂ ਹੋਰ ਤਿਆਰ ਕਰਵਾਈਆਂ ਗਈਆਂ। ਭਾਈ ਮਨੀ ਸਿੰਘ ਜੀ ਨੇ ਪਹਿਲੀ ਬੀੜ ਦੀ ਸੰਪਾਦਨਾ ਲਿਖੀ ਸੀ।

ਸਾਖੀ ਪੋਥੀ ਵਿਚ ਲਿਖਿਆ ਹੈ ਕਿ ਇਥੇ ਗੁਰੂ ਜੀ ਹਰ ਰੋਜ਼ ਸ਼ਬਦ ਦੀ ਚੌਂਕੀ ਕਰ ਕੇ ਅਤੇ ਉੱਚੇ ਦਮਦਮੇ ਦੇ ਉਪਰ ਬੈਠ ਕੇ ਸੰਗਤਾਂ ਨੂੰ ਦੀਦਾਰ ਦਿੰਦੇ ਸਨ।[1] ਇਕ ਵਾਰ ਬਾਹਰੋਂ ਆਈ ਸੰਗਤ ਨੇ ਗੁਰੂ ਜੀ ਅੱਗੇ ਫ਼ਰਿਆਦ ਕੀਤੀ ਕਿ ਉਸ ਨੂੰ ਇਲਾਕੇ ਦੇ ਚੌਧਰੀਆਂ ਨੇ ਲੁੱਟ ਲਿਆ ਹੈ। ਇਸ ਪਰਕਾਰ ਦੀਆਂ ਫ਼ਰਿਆਦਾਂ ਪਹਿਲਾਂ ਵੀ ਸੰਗਤਾਂ ਵੱਲੋਂ ਆ ਚੁੱਕੀਆਂ ਸਨ। ਗੁਰੂ ਜੀ ਨੇ ਸਿੱਖ ਸੰਗਤਾਂ ਨੂੰ ਕਿਹਾ ਕਿ ਉਹ ਅੱਗੇ ਤੋਂ ਐਸੀ ਫ਼ਰਿਆਦ ਸੁਣਨਾ ਨਹੀਂ ਚਾਹੁਣਗੇ ਸਗੋਂ ਐਸੀਆਂ ਗੱਲਾਂ ਸੁਣਨਾ ਪਸੰਦ ਕਰਨਗੇ ਕਿ ਫਲਾਣੀ ਸੰਗਤ ਨੇ ਫਲਾਣੇ ਚੌਧਰੀ ਨੂੰ ਲੁੱਟ ਲਿਆ ਸੀ।[2] ਇਸ ਪਿਛੋਂ ਸੰਗਤਾਂ ਸਥਾਨਕ ਚੌਧਰੀਆਂ ਦਾ ਮੁਕਾਬਲਾ ਕਰਨ ਲਗ ਪਈਆਂ।

ਜੰਗੀ ਸਿਖਲਾਈ ਵਜੋਂ ਗੁਰੂ ਜੀ ਸੰਗਤਾਂ ਦੇ ਦੋ ਹਿੱਸੇ ਕਰ ਕੇ ਆਪਸ ਵਿਚ ਨਕਲੀ ਜੰਗ ਕਰਵਾਉਂਦੇ ਸਨ। ਕੜਾਹ ਪ੍ਰਸ਼ਾਦ ਬਣਾ ਕੇ ਉਸ ਨੂੰ ਖੋਹ ਕੇ ਖਾਣ ਲਈ ਕਹਿੰਦੇ ਸਨ। ਇਸ ਤਰ੍ਹਾਂ ਸਿੱਖ ਸੰਗਤਾਂ ਨੂੰ ਜੰਗੀ ਸਿਖਲਾਈ ਦਿੱਤੀ ਜਾਂਦੀ ਸੀ। ਇਥੇ ਰਹਿਣ ਸਮੇਂ ਗੁਰੂ ਜੀ ਤਲਵੰਡੀ ਸਾਬੋ ਤੋਂ ਬਾਹਰਲੇ ਪਿੰਡਾਂ ਵਿਚ ਸ਼ਿਕਾਰ ਖੇਡਣ ਲਈ ਜਾਂ ਸੰਗਤਾਂ ਵਿਚ ਧਰਮ ਪਰਚਾਰ ਕਰਨ ਲਈ ਜਾਇਆ ਕਰਦੇ ਸਨ। ਅਜਿਹੇ ਪਿੰਡਾਂ ਦੀ ਗਿਣਤੀ ਕਾਫੀ ਹੈ ਜਿਨ੍ਹਾਂ ਦਾ ਵਿਸਥਾਰ ਪੂਰਬਕ ਹਾਲ ਉਨ੍ਹਾਂ ਦੇ ਸੰਬੰਧਤ ਅੰਦਰਾਜਾਂ ਵਿਚ ਅੰਕਿਤ ਕੀਤਾ ਜਾਵੇਗਾ।

ਗੁਰੂ ਜੀ ਨੇ ਚਮਕੌਰ ਸਾਹਿਬ ਤੋਂ ਇਧਰ ਨੂੰ ਆਉਂਦੇ ਹੋਏ ਦੀਨਾ-ਕਾਂਗੜ ਵਿਖੇ ਠਹਿਰਨ ਸਮੇਂ 'ਜ਼ਫ਼ਰਨਾਮਾ' ਲਿਖ ਕੇ ਭਾਈ ਦਿਆ ਸਿੰਘ ਦੇ ਹੱਥ ਬਾਦਸ਼ਾਹ ਔਰੰਗਜ਼ੇਬ ਨੂੰ ਭੇਜਿਆ ਸੀ। ਇਸ ਦਾ ਜਵਾਬ ਇਥੇ ਤਲਵੰਡੀ ਸਾਬੋ ਵਿਖੇ ਆ ਜਾਣ ਉਤੇ ਗੁਰੂ ਜੀ ਨੇ ਔਰੰਗਜ਼ੇਬ ਨੂੰ ਮਿਲਣ ਜਾਣ ਲਈ ਦੱਖਣ ਵੱਲ ਜਾਣ ਦੀ ਤਿਆਰੀ ਕੀਤੀ। ਡਾ. ਗੰਡਾ ਸਿੰਘ ਅਨੁਸਾਰ ਗੁਰੂ ਸਾਹਿਬ ਤਲਵੰਡੀ ਸਾਬੋ ਤੋਂ ਕੱਤਕ ਸੁਦੀ ਪੰਜ ਸੰਮਤ 1763 ਬਿਕਰਮੀ ਮੁਤਾਬਕ 30 ਅਕਤੂਬਰ ਸੰਨ 1706 ਈਸਵੀ ਨੂੰ ਸਿੱਧੇ ਮਾਰਵਾੜ ਦੇ ਰਸਤੇ ਦੱਖਣ ਨੂੰ ਚਲ ਪਏ ਸਨ।[3]

ਦੱਖਣ ਵੱਲ ਰਵਾਨਾ ਹੋਣ ਤੋਂ ਪਹਿਲਾਂ, ਸਥਾਨਕ ਰਵਾਇਤ ਅਨੁਸਾਰ, ਗੁਰੂ ਜੀ ਨੇ ਭਾਈ ਡੱਲੇ ਅਤੇ ਇਥੋਂ ਦੇ ਇਲਾਕੇ ਨੂੰ ਅਨੇਕਾਂ ਬਖਸ਼ਸ਼ਾਂ ਕੀਤੀਆਂ। ਕੁਝ ਬਸਤਰ ਅਤੇ ਹਥਿਆਰ, ਨਿਸ਼ਾਨੀ ਵਜੋਂ ਭਾਈ ਡੱਲੇ ਨੂੰ ਦਿੱਤੇ ਗਏ। ਇਹ ਵਸਤੂਆਂ ਅੱਜ ਵੀ ਭਾਈ ਡੱਲੇ ਦੇ ਖਾਨਦਾਨ ਵਿਚ ਪਈਆਂ ਹਨ। ਇਸ ਤੋਂ ਇਲਾਵਾ ਭਾਈ ਤਿਲੋਕਾ ਅਤੇ ਭਾਈ ਰਾਮਾਂ ਨੂੰ ਵੀ ਅਨੇਕਾਂ ਬਖਸ਼ਸ਼ਾਂ ਕੀਤੀਆਂ। ਇਨ੍ਹਾਂ ਬਖਸ਼ਸ਼ਾਂ ਅਨੁਸਾਰ ਹੀ ਕਿਹਾ ਜਾਂਦਾ ਹੈ ਕਿ ਮਾਲਵੇ ਦਾ ਇਲਾਕਾ ਅੱਜ ਹਰਾ ਭਰਾ ਹੈ ਅਤੇ ਕਣਕਾਂ ਦੀਆਂ ਫਸਲਾਂ ਭਰਵੀਆਂ ਹੁੰਦੀਆਂ ਹਨ।

1. ਉਕਤ, ਪੰਨਾ 82
2. ਉਕਤ, ਪੰਨੇ 92-93
3. ਸ੍ਰੀ ਗੁਰ ਸੋਭਾ, ਭੂਮਿਕਾ, ਪੰਨੇ, 60-61

# ਦਿਆਲਪੁਰਾ ਭਾਈ ਕਾ

ਦਿਆਲਪੁਰਾ ਭਾਈ ਕਾ ਕਾਂਗੜ ਪਿੰਡ ਤੋਂ ਸਿਧਾ ਤਿੰਨ ਕਿਲੋਮੀਟਰ ਦੇ ਫਾਸਲੇ ਉਤੇ ਦੱਖਣ-ਪੂਰਬ ਵੱਲ ਸਥਿਤ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਕਾਂਗੜ ਰਹਿੰਦੇ ਹੋਏ ਆਇਆ ਕਰਦੇ ਸਨ। ਪਿੰਡ ਦੇ ਬਾਹਰਵਾਰ ਗੁਰੂ ਜੀ ਦੀ ਯਾਦ ਵਿਚ ਇਕ ਗੁਰਦੁਆਰਾ ਸਸ਼ੋਭਤ ਹੈ ਜਿਸ ਦਾ ਨਾਂ 'ਗੁਰਦੁਆਰਾ ਸਿਰੀ ਜ਼ਫ਼ਰਨਾਮਾ ਸਾਹਿਬ' ਹੈ। ਜਿਵੇਂ ਕਿ ਨਾਂ ਤੋਂ ਪਰਗਟ ਹੁੰਦਾ ਹੈ ਕਿ ਗੁਰੂ ਜੀ ਨੇ ਔਰੰਗਜ਼ੇਬ ਨੂੰ ਜੋ ਜ਼ਫ਼ਰਨਾਮਾ ਲਿਖਿਆ ਸੀ ਉਹ ਇਥੇ ਬੈਠ ਕੇ ਹੀ ਲਿਖਿਆ ਸੀ। ਪਰ ਦੀਨਾ ਪਿੰਡ ਵਿਖੇ ਵੀ ਇਹੋ ਰਵਾਇਤ ਹੈ ਕਿ ਗੁਰੂ ਜੀ ਨੇ ਜ਼ਫ਼ਰਨਾਮਾ ਅਸਲ ਵਿਚ ਦੀਨਾ ਪਿੰਡ ਵਿਖੇ ਹੀ ਰਹਿੰਦਿਆਂ ਲਿਖਿਆ ਸੀ। ਇਹ ਵਖਰੇਵਾਂ ਸਿਰਫ ਇਸੇ ਕਰਕੇ ਹੀ ਪਿਆ ਹੈ ਕਿਉਂਕਿ ਦੀਨਾ, ਕਾਂਗੜ ਅਤੇ ਦਿਆਲਪੁਰਾ ਭਾਈ ਕਾ ਦੇ ਇਹ ਅਸਥਾਨ ਇਕ ਦੂਜੇ ਦੇ ਬਿਲਕੁਲ ਨੇੜੇ ਨੇੜੇ ਹੀ ਹਨ। ਗੁਰੂ ਸਾਹਿਬ ਨੇ ਦੀਨਾ-ਕਾਂਗੜ ਵਿਖੇ ਤਕਰੀਬਨ ਢਾਈ ਤਿੰਨ ਮਹੀਨਿਆਂ ਤੱਕ ਆਪਣੀ ਰਿਹਾਇਸ਼ ਰਖੀ ਸੀ। ਇਸ ਲਈ ਇਸ ਲੰਮੇ ਸਮੇਂ ਦੌਰਾਨ ਗੁਰੂ ਜੀ ਆਲੇ ਦੁਆਲੇ ਦੇ ਇਲਾਕੇ ਵਿਚ ਚਲੇ ਜਾਇਆ ਕਰਦੇ ਸਨ। ਥਾਵਾਂ ਦਾ ਵਖਰੇਵਾਂ ਅਸਲ ਵਿਚ ਪਿਛੋਂ ਦੇ ਸਮੇਂ ਦੀ ਪੈਦਾਇਸ਼ ਹੈ। ਅਸਲੀਅਤ ਇਹ ਹੈ ਕਿ ਗੁਰੂ ਜੀ ਨੇ ਜ਼ਫ਼ਰਨਾਮਾ ਦੀਨਾ ਪਿੰਡ ਵਿਚ ਰਹਿਣ ਸਮੇਂ ਹੀ ਲਿਖਿਆ ਸੀ। ਪਰ ਕਿਥੇ ਬੈਠ ਕ ਲਿਖਿਆ ਸੀ ਜਾਂ ਕਿਥੇ ਬੈਠ ਕੇ ਨਹੀਂ ਲਿਖਿਆ ਸੀ ? ਇਸ ਦਾ ਫੈਸਲਾ ਕਰਨਾ ਬਹੁਤ ਕਠਨ ਹੈ।

ਦਿਆਲਪੁਰਾ ਭਾਈ ਕਾ ਪਿੰਡ ਭਾਈ ਰੂਪੇ ਦੇ ਪੋਤਰੇ ਭਾਈ ਦਿਆਲ ਸਿੰਘ ਨੇ ਆਪਣੇ ਨਾਂ ਉਤੇ ਵਸਾਇਆ ਸੀ। ਗਿਆਨੀ ਗਿਆਨ ਸਿੰਘ[1] ਨੇ ਦਿਆਲਪੁਰਾ ਭਾਈ ਕਾ ਪਿੰਡ ਵਸਾਏ ਜਾਣ ਬਾਰੇ ਇਉਂ ਜਾਣਕਾਰੀ ਦਿੱਤੀ ਹੈ: ਭਾਈ ਰੂਪੇ ਦਾ ਪੁਤਰ ਭਾਈ ਧਰਮ ਸਿੰਘ ਸੀ। ਭਾਈ ਧਰਮ ਸਿੰਘ ਨੇ ਆਪਣੇ ਅੰਤਲੇ ਸਮੇਂ ਭਾਈ ਦਿਆਲ ਸਿੰਘ ਨੂੰ ਉੱਤਰ ਅਧਿਕਾਰੀ ਥਾਪਦੇ ਹੋਏ ਨਸੀਹਤ ਕੀਤੀ ਸੀ ਕਿ ਉਹ ਉਸ ਦੇ (ਭਾਈ ਧਰਮ ਸਿੰਘ) ਚਲਾਣੇ ਦੇ ਪਿਛੋਂ ਪਿੰਡ ਭਾਈ ਰੂਪਾ ਵਿਖੇ ਨਾ ਰਹੇ ਸਗੋਂ ਕਿਸੇ ਹੋਰ ਥਾਂ ਜਾ ਕੇ ਨਵਾਂ ਪਿੰਡ ਵਸਾਕੇ ਰਹਿਣ ਲਗੇ। ਨਵੇਂ ਥਾਂ ਦੀ ਤਲਾਸ਼ ਬਾਰੇ ਕਿਹਾ ਕਿ ਜਦੋਂ ਉਹ ਆਪਣਾ ਮਾਲ ਅਸਬਾਬ ਗੱਡੇ ਉਤੇ ਲੱਦ ਕੇ ਚਲੇਗਾ ਤਾਂ ਜਿਥੋਂ ਤੱਕ ਗੱਡੇ ਦੀ ਧੁਰ ਨਹੀਂ ਟੁਟੇਗੀ ਉਥੇ ਤੱਕ ਉਹ ਚਲਦਾ ਹੀ ਜਾਵੇ। ਜਿਥੇ ਵੀ ਗੱਡੇ ਦੀ ਧੁਰ ਟੁਟ ਜਾਵੇ ਉਹ ਉਥੇ ਹੀ ਠਹਿਰ ਕੇ ਆਪਣਾ ਵਸੇਬਾ ਕਰ ਲਵੇ। ਇਸ ਤਰ੍ਹਾਂ ਭਾਈ ਦਿਆਲ ਸਿੰਘ ਗੱਡੇ ਉੱਤੇ ਸਮਾਨ ਰਖਕੇ ਤੁਰਦਾ ਗਿਆ। ਜਦੋਂ ਗੱਡਾ ਚਲਦਾ ਚਲਦਾ ਕਾਂਗੜ ਪਿੰਡ ਤੋਂ ਕੁਝ ਮੀਲ ਦੀ ਵਿੱਥ ਉਤੇ ਗਿਆ ਤਾਂ ਗੱਡੇ ਦੀ ਧੁਰ ਟੁਟ ਗਈ। ਇਸ ਉਤੇ ਭਾਈ ਦਿਆਲ ਸਿੰਘ ਆਪਣੇ ਪਿਤਾ ਦੇ ਦਿੱਤੇ ਬਚਨਾਂ ਉਤੇ ਭਰੋਸਾ ਕਰਦਾ ਹੋਇਆ ਉਥੇ ਹੀ ਠਹਿਰ ਗਿਆ। ਜਦੋਂ ਧੁਰ ਦੇ ਠੀਕ ਕਰਵਾਉਣ ਲਈ ਭਾਈ ਦਿਆਲ ਸਿੰਘ ਕਾਂਗੜ ਪਿੰਡ ਵੱਲ ਜਾਣ ਲਗਿਆ ਤਾਂ ਰਸਤੇ ਵਿਚ ਇਕ ਬਖਤੌਰ ਨਾਮੀ ਵਿਅਕਤੀ ਮਿਲਿਆ। ਉਸ ਦੇ ਪੁਛਣ ਉਤੇ ਭਾਈ ਦਿਆਲ ਸਿੰਘ ਨੇ ਸਾਰੀ ਗੱਲ ਸਮਝਾਈ। ਭਾਈ ਬਖਤੌਰ ਨੇ ਕਿਹਾ ਕਿ ਹੁਣ ਉਸ ਨੂੰ ਧੁਰ ਨੂੰ ਠੀਕ ਕਰਾਉਣ ਜਾਣ ਦੀ ਕੀ ਲੋੜ ਹੈ—ਉਸ ਦੇ ਪਿਤਾ ਦੇ ਦਿੱਤੇ ਬਚਨ ਯਾਦ ਕਰੇ। ਇਹ ਸੁਣ ਕੇ ਭਾਈ ਦਿਆਲ ਸਿੰਘ ਨੇ ਉਥੇ ਹੀ ਡੇਰਾ ਲਾ ਲਿਆ ਅਤੇ ਨਵਾਂ ਪਿੰਡ ਵਸਾ ਲਿਆ। ਭਾਈ ਦਿਆਲ ਸਿੰਘ ਦਾ ਪੁੱਤਰ ਭਾਈ ਗੋਦੜੀਆ ਸੀ। ਭਾਈ ਗੋਦੜੀਆ ਆਪਣੇ ਪਿਤਾ ਦੀ ਮੌਤ ਪਿਛੋਂ ਇਸ ਗੱਦੀ ਦਾ ਵਾਰਸ ਬਣਿਆ। ਇਹ ਬੜਾ ਦਾਨੀ ਆਦਮੀ ਸੀ। ਦਿਨ ਰਾਤ ਇਸ ਦਾ ਲੰਗਰ ਗਰੀਬ-ਗੁਰਬੇ ਲਈ ਖੁਲਾ

---

1. ਇਤਿਹਾਸ ਰਿਆਸਤ ਬਾਗੜੀਆਂ, ਪੰਨੇ 99-102

ਰਹਿੰਦਾ ਸੀ। ਇਸ ਲੰਗਰ ਤੋਂ ਖੁਸ਼ ਹੋ ਕੇ ਇਕ ਸਥਾਨਕ ਹਾਕਮ ਨੇ ਪਿੰਡ ਬਾਗੜੀਆਂ ਦੀ ਸਾਰੀ ਆਮਦਨ ਇਸ ਲੰਗਰ ਦੇ ਨਾਂ ਲੁਆ ਦਿੱਤੀ ਸੀ। ਇਸ ਕਰਕੇ ਭਾਈ ਗੋਦੜੀਆ ਦਿਆਲਪੁਰਾ ਭਾਈ ਕਾ ਤੋਂ ਆ ਕੇ ਬਾਗੜੀਆਂ ਵਿਖੇ ਰਹਿਣ ਲਗ ਪਿਆ। ਇਥੋਂ ਹੀ ਬਾਗੜੀਆਂ ਦਾ ਖਾਨਦਾਨ ਸ਼ੁਰੂ ਹੁੰਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਇਉਂ ਲਿਖਿਆ ਹੈ : "ਦਯਾਲਪੁਰਾ ਰਾਜ ਨਾਭਾ ਨਜ਼ਾਮਤ ਫੂਲ ਵਿਚ ਭਾਈ ਰੂਪ ਚੰਦ ਦੀ ਵੰਸ਼ ਦੇ ਭੂਸ਼ਣ ਬਾਬਾ ਦਯਾਲ ਸਿੰਘ ਦਾ ਵਸਾਇਆ ਪਿੰਡ। ਜਿਸ ਸਮੇਂ ਇੱਥੇ ਦਸ਼ਮੇਸ਼ ਨੇ ਚਰਣ ਪਾਏ ਹਨ, ਉਸ ਵੇਲੇ ਇਹ ਜ਼ਮੀਨ ਕਾਂਗੜ ਗ੍ਰਾਮ ਨਾਲ ਸ਼ਾਮਿਲ ਸੀ ਅਤੇ ਦਿਯਾਲਪੁਰਾ ਪਿਛੋਂ ਆਬਾਦ ਹੋਇਆ ਹੈ। ਇਹ ਜ਼ਮੀਨ ਰਾਯਜੋਧ ਅਤੇ ਉਸ ਦੀ ਔਲਾਦ ਦੇ ਕਬਜ਼ੇ ਵਿਚ ਰਹੀ ਜਿਨ੍ਹਾਂ ਨੇ ਛੇਵੇਂ ਸਤਿਗੁਰੂ ਅਤੇ ਦਸ਼ਮੇਸ ਦੀ ਤਨ, ਮਨ ਤੋਂ ਸੇਵਾ ਕੀਤੀ। ਇੱਥੇ ਦੋ ਗੁਰਦੁਆਰੇ ਹਨ—ਇੱਕ ਉਹ ਅਸਥਾਨ ਜਿਥੇ ਬੈਠ ਕੇ ਕਲਗੀਧਰ ਨੇ ਔਰੰਗਜ਼ੇਬ ਨੂੰ ਜ਼ਫ਼ਰਨਾਮਹ ਲਿਖਿਆ ਹੈ। ਹੁਣ ਸੰਤ ਮਨੀ ਸਿੰਘ ਨੇ ਬਹੁਤ ਸੁੰਦਰ ਦਰਬਾਰ ਬਣਾ ਕੇ ਨਾਮ 'ਜ਼ਫ਼ਰਨਾਮਹ ਸਾਹਿਬ' ਰੱਖਿਆ ਹੈ। ਰਿਆਸਤ ਨਾਭਾ ਵੱਲੋਂ ਇਸ ਗੁਰਦੁਆਰੇ ਨੂੰ 70 ਘੁਮਾਉਂ ਜ਼ਮੀਨ ਮੁਆਫ ਹੈ।"[1]

ਅੱਜ ਕਲ੍ਹ ਬਾਬਾ ਗੁਰਬਖਸ਼ ਜੀ ਇਸ ਅਸਥਾਨ ਦੀ ਸੇਵਾ ਸੰਭਾਲ ਕਰਵਾ ਰਹੇ ਹਨ। ਇਨ੍ਹਾਂ ਦੀ ਉਮਰ 75 ਸਾਲ ਦੇ ਕਰੀਬ ਹੈ। ਇਨ੍ਹਾਂ ਦੇ ਦਸਣ ਮੁਤਾਬਕ ਇਥੇ ਪਹਿਲਾਂ ਪਹਿਲਾਂ ਇਕ ਪੱਕਾ ਥੜ੍ਹਾ ਜਿਹਾ ਹੀ ਹੁੰਦਾ ਸੀ। ਪਿਛੋਂ ਸ੍ਰੀ ਹਜ਼ੂਰ ਸਾਹਿਬ ਤੋਂ ਦੋ ਨਿਹੰਗ ਸਿੰਘ ਆਏ। ਉਨ੍ਹਾਂ ਨੇ ਇਥੇ ਗੁਰਦੁਆਰਾ ਬਣਾਉਣਾ ਸ਼ੁਰੂ ਕਰਵਾ ਦਿੱਤਾ ਪਰ ਪੂਰਾ ਨਾ ਹੋ ਸਕਿਆ। ਉਨ੍ਹਾਂ ਨੇ ਕਿਹਾ ਕਿ ਇਥੇ ਗੁਰਦੁਆਰਾ ਬਣਾਉਣਾ ਉਨ੍ਹਾਂ ਦੀ ਸਮਰਥਾ ਤੋਂ ਬਾਹਰ ਹੈ। ਇਹ ਕੰਮ ਤਾਂ ਕੋਈ ਬਲੀ ਆਦਮੀ ਹੀ ਸ਼ੁਰੂ ਕਰੇਗਾ। ਪਿਛੋਂ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਇਥੇ ਆਏ। ਉਨ੍ਹਾਂ ਨੇ ਇਕ ਮਨੀ ਸਿੰਘ ਨਾਮੀ ਵਿਅਕਤੀ ਨੂੰ ਇਸ ਅਸਥਾਨ ਦਾ ਸੇਵਾਦਾਰ ਨਿਯੁਕਤ ਕੀਤਾ। ਇਹ ਮਨੀ ਸਿੰਘ ਪਿੰਡ ਕਿਸ਼ਨਗੜ ਦੇ ਵਸਨੀਕ ਸਨ। ਗੁਰਦੁਆਰੇ ਦੀ ਉਸਾਰੀ ਲਈ ਮਿੱਟੀ ਵਿਚੋਂ ਰੋੜ ਕਢਣੇ ਸ਼ੁਰੂ ਕੀਤੇ ਗਏ। ਇਨ੍ਹਾਂ ਰੋੜਾਂ ਨੂੰ ਅੱਗ ਵਿਚ ਭੁੰਨਿਆ ਗਿਆ ਅਤੇ ਫਿਰ ਪੀਸਿਆ ਗਿਆ। ਇਸ ਤਰ੍ਹਾਂ ਰੋੜਾਂ ਤੋਂ ਚੂਨਾ ਤਿਆਰ ਕੀਤਾ ਗਿਆ। ਇਸ ਚੂਨੇ ਨਾਲ ਗੁਰਦੁਆਰੇ ਦੀ ਉਸਾਰੀ ਕੀਤੀ ਗਈ। ਇਸ ਸਾਰੀ ਉਸਾਰੀ ਵਿਚ ਕਰਨਲ ਬਖ਼ਤਾਵਰ ਸਿੰਘ ਦੀ ਧਰਮ ਪਤਨੀ ਬੀਬੀ ਤੇਜਵੰਤ ਕੌਰ ਜੀ ਦਾ ਬਹੁਤ ਯੋਗਦਾਨ ਹੈ। ਇਸ ਬਾਰੇ ਗੁਰਦੁਆਰੇ ਦੀ ਇਮਾਰਤ ਵਿਚ ਲਗੇ ਇਕ ਪੱਥਰ ਉਪਰ ਇਸ ਸੰਬੰਧੀ ਜਾਣਕਾਰੀ ਲਿਖੀ ਹੋਈ ਹੈ।

## ਪੱਕਾ ਕਲਾਂ

ਪਿੰਡ ਪੱਕਾ ਕਲਾਂ ਜੱਸੀ ਬੱਗਵਾਲੀ ਦੇ ਦੱਖਣ-ਪੂਰਬ ਵੱਲ ਥੋੜੀ ਦੂਰੀ ਉਤੇ ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਨੂੰ ਆਉਂਦੇ ਹੋਏ ਇਥੇ ਕੁਝ ਸਮਾਂ ਠਹਿਰੇ ਸਨ। ਜਿਸ ਥਾਂ ਉਤੇ ਗੁਰੂ ਸਾਹਿਬ ਠਹਿਰੇ ਸਨ ਉਥੇ ਘੋੜਿਆਂ ਨੂੰ ਬੰਨ੍ਹਣ ਵਾਲੇ ਕਿੱਲੇ ਸਿੱਖ ਸੰਗਤਾਂ ਨੇ ਸੰਭਾਲ ਕੇ ਰੱਖ ਲਏ ਸਨ। ਪਿਛੋਂ ਹੌਲੀ ਹੌਲੀ ਸਮਾਂ ਪਾ ਕੇ ਇਥੇ ਜੰਡ ਦੇ ਦਰੱਖਤ ਹਰੇ ਹੋ ਗਏ। ਪਿੰਡ ਦੇ ਲੋਕ ਇਹ ਦਸਦੇ ਹਨ ਕਿ ਇਹ ਜੰਡ ਦੇ ਦਰੱਖਤ ਉਨ੍ਹਾਂ ਕਿੱਲਿਆਂ ਤੋਂ ਹੀ ਹਰੇ ਹੋਏ ਹਨ ਜਿਨ੍ਹਾਂ ਨਾਲ ਘੋੜੇ ਬੰਨ੍ਹੇ ਹੋਏ ਸਨ। ਸਾਖੀ ਪੋਥੀ ਵਿਚ ਇਉਂ ਲਿਖਿਆ ਹੈ :

1. ਮਹਾਨ ਕੋਸ਼, ਪੰਨਾ 466

"ਅੱਗੇ ਡੇਰਾ ਕੂਚ ਕਰਕੇ ਗੁਰੂ ਜੀ ਪੱਕੇ ਡੇਰਾ ਕੀਤਾ। ਜੰਡ ਕੇ ਕੀਲੇ ਕੀਤੇ, ਜੰਡ ਹਰੇ ਹੋਏ। ਘੋੜਾ ਗੁਰੂ ਕਾ ਬੰਧਿਆ ਸੀ। ਹੁਣ ਤੀਕੁ ਉਥੇ ਮਥਾ ਟੇਕੀਂਦਾ ਹੈ।"[1]

## ਬਠਿੰਡਾ

ਬਠਿੰਡਾ ਪੰਜਾਬ ਦਾ ਇਕ ਜ਼ਿਲ੍ਹਾ ਕੇਂਦਰ ਹੈ ਜਿਹੜਾ ਉੱਤਰੀ ਰੇਲਵੇ ਦਾ ਮੁੱਖ ਜੰਕਸ਼ਨ ਵੀ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਤੋਂ ਆਲੇ ਦੁਆਲੇ ਦੇ ਪਿੰਡਾਂ ਦਾ ਦੌਰਾ ਕਰਨ ਸਮੇਂ ਆਏ ਸਨ।

ਬਠਿੰਡੇ ਦਾ ਅਸਲ ਨਾਂ ਭਟਿੰਡਾ ਹੈ ਜਿਹੜਾ ਭਟੀਆਂ ਦੇ ਕਿਲ੍ਹੇ ਦਾ ਸੰਖੇਪ ਰੂਪ ਹੈ। ਇਸ ਸ਼ਹਿਰ ਨੂੰ ਕਿਸੇ ਭਟੀਰਾਓ ਰਾਜਪੂਤ ਨੇ ਆਬਾਦ ਕੀਤਾ ਸੀ। ਪਿੱਛੋਂ ਕਿਸੇ ਸਮੇਂ ਰਾਜਾ ਬਿਨੈਪਾਲ ਨੇ ਇਥੇ ਇਕ ਕਿਲ੍ਹੇ ਦੀ ਉਸਾਰੀ ਕਰਵਾਈ। ਇਹ ਕਿਲ੍ਹਾ 118 ਫੁੱਟ ਉੱਚਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਰਾਜਾ ਜੈਪਾਲ ਦੀ ਇਥੇ ਰਾਜਧਾਨੀ ਹੋਇਆ ਕਰਦੀ ਸੀ। ਪਿੱਛੋਂ ਇਹ ਕਿਲ੍ਹਾ ਵੱਖ ਵੱਖ ਬਾਦਸ਼ਾਹਤਾਂ ਨੂੰ ਦੇਖਦਾ ਹੋਇਆ ਸੰਨ 1771 ਈਸਵੀ ਵਿਚ ਰਾਜਾ ਅਮਰ ਸਿੰਘ ਪਟਿਆਲਾ ਦੇ ਕਬਜ਼ੇ ਵਿਚ ਆ ਗਿਆ ਸੀ। ਮਹਾਰਾਜਾ ਕਰਮ ਸਿੰਘ ਨੇ ਇਸ ਕਿਲ੍ਹੇ ਦਾ ਨਾਂ 'ਗੋਬਿੰਦਗੜ੍ਹ' ਰਖ ਦਿੱਤਾ ਸੀ।[2]

ਜਿਸ ਸਮੇਂ ਗੁਰੂ ਸਾਹਿਬ ਬਠਿੰਡਾ ਵਿਖੇ ਆਏ ਸਨ ਉਸ ਸਮੇਂ ਇਥੋਂ ਦਾ ਕਿਲ੍ਹਾ ਬਿਲਕੁਲ ਖਾਲੀ ਅਤੇ ਸੁੰਨਾ ਪਿਆ ਸੀ। ਕਾਫੀ ਲੰਮੇਂ ਅਰਸੇ ਤੋਂ ਇਸ ਤਰ੍ਹਾਂ ਸੁੰਨਾ ਪਿਆ ਰਹਿਣ ਕਰਕੇ ਆਮ ਲੋਕ ਇਸ ਦੇ ਅੰਦਰ ਜਾਣ ਤੋਂ ਡਰਦੇ ਸਨ। ਇਸ ਡਰ ਵਿਚੋਂ ਇਹ ਵਿਸ਼ਵਾਸ ਪੈਦਾ ਹੋ ਗਿਆ ਸੀ ਕਿ ਕਿਲ੍ਹੇ ਦੇ ਅੰਦਰ ਦਿਓ ਜਾਂ ਭੂਤ ਰਹਿੰਦਾ ਹੈ। ਜਦੋਂ ਗੁਰੂ ਜੀ ਨੇ ਬਠਿੰਡੇ ਪਹੁੰਚ ਕੇ ਕਿਲ੍ਹੇ ਅੰਦਰ ਜਾਣ ਦੀ ਤਿਆਰੀ ਕੀਤੀ ਤਾਂ ਸਥਾਨਕ ਲੋਕਾਂ ਨੇ ਕਿਹਾ ਕਿ ਅੰਦਰ ਤਾਂ ਦਿਓ ਹੈ ਜੋ ਆਦਮੀਆਂ ਨੂੰ ਮਾਰ ਕੇ ਖਾ ਜਾਂਦਾ ਹੈ। ਗੁਰੂ ਜੀ ਨੇ ਕਿਹਾ ਕਿ ਉਹ ਦਿਓ ਨੂੰ ਬਾਹਰ ਕੱਢ ਦੇਣਗੇ। ਲੋਕਾਂ ਵਿਚੋਂ ਦਿਓ ਕੱਢਣ ਲਈ ਗੁਰੂ ਜੀ ਨੇ ਡਰਾਮਾਈ ਢੰਗ ਨਾਲ ਕਿਹਾ ਕਿ ਉਸ ਨੂੰ ਬਾਹਰ ਜਾਣ ਲਈ ਕਹਿ ਦਿੱਤਾ ਹੈ ਅਤੇ ਅੱਗੇ ਤੋਂ ਉਹ ਇਥੇ ਨਹੀਂ ਆਵੇਗਾ। ਗੁਰੂ ਜੀ ਦੇ ਇਥੇ ਰਹਿਣ ਨਾਲ ਲੋਕਾਂ ਵਿਚ ਇਹ ਵਿਸ਼ਵਾਸ ਬੱਝ ਗਿਆ ਕਿ ਦਿਓ ਵਾਕਿਆ ਹੀ ਇਥੋਂ ਨਿਕਲ ਗਿਆ ਹੈ।

ਗੁਰੂ ਜੀ ਦੇ ਕਿਲ੍ਹੇ ਵਿਚ ਰਹਿਣ ਦੀ ਯਾਦ ਵਜੋਂ ਕਿਲ੍ਹੇ ਦੀ ਇਕ ਨੁੱਕਰ ਵਿਚ ਇਕ ਗੁਰਦੁਆਰਾ ਬਣਿਆ ਹੈ। ਇਕ ਗੁਰਦੁਆਰਾ 'ਹਾਜੀ ਰਤਨ' ਦੇ ਨਾਂ ਦਾ ਸ਼ਹਿਰ ਦੇ ਬਾਹਰਵਾਰ ਬਣਿਆ ਹੈ। ਅੰਦਰਲੇ ਗੁਰਦੁਆਰੇ ਦੇ ਨਾਂ ਰਿਆਸਤ ਪਟਿਆਲਾ ਵੱਲੋਂ ਪੰਜਾਹ ਘੁਮਾਂ ਜ਼ਮੀਨ ਅਤੇ ਬਾਹਰਲੇ ਗੁਰਦੁਆਰੇ ਦੇ ਨਾਂ ਪੱਚੀ ਘੁੱਮਾਂ ਜ਼ਮੀਨ ਲਗਵਾਈ ਹੋਈ ਸੀ।[3]

---

1. ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨਾ 78
2. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 677
3. ਉਕਤ, ਪੰਨਾ ਉਹੀ

## ਬਾਜਕ

ਇਥੇ ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਤੋਂ ਤਲਵੰਡੀ ਸਾਬੋ ਨੂੰ ਜਾਂਦੇ ਹੋਏ ਕੁਝ ਸਮਾਂ ਠਹਿਰੇ ਸਨ। ਸਥਾਨਕ ਰਵਾਇਤ ਅਨੁਸਾਰ ਇਸ ਪਿੰਡ ਦੇ ਲੋਕਾਂ ਨੇ ਗੁਰੂ ਜੀ ਅਤੇ ਉਨ੍ਹਾਂ ਦੇ ਖਾਲਸੇ ਦੀ ਦੁੱਧ ਛਕਾ ਕੇ ਸੇਵਾ ਕੀਤੀ ਸੀ।

ਪੰਡਿਤ ਤਾਰਾ ਸਿੰਘ ਨਰੋਤਮ ਨੇ ਇਸ ਬਾਰੇ ਇਉਂ ਲਿਖਿਆ ਹੈ : "ਇਸ ਗ੍ਰਾਮ ਮੇਂ ਸੁੱਖੂ ਬੁੱਧੂ ਦਿਵਾਨੇ ਸਾਧੋਂ ਸੇ ਗੁਰੂ ਜੀ ਨੇ ਪਹਲੇ ਕੱਚਾ ਕੋਠਾ ਵਿਚ ਵਸਦਾ ਜਾਨੀ। ਸਦਾ ਨ ਮਾਪੇ ਨਿਤ ਨਹੀਂ ਜੁਆਨੀ ਐਸੇ ਜੰਗਲ ਦੇ ਦੇਸੀ ਗੀਤ ਸੁਨੇ। ਪੀਛੇ ਉਨਕੇ ਕਹਨੇ ਸੇ ਮਾਛੀਵਾੜੇ ਵਾਲਾ ਵੇਸ ਕੀਆ। ਦੋ ਸਿੱਖੋਂ ਨੇ ਅਰ ਸੁੱਖੂ ਬੱਧੂ ਨੇ ਸਵਾਰੀ ਕਾ ਪਲੰਘ ਉਠਾਇ ਜੱਸੀ ਪਹੁੰਚਾਏ। . ਤਬ ਸੁੱਖੂ ਬੱਧੂ ਹੁਇ ਖਰੇ। ਇਮ ਅਰਦਾਸ ਜੋਰ ਕਰ ਕਰੇ ਹਮ ਪਰ ਪ੍ਰਭ ਕੀਜੇ ਅਸਵਾਰੀ। ਜਿਮ ਕੀਨੀ ਮਗ ਚਲਤ ਅਗਾਰੀ।"[1]

ਦੌਰਿਆਂ ਦੀ ਸਾਖੀ ਪੋਥੀ[2] ਵਿਚ ਲਿਖਿਆ ਹੈ ਕਿ ਸੁੱਖੂ ਅਤੇ ਬੱਧੂ ਦੋ ਫ਼ਕੀਰਾਂ ਨੇ ਗੁਰੂ ਜੀ ਨੂੰ ਪਲੰਘ ਉਪਰ ਬਿਠਾ ਕੇ ਕਾਫੀ ਦੂਰ ਚੁੱਕ ਕ ਲਿਜਾਇਆ। ਜਿਸ ਤੋਂ ਖੁਸ਼ ਹੋ ਕੇ ਗੁਰੂ ਜੀ ਨੇ ਇਕ ਚਾਰ ਕੋਨਿਆਂ ਵਾਲਾ ਰੁਪਿਆ ਦਿੱਤਾ ਅਤੇ ਕਿਹਾ ਜਾਂਦਾ ਹੈ ਕਿ ਇਹ ਇਨ੍ਹਾਂ ਫ਼ਕੀਰਾਂ ਦੀ ਚਲਦੀ ਪੀੜ੍ਹੀ ਵਿਚ ਵਰਤਮਾਨ ਚੇਲਿਆਂ ਪਾਸ ਸੁਰੱਖਿਅਤ ਹੈ।

## ਬੁਰਜਮਾਨਾ

ਬਰਜਮਾਨਾ ਬਠਿੰਡਾ ਜ਼ਿਲੇ ਦਾ ਇਕ ਪਿੰਡ ਹੈ ਜਿਹੜਾ ਗੁਰੂ ਗੋਬਿੰਦ ਸਿੰਘ ,ਮਾਰਗ ਉਪਰ ਸਥਿਤ ਪਿੰਡ ਜਲਾਲ ਤੋਂ ਕੁਝ ਕੁ ਕਿਲੋਮੀਟਰ ਦੀ ਵਿੱਥ ਉਤੇ ਸਥਿਤ ਹੈ। ਅੱਜ ਕਲ੍ਹ ਇਸ ਪਿੰਡ ਨੂੰ ਰਾਜਗੜ੍ਹ ਵੀ ਆਖਿਆ ਜਾਂਦਾ ਹੈ।

ਸਥਾਨਕ ਰਵਾਇਤ ਅਨੁਸਾਰ ਇਥੇ ਗੁਰੂ ਗੋਬਿੰਦ ਸਿੰਘ ਜੀ ਦੀਨਾ ਕਾਂਗੜ ਰਹਿਣ ਸਮੇਂ ਸ਼ਿਕਾਰ ਖੇਡਣ ਆਇਆ ਕਰਦੇ ਸਨ। ਇਥੇ ਹੀ ਨੇੜੇ ਇਕ ਹੋਰ ਅਸਥਾਨ ਹੈ ਜਿਸ ਨੂੰ ਜੰਡਸਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਇਹ ਅਸਥਾਨ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਹੀ ਸਥਾਪਤ ਕੀਤਾ ਗਿਆ ਹੈ।

1. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 153
2. ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨੇ 75-76

## ਬੰਗੀਆਂ

ਪਿੰਡ ਬੰਗੀਆਂ ਤਲਵੰਡੀ ਸਾਬੋ ਤੋਂ ਲਗਭਗ ਬਾਰਾਂ ਕਿਲੋਮੀਟਰ ਦੀ ਵਿੱਥ ਉਤੇ ਹੈ । ਜਿਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਵੱਲੋਂ ਆਉਂਦੇ ਹੋਏ ਪਿੰਡ ਪੱਕਾ ਕਲਾਂ ਵਿਖੇ ਠਹਿਰੇ ਹੋਏ ਸਨ ਤਾਂ ਤਲਵੰਡੀ ਸਾਬੋ ਦੇ ਚੌਧਰੀ ਭਾਈ ਡੱਲੇ ਨੂੰ ਗੁਰੂ ਜੀ ਦੇ ਆਉਣ ਦਾ ਪਤਾ ਲਗਿਆ । ਭਾਈ ਡੱਲਾ ਗੁਰੂ ਜੀ ਨੂੰ ਜੀਓ-ਆਇਆਂ ਕਹਿਣ ਲਈ ਪਿੰਡ ਬੰਗੀਆਂ ਤੱਕ ਚਲ ਕੇ ਗਿਆ । ਬੰਗੀਆਂ ਭਾਈ ਡੱਲੇ ਦੀ ਚੌਧਰਤਾ ਵਾਲੇ ਇਲਾਕੇ ਦਾ ਆਖਰੀ ਪਿੰਡ ਸੀ । ਇਸ ਪਰਕਾਰ ਜਦੋਂ ਗੁਰੂ ਜੀ ਪਿੰਡ ਪੱਕਾ ਕਲਾਂ ਤੋਂ ਤਲਵੰਡੀ ਸਾਬੋ ਵੱਲ ਚਲ ਪਏ ਤਾਂ ਬੰਗੀਆਂ ਵਿਖੇ ਪਹੁੰਚਣ ਉਤੇ ਭਾਈ ਡੱਲੇ ਅਤੇ ਉਸ ਦੇ ਹੋਰ ਭਾਈਚਾਰੇ ਨੇ ਗੁਰੂ ਜੀ ਨੂੰ ਅਗੋਂ ਜੀਓ ਆਇਆਂ ਕਿਹਾ ਅਤੇ ਉਨ੍ਹਾਂ ਨੂੰ ਤਲਵੰਡੀ ਸਾਬੋ ਵਿਖੇ ਲੈ ਆਏ ।

ਇਥੇ ਇਕ ਬਹੁਤ ਪੁਰਾਣਾ ਪਿਪਲ ਦਾ ਦਰੱਖਤ ਹੈ । ਕਿਹਾ ਜਾਂਦਾ ਹੈ ਕਿ ਭਾਈ ਡੱਲਾ ਗੁਰੂ ਜੀ ਨੂੰ ਇਸ ਪਿਪਲ ਹੇਠਾਂ ਮਿਲਿਆ ਸੀ । ਪਰ ਇਥੇ ਕੋਈ ਇਤਿਹਾਸਕ ਗੁਰਦੁਆਰਾ ਨਹੀਂ ਹੈ ।

## ਭਗਤਾ ਭਾਈ ਕਾ

ਭਗਤਾ ਭਾਈ ਕਾ, ਭਦੌੜ-ਬਾਜਖਾਨਾ ਸੜਕ ਉਪਰ ਭਦੌੜ ਤੋਂ ਕੋਈ ਬਾਈ ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ । ਇਸ ਪਿੰਡ ਵਿਖੇ ਗੁਰੂ ਗੋਬਿੰਦ ਸਿੰਘ ਜੀ ਕੋਟਕਪੂਰੇ ਵੱਲ ਨੂੰ ਜਾਂਦੇ ਹੋਏ ਠਹਿਰੇ ਸਨ । ਇਨ੍ਹਾਂ ਤੋਂ ਪਹਿਲਾਂ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੀ ਆਉਣ ਦੀ ਰਵਾਇਤ ਮਿਲਦੀ ਹੈ ।

ਭਾਈ ਭਗਤਾ, ਭਾਈ ਬਹਿਲੋ ਦਾ ਪੋਤਰਾ ਸੀ ਜੋ ਸਿੱਧੂ ਖਾਨਦਾਨ ਵਿਚੋਂ ਸੀ । ਭਾਈ ਬਹਿਲੋ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਹੀ ਮਾਲਵੇ ਦਾ ਮੁੱਖੀ ਪ੍ਰਚਾਰਕ ਸਿੱਖ ਰਿਹਾ ਸੀ । ਗੁਰੂ ਅਰਜਨ ਦੇਵ ਜੀ ਵਲੋਂ ਹੀ ਭਾਈ ਬਹਿਲੋ ਨੂੰ 'ਭਾਈ' ਦਾ ਵਿਸ਼ੇਸ਼ਣ ਦੇਣ ਨਾਲ ਇਸ ਖਾਨ ਦਾਨ ਨਾਲ 'ਭਾਈ' ਦਾ ਸ਼ਬਦ ਜੁੜਿਆ ਹੈ । ਭਾਈ ਬਹਿਲੋ ਨੇ ਇਥੇ ਇਕ ਖੂਹ ਲਗਵਾਇਆ । ਉਨ੍ਹਾਂ ਸਮਿਆਂ ਵਿਚ ਬਠਿੰਡੇ ਦੀ ਧਰਤੀ ਉਪਰ ਖੂਹ ਲਗਵਾਉਣਾ ਇਕ ਮਹਾਨ ਕੰਮ ਸਮਝਿਆ ਜਾਂਦਾ ਸੀ । ਭਾਈ ਬਹਿਲੋ ਨੇ ਸਿੱਖ ਸੰਗਤਾਂ ਨੂੰ ਇਕੱਠਿਆਂ ਕਰ ਕੇ ਇਥੇ ਖੂਹ ਲਗਵਾਇਆ ਜਿਸ ਬਾਰੇ ਇਲਾਕੇ ਦੇ ਲੋਕਾਂ ਵਿਚ ਖੂਹ ਦੇ ਛੇਤੀ ਲਗ ਜਾਣ ਬਾਰ ਹੈਰਾਨੀ ਹੋਈ । ਇਸ ਹੈਰਾਨੀ ਵਿਚੋਂ ਹੀ ਲੋਕਾਂ ਵਿਚ ਇਹ ਵਿਸ਼ਵਾਸ਼ ਪੱਕਾ ਹੋ ਗਿਆ ਕਿ ਖੂਹ ਲਗਾਉਣ ਵਿਚ ਭਾਈ ਬਹਿਲੋ ਦੀ ਕਿਸੇ ਅਗੰਮੀ ਸ਼ਕਤੀ ਨੇ ਮਦਦ ਕੀਤੀ ਹੈ । ਇਸ ਅਗੰਮੀ ਸ਼ਕਤੀ ਨੂੰ ਅੱਜ ਕਲ੍ਹ ਭੂਤਾਂ ਦੀ ਸ਼ਕਤੀ ਕਿਹਾ ਜਾਂਦਾ ਹੈ । ਇਸ ਲਈ ਅੱਜ ਕਲ੍ਹ ਇਸ ਖੂਹ ਨਾਲ ਇਹ ਰਵਾਇਤ ਜੁੜੀ ਹੋਈ ਹੈ ਕਿ ਇਸ ਨੂੰ ਭੂਤਾਂ ਨੇ ਲਵਾਇਆ ਸੀ ਅਤੇ ਇਹ ਭੂਤ ਭਾਈ ਬਹਿਲੋ ਨੂੰ ਗੁਰੂ ਅਰਜਨ ਦੇਵ ਜੀ ਨੇ ਦਿੱਤੇ ਸਨ । ਪਰ ਇਹ ਇਕ ਗਲਤ ਵਿਸ਼ਵਾਸ਼ ਹੈ ਅਤੇ ਸਿੱਖ ਧਰਮ ਦੇ ਸਿਧਾਂਤਾਂ ਦੇ ਅਨੁਕੂਲ ਨਹੀਂ ਹੈ ।

ਗੁਰੂ ਗੋਬਿੰਦ ਸਿੰਘ ਜੀ ਜਦੋਂ ਇਥੇ ਆਏ ਸਨ ਤਾਂ ਉਸ ਸਮੇਂ ਭਾਈ ਬਹਿਲੋ ਦਾ ਪੋਤਰਾ ਭਾਈ ਭਗਤਾ ਇਥੇ ਸਿੱਖ ਪ੍ਰਚਾਰਕ ਸੀ। ਭਾਈ ਭਗਤਾ ਆਪਣੇ ਪੰਜ ਪੁਤਰਾਂ ਗੁਰਦਾਸ, ਤਾਰਾ, ਭਾਰਾ, ਮੋਰਾ ਅਤੇ ਬਖਤਾ ਨੂੰ ਨਾਲ ਲੈ ਕੇ ਗੁਰੂ ਜੀ ਨੂੰ ਮਿਲਣ ਲਈ ਆਇਆ। ਇਨ੍ਹਾਂ ਨੇ ਗੁਰੂ ਜੀ ਦੀ ਬਹੁਤ ਸੇਵਾ ਕੀਤੀ।

ਭਾਈ ਕਾਨ੍ਹ ਸਿੰਘ ਨਾਭਾ ਨੇ ਲਿਖਿਆ ਹੈ ਕਿ ਇਥੇ ਗੁਰੂ ਗੋਬਿੰਦ ਸਿੰਘ ਜੀ ਤਿੰਨ ਦਿਨ ਠਹਿਰੇ ਸਨ। ਉਸ ਵੇਲੇ ਭਗਤੇ ਦੇ ਪੰਜ ਪੁੱਤਰ ਸਨ ਜਿਨ੍ਹਾਂ ਨੇ ਦਸ਼ਮੇਸ਼ ਜੀ ਦੀ ਪ੍ਰੇਮਭਾਵ ਨਾਲ ਸੇਵਾ ਕੀਤੀ। ਇਥੇ ਛੇਵੇਂ ਸਤਿਗੁਰ ਜੀ ਭੀ ਪਧਾਰੇ ਸਨ। ਪਿੰਡ ਦੀ ਆਬਾਦੀ ਅੰਦਰ ਗੁਰਦੁਆਰਾ ਹੈ। ਪਾਸ ਹੀ ਭਾਈ ਭਗਤੇ ਦਾ ਲਾਇਆ ਖੂਹ ਹੈ।[1]

## ਭਾਗੀ ਵਾਂਦਰ

ਗੁਰੂ ਗੋਬਿੰਦ ਸਿੰਘ ਜੀ ਇਥੇ ਤਲਵੰਡੀ ਸਾਬੋ ਤੋਂ ਬਠਿੰਡਾ ਨੂੰ ਜਾਣ ਸਮੇਂ ਆਏ ਸਨ। ਇਥੇ ਮਾਈ ਭਾਗੀ ਰਹਿੰਦੀ ਸੀ। ਸਥਾਨਕ ਰਵਾਇਤ ਅਨੁਸਾਰ ਮਾਈ ਭਾਗੀ ਤੋਂ ਗੁਰੂ ਜੀ ਨੇ ਪਾਣੀ ਮੰਗਿਆ ਤਾਂ ਮਾਈ ਨੇ ਜਵਾਬ ਦਿੱਤਾ ਕਿ ਪਾਣੀ ਤਾਂ ਕੌੜਾ ਹੈ। ਗੁਰੂ ਜੀ ਅੱਗੇ ਚਲੇ ਗਏ। ਇਸ ਉਤੇ ਮਾਈ ਭਾਗੀ ਬਹੁਤ ਪਛਤਾਈ। ਪਿਛੋਂ ਹੋਰ ਔਰਤਾਂ ਅਤੇ ਮਰਦਾਂ ਨੂੰ ਨਾਲ ਲੈਕੇ ਮਾਈ ਭਾਗੀ ਲੱਸੀ ਪਾਣੀ ਅਤੇ ਦੁੱਧ ਆਦਿ ਲੈ ਕੇ ਗੁਰੂ ਜੀ ਦੇ ਪਿਛੇ ਗਈ ਅਤੇ ਆਪਣੀ ਗਲਤੀ ਦੀ ਮੁਆਫੀ ਮੰਗੀ।

ਸਥਾਨਕ ਰਵਾਇਤ ਹੈ ਕਿ ਅੱਜ ਤੋਂ ਲੱਗਭਗ ਚਾਲ੍ਹੀ ਸਾਲ ਪਹਿਲਾਂ ਇਥੇ ਇਕ ਝੁੱਗੀ ਸੀ। ਪਿਛੋਂ ਲੋਕਾਂ ਨੇ ਇਕ ਕੱਚਾ ਕੋਠਾ ਪਾ ਕੇ ਇਸ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ ਸੀ। ਇਥੇ ਹੀ ਇਕ ਪੁਰਾਣਾ ਖੂਹ ਹੈ ਜਿਹੜਾ ਪਿੰਡ ਦੇ ਲੋਕਾਂ ਨੇ ਪਿਛੋਂ ਪਾਣੀ ਦੀ ਸਹੂਲਤ ਲਈ ਬਣਾਇਆ ਸੀ। ਹੌਲੀ ਹੌਲੀ ਪਿੰਡ ਦੀਆਂ ਸੰਗਤਾਂ ਨੇ ਕੱਚੇ ਕੋਠੇ ਵਾਲੀ ਥਾਂ ਉਤੇ ਇਕ ਛੋਟਾ ਜਿਹਾ ਪੱਕਾ ਮੰਜੀ ਸਾਹਿਬ ਬਣਾ ਦਿੱਤਾ ਸੀ। ਇਹ ਪਿਛੇ ਜਿਹੇ ਢਹਿ ਗਿਆ ਸੀ। ਸੰਤ ਗੁਰਦੇਵ ਸਿੰਘ ਲਲੂਆਣੇ ਵਾਲਿਆਂ ਨੇ ਇਥੇ ਸਭ ਪੁਰਾਣੀਆਂ ਕੰਧਾਂ ਅਤੇ ਕਮਰੇ ਢਾਹ ਕੇ ਅਤੇ ਹੋਰ ਨਵੀਂ ਥਾਂ ਲੈ ਕੇ ਇਕ ਵਿਸ਼ਾਲ ਗੁਰਦੁਆਰੇ ਦੀ ਨੀਂਹ ਰਖੀ। ਇਸ ਸਮੇਂ ਤੱਕ ਕੁਝ ਪੱਕੇ ਕਮਰੇ ਅਤੇ ਇਕ ਵਿਸ਼ਾਲ ਸਰੋਵਰ ਬਣਾਇਆ ਜਾ ਚੁਕਾ ਹੈ।

ਪਿੰਡ ਦੇ ਲੋਕਾਂ ਦੇ ਕਹਿਣ ਮੁਤਾਬਕ ਜਿਨ੍ਹਾਂ ਕਿੱਲਿਆਂ ਨਾਲ ਗੁਰੂ ਜੀ ਨੇ ਘੋੜੇ ਬੰਨ੍ਹੇ ਸਨ ਉਨ੍ਹਾਂ ਵਿਚੋਂ ਇਕ ਦਾ ਜੰਡ ਹਰਾ ਹੋਇਆ ਖੜਾ ਹੈ। ਇਸ ਜੰਡ ਨੂੰ ਤਿੰਨ ਵਾਰ ਵੱਢਿਆ ਗਿਆ ਸੀ ਪਰ ਇਹ ਤੀਜੀ ਵਾਰ ਵੀ ਹਰਾ ਹੋ ਗਿਆ।

ਪਿੰਡ ਭਾਗੀ ਵਾਂਦਰ ਤਲਵੰਡੀ ਸਾਬੋ ਤੋਂ ਬਠਿੰਡਾ ਸੜਕ ਉਤੇ ਅੱਠ ਕਿਲੋਮੀਟਰ ਦੀ ਵਿੱਥ ਉਤੇ ਸਥਿਤ ਹੈ। ਇਸ ਪਿੰਡ ਦੀਆਂ ਦੋ ਪੱਤੀਆਂ ਹਨ। ਇਕ ਭਾਗੋ ਅਤੇ ਦੂਸਰੀ ਵਾਂਦਰ। ਇਨ੍ਹਾਂ ਦੋਹਾਂ ਪੱਤੀਆਂ ਦੇ ਸੰਯੁਕਤ ਨਾਂ ਉਤੇ ਹੀ ਪਿੰਡ ਦਾ ਨਾਂ ਪਿਆ ਹੈ। ਭਾਗੀ, ਸਿੱਧੂ ਜੱਟ ਔਰਤ ਸੀ। ਇਸ ਨੇ ਇਹ ਪਿੰਡ ਬੰਨ੍ਹਿਆ ਅਤੇ ਪਿਛੋਂ ਵਾਂਦਰ ਗੋਤ ਦੇ ਜੱਟਾਂ ਨੇ ਇਥੇ ਵਸ ਕੇ ਵਾਂਦਰ ਪੱਤੀ ਬਸਾ ਲਈ।

1. ਮਹਾਨ ਕੋਸ਼, ਪੰਨਾ 675

## ਭਾਗੂ

ਭਾਗੂ ਬਠਿੰਡਾ ਜ਼ਿਲ੍ਹੇ ਦਾ ਇਕ ਪਿੰਡ ਹੈ ਜੋ ਰੇਲਵੇ ਸਟੇਸ਼ਨ ਭੁਸਮੰਡੀ ਤੋਂ ਇਕ ਕਿਲੋਮੀਟਰ ਦੀ ਦੂਰੀ ਉਤੇ ਹੈ ਅਤੇ ਪਿੰਡ ਤੋਂ ਚੜ੍ਹਦੇ ਵੱਲ ਤਕਰੀਬਨ ਇਕ ਫਰਲਾਂਗ ਦੀ ਵਿੱਥ ਉਤੇ ਗੁਰੂ ਗੋਬਿੰਦ ਸਿੰਘ ਜੀ ਦਾ ਗਰਦੁਆਰਾ ਹੈ। ਇਥੇ ਗੁਰੂ ਸਾਹਿਬ ਚੱਕ ਫ਼ਤਹਿ ਸਿੰਘ ਵਾਲਾ ਅਤੇ ਭੁੱਚੋ ਆਉਣ ਵੇਲੇ ਕੁਝ ਸਮਾਂ ਠਹਿਰੇ ਸਨ।

ਸਥਾਨਕ ਰਵਾਇਤ ਅਨੁਸਾਰ ਜਿਸ ਸਮੇਂ ਗੁਰੂ ਜੀ ਚੱਕ ਫ਼ਤਿਹ ਸਿੰਘ ਵਾਲਾ ਵਿਖੇ ਭਾਈ ਰਾਮ ਸਿੰਘ ਅਤੇ ਫ਼ਤਿਹ ਸਿੰਘ ਦੇ ਘਰ ਵਿਖੇ ਆਏ ਹੋਏ ਸਨ ਤਾਂ ਭਾਈ ਰਾਮ ਸਿੰਘ ਆਪਣੇ ਹੀ ਕਬੀਲੇ ਦੇ ਭਾਈ ਦਯਾਲ ਨੂੰ ਲੈ ਕੇ ਗੁਰੂ ਜੀ ਦੀ ਹਜ਼ੂਰੀ ਵਿਚ ਆਇਆ ਤਾ ਭਾਈ ਦਯਾਲ ਜੀ ਨੂੰ ਅੰਮ੍ਰਿਤ ਛਕਾ ਕੇ ਸਿੰਘ ਬਨਾਉਣ ਦੀ ਬੇਨਤੀ ਕੀਤੀ। ਕਿਸੇ ਸਮੇਂ ਭਾਈ ਦਯਾਲ ਨੇ ਗੁਰੂ ਦਾ ਅੰਮ੍ਰਿਤ ਛਕ ਕੇ ਸਿੰਘ ਸਜਣ ਦਾ ਹੁਕਮ ਨਹੀਂ ਮੰਨਿਆ ਸੀ। ਇਸ ਲਈ ਜਦੋਂ ਭਾਈ ਦਯਾਲ ਇਥੇ ਗੁਰੂ ਜੀ ਅੱਗੇ ਪੇਸ਼ ਹੋਇਆ ਤਾਂ ਗੁਰੂ ਜੀ ਨੇ ਉਸ ਨੂੰ ਬੁਲਾਇਆ ਨਾ। ਇਸ ਉਤੇ ਭਾਈ ਰਾਮ ਸਿੰਘ ਨੇ ਭਾਈ ਦਯਾਲ ਨੂੰ ਕਿਹਾ ਕਿ ਅਗਲੇ ਦਿਨ ਗੁਰੂ ਜੀ ਭੁੱਚੋ ਜਾ ਰਹੇ ਹਨ ਇਸ ਲਈ ਉਹ ਕੜਾਹ ਪਰਸ਼ਾਦ ਤਿਆਰ ਕਰਾ ਕੇ ਉਥੇ ਹੀ ਸਿੱਧਾ ਪਹੁੰਚ ਜਾਵੇ। ਇਸੇ ਤਰ੍ਹਾਂ ਕੀਤਾ ਗਿਆ ਪਰ ਭੁੱਚੋ ਵਿਖੇ ਦਯਾਲ ਜੀ ਨੂੰ ਗੁਰੂ ਜੀ ਨੇ ਕਿਹਾ ਕਿ ਉਹ ਭਾਗੂ ਜਾ ਰਹੇ ਹਨ ਉਥੇ ਹੀ ਪਹੁੰਚ ਜਾਵੇ। ਦਯਾਲ ਕੜਾਹ ਪਰਸ਼ਾਦ ਨੂੰ ਗੱਡਿਆਂ ਉਪਰ ਲੱਦ ਕੇ ਭਾਗੂ[1] ਪਹੁੰਚ ਗਿਆ। ਗੁਰੂ ਜੀ ਇਸ ਦੀ ਸ਼ਰਧਾ ਉਤੇ ਬਹੁਤ ਖ਼ੁਸ਼ ਹੋਏ। ਸਾਰਾ ਕੜਾਹ ਪਰਸ਼ਾਦ ਸਿੰਘਾਂ ਵਿਚ ਵਰਤਾਇਆ ਗਿਆ। ਇਥੇ ਹੀ ਭਾਈ ਦਯਾਲ ਨੂੰ ਅੰਮ੍ਰਿਤ ਛਕਾ ਕੇ ਭਾਈ ਦਯਾਲ ਸਿੰਘ ਬਣਾਇਆ ਗਿਆ। ਕੜਾਹ ਪਰਸ਼ਾਦਿ ਵਰਤੇ ਜਾਣ ਦੇ ਕੁਝ ਸਮੇਂ ਪਿੱਛੋਂ ਸਿੰਘਾਂ ਦਾ ਇਕ ਜੱਥਾ ਹੋਰ ਪਹੁੰਚ ਗਿਆ। ਉਨ੍ਹਾਂ ਨੇ ਖਾਣਾ ਖਾਣ ਦੀ ਇੱਛਾ ਪਰਗਟ ਕੀਤੀ। ਗੁਰੂ ਜੀ ਨੇ ਕਿਹਾ ਕਿ ਅੱਜ ਦਾ ਸਾਰਾ ਖਾਣਾ ਭਾਈ ਦਯਾਲ ਸਿੰਘ ਹੀ ਛਕਾਵੇਗਾ। ਫਿਰ ਭਾਈ ਦਯਾਲ ਸਿੰਘ ਨੇ ਆਪਣੇ ਹੱਥ ਦੀ ਸੋਨੇ ਦੀ ਮੁੰਦਰੀ ਵੇਚ ਕੇ ਜੱਥੇ ਨੂੰ ਰਸਦ ਪਾਣੀ ਮੁਹੱਈਆ ਕੀਤਾ। ਭਾਈ ਦਯਾਲ ਸਿੰਘ ਭਾਈ ਭਗਤੂ ਦੇ ਪੁਤਰ ਗੋਰੇ ਦਾ ਲੜਕਾ ਸੀ। ਇਥੇ ਭਾਗੂ ਦੇ ਸਥਾਨ ਉਤੇ ਗੁਰੂ ਜੀ ਦੀ ਯਾਦ ਵਿਚ ਛੋਟਾ ਜਿਹਾ ਗੁਰਦੁਆਰਾ ਹੈ।

## ਮਹਿਮਾ-ਸਰਜਾ

ਗੁਰੂ ਗੋਬਿੰਦ ਸਿੰਘ ਜੀ ਲੱਖੀ ਜੰਗਲ ਵਿਖੇ ਰਹਿੰਦੇ ਹੋਏ ਇਨ੍ਹਾਂ ਪਿੰਡਾਂ ਵਿਚ ਆਏ ਸਨ। ਅਸਲ ਵਿਚ ਲੱਖੀ ਜੰਗਲ, ਅਬਲੂ, ਮਹਿਮਾ ਅਤੇ ਸਰਜਾ ਇਹ ਸਾਰੇ ਇਕ ਦੂਜੇ ਦੇ ਨੇੜੇ ਨੇੜੇ ਹੀ ਹਨ ਅਤੇ ਇਹ ਭਾਈ ਦਾਨ ਸਿੰਘ ਬਰਾੜ ਦੇ ਬਜ਼ੁਰਗਾਂ ਦੇ ਵਸਾਏ ਹੋਏ ਸਨ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਬਾਰੇ ਇਉਂ ਲਿਖਿਆ ਹੈ: "ਰਿਆਸਤ ਫਰੀਦਕੋਟ, ਤਸੀਲ ਕੋਟਕਪੂਰਾ, ਥਾਣਾ ਨੇਹੀਆਂਵਾਲਾ ਵਿਚ ਇਕ ਪਿੰਡ ਜੋ ਰੇਲਵੇ ਸਟੇਸ਼ਨ ਗੋਨੇਆਣੇ ਤੋਂ ਤਿੰਨ ਮੀਲ ਉੱਤਰ ਪੱਛਮ ਹੈ। ਇਸ ਪਿੰਡ ਤੋਂ ਇਕ ਫਰਲਾਂਗ ਉੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦੁਆਰਾ

1. ਚੱਕ ਫ਼ਤਿਹ ਸਿੰਘ ਵਾਲਾ, ਭੁੱਚੋ ਅਤੇ ਭਾਗੂ, ਇਹ ਤਿੰਨੇ ਪਿੰਡ ਇਕ ਦੂਜੇ ਦੇ ਬਿਲਕੁਲ ਨੇੜੇ ਨੇੜੇ ਹੀ ਹਨ।

ਹੈ। ਗੁਰੂ ਜੀ ਰਾਮੇਆਣੇ ਤੋਂ ਇਥੇ ਆਏ। ਮੰਜੀ ਸਾਹਿਬ ਬਣਿਆ ਹੋਇਆ ਹੈ। ਸੇਵਾਦਾਰ ਕੋਈ ਨਹੀਂ।"[1]

ਦੌਰਿਆਂ ਦੀ ਸਾਖੀ ਪੋਥੀ[2] ਵਿਚ ਮਹਿਮਾ ਪਿੰਡ ਦੇ ਬਾਨੀ ਮਹਿਮੇ ਸੂਰਮੇ ਬਾਰੇ ਇਸ ਤਰ੍ਹਾਂ ਲਿਖਿਆ ਹੈ ਕਿ ਜਿਸ ਸਮੇਂ ਗੁਰੂ ਜੀ ਲੱਖੀ ਜੰਗਲ ਵਿਚ ਠਹਿਰੇ ਹੋਏ ਸਨ ਤਾਂ ਸਿੱਖ ਸੰਗਤਾਂ ਹੁੰਮ ਹੁੰਮਾ ਕੇ ਰਸਦ ਪਾਣੀ ਲਿਆਉਣ ਲਗੀਆਂ ਤਾਂ ਉਨ੍ਹਾਂ ਵਿਚ ਮਹਿਮਾ, ਜਿਸਨੂੰ ਸੂਮਾ ਜਾਂ ਮਹਿਮਾ ਸੂਮਾ ਕਰਕੇ ਵੀ ਲਿਖਿਆ ਹੈ, ਦੁੱਧ ਲੈਕੇ ਆਇਆ। ਇਸਨੇ ਸੋਚਿਆ ਕਿ ਗੁਰੂ ਜੀ ਨੂੰ ਲੋਕ ਕਰਾਮਾਤੀ ਕਹਿੰਦੇ ਹਨ। ਉਨ੍ਹਾਂ ਕੋਲੋਂ ਪੁੱਛ ਕੇ ਦੇਖਾਂਗੇ ਕਿ ਇਹ ਦੁੱਧ ਕਾਲੀ ਮੱਝ ਦਾ ਹੈ ਜਾਂ ਬੂਰੀ ਮੱਝ ਦਾ। "ਸੂਮਾ ਬੂਰੀ ਮਾਲੀ ਕਾ ਦੁੱਧ ਲਿਆਇਆ। ਹਜ਼ੂਰ ਆਪ ਛਕਿਆ, ਬਚਨ ਕੀਤਾ : 'ਸੂਮਿਆ ਦੁੱਧ ਬੂਰੀ ਮਾਲੀ ਕਾ ਹੈ ?' ਓਨ ਆਖਿਆ : 'ਆਹੋ ਗੁਰੂ ਜੀ।' ਅਗਲੇ ਦਿਨ ਫਿਰ ਮਹਿਮੇ ਸੂਮੇ ਨੇ ਸੋਚਿਆ ਕਿ ਅੱਜ ਫਿਰ ਗੁਰੂ ਜੀ ਦੀ ਕਰਾਮਾਤ ਦੇਖਣੀ ਚਾਹੀਦੀ ਹੈ। ਫੇਰ ਕਾਲੀ ਮਾਲੀ ਦਾ ਦੁੱਧ ਲੈ ਗਿਆ। ਗੁਰੂ ਜੀ ਕਹਿੰਦੇ : 'ਸੂਮਿਆਂ ਕਰਾਮਾਤ ਮੰਗਦਾ ਹੈਂ ? ਅਗੇ ਬੂਰੀ ਮਾਲੀ ਦਾ ਦੁੱਧ ਲਿਆਂਵਦਾ ਸੀ, ਅੱਜ ਕਾਲੀ ਮਾਲੀ ਕਾ ਆਂਦਾ ?' ਸੂਮੇ ਆਖਿਆ : 'ਜੀ ਤੀਮੀ ਨੇ ਬਦਲ ਦਿਤਾ।' ਗੁਰੂ ਜੀ ਕਹਿੰਦੇ : 'ਕਰਾਮਾਤ ਚਾਹਿੰਦਾ ਸੀ। ਕਰਾਮਾਤ ਇਸ ਅਸਥਾਨ ਵਿਚ ਹੋਊ'।"

## ਮਲੂਕਾ ਅਤੇ ਕੋਠਾ ਗੁਰੂ

ਸਥਾਨਕ ਰਵਾਇਤ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਭਗਤਾ ਭਾਈ ਕਾ ਪਿੰਡ ਵਿਖੇ ਠਹਿਰਨ ਸਮੇਂ ਸ਼ਿਕਾਰ ਆਦਿ ਖੇਡਦੇ ਹੋਏ ਇਨ੍ਹਾਂ ਪਿੰਡਾਂ ਵਿਚ ਆਏ ਸਨ। ਇਹ ਪਿੰਡ ਇਕ ਦੂਜੇ ਦੇ ਨੇੜੇ ਨੇੜੇ ਹਨ। ਇਸ ਲਈ ਇਹ ਫੈਸਲਾ ਕਰਨਾ ਬਹੁਤ ਕਠਨ ਹੈ ਕਿ ਗੁਰੂ ਜੀ ਕਿਹੜੇ ਪਿੰਡ ਵਿਚ ਪਹਿਲਾਂ ਆਏ ਅਤੇ ਕਿਹੜੇ ਵਿਚ ਪਿਛੋਂ ਗਏ ਸਨ। ਇਹ ਦੋਵੇਂ ਪਿੰਡ ਭਗਤਾ ਭਾਈ ਕਾ ਦੇ ਨੇੜੇ ਹੀ ਹਨ।

ਮਲੂਕਾ ਪਿੰਡ ਦੀ ਸਥਾਨਕ ਰਵਾਇਤ ਅਨੁਸਾਰ ਇਕ ਸਾਧੂ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਇਆ ਸੀ ਪਰ ਗੁਰੂ ਜੀ ਉਸ ਸਮੇਂ ਆਰਾਮ ਕਰ ਰਹੇ ਸਨ ਜਿਸ ਕਰਕੇ ਪਹਿਰਾ ਦੇ ਰਹੇ ਸੇਵਾਦਾਰਾਂ ਨੇ ਸਾਧੂ ਨੂੰ ਅੰਦਰ ਜਾਣ ਤੋਂ ਰੋਕਿਆ। ਪ੍ਰੰਤੂ ਉਹ ਸਾਧੂ ਗੁਰੂ ਜੀ ਦੇ ਦਰਸ਼ਨਾਂ ਲਈ ਇਤਨਾ ਉਤਾਵਲਾ ਸੀ ਕਿ ਗੁਰੂ ਜੀ ਨੂੰ ਛੇਤੀ ਮਿਲਣ ਲਈ ਸੇਵਾਦਾਰਾਂ ਨਾਲ ਹਥੋ ਪਾਈ ਹੋ ਗਿਆ। ਗੁਰੂ ਜੀ ਇਸ ਹਥੋਂ ਪਾਈ ਦੇ ਸ਼ੋਰ ਨੂੰ ਸੁਣਕੇ ਉਠ ਖੜੇ ਹੋਏ ਅਤੇ ਸਾਧੂ ਨੂੰ ਅੰਦਰ ਬੁਲਾਇਆ।

ਕੋਠਾ ਗੁਰੂ ਮਲੂਕਾ ਦੇ ਨੇੜੇ ਹੈ ਅਤੇ ਇਥੋਂ ਹੀ ਗੁਰੂ ਸਾਹਿਬ ਕੋਠਾ ਗੁਰੂ ਵਿਖੇ ਆਏ ਪ੍ਰਤੀਤ ਹੁੰਦੇ ਹਨ। ਇਸ ਪਿੰਡ ਵਿਚ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਆਉਣ ਦੀ ਰਵਾਇਤ ਵੀ ਹੈ।

---

1. ਮਹਾਨ ਕੋਸ਼, ਪੰਨਾ 701
2. ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨੇ 71-72

## ਰੋਹਿਲਾ ਸਾਹਿਬ

ਇਥੇ ਗੁਰੂ ਗੋਬਿੰਦ ਸਿੰਘ ਜੀ ਗਿੱਦੜਬਾਹਾ ਤੋਂ ਚੱਲ ਕੇ ਤਲਵੰਡੀ ਸਾਬੋ ਵੱਲ ਆਉਂਦਿਆਂ ਕੁਝ ਸਮਾਂ ਠਹਿਰੇ ਸਨ। ਰੋਹਿਲਾ ਜਾਂ ਰੋਹਿਲੇ, ਬਠਿੰਡਾ ਜ਼ਿਲ੍ਹੇ ਦਾ ਇਕ ਛੋਟਾ ਜਿਹਾ ਪਿੰਡ ਹੈ। ਇਹ ਪਿੰਡ ਗਿੱਦੜਬਾਹਾ ਮੰਡੀ ਤੋਂ ਚਾਰ ਕਿਲੋਮੀਟਰ ਦੱਖਣ ਵੱਲ ਸਥਿਤ ਹੈ।

ਰੋਹਿਲਾ ਨਾਮ ਰੋਹੀ ਵਿਚ ਵੱਸੇ ਹੋਣ ਕਰਕੇ ਪਿਆ ਹੈ। ਪੰਡਿਤ ਤਾਰਾ ਸਿੰਘ ਨਰੋਤਮ[1] ਨੇ ਵੀ ਇਸੇ ਤਰ੍ਹਾਂ ਲਿਖਿਆ ਹੈ: "ਰੋਹੀ ਮੇਂ ਹੋਨੇ ਸੇ ਨਾਮ ਰੋਹਲਾ ਹੈ ਅਤਰੇਵਾਲੇ ਚੱਕ ਕੇ ਪਾਸ ਹੈ।" ਦੌਰਿਆਂ ਦੀ ਸਾਖੀ ਪੋਥੀ ਵਿਚ ਇਸ ਪਰਕਾਰ ਲਿਖਿਆ ਹੈ: "ਅਗੇ ਰੋਹਲੇ ਡੇਰਾ ਕੀਤਾ। ਰੋਹਲਾ ਨਾਈ ਸੀ ਜੇਹੜਾ ਤਿਲਕਰੇ ਕੇ ਨਾਲ ਸੀ ਮੁਇਆ। ਪੰਜੂ ਤਿਲਕਰੇ ਰੋਹਲੇ ਬਾਬੀਹੇ ਕੇ ਪਾਸ ਗੁਰੂ ਜੀ ਨੌ ਦਿਨ ਡੇਰਾ ਕੀਤਾ ਸੀ।"[2] ਪਰ ਗੁਰੂ ਜੀ ਦਾ ਇਥੇ ਨੌ ਦਿਨ ਠਹਿਰਣਾ ਠੀਕ ਪਰਤੀਤ ਨਹੀਂ ਹੁੰਦਾ।

## ਲਵੇਰੀ ਸਰ

ਗੁਰਦਵਾਰਾ ਸ੍ਰੀ ਲਵੇਰੀ ਸਰ (ਕੱਚੀ ਭੁੱਚੋ) ਚੱਕ ਫਤਿਹ ਸਿੰਘ ਵਾਲਾ ਤੋਂ ਪੰਜ ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਸ਼ਿਕਾਰ ਖੇਡਦੇ ਹੋਏ ਜਾਂ ਬਾਹਰ ਖੇਤਾਂ ਵਿਚ ਘੁੰਮਦੇ ਹੋਏ ਆਏ ਸਨ। ਜਿਸ ਸਮੇਂ ਗੁਰੂ ਜੀ ਇਸ ਸਥਾਨ ਉਤੇ ਪਹੁੰਚੇ ਤਾਂ ਇਥੇ ਪਿੰਡ ਦੇ ਲੋਕ ਆਪਣੀਆਂ ਮੱਝਾਂ ਚਾਰਦੇ ਫਿਰਦੇ ਸਨ। ਇਨ੍ਹਾਂ ਨੇ ਗੁਰੂ ਜੀ ਦੀ ਆਮਦ ਸਣ ਕੇ ਆਪਣੀਆਂ ਮੱਝਾਂ ਦਾ ਦੁਧ ਚੋਅ ਕੇ ਗੁਰੂ ਜੀ ਅਤੇ ਉਨ੍ਹਾਂ ਦੇ ਸਿੰਘਾਂ ਨੂੰ ਛਕਾਇਆ। ਖੁਲ੍ਹੀ ਮਾਤਰਾ ਵਿਚ ਦੁੱਧ ਛਕਾਉਣ ਕਰਕੇ ਗੁਰੂ ਜੀ ਨੇ ਕਿਹਾ ਕਿ ਇਥੇ ਤਾਂ ਲਵੇਰੀਆਂ ਮੱਝਾਂ ਦੇ ਦੁਧ ਦਾ ਸਰੋਵਰ ਭਰਿਆ ਪਿਆ ਹੈ। ਪਿਛੋਂ ਲੋਕਾਂ ਨੇ ਇਸੇ ਹੀ ਯਾਦ ਨੂੰ ਪਰਪਕ ਕਰਨ ਲਈ ਇਥੇ ਜੋ ਗੁਰਦੁਆਰਾ ਬਣਵਾਇਆ ਉਸ ਦਾ ਨਾਂ ਗੁਰਦੁਆਰਾ ਲਵੇਰੀ ਸਰ ਹੀ ਰਖਿਆ।

ਰਵਾਇਤ ਹੈ ਕਿ ਭਾਈ ਫਤਿਹ ਸਿੰਘ ਦੇ ਪੁਤਰ ਭਾਈ ਸੰਗੋ ਨੇ ਗੁਰੂ ਜੀ ਦੀ ਯਾਦ ਵਿਚ ਇਥੇ ਇਕ ਥੜ੍ਹਾ ਬਣਵਾ ਦਿੱਤਾ ਸੀ। ਪਿਛੋਂ ਜਦੋਂ ਭਾਈ ਸੰਗੋ ਪ੍ਰਲੋਕ ਸਿਧਾਰ ਗਿਆ ਤਾਂ ਉਸਦਾ ਸਸਕਾਰ ਦੀਵਾਲੀ ਵਾਲੀ ਮਸਿਆ ਦੀ ਰਾਤ ਨੂੰ ਇਥੇ ਹੀ ਕੀਤਾ ਗਿਆ ਸੀ। ਇਸ ਲਈ ਇਥੋਂ ਦੇ ਲੋਕ ਹਰ ਸਾਲ ਦੀਵਾਲੀ ਦੀ ਮਸਿਆ ਦੀ ਰਾਤ ਨੂੰ ਗੁਰਪੁਰਬ ਮਨਾਉਂਦੇ ਹਨ। ਦਸਿਆ ਜਾਂਦਾ ਹੈ ਕਿ ਅਜੋਕਾ ਵਰਤਮਾਨ ਗੁਰਦੁਆਰਾ ਲੱਗਭਗ 60 ਸਾਲ ਪਹਿਲਾਂ ਜੱਥੇਦਾਰ ਬਚਨ ਸਿੰਘ ਨੇ ਆਰੰਭ ਕਰਵਾਇਆ ਸੀ। ਇਥੇ ਜਿਸ ਥਾਂ ਉਤੇ ਸਰੋਵਰ ਹੈ ਉਥੇ ਪਹਿਲਾਂ ਇਕ ਢਾਬ ਸੀ। ਇਸ ਢਾਬ ਨੂੰ ਕਿਸੇ ਫ਼ਕੀਰ ਦੀ ਢਾਬ ਜਾਣਿਆ ਜਾਂਦਾ ਸੀ। ਕੁਝ ਲੋਕ ਇਸ ਫ਼ਕੀਰ ਦੀ ਯਾਦ ਵਿਚ ਵੀ ਇਥੇ ਆ ਕੇ ਇਕਠੇ ਹੁੰਦੇ ਸਨ। ਪਰ ਇਥੇ ਲੋਕਾਂ ਦੇ ਇਕਠੇ ਹੋਣ ਨਾਲ ਕਿਸਾਨਾਂ ਦੀਆਂ ਫਸਲਾਂ ਮਿਧੀਆਂ ਜਾਂਦੀਆਂ ਸਨ। ਇਸ ਤਰ੍ਹਾਂ ਕਿਸਾਨਾਂ

1. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 152
2. ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨਾ 74

ਅਤੇ ਫ਼ਕੀਰਾਂ ਦੇ ਸ਼ਰਧਾਲੂਆਂ ਵਿਚ ਰੌਲਾ ਪੈਣ ਲਗਿਆ। ਸਿੱਟੇ ਵਜੋਂ ਲੋਕਾਂ ਨੇ ਕਹਿ ਕਹਾ ਕੇ ਇਸ ਢਾਬ ਦੇ ਇਵਜ਼ ਵਿਚ ਕਿਧਰੇ ਹੋਰ ਥਾਂ ਦੇ ਦਿੱਤੀ ਅਤੇ ਇਸ ਢਾਬ ਨੂੰ ਗੁਰਦੁਆਰੇ ਦੇ ਨਾਲ ਮਿਲਾ ਲਿਆ ਗਿਆ। ਫਿਰ ਇਸੇ ਹੀ ਢਾਬ ਨੂੰ ਵਰਤਮਾਨ ਸਰੋਵਰ ਦਾ ਰੂਪ ਦਿੱਤਾ ਗਿਆ।

ਇਲਾਕੇ ਦੇ ਤੌਰ ਉਤੇ ਇਹ ਗੁਰਦੁਆਰਾ ਕੱਚੀ ਭੁੱਚੋ ਦਾ ਹੈ। ਪਰ ਕੱਚੀ ਭੁੱਚੋ ਤੋਂ ਕਾਫੀ ਦੂਰ ਬਾਹਰਵਾਰ ਹੈ। ਇਹ ਇਕ ਉਚੇ ਟਿੱਬੇ ਉਪਰ ਅਤੇ ਸੰਘਣੀ ਝਿੜੀ ਵਿਚ ਸਥਿਤ ਹੈ।

## ਲੱਖੀ ਜੰਗਲ


ਗੁਰੂ ਗੋਬਿੰਦ ਸਿੰਘ ਜੀ ਛਤਿਆਣੇ ਤੋਂ ਭਾਈ ਦਾਨ ਸਿੰਘ ਬਰਾੜ ਨੂੰ ਮਿਲਣ ਸਮੇਂ ਆਏ ਇਥੇ ਕੈਂਪ ਲਗਾ ਕੇ ਠਹਿਰੇ ਸਨ। ਲੱਖੀ ਜੰਗਲ ਜਾਂ ਲੱਖੀ ਸਰ ਅਸਥਾਨ ਬਠਿੰਡਾ ਜ਼ਿਲ੍ਹੇ ਦਾ ਇਕ ਮੁੱਖ ਧਾਰਮਿਕ ਅਸਥਾਨ ਹੈ ਜੋ ਬਠਿੰਡਾ ਸ਼ਹਿਰ ਤੋਂ ਗੋਨਿਆਣਾ ਮੰਡੀ ਵੱਲ ਲੱਗਭਗ 10 ਕਿਲੋਮੀਟਰ ਦੀ ਵਿੱਥ ਉਤੇ ਸਥਿਤ ਹੈ। ਇਹ ਇਲਾਕਾ ਭਾਈ ਦਾਨ ਸਿੰਘ ਬਰਾੜ ਦਾ ਸੀ ਅਤੇ ਇਥੋਂ ਦੇ ਵਸਨੀਕ ਅਬਲੂ-ਮਹਿਮਾ ਪਿੰਡਾਂ ਤੋਂ ਹੀ ਆਕੇ ਵਸੇ ਸਨ। ਅਬਲੂ ਅਤੇ ਮਹਿਮਾ ਇਥੋਂ ਨਜ਼ਦੀਕ ਹੀ ਹਨ।

ਸਥਾਨਕ ਰਵਾਇਤ ਅਨੁਸਾਰ ਜਿਸ ਸਮੇਂ ਗੁਰੂ ਜੀ ਇਥੇ ਠਹਿਰੇ ਹੋਏ ਸਨ ਤਾਂ ਖ਼ਬਰ ਸੁਣਕੇ ਦੂਰ ਨੇੜੇ ਦੇ ਸਭ ਸਿੰਘ ਇਥੇ ਪਹੁੰਚ ਗਏ ਸਨ। ਜੰਗਾਂ-ਯੁੱਧਾਂ ਵਿਚ ਵਿਛੜੇ ਸਿੰਘ ਇਥੇ ਆ ਮਿਲੇ। ਇਸ ਤਰ੍ਹਾਂ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਦੇ ਇਕੱਤਰ ਹੋਣ ਕਰਕੇ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ ਸੀ :

ਲੱਖੀ ਜੰਗਲ ਖਾਲਸਾ ਆਣ ਦਿਦਾਰ ਦਿੱਤੋ ਨੇ।  
ਸੁਣ ਕੇ ਸੱਦ ਮਾਹੀ ਦਾ ਮੇਰੀ ਪਾਣੀ ਘਾਹ ਮੁਤੋ ਨੇ।

ਸਥਾਨਕ ਰਵਾਇਤ ਅਨੁਸਾਰ ਹੀ ਗੁਰੂ ਜੀ ਨੇ ਇਲਾਕੇ ਨੂੰ ਦੇਖਕੇ ਭਾਈ ਦਾਨ ਸਿੰਘ ਨੂੰ ਕਿਹਾ ਸੀ ਕਿ ਇਹ ਜੰਗਲ ਤਾਂ ਲੱਖਾਂ ਰੁਪਏ ਦੀ ਕੀਮਤ ਦੇ ਹਨ। ਇਥੋਂ ਹੀ ਇਸ ਇਲਾਕੇ ਦਾ ਨਾਂ ਲੱਖੀ ਜੰਗਲ ਚਾਲੂ ਹੋ ਗਿਆ। ਗੁਰੂ ਜੀ ਦੇ ਇਥੇ ਰਹਿਣ ਬਾਰੇ ਦੌਰਿਆਂ ਦੀ ਸਾਖੀ ਪੋਥੀ ਵਿਚ ਇਉਂ ਲਿਖਿਆ ਹੈ : "ਅਗਲੇ ਦਿਹੁ ਸਾਰੇ ਪਿੰਡ ਕੜਾਹ ਪ੍ਰਸਾਦਿ ਦੀਆਂ ਪਰਾਤਾਂ ਲਈਆਂ, ਤੇ ਇਕੁ ਚੰਗਾ ਬਛੇਰਾ ਲੀਆ, ਸਾਰੀ ਨਗਰੀ ਹੁੰਮ ਹੁਮਾਇ ਕੇ ਦਰਸਨ ਨੂੰ ਆਈ। ਗੁਰੂ ਜੀ ਕਾ ਦਰਸਨ ਕੀਤਾ, ਕੜਾਹ ਪ੍ਰਸਾਦਿ ਬਰਤਿਆ, ਘੋੜਾ ਭੀ ਦੀਆ। ਗੁਰੂ ਜੀ ਬਚਨ ਕੀਤਾ 'ਇਹ ਤਾਂ ਲੱਖੀ ਜੰਗਲ ਹੈ।' ਤਿੰਨ ਦਿਹੂ ਤਿਥੇ ਹੀ ਰਹੇ।"[1]

1. ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਪੰਨੇ 71-72



ਥੜਾ ਸਾਹਿਬ ਨਰਾਇਣਾ (ਰਾਜਸਥਾਨ) ਇਥੇ ਗੁਰੂ ਜੀ ਦਾ ਉਤਾਰਾ ਸੀ ।
ਇਹ ਥਾਂ ਦਾਦੂ ਮੰਦਰ ਤੋਂ ਥੋੜੀ ਹੀ ਵਿੱਥ ਉਤੇ ਹੈ ।

# ਰਾਜਸਥਾਨ

1. ਉਦੈਪੁਰ
2. ਅਜਮੇਰ
3. ਅੰਬੇਰ
4. ਸੁਹਾਵਾ
5. ਕੁਲਾਯਤ
6. ਚਿਤੌੜਗੜ੍ਹ
7. ਨਰਾਇਣਾ (ਦਾਦੂ ਦੁਆਰਾ)
8. ਨੌਹਰ
9. ਪੁਸ਼ਕਰ
10. ਬਘੌਰ ਸਾਹਿਬ (ਭੀਲਵਾੜਾ)
11. ਭਾਦਰਾ
12. ਮਾਧੋ ਸਿੰਘਾਣਾ

## ਉਦੈਪੁਰ

ਉਦੈਪੁਰ ਰਾਜਸਥਾਨ ਦਾ ਜ਼ਿਲ੍ਹਾ ਕੇਂਦਰ ਹੈ ਅਤੇ ਪੁਰਾਣੇ ਮੇਵਾੜ ਰਾਜ ਦੀ ਰਾਜਧਾਨੀ ਵੀ ਸੀ। ਉਦੈਪੁਰ ਮਹਾਰਾਜਾ ਉਦੈ ਸਿੰਘ ਨੇ ਚਿਤੌੜਗੜ੍ਹ ਨੂੰ ਹਾਰ ਜਾਣ ਬਾਦ ਵਸਾਇਆ ਸੀ। ਉਦੈਪੁਰ ਚਿਤੌੜਗੜ੍ਹ ਤੋਂ 130 ਕਿਲੋਮੀਟਰ ਦੂਰ ਹੈ ਅਤੇ ਪਹਾੜੀਆਂ ਵਿਚ ਘਿਰਿਆ ਇਕ ਰਮਣੀਕ ਸ਼ਹਿਰ ਹੈ।

ਗੁਰੂ ਗੋਬਿੰਦ ਸਿੰਘ ਜੀ ਜਿਸ ਸਮੇਂ ਦਿੱਲੀ ਅਤੇ ਆਗਰਾ ਵਿਖੇ ਹੋਕੇ ਬਾਦਸ਼ਾਹ ਬਹਾਦਰ ਸ਼ਾਹ ਦੇ ਨਾਲ ਰਾਜਪੂਤਾਨੇ ਵਿਚ ਜਾ ਰਹੇ ਸਨ ਤਾਂ ਉਸ ਸਮੇਂ ਉਦੈਪੁਰ ਆਏ। ਆਮ ਤੌਰ ਤੇ ਇਹ ਅਨੁਭਵ ਕੀਤਾ ਜਾਂਦਾ ਹੈ ਕਿ ਕਿਉਂਕਿ ਗੁਰੂ ਸਾਹਿਬ ਬਾਦਸ਼ਾਹ ਬਹਾਦਰ ਸ਼ਾਹ ਨਾਲ ਜਾ ਰਹੇ ਸਨ ਅਤੇ ਬਹਾਦਰ ਸ਼ਾਹ ਰਾਜਪੂਤਾਨੇ ਦੇ ਰਾਜਪੂਤ ਰਾਜਿਆਂ ਨੂੰ ਡਰਾ ਧਮਕਾ ਕੇ ਆਪਣੀ ਈਨ ਮਨਵਾ ਰਿਹਾ ਸੀ ਇਸ ਲਈ ਰਾਜਪੂਤ ਰਾਜੇ ਗੁਰੂ ਸਾਹਿਬ ਦੇ ਸਾਥ ਦਾ ਲਾਭ ਉਠਾਉਣਾ ਚਾਹੁੰਦੇ ਸਨ ਤਾਂ ਜੋ ਗੁਰੂ ਸਾਹਿਬ ਦੇ ਰਾਹੀਂ ਉਹ ਬਹਾਦਰ ਸ਼ਾਹ ਤੱਕ ਆਪਣੀ ਪਹੁੰਚ ਕਰ ਸਕਣ ਜਾਂ ਆਪਣੇ ਹੱਕ ਦੀ ਗੱਲ ਕਰਵਾ ਸਕਣ। ਇਸ ਲਈ ਰਾਜਪੂਤ ਰਾਜੇ ਗੁਰੂ ਸਾਹਿਬ ਨੂੰ ਆਪਣੇ ਆਪਣੇ ਮਹਿਲਾਂ ਵਿਚ ਬੁਲਾ ਰਹੇ ਸਨ। ਉਦੈਪੁਰ ਵਿਖੇ ਵੀ ਗੁਰੂ ਸਾਹਿਬ ਉਥੋਂ ਦੇ ਰਾਜੇ ਜੈ ਸਿੰਘ ਦੇ ਬੁਲਾਉਣ ਉਤੇ ਹੀ ਗਏ ਸਨ।

ਉਦੈਪੁਰ ਸ਼ਹਿਰ ਜਾਂ ਮਹਿਲਾਂ ਵਿਚ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਕੋਈ ਯਾਦਗਾਰ ਨਹੀਂ ਪਰ ਇਥੋਂ ਦੇ ਲੋਕਾਂ ਵਿਚ ਗੁਰੂ ਜੀ ਦੇ ਆਉਣ ਦੀ ਰਵਾਇਤ ਪ੍ਰਚਲਤ ਹੈ। ਉਦੈਪੁਰ ਦੇ ਰਾਜਘਰਾਣੇ ਪਾਸ ਗੁਰੂ ਜੀ ਦੀ ਬਖਸ਼ੀ ਹੋਈ ਇਕ ਕ੍ਰਿਪਾਨ ਵੀ ਪਈ ਹੈ। ਦਸਿਆ ਜਾਂਦਾ ਹੈ ਕਿ ਜਿਸ ਸਮੇਂ ਮੋਹਨ ਲਾਲ ਸੁਖਾਡੀਆ ਰਾਜਸਥਾਨ ਦਾ ਮੁੱਖ ਮੰਤਰੀ ਬਣਿਆ ਤਾਂ ਉਦੈਪੁਰ ਦੇ ਸਿੱਖਾਂ ਨੇ ਉਸ ਨੂੰ ਕਿਹਾ ਕਿ ਜੇ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਕੋਈ ਯਾਦਗਾਰ ਬਣਵਾ ਦੇਣ ਤਾਂ ਉਹ ਉਨ੍ਹਾਂ ਦੇ ਰਿਣੀ ਹੋਣਗੇ। ਇਸ ਉਤੇ ਉਸ ਨੇ ਗੁਰੂ ਜੀ ਦੀ ਯਾਦ ਵਿਚ ਇਕ ਸੁੰਦਰ ਪਾਰਕ ਬਣਵਾ ਦਿੱਤਾ। ਇਹ ਪਾਰਕ ਇਕ ਚਟਾਨ ਉਤੇ ਹੈ ਇਸ ਲਈ ਇਸ ਚਟਾਨ ਨੂੰ 'ਗੋਬਿੰਦ ਚਟਾਨ' ਵੀ ਕਿਹਾ ਜਾਂਦਾ ਹੈ।

## ਅਜਮੇਰ

ਅਜਮੇਰ ਰਾਜਸਥਾਨ ਦਾ ਇਕ ਜ਼ਿਲ੍ਹਾ ਹੈ ਅਤ ਨਰਾਇਣੇ ਤੋਂ 70 ਕਿਲੋਮੀਟਰ ਦੀ ਵਿੱਥ ਉਤੇ ਸਥਿਤ ਹੈ। ਗੁਰੂ ਗੋਬਿੰਦ ਸਿੰਘ ਜੀ ਇਥ ਦੱਖਣ ਨੂੰ ਜਾਣ ਸਮੇਂ ਆਏ ਸਨ। ਅਜਮੇਰ ਦੀ ਇਤਿਹਾਸਕ ਮਹੱਤਤਾ ਇਸ ਕਰਕੇ ਵੀ ਹੈ ਕਿ ਇਹ ਮੁਸਲਮਾਨਾਂ ਦੇ ਇਕ ਚਿਸਤੀ ਫ਼ਕੀਰ ਦੀ ਥਾਂ ਸੀ। ਇਸ ਲਈ ਇਹ ਮੁਸਲਮਾਨਾਂ ਦਾ ਇਕ ਉੱਘਾ ਧਾਰਮਿਕ ਕੇਂਦਰ ਵੀ ਹੈ।

ਅਜਮੇਰ ਵਿਚ ਇਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਕੋਈ ਯਾਦਗਾਰ ਨਹੀਂ ਅਤੇ ਇਥੇ ਦੋ ਗੁਰਦੁਆਰੇ ਹਨ। ਇਹ ਦੋਵੇਂ ਹੀ ਸਥਾਨਕ ਸਿੱਖਾਂ ਵੱਲੋਂ 1947 ਈਸਵੀ ਤੋਂ ਪਿਛੋਂ ਹੀ ਬਣਾਏ ਗਏ ਸਨ। ਇਕ ਗੁਰਦੁਆਰਾ ਸਿੰਘ ਸਭਾ ਹੈ ਜਿਹੜਾ ਸ਼ਹਿਰ ਦੇ ਇਕ ਮਹੱਲੇ ਵਿਚ ਹੈ। ਦੂਸਰਾ ਗੁਰਦੁਆਰਾ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਦੌਲਤ ਮਹੱਲੇ ਵਿਚ ਹੈ।

ਦੌਲਤਾਬਾਦ ਗੰਜ ਦੇ ਗੁਰਦੁਆਰੇ ਦੇ ਬਾਹਰ ਇਕ ਪੁਰਾਣਾ ਖੂਹ ਹੈ। ਇਸ ਖੂਹ ਸੰਬੰਧੀ ਰਵਾਇਤ ਹੈ ਕਿ ਇਸ ਵਿਚੋਂ ਕੋਈ ਚਮੜੇ ਦੇ ਬੋਕੇ ਨਾਲ ਪਾਣੀ ਨਹੀਂ ਸੀ ਕੱਢਦਾ ਕਿਉਂਕਿ ਇਸ ਖੂਹ ਉੱਤੇ ਕਿਸੇ ਮਹਾਂਪੁਰਸ਼ ਦੇ ਚਰਨ ਪਏ ਸੀ। ਇਸ ਖੂਹ ਉਪਰ ਕਿਸੇ ਨੇ ਮਲਕੀਅਤ ਵੀ ਨਹੀਂ ਸੀ ਦਰਸਾਈ। ਅਨੁਮਾਨ ਲਾਇਆ ਜਾਂਦਾ ਹੈ ਕਿ ਇਹ ਮਹਾਂਪੁਰਸ਼ ਗੁਰੂ ਗੋਬਿੰਦ ਸਿੰਘ ਜੀ ਹੀ ਹੋ ਸਕਦੇ ਹਨ ਕਿਉਂਕਿ ਕਿਸੇ ਹੋਰ ਫਿਰਕੇ ਨੇ ਇਸ ਖੂਹ ਨਾਲ ਜੁੜੀ ਇਸ ਰਵਾਇਤ ਨੂੰ ਨਹੀਂ ਅਪਣਾਇਆ। ਜੇਕਰ ਇਹ ਮਹਾਂਪੁਰਸ਼ ਕਿਸੇ ਹੋਰ ਫਿਰਕੇ ਨਾਲ ਸੰਬੰਧਤ ਹੁੰਦੇ ਤਾਂ ਉਸ ਫਿਰਕੇ ਦੇ ਲੋਕ ਇਸ ਰਵਾਇਤ ਅਤੇ ਸਥਾਨ ਨੂੰ ਅਪਣਾ ਲੈਂਦੇ।

## ਅੰਬੇਰ

ਅੰਬੇਰ ਜੈਪੁਰ ਰਿਆਸਤ ਦੀ ਪੁਰਾਣੀ ਰਾਜਧਾਨੀ ਸੀ ਪਰ ਰਾਜਾ ਜੈ ਸਿੰਘ ਨੇ ਪਿਛੋਂ ਅੰਬੇਰ ਤੋਂ ਬਦਲਕੇ ਨਵਾਂ ਸ਼ਹਿਰ ਜੈਪੁਰ ਵਸਾਇਆ ਅਤੇ ਇਸੇ ਨੂੰ ਹੀ ਨਵੀਂ ਰਾਜਧਾਨੀ ਬਣਾ ਲਿਆ ਸੀ। ਇਸ ਕਰਕੇ ਅੰਬੇਰ ਅਤੇ ਜੈਪੁਰ ਦੋਵਾਂ ਦਾ ਇਕ ਹੀ ਅਰਥ ਹੈ। ਪਰ ਜਿਨ੍ਹਾਂ ਪੁਸਤਕਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਦੱਖਣ ਨੂੰ ਜਾਣ ਦਾ ਜ਼ਿਕਰ ਆਉਂਦਾ ਹੈ ਉਨ੍ਹਾਂ ਵਿਚ ਅੰਬੇਰ ਅਤੇ ਜੈਪੁਰ ਦੀਆਂ ਦੋਵੇਂ ਥਾਵਾਂ ਦੇ ਨਾਂ ਅੱਡ ਅੱਡ ਆਉਂਦੇ ਹਨ। ਗੁਰੂ ਸਾਹਿਬ ਦੇ ਸਮੇਂ ਨਵੀਂ ਰਾਜਧਾਨੀ ਜੈਪੁਰ ਵਸ ਚੁੱਕੀ ਸੀ। ਇਸ ਲਈ ਸੁਭਾਵਕ ਹੈ ਕਿ ਗੁਰੂ ਸਾਹਿਬ ਜੈਪੁਰ ਹੀ ਗਏ ਹੋਣਗੇ ਅਤੇ ਜੈਪੁਰ ਤੋਂ ਪੁਰਾਣੇ ਮਹਿਲਾਂ ਨੂੰ ਦੇਖਣ ਲਈ ਅੰਬੇਰ ਗਏ ਹੋਣਗੇ। ਇਨ੍ਹਾਂ ਦੋਵਾਂ ਥਾਵਾਂ ਦਾ ਫ਼ਰਕ ਅੱਠ ਕਿਲੋਮੀਟਰ ਦਾ ਹੀ ਹੈ ਜਿਹੜਾ ਕੇ ਬਹੁਤ ਥੋੜ੍ਹਾ ਹੈ।

ਜੈਪੁਰ ਦੇ ਸ਼ਹਿਰ ਵਿਚ ਭਾਵੇਂ ਕਿਸੇ ਵੀ ਥਾਂ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਕੋਈ ਗੁਰਦੁਆਰਾ ਨਹੀਂ ਪਰ ਇਸ ਦਾ ਅਰਥ ਇਹ ਨਹੀਂ ਕਿ ਗੁਰੂ ਸਾਹਿਬ ਇਥੇ ਨਹੀਂ ਆਏ। ਕਵੀ ਸੈਨਾਪਤਿ ਲਿਖਦਾ ਹੈ ਕਿ ਜਦੋਂ ਗੁਰੂ ਜੀ ਦੱਖਣ ਨੂੰ ਜਾ ਰਹੇ ਸਨ ਤਾਂ ਰਾਹ ਵਿਚ ਰਾਜਪੂਤਾਨੇ ਦੇ ਰਾਜਪੂਤ ਰਾਜੇ ਅੱਗੋਂ ਆ ਕੇ ਗੁਰੂ ਜੀ ਦਾ ਸੁਆਗਤ ਕਰਦੇ ਸਨ।

> "ਕਰਤ ਕੂਚ ਆਏ ਤਹਾਂ ਰਾਜਪੂਤਨ ਕੇ ਦੇਸ।
> ਆਨ ਆਨ ਰਾਜਾ ਮਿਲੇ ਜੋਧਾ ਬਡੇ ਨਰੇਸ ॥[1]

ਇਸ ਪਰਕਾਰ ਪਹਿਲੀ ਰਿਆਸਤ ਜੈਪੁਰ ਹੀ ਸੀ ਜਿਥੇ ਕਿ ਗੁਰੂ ਜੀ ਗਏ ਅਤੇ ਠਹਿਰੇ। ਦਸਿਆ ਜਾਂਦਾ ਹੈ ਕਿ ਇਨ੍ਹਾਂ ਮਹਿਲਾਂ ਵਿਚ ਪਹਿਲਾਂ ਇਕ ਕਮਰੇ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ ਪਰ ਹੁਣ ਪਤਾ ਨਹੀਂ ਕਿਨ੍ਹਾਂ ਕਾਰਨਾਂ ਕਰਕੇ ਬੰਦ ਕਰ ਦਿੱਤਾ ਗਿਆ ਹੈ। ਜੈਪੁਰ ਅਤੇ ਅੰਬੇਰ ਵਿਚ ਗੁਰੂ ਸਾਹਿਬ ਦੇ ਸੰਬੰਧੀ ਹੋਰ ਕੋਈ ਯਾਦ ਨਹੀਂ ਹੈ।

---

1. ਸ੍ਰੀ ਗੁਰ ਸੋਭਾ, ਪੰਨਾ 97

## ਸੁਹਾਵਾ

ਸੁਹਾਵਾ ਨੌਹਰ ਤੋਂ 40 ਕਿਲੋਮੀਟਰ ਦੀ ਦੂਰੀ ਉਤੇ ਸਥਿਤ ਹੈ ਅਤੇ ਨੌਹਰ ਰਿਆਸਤ ਦਾ ਇਕ ਛੋਟਾ ਜਿਹਾ ਕਸਬਾ ਹੈ। ਪਹਿਲਾਂ ਇਥੇ ਗੁਰੂ ਨਾਨਕ ਦੇਵ ਜੀ ਵੀ ਆਏ ਸਨ। ਗੁਰੂ ਨਾਨਕ ਸਾਹਿਬ ਜੀ ਨਾਲ ਸਥਾਨਕ ਰਵਾਇਤਾਂ ਸੰਬੰਧਤ ਹਨ। ਜਿਸ ਸਮੇਂ ਗੁਰੂ ਨਾਨਕ ਸਾਹਿਬ ਇਥੇ ਠਹਿਰ ਰਹੇ ਸਨ ਤਾਂ ਇਕ ਵਣਜਾਰਾ ਸਿੱਖ ਆਪਣੇ ਬੈਲਾਂ ਨੂੰ ਲੈਕੇ ਇਥੇ ਪਹੁੰਚਿਆ ਅਤੇ ਗੁਰੂ ਜੀ ਦੇ ਦਰਸ਼ਨ ਕੀਤੇ। ਗੁਰੂ ਜੀ ਨੇ ਉਸਨੂੰ ਪਾਣੀ ਆਦਿ ਪੀਣ ਲਈ ਦਿੱਤਾ। ਵਣਜਾਰੇ ਸਿੱਖ ਨੇ ਹੱਥ ਜੋੜ ਕੇ ਕਿਹਾ ਕਿ ਉਸ ਦੇ ਬੈਲਾਂ ਨੇ ਵੀ ਪਾਣੀ ਨਹੀਂ ਪੀਤਾ ਇਸ ਲਈ ਉਨ੍ਹਾਂ ਨੂੰ ਜੇ ਕਿਤੋਂ ਪਾਣੀ ਮਿਲ ਜਾਵੇ ਤਾਂ ਚੰਗਾ ਹੈ। ਇਸ ਉਤੇ ਗੁਰੂ ਜੀ ਨੇ ਕਿਹਾ ਕਿ ਇਸ ਲਾਗਲੇ ਛੱਪੜ ਵਿਚੋਂ ਹੀ ਬੈਲਾਂ ਨੂੰ ਪਾਣੀ ਪਿਆ ਲਵੋ। ਵਣਜਾਰੇ ਸਿੱਖ ਨੇ ਕਿਹਾ ਕਿ ਇਸ ਤਰ੍ਹਾਂ ਤਾਂ ਇਹ ਪਾਣੀ ਜੂਠਾ ਹੋ ਜਾਵੇਗਾ ਅਤੇ ਮੁੱਕ ਵੀ ਜਾਵੇਗਾ। ਪਰ ਗੁਰੂ ਜੀ ਨੇ ਕਿਹਾ ਕਿ ਪਾਣੀ ਮੁਕੇਗਾ ਨਹੀਂ ਸਗੋਂ ਇਹ ਤਾਂ ਹੋਰ ਵੀ ਵਧੇ ਫੁਲੇਗਾ।

ਰਵਾਇਤ ਹੈ ਕਿ ਪਿਛੋਂ ਜਦੋਂ ਗੁਰੂ ਗੋਬਿੰਦ ਸਿੰਘ ਜੀ ਇਥੇ ਆਏ ਤਾਂ ਤਲਵੰਡੀ ਸਾਬੋ ਤੋਂ ਤੁਰੇ ਡੱਲਾ ਬਰਾੜ ਅਤੇ ਹੋਰ ਸਿੱਖ ਸਰਦਾਰ ਵੀ ਗੁਰੂ ਜੀ ਨਾਲ ਸਨ। ਮਾਲਵੇ ਦੇ ਰਾਮਾ ਅਤੇ ਤਿਲੋਕਾ ਵੀ ਨਾਲ ਸਨ। ਗੁਰੂ ਜੀ ਦੀ ਮਨਸ਼ਾ ਡੱਲਾ ਬਰਾੜ ਨੂੰ ਨਾਲ ਦੱਖਣ ਨੂੰ ਲੈ ਕੇ ਜਾਣ ਦੀ ਸੀ ਪਰ ਡੱਲਾ ਬਰਾੜ ਦੱਖਣ ਵੱਲ ਜਾਣ ਤੋਂ ਝਿਜਕਦਾ ਸੀ। ਜਦ ਡੱਲੇ ਨੇ ਦੇਖਿਆ ਕਿ ਗੁਰੂ ਜੀ ਉਸਨੂੰ ਜ਼ਰੂਰ ਹੀ ਨਾਲ ਲੈਕੇ ਜਾਣਗੇ ਤਾਂ ਉਹ ਇਕ ਰਾਤ ਨੂੰ ਹਨੇਰੇ ਹੀ ਉੱਠ ਕੇ ਅਤੇ ਬਾਹਰ ਜਾਣ ਦਾ ਬਹਾਨਾ ਕਰਕੇ ਸੁਹਾਵਾ ਤੋਂ ਵਾਪਿਸ ਤਲਵੰਡੀ ਸਾਬੋ ਨੂੰ ਚੋਰੀ ਚੋਰੀ ਦੌੜ ਆਇਆ। ਸਵੇਰੇ ਉਠਕੇ ਜਦ ਗੁਰੂ ਸਾਹਿਬ ਨੇ ਡੱਲੇ ਬਰਾੜ ਦਾ ਮੰਜਾ ਖਾਲੀ ਦੇਖਿਆ ਤਾਂ ਪੁੱਛ ਗਿਛ ਕਰਨੀ ਆਰੰਭ ਕੀਤੀ। ਇਸ ਉਤੇ ਇਕ ਮੁਸਲਿਮ ਫ਼ਕੀਰ, ਜਿਹੜਾ ਕਿ ਪਿਛੇਂ ਤੋਂ ਹੀ ਗੁਰੂ ਸਾਹਿਬ ਦੇ ਕੈਂਪ ਦੇ ਨਾਲ ਆ ਰਿਹਾ ਸੀ ਨੇ ਕਿਹਾ ਕਿ ਇਥੇ "ਨਾ ਡੱਲਾ ਨਾ ਮੱਲਾ, ਇਥੇ ਤਾਂ ਸਿਰਫ ਅੱਲਾ ਹੀ ਅੱਲਾ।" ਮੱਲਾ, ਭਾਈ ਡੱਲੇ ਦਾ ਛੋਟਾ ਭਰਾ ਸੀ। ਫ਼ਕੀਰ ਦੇ ਕਹਿਣ ਦਾ ਭਾਵ ਸੀ ਕਿ ਉਥੇ ਡੱਲਾ ਤੇ ਮੱਲਾ ਦੋਵੇਂ ਹੀ ਨਹੀਂ ਸਨ। ਸਿਰਫ ਅੱਲਾ ਤੇ ਹੀ ਭਰੋਸਾ ਰੱਖਿਆ ਜਾ ਸਕਦਾ ਸੀ ਅਤੇ ਕਿਸੇ ਬੰਦੇ ਦੀ ਤਾਕਤ ਉਤੇ ਨਹੀਂ। ਇਸ ਉਤੇ ਗੁਰੂ ਸਾਹਿਬ ਨੇ ਕਿਹਾ ਕਿ ਜਿਸ ਲਾਲਚ ਲਈ ਉਹ ਦੌੜਿਆ ਹੈ ਉਸ ਦਾ ਉਹ ਲਾਲਚ ਪੂਰਾ ਨਹੀਂ ਹੋ ਸਕੇਗਾ। ਕਿਹਾ ਜਾਂਦਾ ਹੈ ਕਿ ਭਾਈ ਡੱਲਾ ਰਾਹ ਵਿਚ ਆਉਂਦਾ ਹੀ ਮਰ ਗਿਆ ਸੀ। ਉਸ ਦੇ ਭਰਾ ਮੱਲੇ ਨੇ ਭਾਈ ਡੱਲੇ ਦੀ ਲਾਸ਼ ਲਿਆ ਕੇ ਤਲਵੰਡੀ ਸਾਬੋ ਵਿਖੇ ਦਫ਼ਨਾਈ ਸੀ। ਜਦ ਇਸ ਗੱਲ ਦਾ ਪਤਾ ਭਾਈ ਡੱਲੇ ਦੀ ਭੈਣ ਨੂੰ ਲੱਗਿਆ ਤਾਂ ਉਹ ਆਪਣੇ ਭਾਈ ਦੀ ਭੁੱਲ ਬਖਸ਼ਾਉਣ ਵਾਸਤੇ ਸੁਹਾਵਾ ਵਿਖੇ ਗੁਰੂ ਸਾਹਿਬ ਕੋਲ ਗਈ ਅਤੇ ਆਪਣੇ ਭਾਈ ਦੀ ਗਲਤੀ ਦਾ ਪਛਤਾਵਾ ਕੀਤਾ।[1] ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ ਵਿਚ ਇਸਨੂੰ ਭਾਈ ਡੱਲੇ ਦੀ ਭਾਬੀ ਲਿਖਿਆ ਗਿਆ ਹੈ ਅਤੇ ਵਰਣਨ ਕੀਤਾ ਗਿਆ ਹੈ ਕਿ ਭਾਈ ਡੱਲੇ ਦੀ ਭਾਬੀ ਨੇ ਆਪਣੇ ਪੇਟੋਂ ਇਕ ਲੜਕੀ ਦਾ ਜਨਮ ਹੋਣ ਉਤੇ ਉਸ ਲੜਕੀ ਨੂੰ ਮਾਰ ਦਿੱਤਾ ਸੀ। ਇਸ ਲਈ ਉਹ ਇਸ ਪਛਤਾਵੇ ਲਈ ਗੁਰੂ ਸਾਹਿਬ ਕੋਲ ਆਈ ਸੀ।[2]

---

1. ਇਹ ਗੱਲ ਤਲਵੰਡੀ ਸਾਬੋ ਵਿਚ ਇਸ ਸਮੇਂ ਰਹਿ ਰਹੇ ਸਰਦਾਰ ਰਤਨ ਅਮੋਲ ਸਿੰਘ ਦੀ ਮਾਤਾ ਅਵਤਾਰ ਕੌਰ ਨੇ ਦੱਸੀ ਹੈ।
2. ਪੰਨਾ 125-133.

ਇਕ ਹੋਰ ਰਵਾਇਤ ਜੋ ਗੁਰੂ ਸਾਹਿਬ ਨਾਲ ਸੰਬੰਧਤ ਹੈ ਇਸ ਤਰ੍ਹਾਂ ਦੱਸੀ ਜਾਂਦੀ ਹੈ ਕਿ ਜਿਸ ਸਮੇਂ ਗੁਰੂ ਸਾਹਿਬ ਨੇ ਇਥੇ ਆਕੇ ਕਮਰਕੱਸਾ ਖੋਹਲਿਆ ਤਾਂ ਉਨ੍ਹਾਂ ਨੇ ਬਠਿੰਡੇ ਦੇ ਕਿੱਲ੍ਹੇ ਵਿਚੋਂ ਫੜਿਆ ਜਿੰਨ ਛੱਡ ਦਿੱਤਾ। ਸਿੱਖਾਂ ਦੇ ਪੁੱਛਣ ਉਤੇ ਕਿਹਾ ਕਿ ਇਰਾਦਾ ਤਾਂ ਇਸਨੂੰ ਅੱਗੇ ਜਾਕੇ ਛੱਡਣ ਦਾ ਸੀ ਪਰ ਇਸ ਨੂੰ ਇਥੇ ਹੀ ਛੱਡ ਦਿੰਦੇ ਹਾਂ ਕਿਉਂਕਿ ਇਥੇ ਖਾਣ ਪੀਣ ਨੂੰ ਕੁਝ ਨਹੀਂ। ਆਪ ਹੀ ਇਸ ਤਰ੍ਹਾਂ ਭੁੱਖਾ ਤਿਹਾਇਆ ਰਹਿਕੇ ਮਰ ਜਾਏਗਾ। ਇਤਿਹਾਸਕ ਦ੍ਰਿਸ਼ਟੀਕੋਣ ਤੋਂ ਇਹ ਰਵਾਇਤ ਠੀਕ ਨਹੀਂ ਹੈ। ਇਕ ਹੋਰ ਰਵਾਇਤ ਅਨੁਸਾਰ ਗੁਰੂ ਸਾਹਿਬ ਜੀ ਦੀ ਰਿਹਾਇਸ਼ ਦੇ ਕੋਲ ਹੀ ਇਕ ਜੰਡ ਦਾ ਦਰੱਖਤ ਸੀ। ਉਸ ਵਿਚ ਇਕ ਪਿੱਪਲ ਦਾ ਦਰੱਖਤ ਵੀ ਹਰਾ ਹੋ ਗਿਆ ਸੀ। ਗੁਰੂ ਜੀ ਨੇ ਕਿਹਾ ਕਿ ਦੇਖੋ ਇਸ ਸਮੇਂ ਇਹ ਪਿੱਪਲ ਛੋਟਾ ਜਿਹਾ ਹੈ; ਜਿਸ ਦਿਨ ਇਸ ਪਿੱਪਲ ਨੇ ਸਾਰੇ ਜੰਡ ਨੂੰ ਘੇਰ ਲਿਆ ਉਸ ਦਿਨ ਪੰਜਾਬ ਵਿਚ ਖਾਲਸੇ ਦਾ ਬੋਲ ਬਾਲਾ ਹੋ ਜਾਵੇਗਾ।

ਸੁਹਾਵਾ ਵਿਖੇ ਗੁਰੂ ਸਾਹਿਬ ਕਈ ਦਿਨ ਠਹਿਰੇ ਦੱਸੇ ਜਾਂਦੇ ਹਨ। ਰਵਾਇਤ ਹੈ ਕਿ ਗੁਰੂ ਨਾਨਕ ਦੇਵ ਜੀ ਵੇਲੇ ਦਾ ਛੱਪੜ ਗੁਰੂ ਗੋਬਿੰਦ ਸਿੰਘ ਜੀ ਵੇਲੇ ਵੀ ਸੀ ਅਤੇ ਇਹ ਹੁਣ ਵੀ ਹੈ। ਰਾਜਸਥਾਨੀ ਬੋਲੀ ਵਿਚ ਛੱਪੜ ਨੂੰ 'ਜੋਹੜ' ਕਹਿੰਦੇ ਹਨ। ਕਿਹਾ ਜਾਂਦਾ ਹੈ ਕਿ ਇਸੇ ਛੱਪੜ ਵਿਚ ਪਾਣੀ ਹੋਣ ਕਰਕੇ ਹੀ ਗੁਰੂ ਸਾਹਿਬ ਇਥੇ ਠਹਿਰੇ ਸਨ ਕਿਉਂਕਿ ਹੋਰ ਨੇੜੇ ਤੇੜੇ ਪਾਣੀ ਦਾ ਕੋਈ ਸਾਧਨ ਨਹੀਂ ਸੀ।

ਇਸ ਥਾਂ ਉਤੇ ਪਿਛੋਂ ਮਹਾਰਾਜਾ ਰਣਜੀਤ ਸਿੰਘ ਨੇ ਇਕ ਛੋਟਾ ਜਿਹਾ ਗੁਰਦੁਆਰਾ ਬਣਵਾ ਦਿੱਤਾ ਸੀ ਅਤੇ ਛੱਪੜ ਨੂੰ ਹਮੇਸ਼ਾਂ ਪਾਣੀ ਨਾਲ ਭਰਕੇ ਰੱਖਣ ਲਈ ਕੁਝ ਵਾਰਸ਼ਿਕ ਪੈਸੇ ਵੀ ਨੀਯਤ ਕਰ ਦਿੱਤੇ ਸਨ। ਕੁਝ ਸਮੇਂ ਪਿਛੋਂ ਇਸ ਗੁਰਦੁਆਰੇ ਦਾ ਪ੍ਰਬੰਧ ਨਾਮਧਾਰੀ ਸਿੱਖਾਂ ਕੋਲ ਰਿਹਾ ਪ੍ਰੰਤੂ ਬਾਦ ਵਿਚ ਸੰਗਤਾਂ ਨੇ ਬਾਬਾ ਬਘੇਲ ਸਿੰਘ ਜਿਹੜੇ ਕਿ ਇਥੇ ਨੇੜੇ ਹੀ ਗੁਰਦੁਆਰਾ ਟਿੱਬੀ ਸਾਹਿਬ ਦੀ ਸੇਵਾ ਕਰਵਾ ਰਹੇ ਸਨ ਨੂੰ ਸੁਹਾਵਾ ਸਾਹਿਬ ਦੇ ਗੁਰਦੁਆਰੇ ਦੀ ਸੇਵਾ ਵੀ ਸੰਭਾਲ ਦਿੱਤੀ।

## ਕੁਲਾਯਤ

ਕੁਲਾਯਤ ਅਜਮੇਰ ਅਤ ਭੀਲਵਾੜਾ ਵਿਚਕਾਰ ਇਕ ਅਸਥਾਨ ਹੈ। ਇਸ ਅਸਥਾਨ ਉਤੇ ਗੁਰੂ ਗੋਬਿੰਦ ਸਿੰਘ ਜੀ ਬਘੌਰ ਨੂੰ ਜਾਂਦੇ ਹੋਏ ਠਹਿਰੇ ਸਨ। ਪੰਡਿਤ ਤਾਰਾ ਸਿੰਘ ਨਰੋਤਮ ਅਨੁਸਾਰ ਗੁਰੂ ਜੀ "ਘਮਰੋਦੇ ਸੇ ਚਲ ਈਹਾਂ ਉਤਰੇ ਤਬ ਗਯਾਰਾ ਮਹੀਨੇ ਪੀਛੇ ਦੱਖਣ ਸੇ ਆ ਕਰ ਦਯਾ ਸਿੰਘ ਮਿਲਾ।"[1]

ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ ਕਿ ਕੁਲਾਯਤ, ਘਮਰੋਦੇ ਅਤੇ ਬਘੌਰ ਦੇ ਮੱਧ ਇਕ ਨਗਰ ਹੈ। ਇਸ ਥਾ ਦਸ਼ਮੇਸ਼ ਨਾਂਦੇੜ ਨੂੰ ਜਾਂਦੇ ਬਾਰਾਂ ਦਿਨ ਵਿਰਾਜੇ।[2]

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :

ਨਗਰ ਕੁਲਾਯਤ ਸੁੰਦਰ ਥਾਇ।
ਦਵਾਦਸ ਦਿਵਸ ਬਸਯੋ ਤਹਿ ਥਾਇ।[3]

1. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 160
2. ਮਹਾਨ ਕੋਸ਼, ਪੰਨਾ 257
3. ਸ੍ਰੀ ਗੁਰ ਪ੍ਰਤਾਪ ਸੂਰਜ ਗਰੰਥ, ਜਿਲਦ 13

## ਚਿਤੌੜਗੜ੍ਹ

ਚਿਤੌੜਗੜ੍ਹ ਰਾਜਸਥਾਨ ਦਾ ਇਕ ਜ਼ਿਲ੍ਹਾ ਹੈ ਅਤੇ ਇਤਿਹਾਸਕ ਤੌਰ ਉਤੇ ਬਹੁਤ ਮਹੱਤਤਾ ਵਾਲਾ ਸ਼ਹਿਰ ਹੈ। ਇਹ ਉਦੈਪੁਰ ਤੋਂ ਭੀਲਵਾੜਾ ਵਿਚੋਂ ਦੀ ਲੱਗਭਗ 280 ਕਿਲੋਮੀਟਰ ਦੀ ਵਿੱਥ ਉਤੇ ਹੈ।

ਇਤਿਹਾਸਕਾਰ ਬਹਾਦਰ ਸ਼ਾਹ ਦੇ ਚਿਤੌੜ ਪਹੁੰਚਣ ਦੀ ਤਾਰੀਖ ਦੋ ਅਪ੍ਰੈਲ 1708 ਈਸਵੀ ਮੰਨਦੇ ਹਨ।[1] ਗੁਰੂ ਸਾਹਿਬ ਵੀ ਬਹਾਦਰ ਸ਼ਾਹ ਦੇ ਬਰਾਬਰ ਹੀ ਨਾਲ ਨਾਲ ਜਾ ਰਹੇ ਸਨ। ਗੁਰੂ ਜੀ ਦੇ ਪਾਲਕ ਪੁੱਤਰ ਜ਼ੋਰਾਵਰ ਸਿੰਘ ਵੀ ਗੁਰੂ ਜੀ ਦੇ ਨਾਲ ਸਨ। ਸਾਹਿਬਜ਼ਾਦਾ ਜ਼ੋਰਾਵਰ ਸਿੰਘ ਚਿਤੌੜ ਦਾ ਕਿੱਲ੍ਹਾ ਦੇਖਣ ਲਈ ਕੁਝ ਸਿੰਘਾਂ ਨੂੰ ਨਾਲ ਲੈਕੇ ਗਏ। ਕੁਝ ਸਿੰਘ ਘੋੜਿਆਂ ਅਤੇ ਊਠਾਂ ਲਈ ਘਾਹ ਪੱਠੇ ਲੈਣ ਗਏ ਸਨ। ਇਨ੍ਹਾਂ ਦਾ ਅਤੇ ਜ਼ੋਰਾਵਰ ਸਿੰਘ ਦੀ ਸਥਾਨਕ ਲੋਕਾਂ ਨਾਲ ਮੁੱਠਭੇੜ ਹੋ ਗਈ। ਇਸ ਮੁੱਠਭੇੜ ਵਿਚ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਮਾਰੇ ਗਏ ਸਨ। ਪਿਛੋਂ ਗੁਰੂ ਜੀ ਨੇ ਇਹ ਝਗੜਾ ਨਿਪਟਾਉਣ ਲਈ ਭਾਈ ਮਾਨ ਸਿੰਘ ਨੂੰ ਭੇਜਿਆ ਪ੍ਰੰਤੂ ਇਹ ਭਾਈ ਮਾਨ ਸਿੰਘ ਵੀ ਸਮਝੌਤਾ ਕਰਾਉਣ ਆਇਆ ਇਕ ਮੁੱਠਭੇੜ ਵਿਚ ਮਾਰਿਆ ਗਿਆ :

ਚਲੇ ਸਾਹਬੰ ਸ਼ਾਹ ਕੇ ਸਾਥ ਸਾਥੰ।  
ਕਰੇ ਜੋ ਚਲਿਤ ਆਪ ਹੀ ਆਪ ਨਾਥੰ।  
ਤਬੇ ਨਿਕਟਿ ਚੀਤਉਰ ਕੇ ਆਪ ਆਯੋ।  
ਜੋਰਾਵਰ ਸਿੰਘ ਦੇਖੰ ਸਿਧਾਯੋ।  
ਚੜ੍ਹੇ ਜਾਇ ਚੀਤਉਰ ਕਰਿ ਕਾਮ ਐਸੇ।  
ਨਫ਼ਰ ਦੋਇ ਕੇ ਤੀਨ ਥੇ ਸਾਥ ਤੈਸੇ।  
ਨਫ਼ਰ ਖਾਸ ਕੋ ਦੋਇ ਕਿ ਤੀਨੰ ਪਠਾਏ।  
ਭਲੀ ਭਾਂਤਿ ਜੋ ਆਪ ਡੰਕਾ ਬਜਾਏ।[2]

ਚਿਤੌੜਗੜ੍ਹ ਤੋਂ ਅੱਗੇ ਗੁਰੂ ਸਾਹਿਬ ਬਾਦਸ਼ਾਹੀ ਲਸ਼ਕਰ ਦੇ ਨਾਲ ਨਾਲ ਮੰਦਸੌਰ ਵੱਲ ਨੂੰ ਰਵਾਨਾ ਹੋ ਗਏ ਸਨ।

ਚਿਤੌੜਗੜ੍ਹ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਕੋਈ ਗੁਰਦੁਆਰਾ ਨਹੀਂ ਪਰ ਇਕ ਸਥਾਨਕ ਗੁਰਦੁਆਰਾ ਹੈ ਜਿਹੜਾ ਕਿ 1947 ਤੋਂ ਪਿਛੋਂ ਬਾਹਰੋਂ ਆਈ ਸਿੱਖ ਆਬਾਦੀ ਨੇ ਬਣਾਇਆ ਸੀ।

## ਨਰਾਇਣਾ (ਦਾਦੂ ਦੁਆਰਾ)

ਨਰਾਇਣਾ ਜ਼ਿਲ੍ਹਾ ਜੈਪੁਰ ਦਾ ਇਕ ਪ੍ਰਸਿੱਧ ਕਸਬਾ ਹੈ। ਇਸਦੀ ਪ੍ਰਸਿਧੀ ਦਾਦੂ ਪੰਥੀਆਂ ਦਾ ਕੇਂਦਰ ਹੋਣ ਕਰਕੇ ਹੀ ਹੈ। ਦਾਦੂ ਪੰਥੀਆਂ ਦਾ ਮੋਢੀ ਦਾਦੂ ਇਥੋਂ ਦਾ ਹੀ ਰਹਿਣ ਵਾਲਾ ਸੀ ਅਤੇ ਇਥੇ ਰਹਿਕੇ ਹੀ ਉਸਨੇ ਆਪਣੇ ਮੱਤ ਦਾ ਪ੍ਰਚਾਰ ਕੀਤਾ ਸੀ। ਨਰਾਇਣਾ ਜੈਪੁਰ ਤੋਂ ਅਜਮੇਰ ਵੱਲ 77 ਕਿਲੋਮੀਟਰ ਦੀ ਵਿੱਥ ਉਤੇ ਸਥਿਤ ਹੈ ਅਤੇ ਦਾਦੂ ਲਿੰਕ ਰੋਡ ਜਾਂਦੀ ਹੈ।

---

1. ਵੇਖੋ, ਸ੍ਰੀ ਗੁਰ ਸੋਭਾ, ਪੰਨਾ 119
2. ਉਹੀ

ਗੁਰੂ ਗੋਬਿੰਦ ਸਿੰਘ ਜੀ ਜਦ ਜੈਪੁਰ ਤੋਂ ਦੱਖਣ ਵੱਲ ਨੂੰ ਜਾ ਰਹੇ ਸਨ ਤਾਂ ਰਸਤੇ ਵਿਚ ਇਥੇ ਠਹਿਰੇ। ਇਥੇ ਉਸ ਸਮੇਂ ਦਾਦੂ ਦੇ ਉੱਤਰ-ਅਧਿਕਾਰੀ ਸੰਤ ਜੈਤ ਰਾਮ ਜੀ ਰਹਿੰਦੇ ਸਨ। ਗੁਰੂ ਜੀ ਨੇ ਦਾਦੂਆਂ ਦੇ ਡੇਰੇ ਕੋਲ ਜਾ ਕੇ ਆਪਣਾ ਕੈਂਪ ਲਾਇਆ ਅਤੇ ਦਾਦੂਆਂ ਨੂੰ ਆਪਣੇ ਆਉਣ ਦੀ ਖ਼ਬਰ ਦਿੱਤੀ। ਸੰਤ ਜੈਤ ਰਾਮ ਆਪਣੇ ਚੇਲਿਆਂ ਨੂੰ ਨਾਲ ਲੈ ਕੇ ਗੁਰੂ ਜੀ ਦੇ ਸੁਆਗਤ ਲਈ ਆਇਆ। ਸਥਾਨਕ ਰਵਾਇਤ ਅਨੁਸਾਰ ਸੰਤ ਜੈਤ ਰਾਮ ਨੇ ਗੁਰੂ ਜੀ ਨੂੰ ਅਗਲੇ ਦਿਨ ਦੇ ਖਾਣੇ ਦਾ ਨਿਮੰਤਰਣ ਦਿੱਤਾ। ਭੋਜਨ ਛੱਕਣ ਤੋਂ ਪਿਛੋਂ ਗੁਰੂ ਜੀ ਅਤੇ ਜੈਤ ਰਾਮ ਵਿਚਕਾਰ ਕਾਫੀ ਵਿਚਾਰ ਵਟਾਂਦਰਾ ਹੋਇਆ। ਇਸ ਵਿਚਾਰ ਵਟਾਂਦਰੇ ਦੇ ਦੌਰਾਨ ਇਸ ਗੱਲ ਉਤੇ ਵੀ ਵਿਚਾਰ ਹੋਇਆ ਦਸਿਆ ਜਾਂਦਾ ਹੈ ਕਿ ਦਾਦੂ ਪੰਥੀਆਂ ਨੂੰ ਹਥਿਆਰ ਚੁੱਕ ਕੇ ਜ਼ੁਲਮ ਦੇ ਖ਼ਿਲਾਫ ਖੜ੍ਹੇ ਹੋ ਜਾਣਾ ਚਾਹੀਦਾ ਹੈ ਕਿਉਂਕਿ ਜ਼ੁਲਮ ਬਹੁਤ ਵਧ ਗਏ ਸਨ। ਜੈਤ ਰਾਮ ਨੇ ਕਿਹਾ ਕਿ ਉਨ੍ਹਾਂ ਦਾ ਅਹਿੰਸਾ ਵਿਚ ਪੂਰਨ ਵਿਸ਼ਵਾਸ ਸੀ ਇਸ ਲਈ ਉਹ ਹਥਿਆਰ ਨਹੀਂ ਚੁੱਕ ਸਕਦੇ। ਇਸੇ ਪਰਕਾਰ ਹੀ ਕੁਝ ਹੋਰ ਸਥਾਨਕ ਰਵਾਇਤਾਂ ਗੁਰੂ ਜੀ ਅਤੇ ਦਾਦੂ ਪੰਥੀਆਂ ਨਾਲ ਸੰਬੰਧਤ ਹਨ।

ਕੁਝ ਦਿਨ ਉਥੇ ਠਹਿਰਣ ਉਪਰੰਤ ਫਿਰ ਗੁਰੂ ਜੀ ਅੱਗੇ ਨੂੰ ਚੱਲ ਪਏ। ਜਿਸ ਥਾਂ ਉਤ ਗੁਰੂ ਜੀ ਨੇ ਆ ਕੇ ਕੈਂਪ ਲਾਇਆ ਸੀ ਉਸ ਥਾਂ ਉਤੇ ਉਨ੍ਹਾਂ ਦੀ ਯਾਦਗਾਰ ਵਜੋਂ ਦਾਦੂ ਪੰਥੀਆਂ ਵੱਲੋਂ ਹੀ ਇਕ ਪੱਕਾ ਥੜ੍ਹਾ ਬਣਵਾ ਦਿੱਤਾ ਗਿਆ ਸੀ। ਇਹ ਥੜ੍ਹਾ ਨਰਾਇਣੇ ਦੇ ਪੱਛਮ ਵੱਲ ਨਮਕ ਦੀ ਝੀਲ ਵੱਲ ਜਾਣ ਵਾਲੀ ਸੜ੍ਹਕ ਉਤੇ ਦਾਦੂ ਪੰਥੀਆਂ ਦੇ ਡੇਰੇ ਤੋਂ ਲੱਗਭਗ ਇਕ ਫਰਲਾਂਗ ਦੀ ਵਿੱਥ ਉਤੇ ਹੈ ਅਤੇ ਇਕ ਬਹੁਤ ਵੱਡੇ ਤਲਾ ਦੇ ਕਿਨਾਰੇ ਉਤੇ ਸਥਿਤ ਹੈ। ਇਥੇ ਨੇੜੇ ਹੀ ਇਕ ਪੁਰਾਣਾ ਖੂਹ ਅਤੇ ਬੋਹੜ ਹੈ।

ਦਸਿਆ ਜਾਂਦਾ ਹੈ ਕਿ ਜਿਸ ਸਮੇਂ ਸਰ ਜੋਗਿੰਦਰ ਸਿੰਘ ਰਾਜਸਥਾਨ ਦੇ ਗਵਰਨਰ ਬਣੇ ਸਨ ਤਾਂ ਇਥੋਂ ਦੇ ਇਲਾਕੇ ਦੀਆਂ ਸਿੱਖ ਸੰਗਤਾਂ ਨੇ ਬੇਨਤੀ ਕੀਤੀ ਸੀ ਕਿ ਉਨ੍ਹਾਂ ਨੂੰ ਇਸ ਥੜ੍ਹੇ ਉਤੇ ਗੁਰੂ ਜੀ ਦੀ ਯਾਦ ਵਿਚ ਆਖੰਡ ਪਾਠ ਕਰਾਉਣ ਦੀ ਆਗਿਆ ਦਿੱਤੀ ਜਾਵੇ ਤਾਂ ਸਰਕਾਰ ਨੇ ਉਨ੍ਹਾਂ ਨੂੰ ਇਹ ਇਜਾਜ਼ਤ ਦੇ ਦਿੱਤੀ। ਜਿਸ ਦੇ ਸਿੱਟੇ ਵਜੋਂ ਹਰ ਹਫਤੇ ਦੂਰੋਂ ਨੇੜਿਓਂ ਸਿੱਖ ਸੰਗਤਾਂ ਆਉਣ ਲਗ ਪਈਆਂ ਅਤੇ ਇਥੇ ਕੀਰਤਨ ਆਦਿ ਹੋਣਾ ਸ਼ੁਰੂ ਹੋ ਗਿਆ। ਸਥਾਨਕ ਰਵਾਇਤ ਹੈ ਕਿ ਇਥੇ ਛੱਤ-ਵਾਲਾ ਕੋਈ ਕਮਰਾ ਨਹੀਂ ਸੀ ਅਤੇ ਜਦੋਂ ਸੰਗਤਾਂ ਆਉਂਦੀਆਂ ਸਨ ਤਾਂ ਉਹ ਤੰਬੂ ਲਾਕੇ ਹੀ ਰਹਿਣ ਦਾ ਪ੍ਰਬੰਧ ਕਰਦੀਆਂ ਸਨ। ਸਿੱਟੇ ਵਜੋਂ ਸਿੱਖ ਸੰਗਤਾਂ ਨੇ ਇਕ ਗੁਰਦੁਆਰਾ ਉਸਾਰਨ ਦੀ ਸਕੀਮ ਬਣਾ ਲਈ। ਪਰ ਦਾਦੂ ਪੰਥੀਆਂ ਨੇ ਇਸ ਦੀ ਵਿਰੋਧਤਾ ਕੀਤੀ। ਝਗੜਾ ਅਦਾਲਤ ਵਿਚ ਪਹੁੰਚ ਗਿਆ। ਗਿਆਨੀ ਜ਼ੈਲ ਸਿੰਘ ਦੇ ਕੇਂਦਰ ਵਿਚ ਗ੍ਰਹਿ ਮੰਤਰੀ ਹੋਣ ਸਮੇਂ ਸਰਕਾਰ ਨੇ ਝਗੜੇ ਦਾ ਫੈਸਲਾ ਕਰਨ ਲਈ ਪੇਸ਼ਕਸ਼ ਕੀਤੀ ਕਿ ਸਰਕਾਰ ਸਿੱਖਾਂ ਨੂੰ ਸਸਤੀ ਕੀਮਤ ਉਤੇ ਸ਼ਹਿਰ ਤੋਂ ਬਾਹਰ, ਜਿਥੇ ਉਹ ਕਹਿਣ, ਗੁਰਦੁਆਰੇ ਲਈ ਜ਼ਮੀਨ ਦੇ ਸਕਦੀ ਹੈ। ਸਿੱਟੇ ਵਜੋਂ ਸਿੱਖਾਂ ਨੇ ਨਰਾਇਣਾ-ਦਾਦੂ ਸੜਕ ਉਤੇ $13\frac{1}{2}$ ਬਿਘੇ ਜ਼ਮੀਨ ਮੁੱਲ ਲੈ ਲਈ। ਇਸ ਥਾਂ ਉਤੇ ਗੁਰਦੁਆਰਾ ਚਰਨ ਕਮਲ ਸਾਹਿਬ ਦੀ ਉਸਾਰੀ ਕਰ ਦਿੱਤੀ ਗਈ ਜਿਸ ਦਾ ਨੀਂਹ ਪੱਥਰ ਗਿਆਨੀ ਜ਼ੈਲ ਸਿੰਘ ਨੇ ਰੱਖਿਆ ਸੀ।

ਇਸ ਗੁਰਦੁਆਰੇ ਦੇ ਕੁਝ ਰਿਹਾਇਸ਼ੀ ਕਮਰੇ ਅਤੇ ਇਕ ਗੁਰਦੁਆਰਾ-ਹਾਲ ਤਿਆਰ ਹੋ ਚੁੱਕਿਆ ਹੈ। ਨਰਾਇਣੇ ਵਿਚ ਕੋਈ ਸਿੱਖ ਆਬਾਦੀ ਨਹੀਂ।

# ਨੌਹਰ

ਨੌਹਰ ਰਾਜਸਥਾਨ ਦੇ ਗੰਗਾ ਨਗਰ ਜ਼ਿਲ੍ਹੇ ਦੀ ਇਕ ਤਹਿਸੀਲ ਹੈ। ਇਹ ਸਿਰਸਾ ਤੋਂ 70 ਕਿਲੋਮੀਟਰ ਦੂਰ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸਸ਼ੋਭਤ ਹੈ। ਸਥਾਨਕ ਰਵਾਇਤ ਅਨੁਸਾਰ ਇਹ ਜੈਨੀਆਂ ਦਾ ਮੁੱਖ ਕੇਂਦਰ ਸੀ। ਜਿਸ ਥਾਂ ਉਤੇ ਜੈਨੀਆ ਨੇ ਆਪਣੇ ਮਦਰ ਬਣਾਏ ਸਨ ਉਥੇ ਹੀ ਇਕ ਪੱਕਾ ਥੜ੍ਹਾ ਬਣਾਇਆ ਹੋਇਆ ਸੀ। ਇਸ ਥੜ੍ਹੇ ਉਤੇ ਜੈਨੀ ਲੋਕ ਹਰ ਰੋਜ਼ ਕਬੂਤਰਾਂ ਨੂੰ ਦਾਣੇ ਪਾਇਆ ਕਰਦੇ ਸਨ। ਜਿਸ ਸਮੇਂ ਗੁਰੂ ਜੀ ਦਾ ਸਮੁੱਚਾ ਕੈਂਪ ਨੌਹਰ ਪਹੁੰਚਿਆ ਤਾਂ ਉਨ੍ਹਾਂ ਨੇ ਜੈਨੀਆਂ ਦੇ ਡੇਰੇ ਕੋਲ ਹੀ ਆਪਣਾ ਕੈਂਪ ਲਗਾਇਆ। ਗੁਰੂ ਜੀ ਨੇ ਜੈਨੀ ਸਾਧੂਆਂ ਨਾਲ ਇਸ ਅਸਥਾਨ ਉਤੇ ਸਿਧਾਂਤਕ ਵਿਚਾਰ ਵਟਾਂਦਰਾ ਕੀਤਾ ਸੀ। ਸਥਾਨਕ ਰਵਾਇਤ ਅਨੁਸਾਰ ਜਦ ਗੁਰੂ ਜੀ ਨੇ ਜੈਨੀ ਸਾਧੂਆਂ ਕੋਲੋਂ ਪਾਣੀ ਬਾਰੇ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਉਥੇ ਲਾਗੇ ਹੀ ਇਕ ਖੂਹ ਸੀ। ਉਸ ਖੂਹ ਦਾ ਪਾਣੀ ਕੌੜਾ ਸੀ। ਗੁਰੂ ਜੀ ਨੇ ਸਿੰਘਾਂ ਨੂੰ ਕਿਹਾ ਕਿ ਇਸ ਖੂਹ ਵਿਚ ਅੰਮ੍ਰਿਤ ਦਾ ਛਿੱਟਾ ਪਾ ਦਿੱਤਾ ਜਾਵੇ ਅਤੇ ਪਾਣੀ ਮਿੱਠਾ ਹੋ ਜਾਵੇਗਾ। ਇਹ ਖੂਹ ਇਸ ਸਮੇਂ ਗੁਰਦੁਆਰੇ ਤੋਂ ਥੋੜ੍ਹੀ ਹੀ ਵਿੱਥ ਉਤੇ ਹਨੂੰਮਾਨ ਮੰਦਰ ਦੇ ਲਾਗੇ ਹੈ ਅਤੇ ਇਸ ਖੂਹ ਦਾ ਨਾਂ ਅੰਮ੍ਰਿਤੀ ਖੂਹੀ ਹੈ।

ਇਥੇ ਹੀ ਇਕ ਬ੍ਰਾਹਮਣ ਕਿਸ਼ਨ ਚੰਦ ਨਾਲ ਵੀ ਗੁਰੂ ਜੀ ਦਾ ਵਿਚਾਰ ਵਟਾਂਦਰਾ ਹੋਇਆ ਸੀ। ਬ੍ਰਾਹਮਣ ਦੇ ਖਾਨਦਾਨ ਦੇ ਲੋਕ ਦਸਦੇ ਹਨ ਕਿ ਉਨ੍ਹਾਂ ਦੇ ਪਰਵਾਰ ਨੂੰ ਗੁਰੂ ਜੀ ਦਾ ਵਰ ਸੀ ਕਿ ਜਦੋਂ ਤੱਕ ਉਹ ਤਮਾਕੂ ਦਾ ਸੇਵਨ ਨਹੀਂ ਕਰਨਗੇ ਉਦੋਂ ਤੱਕ ਉਨ੍ਹਾਂ ਦੇ ਘਰ ਕਿਸੇ ਚੀਜ਼ ਦੀ ਥੁੜ੍ਹ ਨਹੀਂ ਆਵੇਗੀ। ਇਸ ਲਈ ਇਸ ਖਾਨਦਾਨ ਦਾ ਕੋਈ ਵੀ ਮੈਂਬਰ ਤਮਾਕੂ ਦੀ ਵਰਤੋਂ ਨਹੀ ਕਰਦਾ। ਰਵਾਇਤ ਹੈ ਕਿ ਕਿਸ਼ਨ ਚੰਦ ਬ੍ਰਾਹਮਣ ਨਾਲ ਵਿਚਾਰ ਵਟਾਂਦਰਾ ਕਰਨ ਸਮੇਂ ਗੁਰੂ ਜੀ ਨੂੰ ਉਸ ਨੇ ਪੁੱਛਿਆ ਕਿ ਕੀ ਉਹ ਦੱਖਣ ਵੱਲ ਬਾਦਸ਼ਾਹ ਔਰੰਗਜ਼ੇਬ ਅਤੇ ਬੰਦਾ ਬਹਾਦਰ ਨੂੰ ਮਿਲਣ ਜਾ ਰਹੇ ਸਨ ? ਗੁਰੂ ਜੀ ਨੇ ਉਸਨੂੰ ਬੰਦਾ ਬਹਾਦਰ ਨੂੰ ਮਿਲਣ ਅਤੇ ਉਸਨੂੰ ਪੰਜਾਬ ਭੇਜਣ ਬਾਰੇ ਦਸਿਆ ਅਤੇ ਕਿਹਾ ਕਿ ਜਿਸ ਕੰਮ ਨੂੰ ਕੋਈ ਨਹੀਂ ਕਰ ਸਕਿਆ ਉਸਨੂੰ ਬੰਦਾ ਬਹਾਦਰ ਕਰੇਗਾ।

ਨੌਹਰ ਦੇ ਸਿੱਖ ਵਿਸ਼ਵਾਸ਼ ਕਰਦੇ ਹਨ ਕਿ ਗੁਰੂ ਜੀ ਨੇ ਨੌਹਰ ਬਾਰੇ ਕਿਹਾ ਸੀ। "ਨੌਹਰ ਗੁਰੂ ਦੀ ਮੋਹਰ, ਖਾਲਸਾ ਆਵੇਗਾ ਤੇ ਲੁੱਟੇਗਾ।" ਅਠਾਰਵੀਂ ਸਦੀ ਵਿਚ ਜਦੋਂ ਸਿੱਖ ਜੰਗਲਾਂ ਤੇ ਪਹਾੜਾਂ ਵਿਚ ਛੁਪ ਕੇ ਦਿਨ ਬਤੀਤ ਕਰਦੇ ਸਨ ਤਾਂ ਕੁਝ ਇਧਰ ਵੀ ਬੀਕਾਨੇਰ ਦੇ ਇਲਾਕੇ ਤੋਂ ਆ ਗਏ ਸਨ। ਇਥੋਂ ਦੇ ਸਰਕਾਰ ਪੱਖੀ ਚੌਧਰੀਆਂ ਅਤੇ ਗੁਰੂ ਘਰ ਦੇ ਦੋਖੀਆਂ ਨੂੰ ਸਿੱਖਾਂ ਨੇ ਖੂਬ ਸੋਧਿਆ ਸੀ।

ਰਵਾਇਤ ਹੈ ਕਿ ਗੁਰੂ ਸਾਹਿਬ ਦੇ ਠਹਿਰਣ ਵਾਲੀ ਥਾਂ ਉਤੇ ਸਭ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਾ ਬਣਵਾਇਆ ਸੀ। ਕੁਝ ਸਮੇਂ ਲਈ ਇਸ ਥਾਂ ਦੀ ਸੇਵਾ ਸੰਭਾਲ ਬ੍ਰਾਹਮਣ ਕਿਸ਼ਨ ਚੰਦ ਦਾ ਖਾਨਦਾਨ ਕਰਦਾ ਰਿਹਾ। ਪਿਛੋਂ ਇਸ ਛੋਟੇ ਜਿਹੇ ਗੁਰਦੁਆਰੇ ਦਾ ਪ੍ਰਬੰਧ ਨਾਮਧਾਰੀ ਸਿੱਖਾਂ ਦੇ ਕੋਲ ਆ ਗਿਆ। ਪਰ ਨਾਮਧਾਰੀ ਸਿੱਖਾਂ ਦੇ ਪ੍ਰਬੰਧ ਤੋਂ ਸਥਾਨਕ ਸਿੱਖ ਸੰਗਤਾਂ ਖੁਸ਼ ਨਹੀਂ ਸਨ। ਇਸ ਲਈ ਉਨ੍ਹਾਂ ਨੇ ਇਕੱਠਿਆਂ ਹੋ ਕੇ ਬਾਬਾ ਪ੍ਰੀਤਮ ਸਿੰਘ ਜਿਹੜੇ ਕਿ ਸਿਰਸਾ ਅਤੇ ਇਥੋਂ ਦੇ ਗੁਰਦੁਆਰਿਆਂ ਦੀ ਉਸਾਰੀ ਦਾ ਕੰਮ ਕਰਵਾ ਰਹੇ ਹਨ ਨੂੰ ਸੰਭਾਲਣ ਲਈ ਬੇਨਤੀ ਕੀਤੀ। ਇਸ ਤਰ੍ਹਾਂ ਇਸ ਦਾ ਪ੍ਰਬੰਧ ਅੱਜ ਕਲ੍ਹ ਬਾਬਾ ਪ੍ਰੀਤਮ ਸਿੰਘ ਜੀ ਕੋਲ ਹੈ। ਪੁਰਾਣੇ ਗੁਰਦੁਆਰੇ ਨੂੰ ਢਾਹ ਕੇ ਬਹੁਤ ਹੀ ਆਲੀਸ਼ਾਨ ਇਮਾਰਤ ਉਸਾਰੀ ਜਾ ਰਹੀ ਹੈ।

ਇਸ ਗੁਰਦੁਆਰੇ ਤੋਂ ਇਲਾਵਾ ਇਕ ਹੋਰ ਨਵਾਂ ਅਤੇ ਵਿਸ਼ਾਲ ਗੁਰਦੁਆਰਾ ਉਸਾਰਨ ਲਈ ਬਾਬਾ ਪ੍ਰੀਤਮ ਸਿੰਘ ਜੀ ਨੇ ਉਦਮ ਕਰਕੇ ਥਾਂ ਮੁੱਲ ਲੈ ਕੇ ਨਵੇਂ ਗੁਰਦੁਆਰੇ ਅਤ

ਸਰੋਵਰ ਦੀ ਉਸਾਰੀ ਸ਼ੁਰੂ ਕਰਵਾ ਦਿੱਤੀ ਹੈ। ਉਸਾਰੀ ਅਜੇ ਮੁਢਲੇ ਪੜਾਅ ਉਤੇ ਹੀ ਹੈ। ਇਕ ਸਰਾਂ ਅਤੇ ਇਕ ਸਕੂਲ ਬਣਾਉਣ ਦੀ ਸਕੀਮ ਵੀ ਦਸੀ ਜਾਂਦੀ ਹੈ। ਨਵੀਂ ਥਾਂ ਵਾਲੀ ਜ਼ਮੀਨ ਪੁਰਾਣੇ ਗੁਰਦੁਆਰੇ ਕੋਲੋਂ ਤਕਰੀਬਨ ਇਕ ਫਰਲਾਂਗ ਦੀ ਵਿੱਥ ਉਤੇ ਹਨੂੰਮਾਨ ਮੰਦਰ ਕਲ ਹੈ। ਉਪਰੋਕਤ ਵਰਣਨ ਕੀਤੀ ਗਈ ਅੰਮ੍ਰਿਤੀ ਖੂਹੀ ਵੀ ਇਸੇ ਮੰਦਰ ਕੋਲ ਹੀ ਹੈ।

## ਪੁਸ਼ਕਰ

ਪੁਸ਼ਕਰ ਅਜਮੇਰ ਤੋਂ ਅੱਠ ਕਿਲੋਮੀਟਰ ਦੀ ਵਿੱਥ ਉਤੇ ਹੈ। ਇਥੇ ਗੁਰੂ ਗੋਬਿੰਦ ਸਿੰਘ ਜੀ ਅਜਮਰ ਰਹਿਣ ਸਮੇਂ ਆਏ ਸਨ। ਇਥੇ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਇਕ ਗੋਬਿੰਦ ਘਾਟ ਹੈ। ਇਸ ਘਾਟ ਉਤੇ ਹਿੰਦੂ ਲੋਕ ਆਪਣੇ ਮੁਰਦਿਆਂ ਦੇ ਫੁੱਲ ਪਾਉਂਦੇ ਹਨ। ਪੁਸ਼ਕਰ ਵਿਚ ਦਾਖਲ ਹੋਣ ਸਾਰ ਹੀ ਇਕ ਹੋਰ ਗੁਰਦੁਆਰਾ ਮਿਲਦਾ ਹੈ ਜਿਹੜਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਹੈ। ਰਵਾਇਤ ਹੈ ਕਿ ਸਥਾਨਕ ਸਿੱਖਾਂ ਨੇ ਬਹੁਤ ਯਤਨ ਕੀਤੇ ਸਨ ਕਿ ਗੋਬਿੰਦ ਘਾਟ ਵਾਲੀ ਥਾਂ ਉਤੇ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਗੁਰਦੁਆਰਾ ਉਸਾਰਿਆ ਜਾਵ ਪਰ ਅਜਿਹਾ ਨਹੀਂ ਹੋ ਸਕਿਆ।

ਸਥਾਨਕ ਰਵਾਇਤ ਅਨੁਸਾਰ ਗਿਆਨੀ ਜ਼ੈਲ ਸਿੰਘ ਦੇ ਗ੍ਰਿਹ ਮੰਤਰੀ ਬਣਨ ਸਮੇਂ ਇਥੋਂ ਦੇ ਸਿੱਖਾਂ ਨੇ ਗਿਆਨੀ ਜੀ ਨੂੰ ਪੁਸ਼ਕਰ ਵਿਖੇ ਗੁਰੂ ਜੀ ਦੀ ਇਤਿਹਾਸਕ ਥਾਂ ਦਿਵਾਉਣ ਲਈ ਬੇਨਤੀ ਕੀਤੀ। ਗਿਆਨੀ ਜੀ ਨੇ ਰਾਜਸਥਾਨ ਸਰਕਾਰ ਨੂੰ ਕਿਹਾ ਕਿ ਤਲਾਅ ਦੇ ਇਕ ਕੰਢੇ ਉਤੇ ਥੋੜ੍ਹੀ ਜਿਹੀ ਥਾਂ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਬਣਾਉਣ ਲਈ ਦਿੱਤੀ ਜਾਵੇ। ਇਸ ਲਈ ਗੁਰੂ ਸਾਹਿਬ ਦੀ ਯਾਦ ਵਜੋਂ ਸੰਬੰਧਤ ਘਾਟ ਦਾ ਨਾਂ ਗੋਬਿੰਦ ਘਾਟ ਰੱਖ ਦਿੱਤਾ ਗਿਆ ਹੈ। ਵੈਸੇ ਇਹ ਗੋਬਿੰਦ ਘਾਟ ਪੁਰਾਣਾ ਚਲਿਆ ਆ ਰਿਹਾ ਨਾਮ ਹੈ ਜਿਹੜਾ ਗੁਰੂ ਗੋਬਿੰਦ ਜੀ ਦੀ ਯਾਤਰਾ ਦੀ ਯਾਦ ਤਾਜ਼ਾ ਕਰਦਾ ਹੈ। ਅਜੇ ਤੱਕ ਇਥੇ ਕੇਵਲ ਬੋਰਡ ਹੀ ਲੱਗਿਆ ਹੋਇਆ ਹੈ। ਇਲਾਕੇ ਦੇ ਸਿੱਖਾਂ ਵੱਲੋਂ ਇਥੇ ਗੁਰਦੁਆਰਾ ਉਸਾਰਨ ਦੀ ਯੋਜਨਾ ਦਸੀ ਜਾਂਦੀ ਹੈ।

## ਬਘੋਰ ਸਾਹਿਬ (ਭੀਲਵਾੜਾ)

ਭੀਲਵਾੜਾ ਰਾਜਸਥਾਨ ਦਾ ਇਕ ਮਹੱਤਵਪੂਰਨ ਸ਼ਹਿਰ ਹੈ। ਇਹ ਅਜਮੇਰ ਅਤ ਚਿਤੌੜਗੜ੍ਹ ਦੇ ਦਰਮਿਆਨ ਅਜਮੇਰ ਤੋਂ 140 ਕਿਲੋਮੀਟਰ ਦੀ ਵਿੱਥ ਉਤੇ ਹੈ। ਇਥੋਂ ਚਿਤੌੜਗੜ੍ਹ ਅੱਗੇ 50 ਕਿਲੋਮੀਟਰ ਦੀ ਵਿੱਥ ਉਤੇ ਹੈ। ਭੀਲਵਾੜੇ ਦੇ ਇਕ ਹਿੱਸੇ ਨੂੰ ਪਹਿਲਾਂ ਬਘੋਰ ਕਿਹਾ ਜਾਂਦਾ ਸੀ ਪ੍ਰੰਤੂ ਅੱਜ ਕਲ੍ਹ ਇਹ ਭੀਲਵਾੜਾ ਸ਼ਹਿਰ ਦੇ ਵਿਚ ਹੀ ਰਲ ਗਿਆ ਹੈ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਅਜਮੇਰ ਤੋਂ ਇਧਰ ਆ ਰਹੇ ਸਨ ਤਾਂ ਬਘੌਰ ਦੇ ਅਸਥਾਨ ਉੱਤੇ ਗੁਰੂ ਸਾਹਿਬ ਨੇ ਠਹਿਰਾ ਕੀਤਾ। ਇਥੇ ਹੀ ਦੱਖਣ ਤੋਂ ਆਕੇ ਭਾਈ ਦਯਾ ਸਿੰਘ ਗੁਰੂ ਜੀ ਨੂੰ ਮਿਲਿਆ ਸੀ। ਭਾਈ ਦਯਾ ਸਿੰਘ ਗੁਰੂ ਸਾਹਿਬ ਤੋਂ ਪਹਿਲਾਂ ਦੱਖਣ ਨੂੰ ਗਿਆ ਸੀ ਤਾਂ ਕਿ ਉਹ ਗੁਰੂ ਜੀ ਨੂੰ ਔਰੰਗਜ਼ੇਬ ਨੂੰ ਮਿਲਣ ਆਉਣ ਬਾਰੇ ਜਾਣੂ ਕਰਵਾ ਦੇਵੇ। ਪ੍ਰੰਤੂ ਔਰੰਗਜ਼ੇਬ ਦੀ ਇਸ ਸਮੇਂ ਤੱਕ ਮ੍ਰਿਤੂ ਹੋ ਚੁਕੀ ਸੀ ਇਸ ਲਈ ਭਾਈ ਦਯਾ ਸਿੰਘ ਜਦੋਂ ਗੁਰੂ ਜੀ ਨੂੰ ਬਘੌਰ ਦੇ ਅਸਥਾਨ ਉੱਤੇ ਮਿਲਿਆ ਤਾਂ ਗੁਰੂ ਜੀ ਨੂੰ ਔਰੰਗਜ਼ੇਬ ਦੇ ਮਰਨ ਦੀ ਖ਼ਬਰ ਦਿੱਤੀ ਗਈ।

ਔਰੰਗਜ਼ੇਬ ਦੇ ਮਰ ਜਾਣ ਨਾਲ ਭਾਰਤ ਦੀ ਸਿਆਸਤ ਦਾ ਪਾਸਾ ਹੀ ਪਲਟ ਗਿਆ ਸੀ। ਹੁਣ ਗੁਰੂ ਸਾਹਿਬ ਦੇ ਦੱਖਣ ਨੂੰ ਜਾਣ ਦੀ ਜ਼ਰੂਰਤ ਨਹੀਂ ਸੀ ਕਿਉਂਕਿ ਨਵਾਂ ਬਾਦਸ਼ਾਹ, ਬਹਾਦਰਸ਼ਾਹ ਦਿੱਲੀ ਵਿਚ ਸੀ। ਇਸ ਲਈ ਗੁਰੂ ਜੀ ਨੇ ਬਘੌਰ ਸਾਹਿਬ ਤੋਂ ਵਾਪਸ ਦਿੱਲੀ ਜਾਣ ਦਾ ਫੈਸਲਾ ਕੀਤਾ। ਗੁਰੂ ਸਾਹਿਬ ਬਹੁਤ ਹੀ ਤੇਜ਼ੀ ਨਾਲ ਅਤੇ ਬਹੁਤ ਹੀ ਘੱਟ ਥਾਵਾਂ ਉੱਤੇ ਪੜਾਅ ਕਰਦੇ ਹੋਏ ਦਿੱਲੀ ਪਹੁੰਚ ਗਏ ਸਨ।

ਸ੍ਰੀ ਗੁਰ ਸੋਭਾ ਦੇ ਕਰਤਾ ਕਵੀ ਸੈਨਾਪਤਿ ਨੇ ਗੁਰੂ ਜੀ ਦੇ ਬਘੌਰ ਰਹਿਣ ਵੇਲੇ ਸਥਾਨਕ ਜਾਗੀਰਦਾਰਾਂ ਨਾਲ ਖਾਲਸੇ ਦੀ ਲੜਾਈ ਦਾ ਵੀ ਜ਼ਿਕਰ ਕੀਤਾ ਹੈ। ਇਸ ਲੜਾਈ ਨੂੰ ਕਵੀ ਸਨਾਪਤਿ ਨੇ "ਕੀਚਕ ਮਾਰ" ਦੇ ਸਿਰਲੇਖ ਹੇਠ ਇਸ ਤਰ੍ਹਾਂ ਬਿਆਨ ਕੀਤਾ ਹੈ :

ਕੀਚਕ ਭੂਮ ਦੇਖਨ ਨਮਿਤ ਗਏ ਪ੍ਰਭ ਤਿਹ ਠਉਰ।
ਆਨ ਪਹੂਚੇ ਤਾਹਿ ਦਿਸ ਨਿਕਟਿ ਸ਼ਹਰ ਬਾਘੌਰ।
ਸ਼ਹਰ ਬਾਘੌਰ ਆਪ ਜੋ ਆਏ।
ਲੋਕ ਤਹਾਂ ਕੇ ਅਤਿ ਡਰ ਪਾਏ।
ਤਿਨਹੂ ਕਰੀ ਜੁਧ ਕੀ ਸਾਮਾਂ।
ਕਬਹੂ ਲੂਟਿ ਲੇਹ ਏ ਧਾਮਾ।
ਅਤਿ ਅਪਾਰ ਜਿਨ ਫੌਜ ਨਿਹਾਰੀ।
ਸੂਰਬੀਰ ਜੋਧਾ ਹਿਤਕਾਰੀ।[1]

ਇਤਿਹਾਸ ਵਿਚ ਇਸ ਲੜਾਈ ਨੂੰ ਅਜੇ ਤੱਕ ਪੂਰੀ ਤਰ੍ਹਾਂ ਸਪਸ਼ਟ ਨਹੀਂ ਕੀਤਾ ਜਾ ਸਕਿਆ ਅਤੇ ਨਾ ਹੀ ਕਵੀ ਸੈਨਾਪਤਿ ਨੇ ਇਸਦੇ ਕਾਰਨ ਸਪਸ਼ਟ ਕਰਕੇ ਲਿਖੇ ਹਨ। ਜਿਤਨੀ ਜਾਣਕਾਰੀ ਕਵੀ ਸੈਨਾਪਤਿ ਤੋਂ ਮਿਲ ਸਕਦੀ ਹੈ ਉਸ ਅਨੁਸਾਰ ਇਹ ਲੜਾਈ ਖਾਲਸੇ ਵੱਲੋਂ ਆਪਣੇ ਘੋੜਿਆਂ ਅਤੇ ਊਠਾਂ ਨੂੰ ਖੁਰਾਕ ਇਕੱਠੀ ਕਰਨ ਕਰਕੇ ਹੋਣ ਦਾ ਪਤਾ ਲੱਗਦਾ ਹੈ। ਇਸ ਲੜਾਈ ਵਿਚ ਉਸ ਇਲਾਕੇ ਦੇ ਦੋ ਭੂਮੀਏ ਸਰਦਾਰ ਮਹਾਨੰਦ ਅਤੇ ਮੋਖਰਾ ਮਾਰੇ ਗਏ ਸਨ ਅਤੇ ਲੜਾਈ ਵਿਚ ਜਿੱਤ ਪ੍ਰਾਪਤ ਕਰਕੇ ਇਥੋਂ ਗੁਰੂ ਸਾਹਿਬ ਸਿੱਧਾ ਦਿੱਲੀ ਨੂੰ ਚਲੇ ਗਏ ਸਨ :

ਭਜੀ ਫੌਜ ਬਾਘਉਰ ਕੋ ਮਾਰਿ ਲੀਏ ਸਿਰਦਾਰ।
ਕੂਚ ਜਹਾਨਾ ਬਾਦ ਕੋ ਕਰਿ ਦੀਨੋ ਕਰਤਾਰ।
ਸ਼ਾਹ ਜਹਾਨਾ ਬਾਦ ਕੋ ਕੀਨੋ ਕੂਚ ਅਪਾਰ।
ਕਥਾ ਸ਼ਾਹਿ ਕੇ ਗਉਨ ਕੀ ਕਹਤ ਤਾਸ ਬੀਚਾਰ।[2]

ਬਘੌਰ ਸਾਹਿਬ ਦੇ ਨਾਂ ਹੇਠ ਇਥੇ ਇਕ ਗੁਰਦੁਆਰੇ ਨੂੰ ਉਸਾਰਨ ਲਈ ਥਾਂ ਮੱਲ ਲਈ ਗਈ ਹੈ ਪਰ ਅਜੇ ਤੱਕ ਇਥੇ ਗੁਰਦੁਆਰਾ ਉਸਾਰਿਆ ਨਹੀਂ ਗਿਆ। ਸਿਰਫ ਨਿਸ਼ਾਨ ਸਾਹਿਬ ਹੀ ਠਹਿਰਾਇਆ ਗਿਆ ਹੈ ਅਤੇ ਇਕ ਛੋਟਾ ਜਿਹਾ ਕਮਰਾ ਵੀ ਹੈ।

---

1. ਸ੍ਰੀ ਗੁਰ ਸੋਭਾ, ਪੰਨਾ 99
2. ਉਕਤ, ਪੰਨਾ 105

## ਭਾਦਰਾ

ਭਾਦਰਾ ਨਗਰ ਰਾਜਸਥਾਨ ਪ੍ਰਾਂਤ ਵਿਚ ਹੈ ਅਤੇ ਸੁਹਾਵਾ ਤੋਂ ਲੱਗਭਗ 40 ਕਿਲੋਮੀਟਰ ਦੀ ਦੂਰੀ ਉੱਤੇ ਸਥਿਤ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਬਾਰੇ ਇਉਂ ਲਿਖਿਆ ਹੈ : "ਬੀਕਾਨੇਰ ਦੇ ਰਾਜ ਵਿੱਚ ਰਾਜਗੜ੍ਹ ਨਜ਼ਾਮਤ ਦੀ ਇਕ ਤਸੀਲ ਦਾ ਪ੍ਰਧਾਨ ਨਗਰ। ਇਹ ਸਰਸੇ ਤੋਂ ਬਾਰਾਂ ਮੀਲ ਦੱਖਣ-ਪੂਰਵ, ਬੀਕਾਨੇਰ ਤੋਂ 136 ਮੀਲ ਉੱਤਰ-ਪੂਰਵ ਅਤੇ ਹਿਸਾਰ ਤੋਂ 35 ਮੀਲ ਪੱਛਮ ਹੈ। ਇਥੇ ਗੁਰੂ ਗੋਬਿੰਦ ਸਿੰਘ ਸਾਹਿਬ ਨਾਂਦੇੜ ਨੂੰ ਜਾਂਦੇ ਕੁਝ ਕਾਲ ਠਹਿਰੇ ਸਨ, ਪਰ ਕਿਸੇ ਪ੍ਰੇਮੀ ਨੇ ਹੁਣ ਤੋੜੀ ਗੁਰਦੁਆਰਾ ਨਹੀਂ ਬਣਾਇਆ।"[1] ਪੰਡਿਤ ਤਾਰਾ ਸਿੰਘ ਨਰੋਤਮ ਲਿਖਦੇ ਹਨ : "ਭਾਦਰਾ ਗ੍ਰਾਮ ਨਹਰ ਸੇ ਅਠਾਰਾਂ ਕੋਸ ਦੱਖਣ—ਈਹਾਂ ਪਹੁੰਚ ਗੁਰੂ ਜੀ ਨੇ ਡੇਰਾ ਕੀਆ। ਜਮਨਾ ਕੀ ਨਹਰ ਈਹਾਂ ਪਹੁੰਚ ਬਾਲੂ ਮੇਂ ਗਾਯਬ ਹੋਤੀ ਹੈ। ਆਗੇ ਨਹੀਂ ਜਾਤੀ। ਇਸ ਨਗਰ ਮੇਂ ਗੁਰਦੁਵਾਰਾ ਮਲੂਮ ਨਹੀਂ।"[2]

ਅੱਜ ਕਲ੍ਹ ਬਾਬਾ ਪ੍ਰੀਤਮ ਸਿੰਘ ਜੀ ਜਿਹੜੇ ਕਿ ਸਰਸਾ ਅਤੇ ਸੁਹਾਵਾ ਨਗਰ ਦੇ ਗੁਰਦੁਆਰਿਆਂ ਦੀ ਉਸਾਰੀ ਕਰਵਾ ਰਹੇ ਹਨ ਇਥੇ ਵੀ ਨਵੇਂ ਗੁਰਦੁਆਰਿਆਂ ਦੀ ਉਸਾਰੀ ਕਰਵਾ ਰਹੇ ਹਨ।


## ਮਾਧੋ ਸਿੰਘਾਣਾ

ਮਾਧੋ ਸਿੰਘਾਣਾ ਸਿਰਸਾ ਤੋਂ ਦੱਖਣ ਵੱਲ ਜਾਂ ਰਾਜਸਥਾਨ ਵੱਲ ਲੱਗਭਗ 10 ਕਿਲੋਮੀਟਰ ਉੱਤੇ ਸਥਿਤ ਹੈ। ਸਥਾਨਕ ਰਵਾਇਤ ਹੈ ਕਿ ਇਥੇ ਜਿਸ ਸਮੇਂ ਸਿਰਸਾ ਤੋਂ ਹੁੰਦਿਆਂ ਹੋਇਆਂ ਗੁਰੂ ਜੀ ਆਏ ਤਾਂ ਇਥੋਂ ਦਾ ਪੀਣ ਵਾਲਾ ਪਾਣੀ ਕੌੜਾ ਸੀ। ਗੁਰੂ ਜੀ ਨੇ ਸਿੰਘਾਂ ਨੂੰ ਨਵੀਂ ਥਾਂ ਉੱਤੇ ਨਵਾਂ ਖੂਹ ਖੁਦਵਾਉਣ ਲਈ ਕਿਹਾ। ਪਿੰਡ ਵਿਚ ਪ੍ਰਚਲਤ ਰਵਾਇਤ ਅਨੁਸਾਰ ਗੁਰੂ ਜੀ ਨੇ ਇਥੇ ਆਕੇ ਖੂਹ ਦੇ ਕੌੜੇ ਪਾਣੀ ਨੂੰ ਮਿੱਠਾ ਬਣਾ ਦਿੱਤਾ।

ਬਾਬਾ ਗੁਰਮੁਖ ਸਿੰਘ ਦੇ ਜੱਥੇ ਵਿਚੋਂ ਬਾਬਾ ਪ੍ਰੀਤਮ ਸਿੰਘ ਜੀ ਜਿਹੜੇ ਕਿ ਸਿਰਸਾ ਦੇ ਗੁਰਦੁਆਰਿਆਂ ਦੀ ਸੇਵਾ ਕਰਵਾ ਰਹੇ ਹਨ ਦਸਦੇ ਹਨ ਕਿ ਮਾਧੋ ਸਿੰਘਾਣਾ ਵਿਚ ਕਿਉਂਕਿ ਸਿੱਖਾਂ ਦੀ ਆਬਾਦੀ ਨਹੀਂ ਇਸ ਲਈ ਦੂਸਰੇ ਲੋਕਾਂ ਨੇ ਬਾਬਾ ਜੀ ਵੱਲੋਂ ਬਾਰ ਬਾਰ ਬੇਨਤੀ ਕਰਨ ਉੱਤੇ ਵੀ ਗੁਰੂ ਜੀ ਦੀ ਯਾਦ ਵਜੋਂ ਗੁਰਦੁਆਰਾ ਉਸਾਰਨ ਲਈ ਜ਼ਮੀਨ ਨਹੀਂ ਦਿੱਤੀ। ਪਰ ਇਹ ਯਤਨ ਅਜੇ ਜਾਰੀ ਹਨ। ਇਕ ਰਵਾਇਤ ਅਨੁਸਾਰ ਮਾਧੋ ਸਿੰਘਾਣਾ ਤੋਂ ਗੁਰੂ ਸਾਹਿਬ ਅੱਗੇ ਨੋਹਰ ਗਏ ਸਨ।

---

1. ਮਹਾਨ ਕੋਸ਼, ਪੰਨਾ 684
2. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 159



ਮੰਦਰ ਦਾਦੂ-ਦੁਆਰਾ—ਨਰਾਇਣਾ (ਰਾਜਸਥਾਨ) ਇਥੇ ਗੁਰੂ ਜੀ ਅਤੇ ਜੈਤ ਰਾਮ ਦੀ ਮੁਲਾਕਾਤ ਹੋਈ ਸੀ।

# ਦਿੱਲੀ

1. ਗੁਰਦੁਆਰਾ ਦਮਦਮਾ ਸਾਹਿਬ
2. ਗੁਰਦੁਆਰਾ ਮੋਤੀ ਬਾਗ

## ਗੁਰਦੁਆਰਾ ਦਮਦਮਾ ਸਾਹਿਬ

ਗੁਰੂ ਸਾਹਿਬ ਜਿਸ ਸਮੇਂ ਬਹਾਦਰ ਸ਼ਾਹ ਨੂੰ ਮਿਲਣ ਲਈ ਦੱਖਣ ਤੋਂ ਦਿੱਲੀ ਆ ਕ ਮੋਤੀ ਬਾਣੀਏ ਦੀ ਹਵੇਲੀ ਅਤੇ ਬਾਗ ਵਿਚ ਠਹਿਰੇ ਹੋਏ ਸਨ ਤਾਂ ਉਸ ਸਮੇਂ ਬਾਦਸ਼ਾਹ ਦਾ ਸੁਨੇਹਾ ਮਿਲਿਆ ਕਿ ਗੁਰੂ ਜੀ ਨਾਲ ਉਸ ਦੀ ਮੁਲਾਕਾਤ ਹਮਾਯੂੰ ਦੇ ਮਕਬਰੇ ਦੇ ਪਾਸ ਹੋਵੇਗੀ। ਇਸ ਲਈ ਗੁਰੂ ਜੀ ਅਤੇ ਬਹਾਦਰ ਸ਼ਾਹ ਹਮਾਯੂੰ ਦੇ ਮਕਬਰੇ ਦੇ ਪਾਸ ਇਕੱਠੇ ਹੋਏ ਅਤੇ ਵਿਚਾਰ ਵਟਾਂਦਰਾ ਕੀਤਾ।

ਸਥਾਨਕ ਰਵਾਇਤ ਅਨੁਸਾਰ ਇਥੇ ਹੀ ਗੁਰੂ ਜੀ ਨੇ ਉਨ੍ਹਾਂ ਜ਼ਾਲਮ ਅਫਸਰਾਂ ਦੀ ਲਿਖਤ ਬਾਦਸ਼ਾਹ ਨੂੰ ਦਿੱਤੀ ਜਿਨ੍ਹਾਂ ਨ ਲੋਕਾਂ ਅਤੇ ਛੋਟੇ ਸਾਹਿਬਜ਼ਾਦਿਆਂ ਉਪਰ ਜ਼ੁਲਮ ਢਾਹੇ ਸਨ। ਇਥੇ ਹੀ ਬਾਦਸ਼ਾਹ ਨੇ ਹਾਥੀਆਂ ਦੀ ਲੜਾਈ ਕਰਵਾਈ ਅਤੇ ਬਾਦਸ਼ਾਹ ਦੇ ਹਾਥੀ ਦੀ ਗੁਰੂ ਜੀ ਦੇ ਸਾਨ੍ਹ ਨਾਲ ਵੀ ਲੜਾਈ ਕਰਵਾਈ ਗਈ। ਗੁਰੂ ਜੀ ਦੇ ਸਾਨ੍ਹ ਨੇ ਬਾਦਸ਼ਾਹ ਦੇ ਹਾਥੀ ਨੂੰ ਹਰਾ ਦਿੱਤਾ ਸੀ। ਬਾਦਸ਼ਾਹ ਨੇ ਗੁਰੂ ਜੀ ਨੂੰ ਅਤੇ ਗੁਰੂ ਜੀ ਦੇ ਮਹਿਲਾਂ ਨੂੰ ਕੀਮਤੀ ਤੋਹਫੇ ਵੀ ਦਿੱਤੇ।.

ਸਰਦਾਰ ਬਘੇਲ ਸਿੰਘ ਦੇ ਸਮੇਂ ਇਥੇ ਗੁਰਦੁਆਰਾ ਉਸਾਰਿਆ ਗਿਆ ਅਤੇ ਪਿਛੋਂ ਇਸ ਨਾਲ ਕਾਫ਼ੀ ਜ਼ਮੀਨ ਵੀ ਲਗਵਾਈ ਗਈ। ਇਸ ਗੁਰਦੁਆਰੇ ਵਿਚ ਗਰੂ ਜੀ ਦੇ ਦਿੱਲੀ ਵਿਚ ਪਰਵੇਸ਼ ਹੋਣ ਦਾ ਦਿਹਾੜਾ ਮਨਾਇਆ ਜਾਂਦਾ ਹੈ।

## ਗੁਰਦੁਆਰਾ ਮੋਤੀ ਬਾਗ

ਜਿਸ ਸਮੇਂ ਬਘੋਰ (ਭੀਲਵਾੜਾ, ਰਾਜਿਸਥਾਨ) ਦੇ ਥਾਂ ਉਤੇ ਭਾਈ ਦਯਾ ਸਿੰਘ ਨੇ ਗੁਰੂ ਜੀ ਨੂੰ ਆਕੇ ਖ਼ਬਰ ਦਿੱਤੀ ਕਿ ਬਾਦਸ਼ਾਹ ਔਰੰਗਜ਼ੇਬ ਦਾ ਦਿਹਾਂਤ ਹੋ ਗਿਆ ਹੈ ਤਾਂ ਗੁਰੂ ਜੀ ਨ ਇਕ ਦਮ ਵਾਪਸ ਦਿੱਲੀ ਜਾਣ ਦੀ ਤਿਆਰੀ ਕੀਤੀ ਕਿਉਂਕਿ ਨਵਾਂ ਬਾਦਸ਼ਾਹ ਬਹਾਦਰ ਸ਼ਾਹ ਦਿੱਲੀ ਵਿਖੇ ਹੀ ਸੀ। ਗੁਰੂ ਜੀ ਦੇ ਦਿੱਲੀ ਵਿਖੇ ਪੁੱਜਣ ਉਤੇ ਉਨ੍ਹਾਂ ਦਾ ਕੈਂਪ ਗੁਰਦੁਆਰਾ ਮੋਤੀ ਬਾਗ ਵਾਲੀ ਥਾਂ ਉੱਤੇ ਲਾਇਆ ਗਿਆ ਸੀ।

ਇਹ ਥਾਂ ਮੋਤੀ ਨਾਮੀ ਬਾਣੀਏ ਦਾ ਬਾਗ ਸੀ। ਇਹ ਮੋਤੀ ਰਾਮ ਚਮੜ ਦਾ ਵਿਉਪਾਰੀ ਸੀ। ਇਸਦੇ ਨਾਲ ਹੀ ਇਕ ਬਾਗ ਅਤੇ ਚਮਾਰਾ ਦੀ ਹਵੇਲਿ ਸੀ। ਮੋਤੀ ਬਾਣੀਏ ਨੇ ਆਪਣੀ ਹਵੇਲੀ ਅਤੇ ਬਾਗ ਵਿਚ ਗੁਰੂ ਜੀ ਦੀ ਰਿਹਾਇਸ਼ ਕਰਵਾਈ ਅਤੇ ਨੇੜੇ ਹੀ ਆਲੇ ਦੁਆਲੇ ਖਾਲਸਈ ਸੈਨਾ ਦੇ ਤੰਬੂ ਸਨ। ਸਥਾਨਕ ਰਵਾਇਤ ਹੈ ਕਿ ਗੁਰੂ ਜੀ ਨੇ ਬਾਦਸ਼ਾਹ ਨੂੰ ਆਪਣੀ ਪਹੁਚ ਦੀ ਜਾਣਕਾਰੀ ਦੇਣ ਲਈ ਲਾਲ ਕਿਲ੍ਹੇ ਵਿਚ ਜਿਸ ਥਾਂ ਉਤੇ ਬਹਾਦਰ ਸ਼ਾਹ ਬੈਠਾ ਸੀ, ਉਥੇ ਤੀਰ ਛੱਡਿਆ। ਤੀਰ ਬਹਾਦਰ ਸ਼ਾਹ ਦ ਮੰਜੇ ਦੇ ਇਕ ਪਾਵੇ ਵਿਚ ਲਗਿਆ। ਥੋੜ੍ਹੇ ਹੀ

ਸਮੇਂ ਬਾਦ ਇਕ ਹੋਰ ਤੀਰ ਛੱਡਿਆ ਗਿਆ ਜਿਸ ਨਾਲ ਇਕ ਪਰਚੀ ਬੰਨ੍ਹੀ ਹੋਈ ਸੀ ਅਤੇ ਜਿਸ ਉਪਰ ਲਿਖਿਆ ਹੋਇਆ ਸੀ ਕਿ ਇਹ ਕਰਾਮਾਤ ਨਹੀਂ ਸਗੋਂ ਤੀਰਅੰਦਾਜ਼ੀ ਹੈ। ਬਾਦਸ਼ਾਹ ਗੁਰੂ ਜੀ ਦੀ ਤੀਰਅੰਦਾਜ਼ੀ ਦੇਖਕੇ ਹੈਰਾਨ ਰਹਿ ਗਿਆ। ਇਸ ਤੋਂ ਪਿਛੋਂ ਬਹਾਦਰ ਸ਼ਾਹ ਨੇ ਗੁਰੂ ਜੀ ਦਾ ਹਮਾਯੂੰ ਦੇ ਮਕਬਰੇ ਕੋਲ ਸੁਆਗਤ ਕੀਤਾ।

ਜਦੋਂ ਅਠਾਰਵੀਂ ਸਦੀ ਦੇ ਅਖੀਰਲੇ ਸਮੇਂ ਵਿਚ ਸਰਦਾਰ ਬਘੇਲ ਸਿੰਘ ਨੇ ਦਿੱਲੀ ਨੂੰ ਜਿੱਤਿਆ ਸੀ ਤਾਂ ਉਸ ਸਮੇਂ ਬਾਕੀ ਗੁਰਦੁਆਰਿਆਂ ਨਾਲ ਇਥੇ ਵੀ ਵਰਤਮਾਨ ਗੁਰਦੁਆਰੇ ਦੀ ਮੁੱਢਲੀ ਇਮਾਰਤ ਦੀ ਉਸਾਰੀ ਕਰਵਾਈ ਗਈ। ਅੱਜ ਕਲ੍ਹ ਇਸਦਾ ਪ੍ਰਬੰਧ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ।

# ਮੱਧ-ਪ੍ਰਦੇਸ਼

1. ਬਰਹਾਨਪੁਰ
2. ਬਾਲਾਪੁਰ, ਪਾਤੁਰ, ਮਲਿਕਪੁਰ, ਅਤੇ ਹੰਗੋਲੀ
3. ਮੰਦਸੌਰ

# ਬਰਹਾਨਪੁਰ

ਬਰਹਾਨਪੁਰ ਮੱਧ-ਪ੍ਰਦੇਸ਼ ਦੇ ਖੰਡਵਾ ਜ਼ਿਲ੍ਹੇ ਦਾ ਇਕ ਪ੍ਰਸਿੱਧ ਸ਼ਹਿਰ ਹੈ। ਮੁਗਲ ਕਾਲ ਵੇਲੇ ਬਰਹਾਨਪੁਰ ਇਕ ਮਹੱਤਵਪੂਰਨ ਕੇਂਦਰ ਸੀ ਜਿਥੇ ਕਿ ਦੱਖਣ ਜਾਣ ਸਮੇਂ ਠਹਿਰਾਅ ਕੀਤਾ ਜਾਂਦਾ ਸੀ। ਅਸਲ ਵਿਚ ਦੱਖਣ ਨੂੰ ਜਾਣ ਵਾਲੀ ਹਰ ਮੁਹਿੰਮ ਬਰਹਾਨਪੁਰ ਹੋ ਕੇ ਜਾਂਦੀ ਸੀ ਅਤੇ ਬਰਹਾਨਪੁਰ ਦੱਖਣ ਦਾ ਬੂਹਾ ਸਮਝਿਆ ਜਾਂਦਾ ਸੀ। ਅੱਜ ਵੀ ਜੋ ਮੁੱਖ ਰਸਤਾ ਉੱਤਰੀ ਭਾਰਤ ਵੱਲੋਂ ਦੱਖਣ ਨੂੰ ਜਾਂਦਾ ਹੈ ਉਹ ਬਰਹਾਨਪੁਰ ਵਿਚੋਂ ਹੀ ਜਾਂਦਾ ਹੈ ਅਤੇ ਬਰਹਾਨਪੁਰ ਰਾਤ ਦਾ ਠਹਿਰਾਅ ਕੀਤਾ ਜਾਂਦਾ ਹੈ।

ਖ਼ਾਫ਼ੀ ਖ਼ਾਨ ਦੀ 'ਮੁਤੰਖ਼ਬ-ਉਤ-ਤਵਾਰੀਖ' (ਦੂਸਰੀ ਜਿਲਦ 618) ਅਨੁਸਾਰ ਬਹਾਦਰ ਸ਼ਾਹ ਬਾਦਸ਼ਾਹ ਜਮਾਦੀ-ਉਲ-ਅੱਵਲ1120 ਹਿਜਰੀ ਦੇ ਆਰੰਭ ਵਿਚ (ਜੁਲਾਈ ਸੰਨ 1708 ਈਸਵੀ ਦੇ ਦੂਸਰੇ ਹਫ਼ਤੇ) ਬਰਹਾਨਪੁਰ ਪੁੱਜਾ। ਬਾਦਸ਼ਾਹ ਤਾਂ ਛੇਤੀ ਹੀ ਅੱਗੇ ਨੂੰ ਚਲਾ ਗਿਆ ਕਿਉਂਕਿ ਇਸ ਵੇਲੇ ਉਸਦੇ ਛੋਟੇ ਭਾਈ ਕਾਮਬਖਸ਼ ਦੀ ਬਗਾਵਤ ਦਾ ਜ਼ੋਰ ਸੀ ਪਰ ਗੁਰੂ ਗੋਬਿੰਦ ਸਿੰਘ ਜੀ ਕੁਝ ਚਿਰ ਹੋਰ ਸਮਾਂ ਬਰਹਾਨਪੁਰ ਟਿਕੇ ਰਹੇ ਅਤੇ ਧਰਮ ਪ੍ਰਚਾਰ ਕਰਦੇ ਰਹੇ।[1] ਕਵੀ ਸੈਨਾਪਤਿ ਲਿਖਦਾ ਹੈ :

ਇਹੈ ਹੋਇ ਬੀਤੀ ਤਹਾ ਕੇਤੇ ਦਿਵਸ ਬਿਹਾਇ।
ਬੁਰਹਾਨੰ ਪੁਰ ਜਾਇ ਕੈ ਬਸੇ ਧਾਮ ਮੈ ਧਾਇ।[2]

ਕਵੀ ਸੈਨਾਪਤਿ ਅਨੁਸਾਰ ਬਰਹਾਨਪੁਰ ਤੋਂ ਬਾਦਸ਼ਾਹ ਅੱਗੇ ਚਲਾ ਗਿਆ ਸੀ ਪਰ ਗੁਰੂ ਜੀ ਪਿਛੇ ਰਹਿ ਰਹੇ ਸਨ। ਕੁਝ ਦਿਨਾਂ ਪਿਛੋਂ ਬਾਦਸ਼ਾਹ ਨੇ ਗੁਰੂ ਜੀ ਨੂੰ ਅੱਗੇ ਆਉਣ ਲਈ ਇਕ ਫ਼ੁਰਮਾਨ ਭੇਜਿਆ ਜਿਸ ਅਨੁਸਾਰ ਗੁਰੂ ਜੀ ਬਰਹਾਨਪੁਰ ਤੋਂ ਬਾਦਸ਼ਾਹ ਵੱਲ ਨੂੰ ਚਲ ਪਏ। ਤਾਪਤੀ ਨਦੀ ਉਤੇ ਪਹੁੰਚਕੇ ਠਹਿਰਾਅ ਕੀਤਾ ਗਿਆ।

ਕੀਓ ਕੂਚ ਤਪਤੀ ਹੂੰ ਕੇ ਪਾਰ ਆਏ।
ਤਹਾਂ ਸਿੰਘ ਆਏ ਕੀਏ ਖ਼ੂਬ ਸਾਮਾਂ।
ਕੀਏ ਤੀਨ ਕੈ ਚਾਰ ਤਾਹੀ ਮੁਕਾਮਾ।[3]

ਇਸ ਤੋਂ ਪਰਤੀਤ ਹੁੰਦਾ ਹੈ ਕਿ ਬਰਹਾਨਪੁਰ ਤੱਕ ਬਾਦਸ਼ਾਹ ਅਤੇ ਗੁਰੂ ਜੀ ਇਕੱਠੇ ਹੀ ਆ ਰਹੇ ਸਨ ਅਤੇ ਬਰਹਾਨਪੁਰ ਦੇ ਥਾਂ ਉਤੇ ਦੋਨੋਂ ਅੱਡ-ਅੱਡ ਹੋ ਗਏ ਸਨ। ਗੁਰੂ ਜੀ ਕਈ ਦਿਨ ਬਰਹਾਨਪੁਰ ਠਹਿਰੇ। ਪਿਛੋਂ ਬਾਦਸ਼ਾਹ ਦਾ ਫ਼ੁਰਮਾਨ ਮਿਲਣ ਉਤੇ ਗੁਰੂ ਜੀ ਨੇ ਇਥੋਂ ਅੱਗੇ ਦੱਖਣ ਨੂੰ ਕੂਚ ਕੀਤਾ।

ਗੁਰੂ ਜੀ ਤੋਂ ਪਿਛੋਂ ਬਰਹਾਨਪੁਰ ਵਿਖੇ ਮਾਤਾ ਸੁੰਦਰੀ ਜੀ ਦੇ ਮੁਤਬੰਨੇ ਪੁੱਤਰ ਅਜੀਤ ਸਿੰਘ ਦੇ ਪੁੱਤਰ ਹੱਠੀ ਸਿੰਘ ਨੇ ਆਪਣਾ ਡੇਰਾ ਬਣਾ ਲਿਆ ਸੀ ਅਤੇ ਗੁਰੂ ਜੀ ਦੀ ਯਾਦ ਵਿਚ ਇਕ ਛੋਟਾ ਜਿਹਾ ਗੁਰਦੁਆਰਾ ਬਣਵਾ ਦਿੱਤਾ ਸੀ। ਅੱਜ ਵੀ

---

1. ਸ੍ਰੀ ਗੁਰੂ ਸੋਭਾ, ਪੰਨਾ 122
2. ਉਹੀ
3. ਉਹੀ, ਪੰਨਾ 123

ਬਰਹਾਨਪੁਰ ਦੇ ਗੁਰਦੁਆਰੇ ਦੇ ਪਿਛਲੇ ਪਾਸੇ ਬਾਬਾ ਹੱਠੀ ਸਿੰਘ ਜੀ ਦੀਆਂ ਸਮਾਧਾਂ ਕਾਇਮ ਹਨ। ਇਥੇ ਗੁਰਦੁਆਰਾ ਵੀ ਬਣਿਆ ਆ ਰਿਹਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਇਥੇ ਇਕ ਪੱਕਾ ਅਤੇ ਸੁੰਦਰ ਗੁਰਦੁਆਰਾ ਬਣਵਾਇਆ। ਇਹ ਗੁਰਦੁਆਰਾ ਅੱਜ ਕਲ੍ਹ ਢੱਠੀ ਹੋਈ ਹਾਲਤ ਵਿਚ ਹੈ ਪਰ ਇਸ ਵਿਚਲੀਆਂ ਕੰਧਾਂ ਉਪਰ ਉਕਰੀਆਂ ਹੋਈਆਂ ਕੰਧ-ਤਸਵੀਰਾਂ ਦੇਖ ਕੇ ਪਤਾ ਲੱਗਦਾ ਹੈ ਕਿ ਜਿਸ ਸਮੇਂ ਇਹ ਗੁਰਦੁਆਰਾ ਬਣਾਇਆ ਗਿਆ ਹੋਵੇਗਾ ਤਾਂ ਇਸ ਦੀ ਸੁੰਦਰਤਾ ਸ਼ਲਾਘਾਯੋਗ ਹੋਵੇਗੀ।

ਪੰਡਿਤ ਤਾਰਾ ਸਿੰਘ ਨਰੋਤਮ ਅਨੁਸਾਰ, "ਜਬ ਗੁਰੂ ਜੀ ਪਾਤਸਾਹ ਕੇ ਸਾਥ ਇਸ ਨਗਰ ਮੇਂ ਪਹੁੰਚੇ ਸਿਖੋਂ ਨੇ ਪ੍ਰੇਮ ਕਰ ਟਿਕਾਏ। ਪਾਤਸਾਹ ਔਰੰਗਾਵਾਦ ਕੋ ਗਯਾ। ਔਰੰਗਾਵਾਦ ਸੇ ਅਪਣੇ ਅਮੀਰ ਭੇਜੇ ਗੁਰੂ ਜੀ ਕੋ ਲਿਆਵੋ। ਸੋ ਬਰਹਾਨਪੁਰ ਪਹੁਚ ਅਰਜ ਕਰ ਗੁਰੂ ਜੀ ਕੋ ਲੇ ਗਏ। ਪਾਤਸਾਹ ਬਸੁਮਤ ਥਾ ਆਠ ਰੋਜ ਬਸੁਮਤ ਰਹੇ।"[1]

## ਬਾਲਾਪੁਰ, ਪਾਤੁਰ, ਮਲਿਕਪੁਰ ਅਤੇ ਹੰਗੋਲੀ

ਗੁਰੂ ਜੀ ਦੇ ਬਰਹਾਨਪੁਰ ਤੋਂ ਅੱਗੇ ਜਾਣ ਬਾਰੇ ਇਕ ਤੋਂ ਵੱਧ ਰਾਏ ਹਨ। ਇਕ ਮਤ ਅਨੁਸਾਰ, ਗੁਰੂ ਜੀ ਬਰਹਾਨਪੁਰ ਤੋਂ ਕੁਝ ਸਮੇਂ ਲਈ ਅਮਰਾਵਤੀ ਵੀ ਗਏ ਸਨ ਅਤੇ ਫਿਰ ਅਮਰਾਵਤੀ ਤੋਂ ਹੀ ਅੱਗੇ ਨਾਂਦੇੜ ਸਾਹਿਬ ਪਹੁੰਚੇ ਸਨ। ਪ੍ਰੰਤੂ ਦੂਜੇ ਵਿਚਾਰ ਅਨੁਸਾਰ ਗੁਰੂ ਜੀ ਅਮਰਾਵਤੀ ਨਹੀਂ ਗਏ ਸਗੋਂ ਸਿੱਧਾ ਹੀ ਬਰਹਾਨਪੁਰ ਤੋਂ ਨਾਂਦੇੜ ਸਾਹਿਬ ਪਹੁੰਚ ਗਏ ਸਨ। ਇਸ ਪਰਕਾਰ ਸਿੱਧਾ ਨਾਂਦੇੜ ਸਾਹਿਬ ਜਾਣ ਲਈ ਗੁਰੂ ਜੀ ਨੇ ਬਾਲਾਪੁਰ, ਪਾਤੁਰ, ਮਲਿਕਪੁਰ ਅਤੇ ਹੰਗੋਲੀ ਆਦਿ ਨਗਰਾਂ ਵਿਚੋਂ ਦੀ ਜਾਣ ਵਾਲਾ ਰਸਤਾ ਅਪਣਾਇਆ ਪ੍ਰੰਤੂ ਉਪਰੋਕਤ ਨਗਰਾਂ ਵਿਚ ਇਸ ਸਮੇਂ ਨਾ ਹੀ ਕੋਈ ਸਿੱਖ ਆਬਾਦੀ ਹੈ ਅਤੇ ਨਾ ਹੀ ਇਥੇ ਗੁਰੂ ਜੀ ਦੀ ਯਾਦ ਵਿਚ ਕੋਈ ਯਾਦਗਾਰ ਹੈ। ਇਸ ਲਈ ਇਨ੍ਹਾਂ ਥਾਵਾਂ ਉਤੇ ਗੁਰੂ ਜੀ ਦੇ ਰਹਿਣ ਬਾਰੇ ਜਾਂ ਠਹਿਰਾਅ ਕਰਨ ਬਾਰੇ ਕੁਝ ਵੀ ਨਹੀਂ ਕਿਹਾ ਜਾ ਸਕਦਾ।

1. ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਨਾ 162

# ਮੰਦਸੌਰ

ਮੰਦਸੌਰ, ਮੱਧ-ਪ੍ਰਦੇਸ਼ ਰਾਜ ਦਾ ਇਕ ਜ਼ਿਲ੍ਹਾ ਕੇਂਦਰ ਹੈ ਅਤੇ ਚਿਤੌੜਗੜ੍ਹ ਤੋਂ 150 ਕਿਲੋਮੀਟਰ ਦੀ ਵਿੱਥ ਉਤੇ ਹੈ। ਬਹਾਦਰਸ਼ਾਹ ਜਦ ਰਾਜਪੂਤਾਨੇ ਵਿਚ ਸਭ ਰਾਜਪੂਤ ਰਾਜਿਆਂ ਕੋਲੋਂ ਨਜ਼ਰਾਨੇ ਲੈ ਰਿਹਾ ਸੀ ਤਾਂ ਇਥੋਂ ਹੁੰਦਾ ਹੋਇਆ ਮੰਦਸੌਰ ਵਿਚੋਂ ਹੋਕੇ ਬਰਹਾਨਪੁਰ ਪਹੁੰਚਿਆ ਸੀ।

ਬਾਦਸ਼ਾਹ ਬਹਾਦਰਸ਼ਾਹ ਦੇ ਨਾਲ ਨਾਲ ਹੀ ਗੁਰੂ ਜੀ ਦਾ ਕੈਂਪ ਚਲ ਰਿਹਾ ਸੀ।[1] ਇੰਜ ਲਗਦਾ ਹੈ ਜਿਵੇਂ ਕਿ ਬਾਦਸ਼ਾਹ ਅਤੇ ਗੁਰੂ ਜੀ ਇਥੇ ਕਈ ਦਿਨ ਰਹੇ ਸਨ ਕਿਉਂਕਿ ਇਥੋਂ ਬਾਦਸ਼ਾਹ ਜੁਲਾਈ ਦੇ ਦੂਸਰੇ ਹਫ਼ਤੇ ਵਿਚ ਬਰਹਾਨਪੁਰ ਪੁਜਿਆ ਸੀ। ਇਸਦਾ ਭਾਵ ਇਹ ਹੈ ਕਿ 20 ਅਪ੍ਰੈਲ ਤੋਂ ਲੈ ਕੇ ਜੁਲਾਈ ਦੇ ਦੂਸਰੇ ਹਫਤੇ ਤੱਕ ਦਾ ਸਮਾਂ ਮੰਦਸੌਰ ਤੇ ਬੁਰਹਾਨਪੁਰ ਦੇ ਵਿਚਕਾਰ ਬੀਤ ਗਿਆ ਸੀ। ਮੰਦਸੌਰ ਤੋਂ ਬਰਹਾਨਪੁਰ ਦਾ ਰਸਤਾ ਇਤਨੇ ਲੰਮੇ ਸਮੇਂ ਦਾ ਨਹੀਂ ਹੈ ਜਿਸ ਤੋਂ ਪਰਤੀਤ ਹੁੰਦਾ ਹੈ ਕਿ ਇਥੇ ਬਾਦਸ਼ਾਹ ਅਤੇ ਗੁਰੂ ਸਾਹਿਬ ਕਾਫੀ ਚਿਰ ਠਹਿਰੇ ਹੋਣਗੇ।

ਮੰਦਸੌਰ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿਚ ਕੋਈ ਗੁਰਦੁਆਰਾ ਨਹੀਂ।

1. ਸ੍ਰੀ ਗੁਰ ਸੋਭਾ, ਪੰਨਾ 119

# ਮਹਾਰਾਸ਼ਟਰ

1. ਗੁਰਦੁਆਰਾ ਸੰਗਤ ਸਾਹਿਬ
2. ਗੁਰਦੁਆਰਾ ਸ਼ਿਕਾਰ ਘਾਟ ਸਾਹਿਬ
3. ਗੁਰਦੁਆਰਾ ਹੀਰਾ ਘਾਟ ਸਾਹਿਬ
4. ਗੁਰਦੁਆਰਾ ਨਗੀਨਾ ਘਾਟ ਸਾਹਿਬ
5. ਗੁਰਦੁਆਰਾ ਮਾਲ ਟੇਕੜੀ ਸਾਹਿਬ
6. ਤਖ਼ਤ ਨਾਂਦੇੜ ਸਾਹਿਬ
7. ਦੇਹੁਰਾ ਮਾਤਾ ਸਾਹਿਬ ਕੌਰ



ਗੁਰੂ ਗੋਬਿੰਦ ਸਿੰਘ ਜੀ ਦਾ ਇਕ ਹੋਰ ਪੁਰਾਣਾ ਚਿੱਤਰ

## ਗੁਰਦੁਆਰਾ ਸੰਗਤ ਸਾਹਿਬ

ਗੁਰਦੁਆਰਾ ਸ੍ਰੀ ਸੰਗਤ ਸਾਹਿਬ ਨਾਂਦੇੜ ਸ਼ਹਿਰ ਦੇ ਬ੍ਰਹਮਪੁਰੀ ਮਹੱਲੇ ਵਿਚ ਸਥਿਤ ਹੈ। ਸਥਾਨਕ ਪਰੰਪਰਾ ਅਨੁਸਾਰ ਗੁਰੂ ਸਾਹਿਬ ਜਿਸ ਸਮੇਂ ਨਾਂਦੇੜ ਪਹੁੰਚੇ ਸਨ ਤਾਂ ਸਭ ਤੋਂ ਪਹਿਲਾ ਠਹਿਰਾਅ ਇਥੇ ਹੀ ਕੀਤਾ ਸੀ। ਇਥੇ ਹੀ ਆਲੇ ਦੁਆਲੇ ਦੀਆਂ ਸਿੱਖ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਨੂੰ ਆਈਆਂ ਸਨ ਪ੍ਰੰਤੂ ਪਿਛੋਂ ਗੁਰੂ ਸਾਹਿਬ ਨੇ ਖਾਲਸੇ ਦਾ ਡੇਰਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਾਲੀ ਥਾਂ ਉਤੇ ਲਾ ਲਿਆ ਸੀ।

ਗੁਰੂ ਜੀ ਦੀ ਯਾਦ ਵਿਚ ਇਸ ਥਾਂ ਉਤੇ ਇਕ ਬਹੁਤ ਸ਼ਾਨਦਾਰ ਗੁਰਦੁਆਰਾ ਬਣਿਆ ਹੋਇਆ ਹੈ। ਗੁਰਦੁਆਰੇ ਵਿਚ ਉਹ ਢਾਲ ਸੁਰੱਖਿਅਤ ਰੱਖੀ ਹੋਈ ਹੈ ਜਿਸ ਨਾਲ ਗੁਰੂ ਜੀ ਨੇ ਖਾਲਸੇ ਨੂੰ ਤਨਖਾਹਾਂ ਵੰਡੀਆਂ ਸਨ। ਸਥਾਨਕ ਰਵਾਇਤ ਅਨੁਸਾਰ ਗੁਰੂ ਜੀ ਨੇ ਪੈਸਿਆਂ ਦੀਆਂ ਢਾਲਾਂ ਭਰ ਭਰ ਕੇ ਸਿੱਖਾਂ ਨੂੰ ਵੰਡੀਆਂ ਸਨ। ਇਸ ਥਾਂ ਉਤੇ ਸਭ ਤੋਂ ਪਹਿਲਾਂ ਮਹਾਰਾਜਾ ਫਰੀਦਕੋਟ ਨੇ ਗੁਰਦੁਆਰਾ ਬਣਵਾਇਆ ਅਤੇ ਪਿਛੋਂ ਬਾਬਾ ਹਰੀ ਸਿੰਘ ਜੀ ਨੇ ਇਸ ਥਾਂ ਦੀ ਸੇਵਾ ਸੰਭਾਲ ਕੀਤੀ।

## ਗੁਰਦੁਆਰਾ ਸ਼ਿਕਾਰ ਘਾਟ ਸਾਹਿਬ

ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਲਗਭਗ 6 ਮੀਲ ਦੇ ਫ਼ਾਸਲੇ ਉਤੇ ਗੋਦਾਵਰੀ ਨਦੀ ਦੇ ਬਿਲਕੁਲ ਕੰਢੇ ਉਤੇ ਗੁਰਦੁਆਰਾ ਸ਼ਿਕਾਰਘਾਟ ਸਾਹਿਬ ਸਥਿਤ ਹੈ। ਰਵਾਇਤ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਸਾਹਿਬ ਰਹਿਣ ਸਮੇਂ ਇਧਰ ਸ਼ਿਕਾਰ ਖੇਡਣ ਆਇਆ ਕਰਦੇ ਸਨ।

ਮਹਾਰਾਜਾ ਰਣਜੀਤ ਸਿੰਘ ਜੀ ਨੇ ਸਭ ਤੋਂ ਪਹਿਲਾਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਨਾਲ ਹੀ ਇਥੇ ਗੁਰਦੁਆਰਾ ਬਣਵਾ ਦਿੱਤਾ ਸੀ। ਪਿਛੋਂ ਸੰਤ ਬਾਬਾ ਦਲੀਪ ਸਿੰਘ ਅਤੇ ਸੰਤ ਬਾਬਾ ਜੀਵਨ ਸਿੰਘ ਜੀ ਨੇ ਇਸ ਦੀ ਸੇਵਾ ਕਰਵਾਈ।

ਰਵਾਇਤ ਹੈ ਕਿ ਜਿਨ੍ਹਾਂ ਸਿੰਘਾਂ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਇਥੇ ਗੁਰਦੁਆਰਾ ਬਣਵਾਉਣ ਵਾਸਤੇ ਭੇਜਿਆ ਸੀ ਉਹ ਸਿੰਘ ਇਥੇ ਹੀ ਰਹਿਣ ਲੱਗ ਪਏ ਸਨ। ਇਨ੍ਹਾਂ ਵਿਚੋਂ ਇਕ ਸਿੰਘ ਹੀਰਾ ਸਿੰਘ ਸੀ। ਇਸ ਹੀਰਾ ਸਿੰਘ ਦੀ ਉਲਾਦ ਹੁਣ ਤੱਕ ਚਲਦੀ ਆ ਰਹੀ ਹੈ। ਗੁਰਦੁਆਰਾ ਸਾਹਿਬ ਦੇ ਵਰਤਮਾਨ ਗ੍ਰੰਥੀ ਹੀਰਾ ਸਿੰਘ ਇਸ ਖਾਨਦਾਨ ਵਿਚੋਂ ਹੀ ਹਨ।

## ਗੁਰਦੁਆਰਾ ਹੀਰਾ ਘਾਟ ਸਾਹਿਬ

ਗੁਰਦੁਆਰਾ ਹੀਰਾ ਘਾਟ ਸਾਹਿਬ ਨਾਂਦੇੜ ਸਾਹਿਬ ਵਿਖੇ ਸਥਿਤ ਹੈ। ਨਾਂਦੇੜ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਅਤੇ ਬਾਦਸ਼ਾਹ ਬਹਾਦਰਸ਼ਾਹ ਦੇ ਠਹਿਰਾਅ ਸਮੇਂ ਬਾਦਸ਼ਾਹ ਨੇ ਗੁਰੂ ਸਾਹਿਬ ਨਾਲ ਇਸ ਅਸਥਾਨ ਵਿਖੇ ਮੁਲਾਕਾਤ ਕੀਤੀ ਸੀ। ਦਰਸ਼ਨ ਕਰਨ ਸਮੇਂ ਬਾਦਸ਼ਾਹ ਨੇ ਗੁਰੂ ਜੀ ਨੂੰ ਇਕ ਕੀਮਤੀ ਹੀਰਾ ਭੇਂਟ ਕੀਤਾ। ਇਸੇ ਯਾਦ ਨੂੰ ਤਾਜ਼ਾ ਕਰਨ ਲਈ ਹੀ ਇਸ ਗੁਰਦੁਆਰੇ ਦਾ ਨਾਂ 'ਗੁਰਦੁਆਰਾ ਹੀਰਾ ਘਾਟ ਸਾਹਿਬ' ਹੈ।

ਇਹ ਗੁਰਦੁਆਰਾ ਸ਼ਿਕਾਰ ਘਾਟ ਤੋਂ ਦੋ ਮੀਲ ਦੀ ਵਿੱਥ ਉਤੇ ਹੈ। ਇਸ ਦੀ ਨਵੀਂ ਇਮਾਰਤ ਦੀ ਸੇਵਾ ਸਵਰਗਵਾਸੀ ਬਾਬਾ ਜੀਵਨ ਸਿੰਘ ਜੀ ਦੀ ਸੰਪਰਦਾਏ ਦੇ ਜੱਥੇਦਾਰ ਬਾਬਾ ਹਰੀ ਸਿੰਘ ਜੀ ਅਤੇ ਬਾਬਾ ਚਰਨ ਸਿੰਘ ਜੀ ਨੇ ਕਰਵਾਈ ਹੈ।

## ਗੁਰਦੁਆਰਾ ਨਗੀਨਾ ਘਾਟ ਸਾਹਿਬ

ਗੁਰਦੁਆਰਾ ਨਗੀਨਾ ਘਾਟ ਸਾਹਿਬ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਇਕ ਕਿਲੋਮੀਟਰ ਦੀ ਵਿੱਥ ਉਤੇ ਗੋਦਾਵਰੀ ਦੇ ਕੰਢੇ ਉਤੇ ਸਥਿਤ ਹੈ। ਪ੍ਰਚਲਤ ਰਵਾਇਤ ਅਨੁਸਾਰ ਇਸ ਥਾਂ ਉਤੇ ਇਕ ਵਣਜਾਰਾ ਸਿੱਖ ਗੁਰੂ ਗੋਬਿੰਦ ਸਿੰਘ ਦੇ ਦਰਸ਼ਨ ਕਰਨ ਲਈ ਆਇਆ। ਦਰਸ਼ਨ ਕਰਨ ਸਮੇਂ ਇਸ ਸਿੱਖ ਨੇ ਕੀਮਤੀ ਨਗੀਨਾ ਗੁਰੂ ਜੀ ਦੀ ਭੇਂਟ ਕੀਤਾ।

ਰਵਾਇਤ ਹੈ ਕਿ ਇਸ ਥਾਂ ਉਤੇ ਸਭ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਾ ਬਣਵਾਇਆ। ਫਿਰ ਹੈਦਰਾਬਾਦ ਰਿਆਸਤ ਦੇ ਦੀਵਾਨ ਚੰਦੂ ਲਾਲ ਨੇ ਵੀ ਇਸ ਥਾਂ ਦੀ ਸੇਵਾ ਕਰਵਾਈ। ਦਿੱਲੀ ਦੇ ਨਿਵਾਸੀ ਰਾਜਾ ਗੁਲਾਬ ਸਿੰਘ ਸੇਠੀ ਅਤੇ ਸਰਦਾਰਨੀ ਸੋਮਾਵੰਤੀ ਜੀ ਨੇ ਵੀ ਇਸ ਦੀ ਸੇਵਾ ਕਰਵਾਈ ਸੀ। ਘਾਟ ਦੇ ਕਿਨਾਰੇ ਹੀ ਸਰਦਾਰਨੀ ਅੰਮ੍ਰਿਤ ਕੌਰ ਨੇ ਆਪਣੇ ਪਤੀ ਸਵਰਗਵਾਸੀ ਸਰਦਾਰ ਜਮੀਅਤ ਸਿੰਘ ਸੇਠੀ ਦੀ ਯਾਦ ਵਿਚ ਇਕ ਸ਼ਮਸ਼ਾਨ ਘਾਟ ਤਿਆਰ ਕਰਵਾਇਆ।

## ਗੁਰਦੁਆਰਾ ਮਾਲ ਟੇਕੜੀ ਸਾਹਿਬ

ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਦੋ ਕਿਲੋਮੀਟਰ ਦੂਰ ਉੱਤਰ-ਪੂਰਬ ਦਿਸ਼ਾ ਵੱਲ ਸਥਿਤ ਗੁਰਦੁਆਰਾ ਮਾਲ ਟੇਕੜੀ ਸਾਹਿਬ ਹੈ। ਇਹ ਥਾਂ ਨਾਂਦੇੜ ਸ਼ਹਿਰ ਦਾ ਇਕ ਮਹੱਲਾ ਹੈ ਜਿਸਦਾ ਨਾਂ ਬ੍ਰਹਮਪੁਰੀ ਹੈ। ਪ੍ਰਚਲਤ ਰਵਾਇਤ ਅਨੁਸਾਰ ਜਿਸ ਸਮੇਂ ਗੁਰੂ ਸਾਹਿਬ ਗੁਰਦੁਆਰਾ ਸੰਗਤ ਸਾਹਿਬ ਵਾਲੀ ਥਾਂ ਉਤੇ ਆਪਣਾ ਡੇਰਾ ਲਾਈ ਬੈਠੇ ਸਨ ਤਾਂ ਗੁਰੂ ਜੀ ਦੇ ਸੈਨਿਕ ਸਿਪਾਹੀਆਂ ਨੇ ਰੁਪਏ ਪੈਸੇ ਦੀ ਲੋੜ ਅਨੁਭਵ ਕੀਤੀ। ਗੁਰੂ ਸਾਹਿਬ ਨੇ ਕੁਝ ਸਿੱਖਾਂ ਨੂੰ ਗੁਰਦੁਆਰਾ ਮਾਲ ਟੇਕੜੀ ਸਾਹਿਬ ਵਾਲੀ ਥਾਂ ਭੇਜਿਆ। ਇਥੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਦਾ ਖ਼ਜ਼ਾਨਾ ਦੱਬਿਆ ਪਿਆ ਸੀ। ਗੁਰੂ ਨਾਨਕ ਦੇਵ ਜੀ ਦਾ ਬਚਨ ਸੀ ਕਿ ਇਕ ਦਿਨ

ਖਾਲਸਾ ਇਸ ਖ਼ਜ਼ਾਨੇ ਨੂੰ ਲੱਭੇਗਾ ਅਤੇ ਅਤੁੱਟ ਲੰਗਰ ਵਰਤਾਏਗਾ। ਸਿੱਖਾਂ ਨੇ ਖ਼ਜ਼ਾਨਾ ਕੱਢਿਆ ਅਤੇ ਇਥੋਂ ਪੈਸੇ ਲਿਜਾ ਕੇ ਸਿੱਖ ਸਿਪਾਹੀਆਂ ਵਿਚ ਵੰਡੇ। ਪ੍ਰਚਲਤ ਰਵਾਇਤ ਅਨੁਸਾਰ ਜਿਹੜੀ ਇਕ ਢਾਲ ਗੁਰਦੁਆਰਾ ਸੰਗਤ ਸਾਹਿਬ ਵਿਚ ਪਈ ਹੈ ਉਸ ਢਾਲ ਨਾਲ ਗੁਰੂ ਜੀ ਨੇ ਸਿੱਖਾਂ ਵਿਚ ਪੈਸੇ ਵੰਡੇ ਸਨ।

ਇਕ ਰਵਾਇਤ ਅਨੁਸਾਰ ਕਾਫੀ ਚਿਰ ਇਥੋਂ ਦੇ ਸਥਾਨਕ ਲੋਕਾਂ ਨੇ ਇਸ ਥਾਂ ਬਾਰੇ ਝਗੜਾ ਖੜਾ ਕਰ ਰੱਖਿਆ ਸੀ ਪਰ ਪਿਛੋਂ ਅਦਾਲਤ ਦੇ ਫੈਸਲੇ ਅਨੁਸਾਰ ਇਸ ਥਾਂ ਦਾ ਹੱਕ ਗੁਰਦੁਆਰੇ ਨੂੰ ਮਿਲ ਗਿਆ। ਫਿਰ ਸਿੱਖ ਸੰਗਤਾਂ ਦੀ ਉਗਰਾਹੀ ਨਾਲ ਇਥੇ ਆਲੀਸ਼ਾਨ ਗੁਰਦੁਆਰਾ ਬਣਾ ਦਿੱਤਾ ਗਿਆ।

## ਤਖ਼ਤ ਨਾਂਦੇੜ ਸਾਹਿਬ

ਨਾਂਦੇੜ ਮਹਾਂਰਾਸ਼ਟਰ ਦਾ ਇਕ ਜ਼ਿਲ੍ਹਾ ਕੇਂਦਰ ਹੈ। ਪਹਿਲਾਂ ਇਹ ਸ਼ਹਿਰ ਹੈਦਰਾਬਾਦ ਰਿਆਸਤ ਦੇ ਵਿਚ ਸਥਿਤ ਸੀ। ਨਾਂਦੇੜ ਗੋਦਾਵਰੀ ਨਦੀ ਦੇ ਕਿਨਾਰੇ ਉਤੇ ਸਥਿਤ ਹੈ।

ਜਿਸ ਸਮੇਂ ਗੁਰੂ ਗੋਬਿੰਦ ਸਿੰਘ ਅਤੇ ਬਾਦਸ਼ਾਹ ਬਹਾਦਰਸ਼ਾਹ ਬਰਹਾਨਪੁਰ (ਮੱਧ-ਪ੍ਰਦੇਸ਼) ਪਹੁੰਚੇ ਸਨ ਤਾਂ ਬਹਾਦਰਸ਼ਾਹ ਤਾਂ ਆਪਣੇ ਭਾਈ ਕਾਮਬਖਸ਼ ਦੀ ਬਗਾਵਤ ਨੂੰ ਦਬਾਉਣ ਲਈ ਅੱਗੇ ਦੱਖਣ ਨੂੰ ਚਲਾ ਗਿਆ ਸੀ ਪ੍ਰੰਤੂ ਗੁਰੂ ਸਾਹਿਬ ਬਰਹਾਨਪੁਰ ਹੀ ਟਿਕੇ ਰਹੇ। ਕੁਝ ਚਿਰ ਪਿਛੋਂ ਬਾਦਸ਼ਾਹ ਨੇ ਗੁਰੂ ਜੀ ਨੂੰ ਦਰਸ਼ਨ ਦੇਣ ਲਈ ਸੁਨੇਹਾ ਭੇਜਿਆ ਜਿਸ ਅਨੁਸਾਰ ਗੁਰੂ ਜੀ ਨੇ ਬਰਹਾਨਪੁਰ ਤੋਂ ਦੱਖਣ ਵੱਲ ਰਵਾਨਗੀ ਕੀਤੀ।

ਕਿਤੇ ਦਿਵਸ ਬੀਤੇ ਚਲਾ ਸ਼ਾਹ ਆਗੈਂ। ਪ੍ਰਭੂ ਕਉ ਕਿਤੇ ਦਿਵਸ ਤਿਹ ਠਉਰ ਲਾਗੇ।
ਲਿਖਾ ਸ਼ਾਹ ਫੁਰਮਾਨ ਨਹਿ ਢੀਲ ਕੀਜੈ। ਹਮੈ ਆਨ ਕੈ ਆਪਨਾ ਦਰਸ ਦੀਜੈ।[1]

ਗੁਰੂ ਸਾਹਿਬ ਬਰਹਾਨਪੁਰ ਤੋਂ ਰਵਾਨਾ ਹੋਕੇ ਤਾਪਤੀ ਨਦੀ ਉਤੇ ਪਹੁੰਚੇ। ਇਥੇ ਖਾਲਸੇ ਨੇ ਰਾਤ ਦਾ ਬਿਸ਼ਰਾਮ ਕੀਤਾ। ਕਵੀ ਸੈਨਾਪਤਿ ਲਿਖਦਾ ਹੈ ਕਿ ਜਿਸ ਸਮੇਂ ਗੁਰੂ ਸਾਹਿਬ ਦੱਖਣ ਵੱਲ ਨੂੰ ਜਾ ਰਹੇ ਸਨ ਤਾਂ ਰਸਤੇ ਵਿਚ ਗੁਰੂ ਜੀ ਕਈ ਵਾਰ ਸਿੰਘਾਂ ਨੂੰ ਨਾਲ ਰਖਦੇ ਸਨ ਅਤੇ ਕਈ ਵਾਰ ਉਰਾਂ ਪਰ੍ਹਾਂ ਸੈਰ ਕਰਨ ਵਾਸਤੇ ਭੇਜ ਦਿੰਦੇ ਸਨ। ਤਾਪਤੀ ਨਦੀ ਦੇ ਕਿਨਾਰੇ ਕਈ ਦਿਨ ਬਿਸਰਾਮ ਉਪਰੰਤ ਬਾਦਸ਼ਾਹ ਨੇ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਬਾਦਸ਼ਾਹ ਨੂੰ ਦਰਸ਼ਨ ਦੇਣ ਪਿਛੋਂ ਗੁਰੂ ਜੀ ਉਥੋਂ ਵਿਦਾ ਹੋਏ ਅਤੇ ਵਰਤਮਾਨ ਨਾਂਦੇੜ ਵਾਲੀ ਥਾਂ ਉਤੇ ਆ ਕੇ ਠਹਿਰੇ।

ਘਨੇ ਕੂਚ ਕੀਨ ਕਿਤੇ ਦਿਵਸ ਲਾਏ। ਚਲੇ ਬਾਨ ਗੰਗਾਨ ਪੈ ਅੰਤ ਆਏ।
ਸੁਨੀ ਠਉਰ ਨਾਂਦੇਰ ਹੈ ਨਾਮ ਤਾਂ ਕਾ। ਕੀਆ ਧਾਮ ਤਾਹੀ ਗੁਰੂ ਨਾਮ ਜਾਕਾ।[2]

ਕਵੀ ਸੈਨਾਪਤਿ, ਨਾਂਦੇੜ ਵਿਖੇ ਗੁਰੂ ਜੀ ਦੇ ਪਧਾਰਨ ਦੀ ਸੰਖੇਪ ਜਾਣਕਾਰੀ ਦਿੰਦਾ ਹੈ। ਪ੍ਰੰਤੂ ਸਥਾਨਕ ਰਵਾਇਤ ਅਨੁਸਾਰ ਨਾਂਦੇੜ ਪਹਿਲਾਂ ਤੋਂ ਹੀ ਸਿੱਖ ਧਰਮ ਦਾ ਇਕ ਕੇਂਦਰ ਸੀ। ਪਹਿਲਾਂ ਇਥੇ ਗੁਰੂ ਨਾਨਕ ਦੇਵ ਜੀ ਆਏ ਸਨ ਅਤੇ ਸੰਗਤ ਕਇਮ ਕੀਤੀ ਸੀ। ਪਿਛੋਂ ਗੁਰੂ ਹਰਿ

1. ਸੈਨਾਪਤਿ, ਉਕਤ. ਪੰਨਾ 123
2. ਉਕਤ, ਪੰਨਾ 124

ਗੋਬਿੰਦ ਸਾਹਿਬ ਜੀ ਨੇ ਜਿਸ ਸਮੇਂ ਸਿੱਖ ਧਰਮ ਦੇ ਪ੍ਰਚਾਰ ਲਈ ਚਾਰ ਧੂਣੇ ਸਥਾਪਤ ਕੀਤੇ ਸਨ ਤਾਂ ਇਕ ਧੂਣਾ ਇਥੇ ਨਾਂਦੇੜ ਵਿਚ ਵੀ ਸੀ। ਇਸ ਧੂਣੇ ਦੇ ਮੁੱਖੀ ਬਾਲੂ ਹਸਨਾ ਅਤੇ ਗੋਬਿੰਦ ਦਾਸ ਉਦਾਸੀ ਸਨ। ਇਹ ਦੋਵੇਂ ਉਦਾਸੀ ਸੰਤ ਬਾਬਾ ਗੁਰਦਿੱਤਾ ਜੀ ਨੇ ਨੀਯਤ ਕਰਕੇ ਇਧਰ ਭੇਜੇ ਸਨ।

ਗੁਰੂ ਹਰਿ ਗੋਬਿੰਦ ਸਾਹਿਬ ਨੇ ਇਕ ਮੁਸਲਮਾਨ ਫ਼ਕੀਰ ਲੱਕੜ ਸ਼ਾਹ ਨੂੰ ਇਥੇ ਗੁਰੂ ਨਾਨਕ ਸਾਹਿਬ ਜੀ ਦੇ ਪਵਿੱਤਰ ਅਸਥਾਨ ਦੀ ਸੇਵਾ ਸੰਭਾਲ ਵਾਸਤੇ ਨੀਯਤ ਕੀਤਾ ਸੀ। ਇਸ ਪਰਕਾਰ ਨਾਂਦੇੜ ਪਹਿਲੋਂ ਹੀ ਸਿੱਖ ਧਰਮ ਦਾ ਕੇਂਦਰ ਸੀ। ਇਸੇ ਲਈ ਹੀ ਗੁਰੂ ਜੀ ਬਾਦਸ਼ਾਹ ਬਹਾਦਰ ਸ਼ਾਹ ਕੋਲੋਂ ਤਾਪਤੀ ਨਦੀ ਦੇ ਕੰਢੇ ਤੋਂ ਵਿਦਾ ਹੋ ਕੇ ਇਧਰ ਆਏ ਸਨ।

ਸਥਾਨਕ ਰਵਾਇਤ ਅਨੁਸਾਰ ਇਥੇ ਪਹੁੰਚ ਕੇ ਸਭ ਤੋਂ ਪਹਿਲਾ ਠਹਿਰਾ ਸੰਗਤ ਸਾਹਿਬ ਗੁਰਦੁਆਰੇ ਵਾਲੀ ਥਾਂ ਉਤੇ ਕੀਤਾ ਗਿਆ। ਗੁਰੂ ਸਾਹਿਬ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਾਲੀ ਥਾਂ ਉਤੇ ਪਿਛੋਂ ਆ ਕੇ ਠਹਿਰੇ ਸਨ। ਡਾਕਟਰ ਗੰਡਾ ਸਿੰਘ ਅਨੁਸਾਰ ਗੁਰੂ ਸਾਹਿਬ ਨਾਂਦੇੜ ਵਿਖੇ 1708 ਈਸਵੀ ਨੂੰ ਅਗਸਤ ਦੇ ਅਖੀਰ ਵਿਚ ਜਾਂ ਸਤੰਬਰ ਦੇ ਮੁੱਢਲੇ ਦਿਨਾਂ ਵਿਚ ਪਹੁੰਚੇ ਸਨ।[1] ਗੁਰੂ ਸਾਹਿਬ ਇਥੇ ਦੋ ਮਹੀਨੇ ਦੇ ਕਰੀਬ ਰਹੇ। ਇਨ੍ਹਾਂ ਦੋ ਮਹੀਨਿਆਂ ਵਿਚ ਅਨੇਕਾਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੇ ਸਿੱਖ ਇਤਿਹਾਸ ਨੂੰ ਪ੍ਰਭਾਵਤ ਕੀਤਾ। ਇਸ ਤੋਂ ਛੁੱਟ ਗੁਰੂ ਜੀ ਨੇ ਇਥੇ ਰਹਿ ਕੇ ਆਲੇ ਦੁਆਲੇ ਦੇ ਇਲਾਕੇ ਵਿਚ ਸਿੱਖ ਧਰਮ ਦਾ ਪ੍ਰਚਾਰ ਕੀਤਾ ਸੀ। ਇਸ ਦੇ ਸਿੱਟੇ ਵਜੋਂ ਅੱਜ ਵੀ ਨਾਂਦੇੜ ਸਾਹਿਬ ਦੇ ਦੁਆਲੇ ਦੇ 10-11 ਪਿੰਡ ਨਿਰੋਲ ਸਿੱਖਾਂ ਦੇ ਪਿੰਡ ਹਨ।

ਸਭ ਤੋਂ ਵੱਡੀ ਘਟਨਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਭੇਜਣ ਦੀ ਸੀ। ਗੁਰੂ ਜੀ ਨਾਂਦੇੜ ਪਹੁੰਚ ਕੇ ਮਾਧੋਦਾਸ ਬੈਰਾਗੀ (ਬੰਦਾ ਬਹਾਦਰ) ਵਾਲੇ ਡੇਰੇ ਵਿਚ ਗਏ। ਇਹ ਡੇਰਾ ਗੋਦਾਵਰੀ ਦੇ ਕੰਢੇ ਦੇ ਬਿਲਕੁਲ ਉਪਰ ਹੈ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਥੋੜ੍ਹੀ ਦੂਰ ਹੈ। ਬੰਦਾ ਬਹਾਦਰ ਦੇ ਡੇਰੇ ਵਿਚ ਖਾਲਸੇ ਨੇ ਡੇਰਾ ਲਾਇਆ। ਰਵਾਇਤ ਹੈ ਕਿ ਜਿਸ ਸਮੇਂ ਬੰਦੇ ਨੂੰ ਗੁਰੂ ਜੀ ਦੇ ਆਉਣ ਦੀ ਖ਼ਬਰ ਹੋਈ ਤਾਂ ਉਹ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਮੁਲਾਕਾਤ ਹੋਣ ਸਮੇਂ ਜੋ ਗੱਲਬਾਤ ਹੋਈ ਉਸ ਅਨੁਸਾਰ ਗੁਰੂ ਜੀ ਨੇ ਬੰਦੇ ਵੱਲੋਂ ਪੁੱਛਣ ਉਤੇ ਕਿਹਾ ਕਿ "ਅਸੀਂ ਉਹੀ ਹਾਂ ਜਿਸ ਨੂੰ ਤੂੰ ਜਾਣਦਾ ਹੈਂ।" ਫਿਰ ਬੰਦੇ ਨੇ ਜਵਾਬ ਦਿੱਤਾ : "ਕੀ ਤੁਸੀਂ ਗੁਰੂ ਗੋਬਿੰਦ ਸਿੰਘ ਹੋ ?" ਗੁਰੂ ਜੀ ਨੇ ਹਾਂ ਵਿਚ ਜਵਾਬ ਦਿੰਦੇ ਹੋਏ ਪੁੱਛਿਆ : "ਤੂੰ ਕੌਣ ਹੈ ?" ਬੰਦੇ ਨੇ ਉੱਤਰ ਦਿੱਤਾ : "ਮੈਂ ਤੁਹਾਡਾ ਬੰਦਾ ਹਾਂ।" ਬੰਦਾ ਭਾਵ ਮੁਰੀਦ ਤੋਂ ਹੈ। ਗੁਰੂ ਜੀ ਨੇ ਬੰਦੇ ਨੂੰ ਅੰਮ੍ਰਿਤ ਛਕਾਇਆ ਅਤੇ ਸਿੰਘ ਸਜਾ ਕੇ ਖਾਲਸੇ ਦਾ ਜਰਨੈਲ ਥਾਪਿਆ। ਸਿੰਘ ਸਜਾਕੇ ਬੰਦਾ ਸਿੰਘ ਬਹਾਦਰ ਨਾਉਂ ਰੱਖਿਆ। ਗੁਰੂ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਪੰਜ ਸਿੰਘਾਂ ਸਮੇਤ ਪੰਜਾਬ ਜਾਣ ਦਾ ਹੁਕਮ ਕੀਤਾ ਅਤੇ ਖਾਲਸੇ ਦੀ ਹਥਿਆਰਬੰਦ ਜਦੋਜਹਿਦ ਨੂੰ ਜਾਰੀ ਰੱਖਣ ਲਈ ਕਿਹਾ। ਬੰਦਾ ਸਿੰਘ ਬਹਾਦਰ ਗੁਰੂ ਜੀ ਦੇ ਹੁਕਮ ਅਨੁਸਾਰ ਪੰਜਾਬ ਪਹੁੰਚ ਗਿਆ। ਬੰਦਾ ਸਿੰਘ ਬਹਾਦਰ ਦੇ ਡੇਰੇ ਵਾਲੀ ਥਾਂ ਉਤੇ ਅੱਜ ਕਲ੍ਹ ਇਕ ਸੁੰਦਰ ਗੁਰਦੁਆਰਾ 'ਬੰਦਾ ਘਾਟ' ਸੁਸ਼ੋਭਤ ਹੈ।

ਦੂਜੀ ਵੱਡੀ ਘਟਨਾ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਸੀ। ਕਵੀ ਸੈਨਾਪਤਿ ਅਨੁਸਾਰ[2] ਇਕ ਦਿਨ ਸ਼ਾਮ ਨੂੰ ਦੋ ਪਠਾਣਾਂ ਨੇ ਗੁਰੂ ਜੀ ਨੂੰ ਸੁੱਤਿਆਂ ਜਾਣ ਕੇ ਗੁਰੂ ਉਤੇ ਖੰਜਰ ਦਾ ਵਾਰ ਕੀਤਾ। ਗੁਰੂ ਜੀ ਨੇ ਇਕ ਦਮ ਵਾਰ ਕਰਨ ਵਾਲੇ ਨੂੰ ਉਸੇ ਸਮੇਂ ਹੀ ਮਾਰ ਦਿੱਤਾ

---

1. ਉਹੀ
2. ਉਕਤ, ਪੰਨੇ 125-126

ਅਤੇ ਦੂਸਰੇ ਨੂੰ ਪਿਛੋਂ ਸਿੰਘਾਂ ਨੇ ਮਾਰ ਦਿੱਤਾ। ਇਸ ਵਾਰ ਨਾਲ ਗੁਰੂ ਜੀ ਦੇ ਪੇਟ ਵਿਚ ਬਹੁਤ ਡੂੰਘਾ ਅਤੇ ਘਾਤਕ ਜ਼ਖਮ ਹੋ ਗਿਆ ਸੀ ਜਿਸ ਨੂੰ ਪਿਛੋਂ ਵੈਦਾਂ ਨੇ ਮਲ੍ਹਮ ਪੱਟੀ ਕਰਕੇ ਸਿਊਂ ਦਿੱਤਾ ਪ੍ਰੰਤੂ ਇਹ ਜ਼ਖਮ ਇਤਨਾ ਘਾਤਕ ਸੀ ਕਿ ਠੀਕ ਨਾ ਹੋ ਸਕਿਆ ਅਤੇ ਸਿੱਟੇ ਵਜੋਂ ਗੁਰੂ ਜੀ ਜੋਤੀ ਜੋਤ ਸਮਾ ਗਏ।

ਗੁਰਦੁਆਰਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਾਲੀ ਥਾਂ ਉਤੇ ਗੁਰੂ ਜੀ ਨੇ ਕਾਫੀ ਚਿਰ ਠਹਿਰਾ ਕੀਤਾ ਸੀ। ਇਸੇ ਹੀ ਥਾਂ ਉਤੇ ਗੁਰੂ ਸਾਹਿਬ ਜੋਤੀ ਜੋਤ ਸਮਾਏ ਸਨ। ਜਿਸ ਥਾਂ ਉਤੇ ਗੁਰੂ ਜੀ ਦਾ ਅੰਗੀਠਾ ਸੀ ਉਸੇ ਥਾਂ ਨੂੰ ਪਿਛੋਂ ਇਕ ਯਾਦਗਾਰ ਦੇ ਤੌਰ ਉਤੇ ਇਕ ਥੜ੍ਹੇ ਦੇ ਰੂਪ ਵਿਚ ਸੁਰੱਖਿਅਤ ਰੱਖ ਲਿਆ ਗਿਆ ਸੀ ਜਿਥੇ ਕਿ ਪਿਛੋਂ ਮਹਾਰਾਜਾ ਰਣਜੀਤ ਸਿੰਘ ਨੇ ਇਕ ਸੁੰਦਰ ਗੁਰਦੁਆਰਾ ਸਥਾਪਤ ਕਰਵਾਇਆ ਸੀ।


ਕਿਉਂਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਸਿੱਖਾਂ ਦੇ ਪੰਜ ਤਖ਼ਤਾਂ ਵਿਚੋਂ ਇਕ ਤਖ਼ਤ ਹੈ ਇਸ ਲਈ ਇਸਦੀ ਮਹਾਨਤਾ ਧਾਰਮਿਕ ਹੋਣ ਦੇ ਨਾਲ ਨਾਲ ਰਾਜਨੀਤਕ ਵੀ ਹੈ। ਇਸ ਤਖ਼ਤ ਦਾ ਸਾਰਾ ਪ੍ਰਬੰਧ ਸਥਾਨਕ ਸਿੱਖ ਸੰਗਤਾਂ ਦੇ ਹੱਥਾਂ ਵਿਚ ਹੀ ਹੈ। ਤਖ਼ਤ ਸਾਹਿਬ ਦੀ ਸੇਵਾ ਵਿਚ ਹੈਦਰਾਬਾਦ ਦੇ ਨਵਾਬ ਦਾ ਕਾਫੀ ਹਿੱਸਾ ਹੈ। ਹੈਦਰਾਬਾਦ ਦੇ ਦੀਵਾਨ ਚੰਦੂ ਲਾਲ ਨੇ ਤਖ਼ਤ ਸਾਹਿਬ ਦੇ ਨਾਂ ਕੁਝ ਪਿੰਡ ਵੀ ਲਗਵਾ ਦਿੱਤੇ ਸਨ।

ਸ੍ਰੀ ਨਾਂਦੇੜ ਸਾਹਿਬ ਵਿਖੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਰ ਵੀ ਕਈ ਗੁਰਦੁਆਰੇ ਹਨ ਜੋ ਗੁਰੂ ਗੋਬਿੰਦ ਸਿੰਘ ਦੇ ਜੀਵਨ ਦੀ ਕਿਸੇ ਨਾ ਕਿਸੇ ਘਟਨਾ ਨਾਲ ਸੰਬੰਧਤ ਹਨ। ਇਹ ਸਭ ਨਾਂਦੇੜ ਸਾਹਿਬ ਦੇ ਆਲੇ ਦੁਆਲੇ ਹਨ।

## ਦੇਹੁਰਾ ਮਾਤਾ ਸਾਹਿਬ ਕੌਰ

ਮਾਤਾ ਸਾਹਿਬ ਕੌਰ ਜੀ ਖਾਲਸੇ ਦੀ ਮਾਤਾ ਦੇ ਤੌਰ ਉਤੇ ਜਾਣੇ ਜਾਂਦੇ ਹਨ। ਗੁਰੂ ਜੀ ਦੇ ਨਾਲ ਹੀ ਮਾਤਾ ਜੀ ਵੀ ਨਾਂਦੇੜ ਆਏ ਸਨ। ਇਸ ਗੁਰਦੁਆਰੇ ਵਾਲੀ ਥਾਂ ਉਤੇ ਹੀ ਮਾਤਾ ਜੀ ਦੀ ਰਿਹਾਇਸ਼ ਸੀ। ਇਥੇ ਹੀ ਮਾਤਾ ਜੀ ਭਜਨ-ਪਾਠ ਕਰਿਆ ਕਰਦੇ ਸਨ। ਗੁਰੂ ਸਾਹਿਬ ਵੀ ਦੋਨੋ ਵਕਤ ਦਾ ਲੰਗਰ ਇਥੇ ਆਕ ਛਕਿਆ ਕਰਦੇ ਸਨ। ਇਸ ਗੁਰਦੁਆਰੇ ਨਾਲ ਲੰਗਰ ਦੀ ਪ੍ਰਥਾ ਬਹੁਤ ਪੱਕੀ ਤਰ੍ਹਾਂ ਨਾਲ ਜੁੜੀ ਹੋਈ ਹੈ। ਇਥੇ ਚੁਵੀ ਘੰਟੇ ਲੰਗਰ ਖੁੱਲ੍ਹਾ ਰਹਿੰਦਾ ਹੈ।

ਇਹ ਗੁਰਦੁਆਰਾ ਅਜੇ ਉਸਾਰੀ ਅਧੀਨ ਹੈ। ਬਾਬਾ ਗੁਰਮੁਖ ਸਿੰਘ ਜੀ ਦੇ ਜੱਥੇ ਦੇ ਬਾਬਾ ਦਲੀਪ ਸਿੰਘ ਅਤੇ ਬਾਬਾ ਚਰਨ ਸਿੰਘ ਇਸ ਥਾਂ ਦੀ ਸੇਵਾ ਸੰਭਾਲ ਕਰਵਾ ਰਹੇ ਹਨ।




ਗੁਰੂ ਗੋਬਿੰਦ ਸਿੰਘ ਜੀ ਦਾ ਸੰਜੋਆ

ਅੰਤਿਕਾ

# ਸ੍ਰੀ ਗੁਰੂ ਤੀਰਥ ਸੰਗ੍ਰਹਿ

ਕ੍ਰਿਤ ਪੰਡਿਤ ਤਾਰਾ ਸਿੰਘ ਨਰੋਤਮ
ਪੱਥਰ ਛਾਪ, 1884 ਈਸਵੀ, ਪੰਨੇ 106-170



ਗੁਰੂ ਗੋਬਿੰਦ ਸਿੰਘ ਜੀ ਦੀ ਢਾਲ ਅਤੇ ਤਲਵਾਰ

ੴ ਸਤਿਗੁਰ ਪ੍ਰਸਾਦਿ

੧ ਪਟਣਾ ਸਾਹਬ ਜਨਮ ੧—ਜਨਮ ਥਾਨ ਹਰਿਮੰਦਰ ਜੀ ੨—ਪੁਜਾਰੀ ਪੰਚਾਇਤ ਕੇ ਹਾਥ ਸੇ ੩—ਸੰਬਤ ੧੭੨੩ ਪੋਹ ਸੁਦੀ ਸੱਤੇ ਕੋ ਗੁਰੂ ਤੇਗ ਬਹਾਦਰ ਮਾਤਾ ਗੁਜਰੀ ਜੀ ਕੇ ਘਰ ਮੇਂ ਗੁਰੂ ਦਸਮ ਜੀ ਨੇ ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ਹੇਤ ਅਵਤਾਰ ਲੀਆ ॥ ਹਰਿਮੰਦਰ ਸਾਹਬ ਮੋ ਗੁਰੂ ਦਸਮ ਮਹਾਰਾਜ ਜੀ ਕੀ ਔਰ ਥਾਨੋਂ ਸੇ ਆਈ ਖ਼ਾਸ ਪਟਣੇ ਜੀ ਮੇਂ ਬਨੀ ਸਭ ਏਤੀ ਚੀਜ ਹੈਂ ਸੋ ਲਿਖਤੇ ਹੈਂ ॥

੧ ਬਾਲ ਅਵਸਥਾ ਕਾ ਪੰਘੂੜਾ ਸਾਹਬ

੨ ਗੁਰੂ ਜੀ ਕਾ ਕੂਆ

੩ ਛੋਟਾ ਸ੍ਰੀ ਸਾਹਬ

੪ ਬਡਾ ਸ੍ਰੀ ਸਾਹਬ

੫ ਢੋਲਕ ਏਕ

੬ ਰਬਾਬ ਏਕ

੭ ਕਬੀਰ ਜੀ ਕੇ ਰੱਛ ਤੁਰ

੮ ਗੁਰੂ ਜੀ ਕੇ ਪਾਂਚ ਬਾਣ

੯ ਏਕ ਸੌ ਆਠ ਹੁਕਮਨਾਮਯੋਂ ਕੀ ਪੋਥੀ ਜਿਸ ਮੋ ਏਕ ਹੁਕਮਨਾਮੇ ਮੋ ਕਈ ਤੱਕੇ ਮੰਗਵਾਏ ਲਿਖੇ ਹੈਂ ।

੧੦ ਏਕ ਗੁਰੂ ਜੀ ਕੀ ਤਸਵੀਰ ਜੋ ਇਟਲੀ ਵਲਾਇਤ ਕੇ ਮੁਸੱਵਰ ਸੇ ਬਹਾਦਰ ਸਾਹ ਨੇ ਲਿਖਵਾਈ ਥੀ ਅਰ ਅਪਣੇ ਗੁਜਰਨੇ ਸਮੇ ਪਟਣੇ ਸਾਹਬ ਮੇਂ ਪਹੁਚਾਈ । ਕਈਯੋਂ ਸੇ ਸੁਨਾ ਹੈ ਯੇਹ ਵਹੁ ਤਸਵੀਰ ਹੈ ਜੋ ਰਾਜਾ ਹਜ਼ੂਰੀ ਸਿੰਘ ਗੁਰੂ ਜੀ ਕੇ ਹਜ਼ੂਰ ਪਹੁਚ ਆਨੰਦਪੁਰ ਸੇ ਲਿਖਵਾਯ ਕਲਕੱਤੇ ਮੋ ਲੇ ਗਯਾ ਥਾ ਉਸਕੇ ਗੁਜਰੇ ਪੀਛੇ ਹਰਿਮੰਦਰ ਮੋ ਆਈ ।

੧੧ ਗ੍ਰੰਥ ਸਾਹਬ ਜੀ ਕਾ ਅਸਵਾਰਾ ਜੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਨਵਮ ਗੁਰੂ ਜੀ ਕੀ ਬਾਣੀ ਮੇਲਕੇ ਸਤਾਰਾ ਸੈ ਤ੍ਰੇਹਟ ਮੋ ਦਮਦਮੇ ਸਾਹਬ ਲਿਖਵਾਯਾ ਥਾ ॥ ਜਿਸਕਾ ਸੰਬਤ ਉਨੀ ਸੈ ਛੱਤੀ ਮੋ ਹਰਿਮੰਦਰ ਜੀ ਸੇ ਔਰ ਜਗਾ ਲੇ ਜਾਨੇ ਨਾ ਲੇ ਜਾਨੇ ਕਾ ਰਾਜਾ ਜੀਂਦ ਕੇ ਮਗਵਾਣੇ ਨਮਿੱਤ ਪੁਜਾਰੀਯੋਂ ਕਾ ਆਪਸ ਮੇਂ ਝਗੜਾ ਹੋ ਹਮੇਸ ਕੇ ਵਾਸਤੇ ਮਹੰਤੀ ਖਾਰਜ ਹੂਈ ਗੁਰਦੁਵਾਰੇ ਮੋ ਅਖਤਯਾਰ ਪੰਚਾਇਤ ਕਾ ਹੂਆ ॥ ਪੰਥ ਪ੍ਰਕਾਸ ਮੇਂ ਗੁਰਦੁਵਾਰੇ ਦਮਦਮੇ ਸਾਹਬ ਲਿਖੇ ਗ੍ਰੰਥ ਸਾਹਬ ਜੀ ਕਾ ਕੋਟਲੇ ਸਮੀਪ ਕੁਤਬੇ ਬਾਮਣੀ ਗਾਂਉ ਮੇਂ ਅਹਿਮਦ ਸਾਹ ਸਾਥ ਸਿੱਖੋਂ ਕੀ ਲੜਾਈ ਮੋ ਲੋਪ ਹੋ ਜਾਨਾ ਭੀ ਲਿਖਾ ਹੈ ॥

ਜੇਕਰ ਪਟਣੇ ਸਾਹਬ ਵਾਲੇ ਗ੍ਰੰਥ ਸਾਹਬ ਕੇ ਆਦ ਯਾ ਅੰਤ ਮੋ ਸੰਬਤ ਸਤਾਰਾ ਸੈ ਤ੍ਰੇਹਠ ਮੋ ਲਿਖਾ ਜਾਨਾ ਲਿਖਾ ਹੋਗਾ ਤਬ ਸਹੀ ਵਹੀ ਹੋਗਾ ॥ ਨਾ ਹੋਗਾ ਤਬ ਅਉਰ ਹੈ ਰਹੋ ਬਿਚਾਰ ॥

ਪੀਛੇ ਕਹੀ ਚੀਜੋਂ ਮੇਂ ਕਬੀਰ ਕੇ ਰੱਛ ਤੁਰ ਕਾਂਸੀ ਕਬੀਰ ਚੌਰੇ ਮੋ ਸਪੁਰਦ ਕਰਨੇ ਚਾਹੀਯੇ ਹੁੱਕਯੋਂ ਵਾਲਾ ਹੁਕਮ ਨਾਮਾ ਸ੍ਰੀ ਗੰਗਾ ਜੀ ਕੇ ਪਰਵਾਰ ਮੇਂ ਪਹੁਚਾਨਾ ਚਾਹੀਯੇ ॥

੨ ੦ ੧—ਮੈਨੀ ਸੰਗਤ—ਬਾਲ ਲੀਲਾ ਕਾ ਥਾਨ ੨—ਨਿਰਮਲੇ ੩—ਈਹਾਂ ਗੁਰੂ ਜੀ ਬਾਲਕੋਂ ਸਾਥ ਖੇਲਤੇ ਥੇ ਮਾਤਾ ਜੀ ਖਾਨੇ ਵਾਸਤੇ ਦੂਧ ਪੂਰੀ ਅਰ ਤਲੇ ਹੂਏ ਚਣੇ ਭੇਜਤੀ

ਥੀ ।। ਅਬ ਭੀ ਇਸ ਗੁਰਦੁਵਾਰੇ ਮੇਂ ਬਾਲਕੋਂ ਕੋ ਸਦਾ ਯਹੀ ਗੁਰੂ ਜੀ ਕੇ ਭੋਗ ਕਾ ਪ੍ਰਸਾਦ ਮਿਲਤਾ ਹੈ ।। ਯਹ ਗੁਰਦੁਵਾਰਾ ਬਹੁਤ ਸੁੰਦਰ ਬਨਾ ਹੂਆ ਹੈ ।। ਗੁਰੂ ਜੀ ਕੇ ਸਮੇ ਕਾ ਈਹਾਂ ਕਰੌਂਦੇ ਕਾ ਪੇਡ ਹੈ ।। ਅਰ ਗੁਰੂ ਜੀ ਕੇ ਚਰਨੋ ਕੇ ਮੌਜੇ ਹੈਂ ।। ਮੈਨੀ ਖੱਤ੍ਰੀ ਨੇ ਯਹ ਗੁਰਦੁਵਾਰਾ ਬਨਵਾਇਆ ਥਾ ।। ਸੰਗਤ ਪੂਰਬ ਦੇਸ ਮੋ ਧਰਮਸਾਲਾ ਕੋ ਬੋਲਤੇ ਹੈਂ ਇਸ ਲੀਏ ਇਸ ਕਾ ਨਾਂਮ ਮੈਨੀ ਸੰਗਤ ਹੈ ਹਰਿਮੰਦਰ ਜੀ ਕੇ ਸਮੀਪ ਹੀ ਹੈ ੪

੩ ੦ ੧—ਸੰਗਤ ਹਾਂਡੀ ਵਾਲੀ ੨—ਸਿੱਖ ੩—ਗੁਰੂ ਜੀ ਨੇ ਏਕ ਮਾਈ ਕੇ ਘਰ ਮੋ ਖਿਚੜੀ ਖਾਈ ਥੀ ਇਸ ਮਕਾਨ ਮੋ ਅਬ ਤਕ ਖਿਚੜੀ ਵਾਲੀ ਹਾਂਡੀ ਧਰੀ ਹੈ ੪

੪ ਛੋਟਾ ਮਿਰਜਾਪੁਰ—ਕਾਂਸੀ ਸੇਂ ਤੀਨ ਕੋਸ ਦੱਖਣ ੧—ਗੁਰਦੁਵਾਰਾ ੨—ਭੱਲੇ ੩—ਗੁਰੂ ਜੀ ਪਾਂਚ ਬਰਸ ਕੀ ਅਵਸਥਾ ਮੇਂ ਪਟਣੇ ਸੇ ਚਲ ਕਰ ਆਨੰਦਪੁਰ ਕੋ ਆਵਤੇ ਹੂਏ ਈਹਾਂ ਆਏ ਕਾਂਸੀ ਮੈ ਗੁਰੂ ਤੇਗ ਬਹਾਦਰ ਜੀ ਵਾਲੇ ਥਾਨ ਮੋਂ ਹੀ ਉਤਰੇ ਜੁਦਾ ਥਾਨ ਨਹੀਂ ।। ਕੋਈ ਗੁਰੂ ਕੇ ਬਾਗ ਵਾਲਾ ਥਾਨ ਇਨ ਕਾ ਬਤਾਤੇ ਹੈਂ ੪

੫ ਅਜੁਧਯਾ ਬਸਿਸਟ ਕੁੰਡ ਕੇ ਪਾਸ ੧—ਗੁਰਦੁਵਾਰਾ ੨—ਨਿਹੰਗ ੩—ਈਹਾਂ ਅਪਨੀ ਕੁਲ ਕੇ ਬ੍ਰਿਧ ਪੁਰਖ ਰਾਮ ਕੇ ਜਨਮ ਥਾਨ ਮੇਂ ਆਏ ੪

੬ ਸੂਰਯ ਕੁੰਡ—ਬੂੜੀਏ ਸੇ ਡੇਢ ਕੋਸ ਦੱਖਣ ੧—ਗੁਰਦੁਵਾਰਾ ੨—੦ ੩—ਪਟਣੇ ਸਾਹਬ ਸੇ ਆਵਤੇ ਈਹਾਂ ਆਏ ਗੁਰਦੁਵਾਰਾ ਸੂਰਜ ਕੁੰਡ ਪੈ ੪

੭ ਲਖਨੌਰ—ਅੰਬਾਲੇ ਸੇ ਛੀ ਕੋਸ ਦੱਖਣ ੧—ਗੁਰਦੁਵਾਰਾ ੨—ਭੱਲੇ ੩—ਪਟਣੇ ਸੇ ਆਤੇ ਈਹਾਂ ਗੁਰੂ ਜੀ ਜੇਠੇ ਮਸੰਦ ਕੇ ਰਹੇ ਇਸੀ ਗ੍ਰਾਮ ਮੋ ਸੱਯਦ ਭੀਖਨ ਸੱਕੇ ਗ੍ਰਾਮ ਵਾਲੇ ਬਡੇ ਨਾਮੀ ਫਕੀਰ ਨੇ ਗੁਰੋਂ ਕਾ ਦਰਸ਼ਨ ਕੀਆ ੪

੮ ਰਾਣੇ ਮਾਜਰਾ ਲਖਨੌਰ ਸੇ ਦਸ ਕੋਸ ਉੱਤਰ ੧—ਗੁਰਦੁਵਾਰਾ ੨—ਨਿਹੰਗ ੩—ਗੁਰੂ ਜੀ ਲਖਨੌਰ ਸੇ ਸਿਕਾਰ ਖੇਲਣੇ ਗਏ ਠਹਰੇ ੪

੯ ਸੂਲਰ ਗ੍ਰਾਮ—ਲਖਨੌਰ ਸੇ ਛੀ ਕੋਸ ਪੱਛਮ ੧—ਗੁਰਦੁਵਾਰਾ ੨—ਸਿੱਖ ੩—ਈਹਾਂ ਭੀ ਗੁਰੂ ਜੀ ਲਖਨੌਰ ਸੇ ਹੀ ਅਖੇਰ ਲੀਲਾ ਮੇਂ ਆਏ ੪

੧੦ ਮਰਦੋਂ ਗ੍ਰਾਮ ਲਖਨੌਰ ਸੇ ਦੋ ਕੋਸ ੧—ਗੁਰਦੁਵਾਰਾ ੨— ਨਿਹੰਗ ੩—ਈਹਾਂ ਗੁਰੂ ਜੀ ਲਖਨੌਰ ਰਹਤੇ ਗਏ ੪

੧੧ ਭਾਣੋ ਖੇੜੀ ਗ੍ਰਾਮ ਮਰਦੋ ਸੇ ਦੋ ਕੋਸ ੧—ਗੁਰਦੁਵਾਰਾ ੨—ਸਿੱਖ ੩—ਈਹਾਂ ਭੀ ਲਖਨੌਰ ਸੇ ਗਏ ੪

੧੨ ਅੰਬਾਲਾ ਸਹਰ ੧—ਗੁਰਦੁਵਾਰਾ ਤਹਸੀਲ ਪਾਸ ਤਾਲਾਵ ਕਿਨਾਰੇ ੨—ਨਿਹੰਗ ੩—ਈਹਾਂ ਲਖਨੌਰ ਸੇ ਨਗਰ ਕੀ ਸੈਲ ਕਰਨੇ ਆਏ ੪

੧੩ ਆਨੰਦਪੁਰ ੧—ਗੁਰੂ ਕੇ ਮਹਲ ੨—ਸੋਢੀ ੩—ਲਖਨੌਰ ਸੇ ਚਲ ਆਨੰਦਪੁਰ ਜੀ ਮੇਂ ਪਹੁਚ ਗੁਰੂ ਜੀ ਅਪਨੇ ਮਹਲੋਂ ਮੇਂ ਆਏ ।। ਜੋ ਨਗਰ ਬਸਾਵਨ ਸਮੇ ਗੁਰੂ ਤੇਗ ਬਹਾਦਰ ਜੀ ਕੇ ਬਨਵਾਯੇ ਹੂਏ ਥੇ ਬੋਲੀ ਗੁਰੂ ਸਾਹਬ ਪੂਰਬੀ ਬੋਲਤੇ ਥੇ ੪

੧੪ ਬਸੰਤ ਗੜ ਆਨੰਦਪੁਰ ਸੇ ਛੇ ਕੋਸ ਉੱਤਰ ੧—ਗੁਰਦੁਵਾਰਾ ਮੰਜੀ ੨—ਸਿੱਖ ੩—ਬਸੰਤਗੜ ਸੇ ਗੁਰੂ ਜੀ ਬਸੰਤੀ ਪੋਸਾਕ ਪਹਰ ਕੇ ਬਯਾਹਨ ਚੜੇ ੪

੧੫ ਗੁਰੂ ਕਾ ਲਹੌਰ ਆਨੰਦਪੁਰ ਸੇ ਸਾਤ ਕੋਸ ਉੱਤਰ ਬਸੰਤਗੜ ਸੇ ਏਕ ਕੋਸ ਉੱਤਰ ੧—ਬਿਵਾਹ ਥਾਨ ਮੇਲਾ ਬਸੰਤ ੨—ਸਿੱਖ ੩—ਜੀਤੋ ਜੀ ਕਾ ਪਿਤਾ ਲਹੌਰ ਮੇ

ਅਪਨੀ ਪੁਤ੍ਰੀ ਕਾ ਬਿਵਾਹ ਦੇਨਾ ਕਹਤਾ ਥਾ ਗੁਰੂ ਤੇਗ ਬਹਾਦਰ ਜੀ ਉਧਰ ਬਿਰੋਧ ਬਢਨੇ ਸੇ ਜਾਨਾ ਨਹੀਂ ਚਹਤੇ ਥੇ ॥ ਇਸ ਲੀਏ ਸੰਬਤ ੧੭੩੦ ਮੇਂ ਆਨੰਦਪੁਰ ਜੀ ਸੈ ਉੱਤਰ ਤੰਬੂਯੋਂ ਸੇ ਨਯਾ ਲਹੌਰ ਬਨਾਯ ਤਿਸ ਮੇਂ ਜੀਤੋ ਜੀ ਕੇ ਪਿਤਾ ਕੋ ਬਸਾਯ ਕੇ ਗੁਰੂ ਗੋਬਿੰਦ ਸਿੰਘ ਜੀ ਕਾ ਜੇਠ ਪ੍ਰਵਿਸਟੇ ਪੰਦ੍ਰਾਂ ਕੋ ਪਹਲਾ ਬਿਵਾਹ ਕੀਆ ॥ ਸੰਬਤ ਸਤਾਰਾ ਸੈ ਇੱਕਤੀ ਮੇਂ ਗੁਰੂ ਜੀ ਤੁਰਕੋਂ ਕੀ ਜੜ੍ਹਾਂ ਖੋਨੇ ਹੇਤ ਦਿੱਲੀ ਓਰ ਆਏ ੪

੧੬ ੦ ੧—ਬਾਵਲੀ ੨—੦ ੩—ਏਕ ਕਾ ਨਾਮ ਕਰਪਾ ਬਾਵਲੀ ਈਹਾਂ ਗੁਰੂ ਜੀ ਨੇ ਪੱਥਰ ਮੋ ਭਾਲਾ ਮਾਰ ਕੇ ਬਿਵਾਹ ਸਮੇ ਜਲ ਨਿਕਾਸਾ ਜਲ ਮਿੱਠਾ ਹੈ ॥ ਦੂਸਰੀ ਕਟੋਰਾ ਬਾਵਲੀ ॥ ਘੋੜੇ ਨੇ ਸੁੰਮ ਮਾਰ ਜਲ ਨਿਕਾਲਾ ਜਲ ਖਾਰਾ ਹੈ ਆਪਸ ਮੇਂ ਤੀਨ ਸੈ ਕਦਮ ਕਾ ਫਰਕ ਹੈ ੪

੧੭ ਆਨੰਦਪੁਰ ੧—ਅਕਾਲ ਬੁੰਗਾ ੨—ਸਿੰਘ ੩—ਜਹਾਂ ਬੈਠ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਸਾਹਬ ਕੀ ਕ੍ਰਿਯਾ ਕਰਾਈ ਨਾਮ ਉਸ ਥਾਨ ਕਾ ਅਕਾਲ ਬੁੰਗਾ ਹੈ ਯਹ ਦੇਹਰੇ ਸਾਹਬ ਕੇ ਸਮੀਪ ਹੈ ੪

੧੮ ੦ ੧—ਆਨੰਦਪੁਰ ਆਨੰਦਗਢ ੨—ਨਿਹੰਗ ੩—ਈਹਾਂ ਸੰਬਤ ੧੭੩੨ ਮੇਂ ਨੌ ਬਰਖ ਗਯਾਰਾ ਮਹੀਨੇ ਅਠਾਰਾਂ ਦਿਨ ਕੀ ਉਮਰ ਮੋ ਗੁਰੂ ਜੀ ਕੀ ਕ੍ਰਿਯਾ ਪੀਛੇ ਗੱਦੀ ਬੈਠੇ ॥ ਆਨੰਦਪੁਰ ਸਹਰ ਕਾ ਤਥਾ ਇਸ ਗੁਰਦੁਵਾਰੇ ਕਾ ਭੀ ਨਾਮ ਹੈ ੪

੧੯ ੦ ੧—ਹੋਲਾ ਗਢ ੨—੩—ਈਹਾਂ ਗੁਰੂ ਮਹਾਰਾਜ ਹੋਲੀ ਖੇਲਤੇ ਥੇ ਲੋਹ ਗਢ ਗੁਰ ਥਾਨ ਸੇ ਹੋਲ ਗਢ ਪੌਨ ਕੋਸ ਉੱਤਰ ਹੈ ੪

੨੦ ੦ ੧—ਹਵੇਲੀ ਸਾਹਬ ਗੁਰੂ ਕੇ ਮਹਲ ੨-ਸੋਢੀ ੩-ਸਾਹਬਜ਼ਾਦੇ ਇਸ ਮਕਾਨ ਮੋ ਜਨਮੇ ਦਮਦਮੇ ਗੁਰੁਦੁਵਾਰੇ ਸੇ ਦਸ ਕਦਮ ਹੈ ॥ ਈਹਾਂ ਵਾਸ ਕਰਤੇ ਹੀ ਗੁਰੂ ਜੀ ਸੰਬਤ ੧੭੪੮ ਮੋ ਏਕ ਲਹੌਰ ਕੀ ਖਤ੍ਰਾਣੀ ਅਨੂਪ ਕੋਰ ਕੇ ਪਾਸ ਅਤੀਤ ਵੇਸ ਸੇ ਗਏ ॥ ਜੋ ਮੇਲੇ ਆਈ ਸਿੱਖ ਕੀ ਬੇਟੀ ਗੁਰੂ ਜੀ ਕੇ ਰੂਪ ਪੈ ਮੋਹਿਤ ਹੋ ਮਿਲਨੇ ਹੇਤ ਜੋਗੀ ਕਾ ਵੇਸ ਬਨਾਇ ਰਹੀ ਥੀ ॥ ਜਿਸ ਕੀ ਕਥਾ ਦੂਸਰੇ ਗ੍ਰੰਥ ਸਾਹਬ ਕੇ ਇੱਕੀਸਵੇ ਬਾਈਸਵੇ ਚਰਿਤ੍ਰ ਮੇਂ ਬਿਸਤਾਰ ਸੇ ਲਿਖ ਕੇ ॥ ਪਰ ਨਾਰੀ ਗਵਨ ਕਾ ਬਹੁਤ ਨਿਖੇਧ ਕੀਆ ਹੈ ॥ ਈਹਾਂ ਸੇ ਹੀ ਹੁਸਿਆਰਪੁਰ ਪਹੁਚ ਜੋਗਾ ਸਿੰਘ ਪ੍ਰੇਮੀ ਕੀ ਰਖਿਆ ਹੇਤ ਚੋਬਦਾਰ ਕਾ ਵੇਸ ਕੀਆ ॥ ਸੋ ਚੌਥੀ ਰੁੱਤ ਕੇ ਛੱਤੀਸ ਅੰਸ ਕੀ ਅਠਾਈਸਵੀ ਚੌਪਈ ਮੋ ਲਿਖਾ ਹੈ :—

ਇਮ ਬਿਚਾਰ ਕਰ ਸ੍ਰੀ ਜਗਨਾਥਾ ॥ ਕੰਚਨ ਆਸਾ ਗਹਿ ਕਰ ਹਾਥਾ ॥
ਜਾਮਾ ਬਹੁ ਪਾਲਨ ਕੋ ਪਾਏ ॥ ਬੇਸਯਾ ਦੁਆਰ ਖਰੋਏ ਜਾਏ ॥ ਇਤ ਯਾਦਿ ॥ ੪

੨੧ ਘਨੌਲਾ ਗ੍ਰਾਮ ਕੀਰਤਪੁਰ ਸੇ ਨੌ ਕੋਸ ਪੂਰਬ ੧—ਗੁਰਦੁਵਾਰਾ ੨—ਸਿੱਖ ੩—ਗੁਰੂ ਤੇਗ ਬਹਾਦਰ ਜੀ ਬੰਗਾਲੇ ਗਏ । ਸਾਮ ਦੇਸ ਕੇ ਰਾਜ ਕੋ ਪੁੱਤ੍ਰ ਕਾ ਵਰ ਦੇ ਆਏ ਪੁੱਤ੍ਰ ਹੂਆ ॥ ਬਡਾ ਹੋ ਕਰ ਏਕ ਛੋਟੇ ਕੱਦ ਕਾ ਬਹੁਤ ਸੁੰਦਰ ਹਾਥੀ ਜਿਸਕਾ ਨਾਮ ਗੁਰੂ ਜੀ ਨੇ ਪ੍ਰਸਾਦੀ ਰੱਖਾ ॥ ਪਾਂਚ ਘੋੜੇ ਏਕ ਪੁਤਲੀਆਂ ਵਾਲੀ ਚੌਂਕੀ ਏਕ ਪੰਚ ਕਲਾ ਸਸਤ੍ਰ ਐਸੇ ਔਰ ਉਤਮ ਵਸਤੂ ਭੇਟਾ ਲੇ ਗੁਰੂ ਗੋਬਿੰਦ ਸਿੰਘ ਮਹਾਰਾਜ ਕੇ ਦਰਸਨ ਕੋ ਆਯਾ ਆਨੰਦਪੁਰ ਪਹੁਚ ਭੇਟਾ ਕਰ ਗਯਾ ਸੁੰਦਰ ਵਸਤੂ ਜਾਂਨ ਛਲ ਸੇ ਲੇ ਕਰ ਰਖ ਲੇਣੇ ਹੇਤ ਭੀਮ ਚੰਦ ਕਹਲੂਰੀ ਰਾਜਾ ਨੇ ਪੁੱਤ੍ਰ ਕੇ ਬਿਵਾਹ ਹੇਤ ਗੁਰੂ ਜੀ ਸੇ ਮਾਂਗੀ ਕਪਟੀ ਜਾਨ ਗੁਰੂ ਜੀ ਨੇ ਕੋਈ ਵਸਤੂ ਨਾ ਦਈ ॥ ਰਾਜਾ ਸੇ ਬਿਰੋਧ ਬਢ ਗਯਾ ਇਸ ਬਾਤ ਕੀ ਖਬਰ ਸੁਨ ਨਾਹਣ ਕੇ ਰਾਜਾ ਮੇਦਨੀ ਪ੍ਰਕਾਸ ਨੇ ਗੁਰੂ ਜੀ ਪਾਸ ਵਕੀਲ ਭੇਜ ਪ੍ਰਾਰਥਨਾ ਕਰੀ ਆਪ ਮੇਰੇ ਰਾਜ ਮੇਂ ਆ ਰਹੇਂ ਸੁਨ ਕਰ ਗੁਰੂ ਜੀ ਨਾਹਣ ਓਰ ਜਾਤੇ ਈਹਾਂ ਆਏ ੪

੨੨ ਕੋਟਲਾ ਗ੍ਰਾਮ ਰੋਪੜ ਸੇ ਦੋ ਕੋਸ ਪੂਰਬ ੧—ਗੁਰਦੁਵਾਰਾ ੨—ਸਿੱਖ

੩—ਇਸ ਨਗਰ ਕੇ ਪਠਾਣੋ ਨੇ ਗੁਰੂ ਜੀ ਕੀ ਬਹੁਤ ਸੇਵਾ ਕਰੀ ਪ੍ਰਸੰਨ ਹੋ ਕਰ ਗੁਰੂ ਜੀ ਨੇ ਏਕ ਕਟਾਰ ਅਰ ਏਕ ਢਾਲ ਇਨ ਕੋ ਬਖਸੀ ਥਾਨ ਦੋ ਹੈ ਏਕ ਬਾਹਰ ਦੂਸਰਾ ਇਨ ਕੇ ਘਰੋਂ ਮੇਂ ੪

੨੩ ਨਾਭਾ ਗ੍ਰਾਮ ਬਨੂੜ ਸੇ ਛੀ ਕੋਸ ਈਸਾਂਨ ਮੇਂ ੧—ਗੁਰਦੁਵਾਰਾ ੨—ਸਿੱਖ ੩—ਯਹ ਗੁਰਦੁਵਾਰਾ ਪਟਿਆਲੇ ਕੇ ਰਾਜ ਮੇਂ ਹੈ ੪

੨੪ ਢਕੋਲੀ ਗ੍ਰਾਮ ਨਾਭੇ ਸੇ ਤੀਨ ਕੋਸ ਪੂਰਬ ੧—ਬਾਵਲੀ ਸਾਹਬ ੨—ਉਦਾਸੀ ੩—ਇਸ ਬਾਵਲੀ ਕੋ ਕੋਈ ਛਠੇ ਗੁਰੋਂ ਕੀ ਕਹਤੇ ਹੈਂ ॥ ਕੋਈ ਬਾਬੇ ਗੁਰਦਿੱਤੇ ਕੀ ਬੋਲਤੇ ਹੈ ॥ ਸੋ ਦੋਨੋ ਇਧਰ ਆਏ ਨਹੀ ॥ ਇਸ ਲੀਏ ਗੁਰੂ ਦਸਮ ਜੀ ਕੀ ਹੈ ੪

੨੫ ਨਾਡਾ ਢਕੋਲੀ ਸੇ ਚਾਰ ਕੋਸ ਈਸਾਂਨ ਮੇਂ ੧—ਮੰਜੀ ੨—ਬਣਜਾਰੇ ੩—ਨਾਡੇ ਮੰਜੀ ਸਾਹਬ ਪਰਬਤ ਕੀ ਟਿੱਬੀ ਪੈ ਹੈ ਬਣਜਾਰੇ ਸੇਵਾ ਕਰਤੇ ਹੈ ੪

੨੬ ਟੋਡਾ ਨਾਡੇ ਸੇ ਪਾਂਚ ਕੋਸ ਪੂਰਬ ੧—ਮੰਜੀ ਸਾਹਬ ੨—ਸਿੱਖ ੩—ਯਹ ਮੰਜੀ ਸਾਹਬ ਪਰਬਤ ਤਲੇ ਕੰਢੀ ਮੇਂ ਹੈ ੪

੨੭ ਮਾਣਕ ਟਬਰਾ ਰਾਣੀ ਕੇ ਰਾਯਪੁਰ ਸੇ ਦੋ ਕੋਸ ਉੱਤ੍ਰ ੧—ਗੁਰਦੁਵਾਰਾ ੨—ਸਿੱਖ ੩—ਯਹ ਗੁਰਦੁਵਾਰਾ ਰਾਮ ਗੜ ਕੇ ਰਾਜ ਮੇਂ ਹੈ ੪

੨੮ ਨਾਹਣ ਸਹਰ ਮਾਣਕਟਬਰੇ ਸੇ ਅਠਾਰਾਂ ਕੋਸ ਪੂਰਬ ੧—ਗੁਰਦੁਵਾਰਾ ੨—ਸਿੱਖ ੩—ਆਨੰਦਪੁਰ ਜੀ ਸੇ ਚਲ ਕਰ ਕਈ ਦਿਨ ਮੇਂ ਗੁਰੂ ਜੀ ਨਾਹਣ ਸਮੀਪ ਪਹੁਚੇ ਰਾਜਾ ਬਡੇ ਸਤਕਾਰ ਸੇ ਲੇ ਗਯਾ ਕਈ ਦਿਨ ਈਹਾਂ ਡੇਰਾ ਰਹਯਾ ਗੁਰਦੁਵਾਰਾ ਸਹਰ ਮੋ ਪਰੇਟ ਕੇ ਪਾਸ ਹੈ ਨਾਹਣ ਕੇ ਰਾਜ ਕੋ ਸਿਰਮੌਰ ਕੀ ਰਾਜਧਾਨੀ ਬੋਲਤੇ ਹੈ ੪

੨੯ ਪਾਂਵਟਾ ਸਾਹਬ ਨਾਹਣ ਸੇ ਪੱਚੀ ਕੋਸ ਅਗਨਿ ਕੋਣ ਮੇਂ ੧—ਗੁਰਦਵਾਰਾ ਪਾਉਂਟਾ ਜੀ ੨—ਸਿੱਖ ੩—ਗੁਰੂ ਜੀ ਕੋ ਬਨ ਪਰਬਤੋਂ ਕੀ ਸੈਲ ਕਰਾਵਤਾ ਹੂਆ ਰਾਜਾ ਮੇਦਨੀ ਪ੍ਰਕਾਸ ਜਮਨਾ ਕਿਨਾਰੇ ਲੇ ਗਯਾ ਪਾਉਂਟੇ ਜੀ ਵਾਲੀ ਜਗਹ ਦੇਖ ਗੁਰੂ ਜੀ ਬਹੁਤ ਆਨੰਦ ਹੂਏ ਰਾਜਾ ਨੇ ਬੇਨਤੀ ਕਰੀ ਈਹਾਂ ਆਪ ਗੜ ਬਨਵਾਈਏ। ਯਹ ਸ੍ਰੀ ਨਗਰ ਕੇ ਰਾਜਾ ਫਤੇ ਸਾਹ ਕੀ ਅਰ ਹਮਾਰੀ ਹੱਦ ਕਾ ਮਕਾਨ ਹੈ ॥ ਹਮ ਕੋ ਭੀ ਬਹੁਤ ਆਨੰਦ ਰਹੇਗਾ ਆਪ ਕੇ ਪ੍ਰਤਾਪ ਸੇ ਸੱਤਰੂ ਦਬਯਾ ਰਹੇਗਾ ਸੁਨ ਕਰ ਗੁਰੂ ਜੀ ਨੇ ਕਿਲਾ ਬਨਵਾਵਨ ਕਾ ਆਰੰਭ ਕੀਆ ॥ ਮਦਨੀ ਪ੍ਰਕਾਸ ਨੇ ਰਾਜ ਮਜੂਰੋਂ ਕੀ ਬਹੁਤ ਮੱਦਤ ਦਈ ਬਾਰਾਂ ਦਿਨ ਮੇਂ ਕਿਲਾ ਤਿਯਾਰ ਹੂਆ ॥ ਆਨੰਦਪੁਰ ਸੇ ਚਲ ਰਹਣੇ ਹੇਤ ਈਹਾਂ ਗੁਰੂ ਜੀ ਨੇ ਪਾਵ ਟਿਕਾਯਾ ਇਸ ਲੀਯੇ ਨਾਮ ਪਾਂਵਟਾ ਰੱਖਾ ॥ ਈਹਾਂ ਔਰ ਭੀ ਬਹੁਤ ਲੋਗ ਨੌਕਰ ਰੱਖੇ ॥ ਅਰ ਪਾਂਚ ਸੈ ਪਠਾਣ ਔਰੰਗਜੇਬ ਕੇ ਨਿਕਾਲੇ ਹੂਏ ਸਢੌਰੇ ਵਾਸੀ ਬੁੱਧੂ ਸਾਹ ਸੱਯਦ ਨੇ ਨੌਕਰ ਕਰਾਏ ॥ ਈਹਾਂ ਹੀ ਗੁਰੂ ਜੀ ਨੇ ਨਾਹਣ ਕੇ ਰਾਜਾ ਸੇ ਫਤੇ ਸਾਹ ਸ੍ਰੀ ਨਗਰੀਏ ਕਾ ਮੇਲ ਕਰਾਯਾ ॥ ਫਤੇ ਸਾਹ ਗੁਰੂ ਜੀ ਕਾ ਪ੍ਰੇਮੀ ਬਨਾ ॥ ੪

੩੦ ਦੇਹਰਾ ਰਾਮ ਰਾਯ ੧—ਮੰਜੀ ਸਾਹਬ ੨—ਉਦਾਸੀ ੩—ਜਬ ਗੁਰੂ ਜੀ ਦੇਹਰੇ ਸੇ ਬੀਸ ਕੋਸ ਪੱਛਮ ਪਾਂਵਟੇ ਬਿਰਾਜੇ ਪੂਰਬਲਾ ਬਿਰੋਧ ਮਿਟਾਨੇ ਹੇਤ ਰਾਮ ਰਾਯ ਜੀ ਮਿਲਨੇ ਆਏ ॥ ਜਮਨਾ ਮੇਂ ਨਾਂਉ ਪੈ ਮਿਲੇ ॥ ਰਾਮ ਰਾਯ ਕੇ ਸੇਵਕ ਗੁਰੂ ਜੀ ਕੀ ਓਰ ਪੀਛਾ ਕਰ ਖੜੇ ਰਹੇ ॥ ਦੇਖ ਕਰ ਗੁਰੂ ਸਾਹਬ ਜੀ ਨੇ ਬਚਨ ਕੀਆ ਰਾਮ ਰਾਯ ਸਿਰੋਮਣਿ ਗੁਰੂ ਸੰਗਤ ਭੂਤਨੀ ॥ ਰਾਮ ਰਾਯ ਜੀ ਮਿਲ ਕਰ ਜਾਤੇ ਹੂਏ ਗੁਰੂ ਜੀ ਪਾਸ ਪ੍ਰਾਰਥਨਾ ਕਰ ਗਏ ॥ ਆਪ ਨੇ ਹਮਾਰੇ ਥਾਨ ਕੀ ਭੀ ਰੱਛਾ ਰਖਨੀ ॥ ਆਪ ਰਾਮ ਰਾਯ ਜੀ ਜਾਤੇ ਹੀ ਸੰਕਰਾਚਾਰਯ ਕੀ ਤਰਾਂ ਕੋਠੜੀ ਮੇਂ ਸਰੀਰ ਛੋਡ ਕਿਸੇ ਦੇਸ ਮੇਂ ਕਹੂੰ ਸਿੱਖਯ ਕੇ ਕਾਰਯ ਹੇਤ ਗਏ ॥ ਪੀਛੇ ਸੇ ਮਸੰਦੋਂ ਨੇ ਰਾਮ ਰਾਯ ਜੀ ਕੀ ਪਤਨੀ ਪੰਜਾਬ ਕੌਰ ਕੇ ਰੋਕਤੇ ਹੀ ਦੇਹ ਦਾਹ ਕਰ ਦਈ ॥ ਮਸੰਦੋਂ ਕੋ ਦੰਡ

ਦਿਵਾਨੇ ਹੇਤ ਰਾਮ ਰਾਯ ਕੀ ਪਤਨੀ ਪੰਜਾਬ ਕੌਰ ਕੇ ਪ੍ਰਾਰਥਨਾ ਕਰ ਬੁਲਾਏ ਗੁਰੂ ਜੀ ਦੇਹਰ ਗਏ ।। ਤਪਤੇ ਤੇਲ ਸੇ ਮਸੰਦ ਜਲਾਏ ।। ਭਾਈ ਬਹਲੋ ਕੇ ਗੁਰੂ ਦਾਸ ਜੈਸੇ ਪੰਜਾਬ ਕੌਰ ਕੇ ਅਨੁਸਾਰੀ ਮਸੰਦ ਉਸ ਕੇ ਪਾਸ ਛੋਡ ਆਪ ਪਾਂਵਟੇ ਆਏ ।। ਮੰਜੀ ਸਾਹਬ ਦੇਹਰੇ ਸੇ ਪੂਰਬ ਪਾਸ ਹੈ ਮਹੰਤ ਕੋ ਖੂਬ ਬਨਾ ਕਰ ਰਖਨੀ ਚਾਹੀਏ ।੪

੩੧ ਕਪਾਲ ਮੋਚਨ ਜਗਾਧਰੀ ਸੇ ਪਾਂਚ ਕੋਸ ਉੱਤ੍ਰ ੧—ਗੁਰਦੁਵਾਰਾ ੨—ਸਿੱਖ ੩—ਪਾਂਵਟੇ ਸੇ ਅਖੇਰ ਲੀਲਾ ਕਰਤੇ ਗੁਰੂ ਜੀ ਦੂਣ ਸੇ ਬਾਹਰ ਹੋ ਕਰ ਕਾਤਕੀ ਕੋ ਕਪਾਲ ਮੋਚਨ ਆਏ ।। ਸਿੱਖੋਂ ਕੋ ਹੁਕਮ ਦੀਆ ਜੋ ਕੋਈ ਮੇਲੇ ਮੇਂ ਤੀਰਥ ਕਿਨਾਰੇ ਦਿਸਾ ਪੇਸਾਬ ਕਰਨੇ ਬੈਠਾ ਦੇਖੋ ਉਸ ਕੀ ਪਗੜੀ ਉਤਾਰ ਲੇਵੋ ।। ਸਿੱਖੋਂ ਨੇ ਵੈਸੇ ਹੀ ਕੀਆ ।। ਮੇਲੇ ਮੇਂ ਸਾਤ ਸੈ ਪਗੜੀ ਹੂਈ ।। ਧੁਆਇ ਸਾਫ ਕਰਾਇ ਸੰਗਤ ਕੇ ਸਿਰੋਪਾਉ ਮੈਂ ਬਾਂਟੀ ਗਈ ੪

੩੨ ਭੰਗਾਣੀ ਸਾਹਬ ਪਾਂਵਟੇ ਸੇ ਛੇ ਕੋਸ ਪੂਰਬ ਜਮਨਾ ਕਿਨਾਰੇ ੧— ਗੁਰਦੁਆਰਾ ੨—ਨਿਹੰਗ ੩—ਸ੍ਰੀ ਨਗਰ ਕੇ ਰਾਜਾ ਨੇ ਬੇਟੀ ਕੇ ਬਯਹ ਕੀ ਭਾਜੀ ਭੇਜੀ ।। ਗੁਰੂ ਜੀ ਨੇ ਨੰਦ ਚੰਦ ਦਿਵਾਨ ਦਯਾ ਰਾਮ ਪਰੋਹਤ ।। ਸਵਾ ਲਾਖ ਕਾ ਤੰਬੋਲ ਦੇ ਕਰ ਭੇਜੇ ਖੱਟ ਕੇ ਸਮੇ ਭਾਟ ਨੇ ਗੁਰੂ ਜੀ ਕਾ ਨਾਮ ਲੇ ਦਹੇਜ ਕੀ ਚੀਜਾ ਸੁਣਾਈ ।। ਸੁਨ ਕਰ ਭੀਮ ਚੰਦ ਕਹਲੂਰੀ ਰੰਜ ਹੂਆ ।। ਫਤੇ ਸਾਹ ਕੋ ਕਹਯਾ ਹਮਾਰੇ ਵੈਰੀ ਗੁਰੂ ਸੇ ਮੇਲ ਰਖਨਾ ਚਾਹੇਂ ।। ਤਬ ਹਮ ਤੇਰੀ ਲੜਕੀ ਕਾ ਡੋਲਾ ਛੋਡਤੇ ਹੈਂ ।। ਨਹੀ ਤੋ ਬਰਾਤ ਕੇ ਆਗੇ ਹੋ ਕਰ ਗੁਰੂ ਜੀ ਕੋ ਪਾਂਵਟੇ ਸੇ ਨਿਕਾਲ ।। ਸਮਧੀ ਸੇ ਰਸ ਰੱਖਨੇ ਹੇਤ ਬਿਨਾ ਵੈਰ ਫਤੇ ਸਾਹ ਗੁਰੂ ਜੀ ਸੇ ਲੜਣੇ ਆਯਾ ।। ਸੋਈ ਗੁਰੋ ਨੇ ਲਿਖਾ ਹੈ ।। ਫਤੇ ਸਾਹ ਕੋਪਾ ਤਬ ਰਾਜਾ ।। ਲੋਹ ਪਰਾ ਹਮ ਸਿਉ ਬਿਨ ਕਾਜਾ ।। ਗੁਰੂ ਜੀ ਨੇ ਭੰਗਾਣੀ ਮੋ ਜੁੱਧ ਕਾ ਰਣ ਥੰਭ ਗਡਾਯਾ ।। ਪਠਾਣ ਲੜਾਈ ਸਮੇ ਨੌਕਰੀ ਛੋਡ ਪਹਾੜੀਯੋ ਕੀ ਸੇਨਾ ਮੋ ਜਾਇ ਮਿਲੇ ।। ਇਸ ਬਾਤ ਕੀ ਖਬਰ ਸੁਨ ਬੁਧੂ ਸਾਹ ਸਾਤ ਸੈ ਮੁਰੀਦ ਲੇ ਲੜਾਈ ਮੇਂ ਸਹਾਇਤਾ ਹੇਤ ਪਹੁਚਾ ।। ਜੰਗ ਫਤੇ ਕਰ ਗੁਰੂ ਜੀ ਨੇ ਬੁੱਧੂ ਸਾਹ ਕੋ ਪੱਗ ਬਖਸੀ ।। ਸੋ ਸਢੌਰੇ ਮੋ ਹੈ ।। ਆਪ ਜੰਗ ਹਟੇ ਪੀਛੇ ਸੰਬਤ ੧੭੪੨ ਮੇਂ ਆਨੰਦਪੁਰ ਕੋ ਚਲ ਦੀਏ ।। ਤੰਬੋਲ ਬਯਾਹ ਕੇ ਦਹੇਜ ਕੀ ਚੀਜ ਕਾ ਨਾਂਮ ਹੈ ੪

੩੩ ਟੋਕਾ ਗ੍ਰਾਂਮ ਨਾਹਣ ਸੇ ਨੌ ਕੋਸ ਪੱਛਮ ੧—ਗੁਰਦੁਵਾਰਾ 2—ਸਿੱਖ ੩—ਗੁਰੂ ਜੀ ਪਾਂਵਟੇ ਸੇ ਆਵਤੇ ਨਾਹਨ ਕੇ ਰਾਜਾ ਕੇ ਟਿਕਾਏ ਈਹਾਂ ਬਾਰਾਂ ਦਿਨ ਰਹੇ ਰੰਘੜੋਂ ਨੇ ਗੁਰੂ ਜੀ ਕੇ ਊਂਟ ਚੁਰਾਏ ਉਨ ਕੋ ਸ੍ਰਾਫ ਦੀਆ ਕਿ ਸਦਾ ਤੁਮ ਕੋ ਟੋਟਾ ਰਹੇਗਾ ੪

੩੪ ਰਾਣੀ ਕਾ ਰਾਯਪੁਰ ਜਿਲੇ ਅੰਬਾਲੇ ਟੋਕੇ ਸੇ ਨੌ ਕੋਸ ਪੱਛਮ ੧—ਗੁਰਦੁਵਾਰਾ ਕਿਲੇ ਮੋ ੨—ਸਿੱਖ ੩—ਟੋਕੇ ਸੇ ਚਲ ਕਰ ਗੁਰੂ ਜੀ ਈਹਾਂ ਉਤਰੇ ਰਾਣੀ ਨੇ ਬਹੁਤ ਸੇਵਾ ਕਰੀ ।। ਥਾਨ ਪਵਿੱਤ੍ਰ ਕਰਾਵਨੇ ਹੇਤ ਗੁਰੂ ਜੀ ਕੋ ਮੰਦਰੋ ਮੇਂ ਲੇ ਗਈ ।। ਪ੍ਰਸੰਨ ਹੋ ਕਰ ਗੁਰੂ ਜੀ ਨੇ ਢਾਲ ਤਲਵਾਰ ਬਖਸੇ ।। ਬਚਨ ਕੀਆ ਸਦਾ ਇਨ ਕੀ ਪੂਜਾ ਕਰਨੀ ।। ਤੁਮਾਰੀ ਸੰਤਾਨ ਕਾ ਪ੍ਰਤਾਪ ਬਨਾ ਰਹੇਗਾ ੪

੩੫ ਖਿਦਰਾਵਾਦ ੧—ਗੁਰਦੁਵਾਰਾ ੨—ਸਿੱਖ ੩—ਗੁਰੂ ਜੀ ਰਾਣੀ ਕੇ ਰਾਯ ਪੁਰ ਸੇ ਚਲ ਕਰ ਆਨੰਦ ਪੁਰ ਜੀ ਜਾਤੇ ਈਹਾਂ ਉਤਰੇ ਪੀਛੇ ਸੇ ਜੁਝਾਰ ਸਿੰਘ ਪਾਲਕ ਵੀ ਈਹਾਂ ਰਹਯਾ ਅਸਲ ਮੇਂ ਥਾਨ ਗੁਰੂ ਜੀ ਕਾ ਹੈ ੪

੩੬ ਆਨੰਦਪੁਰ ਜੀ ੧—ਲੋਹ ਗਢ ਸਾਹਬ ੨—ਸਿੱਖ ੩—ਪਾਂਵਟੇ ਓਰ ਸੇ ਆ ਕਰ ਗੁਰੂ ਜੀ ਨੇ ਪਿਤਾ ਜੀ ਕੇ ਬਾਂਧੇ ਮਾਖੋਵਾਲ ਕੇ ਸਮੀਪ ਆਨੰਦਪੁਰ ਬਸਾਯਾ ਅਰ ਤਹਾਂ ਏਕ ਕਿਲਾ ਬਨਵਾਯਾ ਨਾਂਮ ਉਸ ਕਾ ਲੋਹਗਢ ਰੱਖਾ ।। ਇਨ ਹੀ ਦਿਨੋਂ ਮੇਂ ਸੰਬਤ ੧੭੪੩ ਮੋ ਅਜੀਤ ਸਮੇ ਜਨਮ ਹੋਨੇ ਸੇ ਨਾਂਮ ਬਡੇ ਸਾਹਬਯਾਦੇ ਕਾ ਅਜੀਤ ਸਿੰਘ ਰੱਖਾ ।। ਇਸੀ ਸਮੇ ਭੀਮ ਚੰਦ ਕਹਲੂਰੀ ਨੇ ਗੁਰੂ ਜੀ ਸੇ ਪਿਛਲਾ ਅਪਰਾਧ ਖਮਾ ਕਰਾਯ ਮੇਲ ਕਰ ਲੀਆ ੪

੩੭ 0 ੧—ਦਮਦਮਾ ੨—ਸੋਢੀ ੩—ਲੋਹ ਗੜ ਕਿਲਾ ਬਨਵਾਯ ਕਰ ਗੁਰੂ ਮਹਾਰਾਜ ਨੇ ਜੰਗ ਕਾ ਤਮਾਸਾ ਦੇਖਨੇ ਹੇਤ ਏਕ ਬਹੁਤ ਊਚਾ ਥਾਨ ਬਨਵਾਯਾ ਉਸ ਕਾ ਨਾਮ ਦਮਦਮਾ ਹੈ ੪

੩੮ ਸਲੂਰੀ ਗ੍ਰਾਮ ਆਨੰਦਪੁਰ ਸੇ ਸਤਾਈ ਕੋਸ ਉੱਤਰ ੧—ਗੁਰਦੁਵਾਰਾ ੨—ਸਿੱਖ ੩—ਪਾਤਸਾਹ ਔਰੰਗ ਕੇ ਦੱਖਣ ਗਏ ਬਹੁਤ ਦਿਨ ਪੀਛੇ ਪਹਾੜੀ ਰਾਜਿਯੋਂ ਸੇ ਕਰ ਲੇਨੇ ਹੇਤ ਮੀਆਂ ਖਾਂਨ ਸੂਬਾ ਜੰਮੂ ਕੋ ਗਿਆ ॥ ਅਲਫ ਖਾਂਨ ਸਰਦਾਰ ਕੋ ਨਾਦੌਣ ਓਰ ਭੇਜਾ ॥ ਕਾਂਗੜੇ ਕਾ ਰਾਜਾ ਅਲਫ ਖਾਂਨ ਸੇ ਜਾ ਮਿਲਾ ॥ ਅਰ ਕਹਯਾ ਸਭ ਸੇ ਪਹਲੇ ਆਪ ਬਿਲਾਸ ਪੁਰ ਕੇ ਹਾਜਾ ਭੀਮ ਚੰਦ ਸੇ ਕਰ ਲੇਵੇਂ ਪੀਛੇ ਸੇ ਸਭੀ ਦੇ ਦੇਵੇਂਗੇ ॥ ਅਲਫ ਖਾਂਨ ਨੇ ਨਦੌਣ ਮੇਂ ਡੇਰਾ ਕਰ ਭੀਮ ਚੰਦ ਕੋ ਬੁਲਾਯਾ ॥ ਭੀਮ ਚੰਦ ਲੜਾਈ ਕਾ ਸਮਾਨ ਕਰ ਕੇ ਗਯਾ ਅਰ ਅਪਨੀ ਸਹਾਯਤਾ ਵਾਸਤੇ ਗੁਰੂ ਜੀ ਕੋ ਬੁਲਾਯਾ ਗੁਰੂ ਜੀ ਨਦੌਣ ਜਾਤੇ ਈਹਾਂ ਉਤਰੇ ੪

੩੯ ਨਦੌਣ ਸਹਰ ੧—ਗੁਰਦੁਵਾਰਾ ੨—ਸਿੱਖ ੩—ਨਦੌਣ ਮੇਂ ਪਹੁਚ ਗੁਰੂ ਜੀ ਨੇ ਜੰਗ ਮੇਂ ਅਲਫ ਖਾਂਨ ਕੋ ਫਤਹ ਕੀਆ ਆਠ ਰੋਜ ਰਹ ਕਰ ਪਰਬਤੋਂ ਕੀ ਸੈਲ ਕਰੀ ॥ ਗੁਰੂ ਜੀ ਕੀ ਸਲਾਹ ਬਿਨਾ ਪਹਾੜੀ ਭੀਮ ਚੰਦ ਨੇ ਅਲਫ ਖਾਂਨ ਸੇ ਮੇਲ ਕੀਆ ॥ ਗੁਰੂ ਜੀ ਭੀਮ ਚੰਦ ਸਾਥ ਰੰਜ ਹੋ ਕਰ ਆਨੰਦਪੁਰ ਕੋ ਆਏ ॥ ਮਾਰਗ ਮੇਂ ਏਕ ਭੀਮ ਚੰਦ ਕੇ ਆਲਸੂਨ ਗ੍ਰਾਮ ਮੇਂ ਉਤਰੇ ਲੋਗੋਂ ਨੇ ਟਹਲ ਨਾ ਕਰੀ ॥ ਸਿੱਖੋਂ ਕੋ ਹੁਕਮ ਦੇ ਕਰ ਵਹੁ ਗ੍ਰਾਮ ਲੁਟਵਾਯਾ ॥ ਨਦੌਣ ਓਰ ਸੇ ਜੋਰਾਵਰੀ ਕਰਤੇ ਆਏ ॥ ਉਸੀ ਸਮੇ ਸੰਬਤ ੧੭੪੭ ਕੇ ਚੇਤ ਮੇਂ ਸਾਹਬਯਾਦਾ ਹੂਆ ॥ ਨਾਮ ਜੋਰਾਵਰ ਸਿੰਘ ਰੱਖਾ ॥ ਨਦੌਣ ਮੇਂ ਗੁਰੂ ਮਹਾਰਾਜ ਕੇ ਥਾਨ ਮੋਂ ਦਸ-ਗਯਾਰਾ ਪੀਪਲ ਹੈਂ ਸੋ ਗਿਨਤੀ ਮੇਂ ਪੂਰੇ ਨਹੀਂ ਹੋਤੇ ॥ ਕਬੀ ਕਮ ਹੋਤੇ ਹੈ ਕਬੀ ਯਾਦਾ ਹੋਤੇ ਹੈ ੪

੪੦ ਜੰਦਵੜੀ ਗ੍ਰਾਮ ਆਨੰਦਪੁਰ ਜੀ ਸੇ ਪਾਂਚ ਕੋਸ ਪੱਛਮ ੧—ਗੁਰਦੁਵਾਰਾ ੨—ਸਿੱਖ ੩—ਗੁਰੂ ਮਹਾਰਾਜ ਭਲਾਣ ਜਾਤੇ ਈਹਾਂ ਗਏ ੪

੪੧ ਭਲਾਣ ਗ੍ਰਾਮ ਜੰਦਵੜੀ ਸੇ ਦੋ ਕੋਸ ਵਾਯਵ ਕੋਣ ਮੇਂ ੧—ਗੁਰਦੁਵਾਰਾ ੨—ਸਿੱਖ ੩—ਅਲਫ ਖਾਂਨ ਕੇ ਜੰਗ ਹੂਏ ਪੀਛੇ ਦਿਲਾਵਰ ਖਾਂਨ ਪਠਾਣ ਨੇ ਆਨੰਦਪੁਰ ਫਤੇ ਕਰਨੇ ਹੇਤ ਅਪਨਾ ਪੁੱਤ੍ਰ ਭੇਜਯਾ ॥ ਰਾਤ ਕੋ ਆਨੰਦਪੁਰ ਕੇ ਪਾਸ ਆਯਾ ॥ ਗੁਰੂ ਜੀ ਕੋ ਖਬਰ ਹੂਈ ॥ ਜੰਗ ਕੀ ਤਯਾਰੀ ਕਰੀ ॥ ਡਰ ਕਰ ਪੀਛੇ ਭਾਗਤੇ ਹੂਏ ਦਿਲਾਵਰ ਖਾਂਨ ਕੇ ਬੇਟੇ ਨੇ ਬਰਵਾ ਗ੍ਰਾਮ ਉਜਾੜ ਕੇ ਭਲਾਨ ਮੇਂ ਡੇਰਾ ਕੀਆ ॥ ਗੁਰੂ ਜੀ ਭੀ ਇਸ ਗ੍ਰਾਮ ਮੋ ਗਏ ॥ ਊਹਾਂ ਗੁਰਦੁਵਾਰਾ ਹੈ ੪

੪੨ ਨੈਣਾ ਦੇਵੀ ਆਨੰਦਪੁਰ ਸੇ ਸਾਤ ਕੋਸ ਉੱਤਰ ੧—ਗੁਰਥਾਨ ਬਨ ਚਾਹੀਯੇ ੨—ਸਿੱਖ ਪੁਜਾਰੀ ਚਾਹੀਯੇ ੩-ਸੰਬਤ ੧੭੫੫ ਮੋ ਗੁਰੂ ਸਾਹਬ ਕੇ ਚਿੱਤ ਮੋ ਸੰਕਲਪ ਹੂਆ ਤੁਰਕ ਤੇਜ ਪ੍ਰਹਾਰ ਕਰਤਾ ਪੰਥ ਸਾਜਨੇ ਹੇਤ ਪੂਰਬ ਜਨਮ ਕੀ ਇਸਟ ਭਗਵਤੀ ਕੇ ਅਪ੍ਰੋਖਸ਼ ਕਰਾਵਨੇ ਵਾਲਾ ਕੋਈ ਦੁਰਗਾ ਕਾ ਉਪਾਸਕ ਬ੍ਰਾਹਮਣ ਖੋਜਨ ਲੀਏ ਜੱਗ ਕਰੇਂ ॥ ਸਾਤ ਹਜਾਰ ਰੁਪਯਾ ਲਗਾਯ ਬ੍ਰਾਹਮਣ ਪੁੰਜ ਇਕੱਤ੍ਰ ਕਰ ਯੱਗ ਕੀਆ ॥ ਦੁਰਗਾ ਕੇ ਪ੍ਰਗਟ ਹੋਨੇ ਕੀ ਬਿਧਿ ਪੂਛੀ ॥ ਸਭ ਨੇ ਕੇਸਵ ਦਾਸ ਕਾ ਨਾਮ ਲੀਆ ॥ ਦੁਰਗਾ ਦਰਸਨ ਹੇਤ ਅਕਸਮਾਤ ਕਾਂਸੀ ਸ ਕੇਸਵ ਦਾਸ ਆਵਤਾ ਆਨੰਦਪੁਰ ਮੋ ਗੁਰੂ ਜੀ ਕੋ ਮਿਲਾ ॥ ਤਿਸ ਕੋ ਬਿਧਿ ਪੂਛ ਨਾਨਾ ਤਰਾਂ ਕੀ ਹਵਨ ਕੀ ਸਾਮੱਗ੍ਰੀ ਜਮਾ ਕਰ ਬੈਸਾਖ ਕੀ ਪੂਨਯਾ ਕੋ ਨੈਣਾ ਦੇਵੀ ਵਾਲੇ ਪਰਬਤ ਪੈ ਪਹੁਚ ਮੰਤ੍ਰ ਜਾਪ ਸਹਤ ਹਵਨ ਕਾ ਆਰੰਭ ਕੀਆ ॥ ਕਈ ਮਹੀਨੇ ਪਾਂਚ ਪਹਰ ਪ੍ਰਤਿ ਦਿਨ ਹਵਨ ਕਰਤੇ ਕਈ ਮਹੀਨੇ ਪ੍ਰਤਿ ਦਿਨ ਸਵਾ ਪਹਰ ਕਰਤੇ ਸੰਬਤ ੧੭੫੬ ਚੇਤ ਸੁਦੀ ਨਵਮੀ ਰਵਿਵਾਰ ਡੇਢ ਪਹਰ ਦਿਨ ਰਹੇ ਗਯਾਰਵੇ ਮਹੀਨੇ ਗੁਰੂ ਜੀ ਕੋ ਮਹਾਕਾਲੀ ਭਗਵਤੀ ਕਾ ਦਰਸਨ ਹੂਆ ॥ ਤੇਜਸ੍ਵੀ ਪੰਥ ਕਾ ਬਰ ਦੀਆ ॥ ਛੋਟਾ ਸਸਤ੍ਰ ਅਪਣੇ ਕਰ ਸੇ ਦੀਆ ॥ ਇਸ ਲੀਏ ਨਾਮ ਕਰਦ ਕਹੀ

ਜਾਤੀ ਹੈ ॥ ਵਾਸਤਵ ਸੇ ਅਰਦ ਕਰਦ ਸਬਦ ਹਿੰਸਾ ਅਰਥ ਮੇਂ ਹੈ ॥ ਯਾਂਤੇ ਜਿਸ ਸੇ ਸਤ੍ਰ ਦੂਰ ਕੀਜੇ ਜਾਂਵ ਉਸ ਕਾ ਨਾਂਮ ਕਰਦ ਹੈ ॥ ਉਸੀ ਸਮੇ ਹਨੂਮਾਨ ਲੰਕੁੜੀਏ ਨੇ ਬਚਨ ਕਹਾ ॥

ਮਮ ਬਾਨਾ ਕਛਨੀ ਇਹ ਲੀਜੇ ॥
ਅਪਨੇ ਸਰਬ ਪੰਥ ਮਹ ਦੀਜੇ ॥
ਜੰਗ ਸਮੇ ਕੋ ਹੈ ਇਹ ਬਾਨਾ ॥
ਯਾਤੇ ਹੁਇ ਹੈ ਤੇਜ ਮਹਾਨਾ ॥

ਸੂਰਜ ਪ੍ਰਕਾਸ ਕੀ ਤੀਸਰੀ ਰੁਤਿ ਕੇ ਗਯਾਰਵੇਂ ਅੰਗ ਕੀ ਛਬੀਸਵੀ ਚੌਪਈ ਹੈ ੪

੪੩ ਆਨੰਦਪੁਰ ੧-ਕੇਸਗੜ ੨-ਸਿੱਖ ੩-ਗੁਰੂ ਜੀ ਨੈਣਾ ਦੇਵੀ ਕੇ ਪਰਬਤ ਸੇ ਉਤਰ ਕਰ ਆਏ ॥ ਤਬ ਸਭ ਸੇ ਪਹਿਲੇ ਦਰਸਨ ਹੇਤ ਆਏ ਪਹਾੜੀ ਰਾਜਿਓਂ ਕੋ ਸਿੰਘ ਵੇਸ ਹੇਤ ਕਹਿਆ ॥ ਉਨਹੁ ਨੇ ਯਹ ਵੇਸ ਕਰਨਾ ਨਾ ਮਾਨਾ ॥ ਤਬ ਗੁਰੂ ਮਹਾਰਾਜ ਨੇ ਸੰਬਤ ੧੭੫੬ ਮੇਂ ਬੈਸਾਖੀ ਕੇ ਦਿਨ ਭਲੀ ਰੀਤਿ ਸੇ ਅਨੇਕੋ ਮੇਂ ਸੇ ਪਰਖ ਕਰ ਪਾਂਚ ਪਿਯਾਰਿਯੋ ਕੋ ਈਹਾਂ ਅਮ੍ਰਿਤ ਛਕਾਯਾ ਅਪਨੇ ਸਮ ਬਨਾਯਾ ॥ ਯਥਾ ਤੀਸਰੀ ਰੁਤ ਕੀ ਉਨਸਵੀ ਅੰਸ ਮੇਂ ਲਿਖਾ ਹੈ।

ਇਹ ਬਿਧਿ ਪਾਂਚੋ ਸਿੱਖ ਕੋ ਖੰਡੇ ਪਾਹੁਲ ਦੀਨ ॥
ਵਹਰ ਵੇਖ ਉਰ ਗਯਾਨ ਦੇ ਅਪਨੇ ਸਮ ਸੋ ਕੀਨ ॥

ਪਾਂਚ ਕੋ ਅਮ੍ਰਿਤ ਛਕਾਯ ਪੀਛੇ ਸੇ ਉਨ ਕੋ ਨਿਜ ਮਾਰਗ ਕੀ ਮਰਯਾਦਾ ਕਾ ਉਪਦੇਸ ਕੀਆ ॥ ਉਸ ਸਮੇ ਕੇ ਉਪਦੇਸ ਕੇ ਜੋ ਅਪਨੀ ਅਪਨੀ ਬੁੱਧੀ ਅਨੁਸਾਰ ਅਨੇਕ ਗੁਰੂ ਸਿੱਖੋ ਨੇ ਅਪਨੇ ਨਾਮ ਸੇ ਯਾ ਗੁਰੂ ਜੀ ਕੇ ਨਾਂਮ ਸੇ ਰਹਤਨਾਮੇ ਆਦਿ ਨਾਮ ਰਖ ਕਰ ਨਾਨਾ ਪ੍ਰਕਾਰ ਕੀ ਕਥਾ ਮਿਸ੍ਰਿਤ ਵਾ ਕੇਵਲ ਬਡੇ ਛੋਟੇ ਧਰਮ ਪੁਸਤਕ ਲਿਖੇ ਹੈਂ ਸੋ ਲਿਖਤੇ ਹੈਂ ॥

| | |
|---|---|
| ੩ ਤੀਨ | ਨੰਦ ਲਾਲ ਜੀ ਕੇ |
| ੪ ਚੌਥਾ | ਪ੍ਰਹਿਲਾਦ ਸਿੰਘ ਕਾ |
| ੫ ਪਾਂਚਵਾਂ | ਦੇਸਾ ਸਿੰਘ ਕਾ |
| ੬ ਛਠਾ | ਹਾਜਰ ਨਾਮਾ ਹਰਨਾਮ ਸਿੰਘ ਕਾ |
| ੭ ਸਾਤਵਾਂ | ਗੁਰ ਸੋਭਾ ਨਾਂਮ ਗ੍ਰੰਥ ਮੇਂ ਗੁਰੂ ਜੀ ਕੇ ਕਵਿ ਸੇਨਾਪਤਿ ਕਾ |
| ੮ ਆਠਵਾਂ | ਗੁਰੂ ਸੂਰਜ ਪ੍ਰਤਾਪ ਮੇਂ ਮੁਕਤਿ ਨਾਮਾ ਭਾਈ ਸੰਤੋਖ ਸਿੰਘ ਜੀ ਕਾ |
| ੯ ਨਵਮਾ | ਗੁਰ ਬਿਲਾਸ ਮੇਂ ਭਾਈ ਸੁੱਖਾ ਸਿੰਘ ਕਾ |
| ੧੦ ਦਸਵਾਂ | ਗੁਰੂ ਜੀ ਕੇ ਨਾਂਮ ਕਾ ਪ੍ਰੇਮ ਸੁਮਾਰਗ ਗ੍ਰੰਥ |
| ੧੧ ਗਯਾਰਵਾਂ | ਗੁਰੂ ਜੀ ਕੇ ਨਾਮ ਕਾ ਸ੍ਰਬ ਲੋਹ ਪ੍ਰਕਾਸ ਗ੍ਰੰਥ ਮੇਂ |
| ੧੨ ਬਾਰਵਾਂ | ਕੇਸਰਾ ਸਿੰਘ ਹਜੂਰੀ ਕੀ ਸਾਖੀ ਮੇਂ |
| ੧੩ ਤੇਰਵਾਂ | ਭਾਈ ਗੁਰਦਾਸ ਕੀ ਵਾਰ ਕੀ ਟੀਕਾ ਮੋ ਵਾਜਬੁਲ ਅਰਜ ਮਨੀ ਸਿੰਘ ਜੀ ਕਾ |
| ੧੪ ਚੌਧਵਾਂ | ਗੁਰੂ ਦਸਮ ਜੀ ਕੇ ਖਿਲਾਵੇ ਚੰਪਾ ਸਿੰਘ ਜੀ ਕਾ ਇਸ ਨੇ ਬੀਚ ਮੇਂ ਗ੍ਰੰਥ ਸਾਹਬ ਜੀ ਕੀ ਤੁਕਾ ਭੀ ਲਿਖੀ ਹੈ |
| ੧੫ ਪਦ੍ਰਵਾਂ | ਬਾਵਾ ਸ੍ਵਰੂਪ ਚੰਦ ਭੱਲੇ ਜੀ ਕਾ |
| ੧੬ ਸੋਲਵਾਂ | ਅੰਮ੍ਰਿਤ ਬਿਧੀ ਮੇਂ ਕਾਹੂ ਔਰ ਕਾ |
| ੧੭ ਸਤਾਰਵਾਂ | ਗੋਬਿੰਦ ਗੀਤਾ ਮੋ ਗੁਰੂ ਜੀ ਕੇ ਨਾਮ ਕਾ |
| ੧੮ ਅਠਾਰਵਾਂ | ਗੋਰਖ ਦੱਤਾ ਤ੍ਰੇਯ ਕਾ ਸੰਬਾਦ ਰੂਪ ਕਾਹੂੰ ਕਾ |
| ੧੯ ਉੱਨੀਸਵਾਂ | ਮੁਕਤੇ ਸਿੱਖਾਂ ਪ੍ਰਤੀ ਗੁਰੂ ਜੀ ਕੇ ਨਾਮ ਕਾ |

੨੦ ਬੀਸਵਾਂ ਸੌ ਸਾਖੀ ਮੇ ਗੁਰਬਖਸ ਸਿੰਘ ਜੀ ਕਾ
੨੧ ਇਕੀਸਵਾਂ ਮੁਕਿਤ ਮਾਰਗ ਗੁਰੂ ਜੀ ਕੇ ਨਾਮ ਕਾ ।

ਇਨ ਪੀਛੇ ਕਹੇ ਧਰਮ ਪੁਸਤਕੋਂ ਮੇਂ ਲਿਖਨੇ ਵਾਲੇ ਪੁਰਖੋ ਨੇ ਨਿਖਲ ਬਰਣੋਂ ਆਸ੍ਰਮੋ ਕੇ ਧਰਮ ਤੌ ਨਹੀ ਲਿਖੇ ॥ ਪਰੰਤੂ ਗੁਰੂ ਨਾਨਕ ਸਾਹਬ ਜੀ ਕੇ ਮਤੋ ਮੇਂ ਭੀ ਉਦਾਸੀ ਸੁਥਰੇ ਦਿਵਾਨੇ ਅੱਡਨ ਸਾਹੀਏ ਲੋਗੋ ਕਾ ਨਾਂਮ ਲੇ ਕਰ ਕੋਈ ਧਰਮ ਨਹੀ ਲਿਖੇ ॥ ਕੇਵਲ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕੇ ਪੰਥ ਕਾ ਨਾਮ ਲੇਕਰ ਲਿਖੇ ਹੈ ॥ ਸੋ ਭੀ ਮਨੁ ਯਾਗਯਬਲ ਕਾਦਿ ਰਿਖੀਯੋ ਕੀ ਸਿੰਮ੍ਰਤੀਆਂ ਵਤ ਜਨਮ ਸੇ ਲੇ ਮਰਨ ਪ੍ਰਯਤ ਪੂਰਾ ਕਾਰ ਦੇਨੇ ਵਾਲੇ ਨਹੀ ਲਿਖੇ ॥ ਇਸੀ ਲੀਏ ਜੇਕਰ ਕਾਹੂੰ ਸਿੱਖ ਕਾ ਘਰ ਧਨ ਜਿਮੀਨ ਕੂਯੇ ਬਾਗ ਆਦਿ ਕੇ ਹਿੱਸੇ ਬਾਂਟ ਕਾ ਝਗੜਾ ਪੜ ਜਾਵੇ ॥ ਤਬ ਗੁਰੁਮਤ ਕੀ ਧਰਮ ਪੁਸਤਕੋਂ ਮੇਂ ਨਯਾਯ ਕਰਨੇ ਕਾ ਨਾਂਮ ਨਹੀ ਕੈਸੇ ਕਰੇਂ ਕੈਸੇ ਗਵਾਹੀ ਲੇਵੇ ਕੈਸੇ ਮਿਸਲ ਬਨਾਵੇਂ ॥ ਤਥਾ ਕਿਸੀ ਸਿੱਖ ਸੇ ਗਊ ਮਰ ਜਾਵੇ ਯਾ ਖਾਨੇ ਕੀ ਚੀਜ ਮੇਂ ਕੋਈ ਨਿਖਿਧ ਵਸਤੂ ਨਿਕਸ ਆਵੇ ॥ ਤਬ ਗੁਰੁਮਤ ਕੀ ਪੀਛੇ ਲਿਖੀ ਸਾਰੀ ਧਰਮ ਪੁਸਤਕੋਂ ਮੇਂ ਉਸ ਸੇ ਸੁੱਧ ਹੋਨੇ ਕਾ ਉਪਾਯ ਨਹੀ ਲਿਖਾ ਮਿਲਤਾ ਜੋ ਕੈਸੇ ਸੁੱਧ ਹੋਵੇ ॥ ਅੰਤ ਕੋ ਉਨਹੀ ਮਨੁਯਾਗਯਬਲਕਾਦਿਕੋ ਕੇ ਲਿਖੇ ਧਰਮ ਸਾਸਤ੍ਰ ਅਨੁਸਾਰ ਗਊ ਕੇ ਗੋਬਰ ਮੂਤ ਪੀ ਸੁੱਧ ਹੋਨਾ ਪੜਤਾ ਹੈ ॥ ਉਨਹੀ ਕੇ ਅਨੁਸਾਰ ਸਭ ਕੇ ਪਿਤਰ ਗਯਾਦਿ ਤੀਰਥੋਂ ਮੇਂ ਪਿੰਡ ਲੇ ਪਰਲੋਕ ਪਹੁਚਤੇ ਹੈ ॥ ਸੰਸਾਰ ਸੇ ਪਾਰ ਕਰਤਾ ਗਯਾਨ ਭਕਤੀ ਕਾ ਸੇਤੁ ਗ੍ਰੰਥ ਸਾਹਬ ਬਨਾਨੇ ਵਾਲੇ ਗੁਰੂ ਸਾਹਬ ਜੀ ਕੇ ਕਾਹੂੰ ਤੀਰਥ ਮੋ ਕੜਾਹ ਪ੍ਰਸਾਦ ਕੇ ਪਿੰਡ ਲੇ ਪਿਤਰ ਤਰਤੇ ਨਹੀ ਲਿਖੇ ਸੋ ਪਿਛਲੇ ਧਰਮ ਪੁਸਤਕੋ ਕੀ ਨਯੂਨਤਾ ਹੈ ॥ ਯਾਤੇ ਮਤ ਕੇ ਸਭ ਬੁੱਧੀਮਾਨੋ ਕੋ ਸਾਵਧਾਨ ਹੋ ਕਰ ਸੰਕੇਤ ਕਰਨਾ ਚਾਹੀਏ ॥ ਕੁਛ ਇਨ ਪੀਛੇ ਲਿਖੀ ਪੁਸਤਕੋਂ ਸੇ ਛਾਂਟ ਕੇ ਕੁਛ ਪੁਰਾਨੇ ਗ੍ਰੰਥ ਦੇਖ ਸੋਚ ਸਾਚ ਨਈ ਪਾਇਕੇ ਨਿਜ ਮਤ ਮ੍ਰਯਾਦਾ ਕੀ ਐਸੀ ਪੋਥੀ ਬਨਾਵੇ ॥ ਜਿਸ ਮੇਂ ਜਨਮ ਸੇ ਲੇ ਮਰਨ ਪ੍ਰਯੰਤ ਕੇ ਸਭ ਕਾਂਮ ਪੂਰੇ ਹੋ ਜਾਵੇਂ ॥ ਔਰ ਗ੍ਰੰਥੋਂ ਕੇ ਅਨੁਸਾਰ ਕੁਛ ਨਾ ਕਰਨਾ ਪੜੇ ॥ ਅਥਵਾ ਐਸੇ ਕਰਨਾ ਚਾਹੀਏ ਜੋ ਜੋ ਵੇਸ ਪੂਰਬ ਮਤ ਸੇ ਅਧਿਕ ਗੁਰੂ ਜੀ ਨੇ ਚਲਾਏ ਉਨ ਕੀ ਸੁਧੀ ਅਸੁਧੀ ਰੱਛਾ ਕੀ ਰੀਤਿ ਗੁਰੂ ਜੀ ਕੀ ਪਰੀਖਯਤ ਆਗਯਾ ਅਨੁਸਾਰ ਕਰੀ ਜਾਵੇ ॥ ਜੈਸੇ ਮਾਂ ਬ ਪ ਕੇ ਮਰਨ ਸਮੇ ਤਥਾ ਤੀਰਥੋਂ ਮੇਂ ਪਹੁੰਚ ਕਰ ਭੀ ਕੇਸੋਂ ਕਾ ਨਾ ਛੇਦਨ ਕਰਨਾ ਅਰ ਕੋਈ ਛੇਦਨ ਕਰਾਵੇ ਤਬ ਮਤ ਸੇ ਨਿਕਾਸ ਦੇਨ ॥ ਔਰ ਸਭ ਪਿਛਲੇ ਧਰਮ ਸਾਸਤ੍ਰ ਕੇ ਅਨੁਸਾਰ ਕਰੀ ਜਾਵੇ ॥ ਜੋ ਸਦਾ ਨਿਹੰਗੋ ਸਿੰਘੋ ਕੇ ਭੀ ਬਿਵਾਹ ਸਗਾਈ ਬ੍ਰਾਹਮਣੋ ਕੀ ਹੱਥੀ ਹੋਤੇ ਹੈ ॥ ਭਾਵ ਪੂਰਬ ਲਿਖੇ ਪਾਠ ਕਾ ਐਸੇ ਹੈ ॥ ਅਥਵਾ ਤੋ ਜੈਸੇ ਅੰਗਰੇਜੋਂ ਕੇ ਹਿੰਦੂ ਮੁਸਲਮਾਨੋ ਕੀ ਹਦੀਸ ਸਿਮ੍ਰਿਤੀਯੋਂ ਵਤ ਨਿਜ ਮਤ ਕਾ ਪ੍ਰਬਲ ਧਰਮ ਸਾਸਤ੍ਰ ਨਾ ਹੋਨੇ ਸੇ ਸਮੇ ਅਨਸਾਰ ਜੈਸਾ ਪ੍ਰਜਾ ਮੋ ਕਾਮ ਦੇਵੇ ਵੈਸਾ ਨਯਾ ਨਯਾ ਕਾਨੂਨ ਬਨਾਯ ਕਾਰ ਲੇਵੇ ਹੈਂ ॥ ਤੈਸੇ ਗੁਰਮਤ ਕੇ ਨਿਖਲ ਫਿਰਕਯੋ ਕੇ ਅੱਛੇ ਪੜੇ ਸੁਨੇ ਅਵਸਥਾ ਬ੍ਰਿਧ ਜਿਨ ਮੇਂ ਕੋਈ ਮੱਤ ਪ੍ਰਮੱਤ ਉਨਮੱਤ ਕ੍ਰੋਧੀ ਲੋਭੀ ਆਦਿ ਨਾ ਹੋਵੇ ਐਸੇ ਕਈ ਪੁਰਖ ਬੈਠ ਪਰਸਪਰ ਹਠ ਸੇ ਬਿਵਾਦ ਕਰਨਾ ਛੋੜ ਕੇਵਲ ਬਵਹਾਰ ਸਿੱਧੀ ਹੇਤ ਐਸਾ ਬਯਵਹਾਰ ਬਯਵਸਥਾ ਪੁਸਤਕ ਭਾਵ ਨਯਾ ਕਾਨੂਨ ਬਨਾਵੇਂ ॥ ਸਭੀ ਜਿਸਕੇ ਅਨੁਸਾਰ ਚਲੇਂ ॥ ਬਿਰੁੱਧ ਚਲਤੇ ਕੋ ਦੰਡ ਦੇ ਉਸੀ ਕੇ ਅਨੁਸਾਰ ਸਾਥ ਮਿਲਾਵੇਂ ॥ ਅਥਵਾ ਐਸਾ ਕਰੇਂ ਜੈਸੇ ਸਭ ਹਿੰਦੂ ਮੁਸਲਮਾਨ ਨਿਜ ਨਿਜ ਮਤ ਕੇ ਬਡੇ ਪੁਰਖੋਂ ਕੀ ਲਿਖੀ ਹਦੀਸ ਸਿਮ੍ਰਿਤੀਯੋਂ ਕੇ ਅਨੁਸਾਰ ਚਲਤੇ ਹੈਂ ॥ ਬਯਵਹਾਰ ਹੇਤ ਨਯਾ ਕਾਨੂਨ ਨਹੀ ਚਾਹਤੇ ॥ ਅਰ ਆਨ ਮਤ ਕੇ ਈਸਾਈ ਪਾਤਸਾਹ ਭੀ ਮਾਲ ਦਿਵਾਨੀ ਕੇ ਮੁਕਦਮੇ ਅਰਥਾਤ ਘਰ ਧਨ ਜਿਮੀਨ ਕੂਏ ਬਾਗ ਬਾਵਲੀ ਆਦਿਕੋ ਕੀ ਹਿੱਸੇ ਬਾਂਟ ਕੇ ਝਗੜੇ ਹਿੰਦੂ ਮੁਸਲਮਾਨੋ ਕੇ ਉਨਹੀ ਕੇ ਅਨੁਸਾਰ ਕਰਤੇ ਹੈਂ ॥ ਫੌਜਦਾਰੀ ਕੇ ਮੁਕਦਮੇ ਅਰਥਾਤ ਯਾਰੀ ਚੋਰੀ ਠੱਗੀ ਆਦਿ ਕੇ ਨਯਾਯ ਅਪਨੇ ਕਾਨੂਨ ਅਨੁਸਾਰ ਕਰਤੇ ਹੈ ॥ ਚੋਰ ਕੇ ਹਾਥ ਪੈ ਤੱਤਾ ਕੁਹਾੜਾ ਧਰਨਾ ਯਾਰ ਕੀ ਗਰਦਨ ਕਾਟ ਦੇਨੀ ਠਗ ਕੇ ਗਿੱਟੇ ਨਿਕਾਸਾਯ ਦੇਨੇ ॥ ਐਸੇ ਸਿੰਮ੍ਰਤੀ ਹਦੀਸੋਂ ਕਾ ਲਿਖਾ ਅੰਗੀਕਾਰ ਨਹੀ ਕਰਤੇ ॥ ਨਾ ਅਪਨੇ

ਅਧੀਨ ਵਰਤੀ ਹਿੰਦੂ ਮੁਸਲਮਾਨੋ ਕੋ ਕਰਨੇ ਦੇਤੇ ਹੈਂ ॥ ਅਪਨੇ ਅਖਤਿਆਰੋਂ ਕੇ ਠਿਕਾਨੇ ਹਿੰਦੂ ਮੁਸਲਮਾਨ ਫੌਜਦਾਰੀ ਦਿਵਾਨੀ ਦੋਨੋ ਬਯਵਹਾਰ ਪੁਰਾਨੇ ਧਰਮ ਸਾਸਤ੍ਰੋਂ ਕੇ ਅਨੁਸਾਰ ਹੀ ਕਰਤੇ ਹੈਂ ॥ ਉਨ ਸੇ ਬਿਨਾ ਨਈ ਬਾਤ ਕੁਛ ਨਹੀਂ ਕਰਤੇ ॥ ਤੈਸੇ ਗੁਰਮਤ ਕੇ ਨਿਖਲ ਲੋਕ ਭੀ ਉਨ ਪੁਰਾਨੇ ਧਰਮ ਸਾਸਤੋਂ ਕੇ ਅਨੁਸਾਰ ਹੀ ਚਲੇ ॥ ਨਈ ਰਚਨਾ ਬਨਾਨੇ ਕਾ ਸੰਕਲਪ ਨਾ ਰੱਖੇਂ ॥ ਏਤਾ ਬਿਸੇਖ ਹੈ ॥ ਹਿੰਦੂਓਂ ਮੇਂ ਪਹਲੇ ਸੈਵ ਸਾਕਤਿਕ ਸੌਰਗਾਣਪਤ ਬੈਸ਼ਨਵ ਬਡੇ ਮਤ ਪਾਂਚ ਹੈ ॥ ਆਗੇ ਇਨ ਕੀ ਸਾਖਾ ਰੂਪ ਅਨੇਕ ਹੈਂ ॥ ਸੋ ਸਭੀ ਪੁਰਾਨੇ ਧਰਮ ਸਾਸਤ੍ਰੋਂ ਮੇਂ ਲਿਖੇ ਹੀ ਬਯਵਹਾਰ ਨਹੀ ਵਰਤੇਂ ॥ ਅਪਨੀ ਅਪਨੀ ਸੰਪ੍ਰਦਾਯ ਕੇ ਆਚਾਰਯੋ ਕੇ ਚਲਾਯੇ ਤਿਲਕ ਮਾਲਾ ਦਿਕ ਭੀ ਪ੍ਰੇਮ ਸੇ ਰੱਖੇ ਹੈ । ਦਾਨ ਸਨਾਨਦਿ ਸਾਂਝਾ ਧਰਮ ਸਭੀ ਬਰਾਬਰ ਕਰਤੇ ਹੈਂ ॥ ਤੈਸੇ ਜੋ ਜੋ ਬਾਤਾਂ ਪੂਰਬਲੇ ਮਤੋਂ ਸੇ ਗੁਰੋਂ ਨੇ ਨਈ ਚਲਾਈ ਹੈਂ ॥ ਉਨ ਕੋ ਨਿਜ ਮਤ ਕੀ ਰੀਤਿ ਸੇ ਕਰੇ ॥ ਔਰ ਸਭ ਜੈਸੇ ਅਬ ਹੋ ਰਹੀ ਹੈ ਪ੍ਰੇਮ ਸੇ ਪੁਰਾਨੇ ਧਰਮ ਸਾਸਤ੍ਰੋਂ ਕੇ ਅਨੁਸਾਰ ਕਰੇਂ ॥ ਨਏ ਪ੍ਰਕਾਰ ਭੀ ਨੌ ਗੁਰੋਂ ਕੇ ਤੋ ਪੁਰਾਨੇ ਧਰਮ ਸਾਸਤ੍ਰ ਸੇ ਵਿਲੱਖਣ ਕੁਛ ਹੀ ਹੋਂਗੇ ॥ ਕੇਵਲ ਦਸਮ ਗੁਰੂ ਜੀ ਕੇ ਹੀ ਵਿਲੱਖਣ ਬਹੁਤ ਹੈਂ ॥ ਇਸ ਲੀਏ ਜੇਤੇ ਕਾਂਮ ਦਸੋਂ ਗੁਰੋਂ ਕੇ ਬਿਲਖਣ ਹੈ ॥ ਜੈਸੇ ਨਿਜ ਮਤ ਕੇ ਮੰਤ੍ਰ ਕਾ ਉਪਦੇਸ਼ ਦੇਨਾ ॥ ਮਰੇ ਪੁਰਖ ਕੇ ਨਾਮ ਗ੍ਰੰਥ ਜੀ ਕਾ ਪਾਠ ਕਰਨਾਦਿ ਸੋ ਸਭ ਗੁਰੂ ਕੇ ਨਿਖਲ ਪੰਥੋਂ ਮੇਂ ਸਮਾਨ ਲਿਖੇ ਜਾਵੇ ॥ ਜੇਤੇ ਬਿਲਖਣ ਹੈ ਸੋ ਬਿਲਖਣ ਲਿਖੇ ਜਾਵੇਂ ॥ ਬਹੁਤ ਬਿਲਖਣ ਕਛ ਕੇਸ ਵਾਲਯੋ ਕੇ ਹੀ ਹੈਂ ॥ ਸੋ ਪੀਛੇ ਲਿਖੀ ਗੁਰੂ ਮਤ ਕੀ ਧਰਮ ਪੁਸਤਕੋਂ ਸੇ ਛਾਂਟ ਕੇ ਏਕ ਥਾਨ ਕੀਯੇ ਜਾਵੇ ॥ ਉਨ ਮੇਂ ਸੇ ਕਮ ਕਰਨੇ ਜੋਗ ਪਾਠ ਕਮ ਕੀਯੇ ਜਾਵੇਂ ਪਾਵਨੇ ਯੋਗ ਨਏ ਪਾਏ ਜਾਵੇ ॥ ਤਬ ਮਤ ਕਾ ਕਾਰ ਨਿਰਵਿਘਨ ਚਲੇ ॥ ਅਰ ਮਤ ਕੇ ਲੋਗੋਂ ਕੋ ਮਲੰਗੋਂ ਕੇ ਕੂਕਰ ਵਤ ਔਰ ਮਤੋਂ ਕੇ ਲੋਗੋਂ ਕੇ ਪੀਛੇ ਭੀ ਨਾ ਲਗਨਾ ਪੜੇ ॥ ਜੈਸੇ ਇਨ ਦਿਨੋ ਮੇਂ ਬਹੁਤ ਸਿੱਖ ਦਯਾ ਨੰਦੀ ਬਨ ਗਏ ਹੈ ॥ ਜੋ ਔਰੋਂ ਕੇ ਪੀਛੇ ਲਗੇ ਸੋ ਮਤ ਸੇ ਖਾਰਜ ਕੀਏ ਜਾਵੇ ॥ ਬੀਚ ਰਹਯਾ ਚਾਹੇ ਤਬ ਜੈਸਾ ਲਿਖਾ ਹੈ ॥ ਵੈਸਾ ਦੰਡ ਦੇ ਮਿਲਾਏ ਜਾਵੇ ॥ ਅਰ ਜਿਸ ਬਾਤ ਕਾ ਇਧਰ ਘਾਟਾ ਔਰ ਪਾਸੇ ਵਾਧਾ ਸਮਝ ਜਾਤੇ ਹੋਵੇਂ ਯਾ ਜਾਨੇ ਕਾ ਸੰਕਲਪ ਰੱਖੇ ਸੋ ਪ੍ਰੇਮ ਸੇ ਪੂਛ ਉਪਦੇਸ ਦੇ ਉਨ ਕਾ ਘਾਟਾ ਭੀ ਪੂਰਾ ਕੀਆ ਜਾਵੇ ॥ ਬ੍ਰਾਹਮਣ ਖੱਤ੍ਰੀ ਗਾਯਤ੍ਰੀ ਸੰਧਯਾ ਕੀ ਬਜੁਰਗੀ ਸੁਨ ਉਧਰ ਕਾ ਰੁਕ ਰੱਖਤੇ ਹੋਵੇਂ ॥ ਤਬ ਗਾਯਤ੍ਰੀ ਸੰਧਯਾ ਭੀ ਪ੍ਰੇਮ ਸੇ ਮਤ ਮੋ ਪੜਾਈ ਜਾਵੇ । ਪੁਰਾਤਨ ਵਿਦਯਾ ਭੁਲਾ ਦੇਨੀ ਭੀ ਭਲੀ ਬਾਤ ਨਹੀ । ਅਰ ਗ੍ਰੰਥ ਸਾਹਬ ਜੀ ਮੋ ਵੇਦ ਪਾਠ ਮਤ ਪਾਪਾ ਖਾਇ ਲਿਖਾ ਹੈ ਸੋ ਭੀ ਸਫਲਾ ਕਰਨਾ ਚਾਹੀਯੇ ॥ ਵੇਦ ਕੋ ਤਰਕ ਭੀ ਨਾ ਕਰਨੀ ਚਾਹੀਏ ॥ ਤਰਕ ਕੀਏ ਵੇਦ ਸਾਸਤ੍ਰ ਕੋ ਤਰਕ ਨ ਲਾਗਾ ਤਤਵ ਮੂਲ ਨਾ ਪਛਾਨਿਆ ਬਚਨ ਕਾ ਨਿਸਾਨਾ ਹੋਨਾ ਪੜੇਗਾ ॥ ਯਾਂਤੇ ਜੈਸੇ ਚਾਰੋ ਬਰਣ ਕੇ ਲੋਗ ਇਸ ਮਤ ਮੋ ਪ੍ਰੇਮ ਸੇ ਮਿਲੇ ਰਹੇਂ ॥ ਵੈਸੇ ਕਰਨਾ ਚਾਹੀਏ ਚਾਰੋ ਚੱਕ ਜਿਗੀਰ ਵਾਲੇ ਲੋਗਨ ਕੀ ਬਾਤਾਂ ਸੁਣ ਨਿਜ ਮਤ ਮੇਂ ਉੱਤਮ ਜਾਤੀ ਲੋਗਨ ਕੀ ਗਲਾਨੀ ਨਾ ਕਰਾ ਲੇਨੀ ਚਾਹੀਏ ॥ ਮਤ ਕੀ ਬ੍ਰਿਧੀ ਮੇਂ ਭੀ ਪ੍ਰਯਤਨ ਬਹੁਤ ਕਰ ਸੰਤਾਨ ਸਮ੍ਰਿਧੀ ਵਾਲੇ ਬਡੇ ਲੋਗਨ ਕੋ ਹੀ ਕਰਾ ਚਾਹੀਏ ॥ ਗਰੀਬੋਂ ਕੇ ਯਤਨ ਸੇ ਸੀਘ੍ਰ ਕੁਛ ਨਹੀਂ ਬਨ ਪੜਤਾ । ਅਰ ਜੋ ਸਮ੍ਰਿਧੀ ਵਾਲੇ ਪ੍ਰਮਾਦੀ ਬਨੇ ਨਾ ਕਰੇ ॥ ਤਬ ਨਿਜ ਮਤ ਕੀ ਸੋਚ ਸਮਝ ਬਿਨਾ ਨਸੀਬ ਕੇ ਭੋਜਨ ਬਸਤ੍ਰ ਤੋ ਰਾਜਾ ਲੋਗਨ ਕੇ ਚੌਪਾਏ ਹਾਥੀ ਘੋੜੇ ਬੈਲ ਭੀ ਖਾਤੇ ਪਹਰਤੇ ਹੈ ॥ ਮਨ ਬਾਂਛਿਤ ਸਭ ਕੇ ਸਾਮਨੇ ਮੈਥਨ ਕਰਤੇ ਹੈ ॥ ਤੈਸੇ ਔਰ ਬਡੇ ਮਨੁਖੋ ਨੇ ਸਮਝ ਬਿਨਾ ਉਨ ਕੇ ਬਰਾਬਰ ਦੁਨੀਆਂ ਕਾ ਸੁਖ ਲੇ ਲੀਆ ਤੋ ਕਿਆ ਵਾਧਾ ਹੈ ॥ ਯਾਹੀ ਭਾਵ ਸੇ ਗੁਰੂ ਸਾਹਬ ਅਰਜਨ ਜੀ ਮਹਾਰਾਜ ਲਿਖਤੇ ਹੈਂ ॥

ਆਵਨ ਆਏ ਸ੍ਰਿਸ੍ਰਿ ਮੋ
ਬਿਨ ਬੂਝੇ ਪਸੁ ਢੋਰ ॥

ਇਸ ਲੀਏ ਮਤ ਕੇ ਸਭ ਲੋਗੋ ਕੋ ਉਚਿਤ ਹੈ ॥ ਜੋ ਬੁੱਧੀ ਕਾ ਬਲ ਰਖਤਾ ਹੋਵੇ ਸੋ ਮਤ

ਕੇ ਬਿਵਹਾਰ ਕੀ ਬਿਵਸਥਾ ਲਿਖਨੇ ਆਦਿ ਕਾਮੋ ਮੇਂ ਬਲ ਲਗਾਵੇ ॥ ਜੋ ਧਨ ਕਾ ਜੋਰ ਰਖਤਾ ਹੋਵ ਸੋ ਗੁਰੁ ਥਾਨੋ ਕੀ ਅਮਾਰਤ ਔਰ ਤਿਨ ਸਾਥ ਆਜੀਵਕਾ ਕਾ ਉਪਾਯ ਦੁਕਾਨ ਜਮੀਨਾਦਿ ਬਨਾਵਨੇ ਮੇਂ ਧਨ ਕਾ ਜੋਰ ਲਗਾਵੇ ॥ ਜੋ ਦੋਨੋ ਕਾ ਬਲ ਰਖਤਾ ਹੋਵੇ ਸੋ ਦੋਨੋ ਕਾਮੋਂ ਮੇਂ ਬਲ ਲਗਾਵੇ ॥ ਜੋ ਦੋਨੋ ਸੇ ਹੀਨ ਦੇਹ ਕਾ ਹੀ ਬਲ ਰਖਤਾ ਹੋਵੇ ਸੋ ਦੇਹ ਸੇ ਟਹਲ ਕਰੇ ॥ ਨਿਸਫਲ ਅਵਸਥਾ ਨਾ ਬਿਤਾਵੇ ॥ ਜੈਸਾ ਬਨੇ ਅਪਨਾ ਪਰਲੋਕ ਸੁਧਾਰਨੇ ਕਾ ਮ੍ਰਿਤੁ ਸੇ ਪਹਲੇ ਉਪਾਯ ਕਰ ਲੇਵੇ ॥ ਪੀਛੇ ਜਮੋ ਕੇ ਹਾਥ ਪੜ ਪਸਚਾਤਾਪ ਕਰੇ ਸਹਤ ਖੋਇ ਹਾਥ ਮਲਤੀ ਮਧੁ ਮਖਯਕਾ ਵਤ ਹਾਥ ਮਲੇ ਕੁਛ ਲਾਭ ਨਹੀ ਮਿਲੇਗਾ ॥ ਯਾਂਤੇ ਗੁਰੂ ਮਹਾਰਾਜ ਕੇ ਮੁੱਖਯ ਉਪਦੇਸ ਪੈ ਕਮਰ ਬਾਂਧੇ ॥ ਅਰ ਗੁਰੂ ਜੀ ਕੇ ਮੁਖਯ ਉਪਦੇਸ ਕਾ ਜੋਰ ਭੀ ਕਿੰਚਤ ਮਾਤ੍ਰ ਬਾਹਰ ਵੇਸ ਓਰ ਰਹੇ ਯਤਨ ਸੇ ਗਯਾਨ ਭਕਤੀ ਓਰ ਰਹੇ।' ਇਸ ਬਾਤ ਕੀ ਪਰੀਖਯਾ ਕਰਨੀ ਚਾਹੋ ॥ ਤਬ ਬਿਚਿਤ੍ਰ ਨਾਟਕ ਮੇਂ ਦੇਖੋ ॥

ਬਿਚਿਤ੍ਰ ਨਾਟਕ ਮੇਂ ਅਕਾਲ ਬਾਚ ਪਾਠ ਸੇ ਲੇ 'ਤਪ ਸਾਧਤ ਹਰਿ ਮੋਹ ਬੁਲਾਇਓ ਪ੍ਰਯੰਤ' ਪਾਠ ਕੇ ਅੰਦਰ ਗੁਰੁ ਜੀ ਨੇ ਲਿਖਾ ਹੈ ॥ ਜਬ ਅਕਾਲ ਕੇ ਰਚੇ ॥ ਦੈਂਤ ਦੇਵਤਾ ਬਸੁ ਮਨੁਖ, ਸਿਧ ਸਾਧਕ ਰਿਖਿ ਰਾਜ ਬ੍ਰਹਮਾ ਦੱਤ ਗੋਰਖ ਰਾਮਾ ਨੰਦ ਮੁਹੰਮਦ ਨੇ ਸਰਬ ਧਰਮੋ ਸੇ ਸ੍ਰੇਸਟ ਧਰਮ ਨਾਮ ਜਾਪ ਕੇ ਉਪਦੇਸ ਕਾ ਪਚਾਰ ਨਾ ਕੀਆ ॥ ਜਗਤ ਮੇਂ ਪਹੁਚ ਅਪਨੇ ਅਪਨੇ ਚਿੰਨ ਹੀ ਦੀਏ ॥ ਤਬ ਪ੍ਰਮੇਸੁਰ ਨੇ ਨਾਮ ਧਰਮ ਕੇ ਉਪਦੇਸ ਹੇਤ ਮੁਝ ਤਪ ਕਰਤੇ ਕੋ ਬੁਲਾਇ ਕਰ ਭੇਜਾ ॥ ਇਸੀ ਲੀਏ ਗੁਰੂ ਜੀ ਸਭ ਕੋ ਉਪਦੇਸ ਨਾਮ ਜਾਪ ਕਾ ਦੇਤੇ ਹੈਂ ॥

ਕਿਉ ਨ ਜਪੋ ਤਾਂਕੋ ਤਮ ਭਾਈ ॥
ਅੰਤ ਕਾਲ ਜੋ ਹੋਇ ਸਹਾਈ ॥

ਅਰ ਬਾਹਯ ਵੇਸੋਂ ਕੋ ਫੋਕਟ ਧਰਮ ਔ ਨਿਕੰਮੇ ਕਹਤੇ ਹੈ ॥

ਫੋਕਟ ਧਰਮ ਲਖੋ ਕਰ ਭਰਮਾ ॥
ਇਨ ਤੇ ਸਰਤ ਨ ਕੋਈ ਕਰਮਾ ॥

ਯਾਹੀ ਤੇ ਫੋਕਟ ਧਰਮੋ ਕਾ ਨਿਖੇਧ ਕਰ ਪੁਨਾ ਸਰਬ ਪ੍ਰਯੋਜਨ ਸਿਧੀ ਹੇਤ ਨਾਮ ਜਾਪ ਕਾ ਉਪਦੇਸ ਦੇਤੇ ਹੈਂ ॥

ਨ ਜਟਾ ਮੂੰਡ ਧਾਰੋ ॥ ਨ ਮੁਦ੍ਰਕ ਸਵਾਰੋ ॥
ਜਪੋ ਤਾਸ ਨਾਮੰ ॥ ਸਰੇ ਸਰਬ ਕਾਮੰ ॥

ਵਹੀ ਨਾਮ ਜਾਪ ਕਾ ਉਪਦੇਸ਼ ਅਮ੍ਰਿਤ ਸਮੇ

ੴ ਸਤਿਨਾਮ ਸੇ ਲੇ ਜਪ ਪ੍ਰਯੰਤ ਕਾ ਪਾਠ ਬਤਾਯ ਪਹਲੇ ਕੇਸ ਗੜ ਮੋ ਕਰਕੇ ॥ ਪੀਛੇ ਅਮ੍ਰਿਤ ਕੀ ਪ੍ਰਿਤਿ ਚੁਲੀ ਪਿਲਾਵਨ ਸਮੇ ਬੋਲ ਵਾਹਗੁਰੂ ਜੀ ਕਾ ਖਾਲਸਾ—ਭਾਵ ਹੇ ਵਾਹਗੁਰੂ ਕਾ ਖਾਲਸਾ ਬਨੇ ਜੀਵ ਤੂ ਮੁਖ ਸੇ ਬੋਲ ਜੋ ਹੇ ਵਾਹਗੁਰੂ ਸਦਾ ਆਪ ਕੀ ਫਤਹ ਹੋ ॥ ਐਸੇ ਸਦਾ ਪ੍ਰਮੇਸ਼ਰ ਕੀ ਜਯ ਮਨਾਵਨੇ ਕਾ ਉਪਦੇਸ ਦੀਆ ॥ ਇਸ ਉਪਦੇਸ ਮੇਂ ਯਵਨ ਆਸੰਕਾ ਭੀ ਕਰਤੇ ਹੈ ॥ ਜੋ ਵਾਹਗੁਰੂ ਪ੍ਰਮੇਸੁਰ ਕੀ ਜੀਵੋਂ ਕੋ ਜਯ ਨਾ ਮਨਾਵਨੀ ਚਾਹੀਯੇ ॥ ਕਾਹੇ ਤੇ ਵਾਹਗੁਰੂ ਐਸ ਹਾਰਯਾ ਹੂਆ ਨਹੀਂ ॥ ਜੋ ਇਨ ਕੇ ਕਹਨੇ ਸੇ ਜਯ ਪਾਵ ॥ ਇਸ ਤੇ ਉਚਿਤ ਹੈ ॥ ਉਸ ਸੇ ਅਪਨੀ ਜਯ ਕੀ ਪ੍ਰਾਰਥਨਾ ਕਰੇ ਸੋ ਅਸੰਕਾ ਅਗਯਾਨ ਸੇ ਹੈ ॥ ਕਿਉਕੇ ਰਾਜਾ ਕੋ ਰੰਕ ਸਦਾ ਤੇਰੀ ਜਯ ਹੋ ਕਹਤੇ ਹੈਂ ॥ ਅਰ ਜਯ ਹੀ ਸਭ ਬਡਿਆਈਯੋ ਮੇਂ ਬਡੀ ਬਡਿਆਈ ਹੈ ॥ ਯਾਂਤੇ ਪ੍ਰਮੇਸੁਰ ਕੀ ਬਡਿਆਈ ਕਰਨੇ ਹੇਤ ਤਾਂਕੀ ਜਯ ਮਨਾਵਨ ਕਾ ਉਪਦੇਸ ਹੈ ॥ ਅਰ ਭਾਵ ਉਸਕਾ ਯਹੀ ਹੈ ਹਮ ਆਪਕੀ ਜਯ ਮਨਾਵਤੇ ਹੈਂ ॥ ਆਪ ਹਮਾਰੀ ਜਯ ਕਰੋ ॥ ਇਸ ਗੁਰਦੁਵਾਰੇ ਮੇਂ ਗੁਰੂ ਜੀ ਨੇ ਕੇਸੋਂ ਮੇਂ ਅਮ੍ਰਿਤ ਦੇਨੇ ਕੀ ਚਾਲ ਕਰੀ ਹੈ ॥ ਇਸ ਲੀਏ ਨਾਮ

ਕਸਗੜ ਹੈ ॥ ਅਸਲ ਮੇਂ ਖਾਲਸੇ ਮਾਰਗ ਕਾ ਮੂਲ ਥਾਨ ਯਹੀ ਹੈ ॥ ਅਰ ਇਸ ਮਕਾਨ
ਪਰਖ ਗੁਰੂ ਜੀ ਨੇ ਅਪਨੇ ਬਨਾਯੇ ਉਨ ਕੋ ਅਪਨਾ ਸ੍ਵਰੂਪ ਹੀ ਬਨਾਯਾ ॥ ਇਸੀ ਲੀਏ ਸ
ਜਨਮ ਥਾਨ ਪਟਨਾ ਵਾਸੀ ਆਨੰਦਪ੍ਰ ਬਤਾਯਾ ॥ ਵਹੀ ਉਪਦੇਸ ਸਭ ਥਾਨੋ ਮੇਂ
ਸਮੇ ਜਨਮ ਪਟਨੇ ਵਾਸੀ ਆਨੰਦਪੁਰ ਬਤਾਯਾ ਜਾਤਾ ਹੈ ॥ ਈਹਾਂ ਹੀ ਸਿੱਖੋਂ ਕੇ ਲੰਗ
ਸੋਭਾ ਸੁਨ ਪਰਖਨੇ ਹੇਤ ਗੁਰੂ ਜੀ ਨੇ ਸੰਤ ਵੇਸ ਕੀਆ ॥ ਸੋ ਤੀਸਰੀ ਰੁਤਿ ਕੀ ੨੯ ਅੰ
ਚੌਪਈ ਮੋ ਲਿਖਾ ਹੈ ॥

ਜਿਸ ਤੇ ਜਾਨ ਸਕੇ ਨਹ ਕੋਏ ॥
ਇਸ ਪ੍ਰਕਾਰ ਕੇ ਸ੍ਰੀ ਪ੍ਰਭ ਹੋਏ ॥
ਸਿੱਖਨ ਕੇ ਡੇਰੇ ਜਬ ਗਏ ॥
ਦੇਹ ਅਹਾਰ ਮੋਹ ਛੁਧ ਭਏ ॥

ਆਗੇ ਚਲ ਛੱਤੀਸਵੀ ਚੌਪਈ ਮੇਂ ਵੇਸ ਬਦਲਨਾ ਲਿਖਾ ਹੈ ॥ ਸੋ ਸ੍ਵਰੂਪ
ਪਲਟਾਏ ॥ ਪਹਰੇ ਭੂਖਨ ਬਸਤ੍ਰ ਬਿਸਾਲਾ ॥ ਸਭਾ ਆਨ ਬੈਠੇ ਤਤਕਾਲਾ ॥ ਖਾਲ
ਉਤਪਤੀ ਕਾ ਥਾਨ ਹੋਨੇ ਸੇ ਖਾਲਸੇ ਕੇ ਪੂਜਨੇ ਕੋ ਕੇਸਗੜ ਸਭ ਸੇ ਮੁਖਯ ਹੈ ।
ਗੁਰਦੁਵਾਰੇ ਮੇਂ ਗੁਰੂ ਸਾਹਬ ਜੀ ਕੇ ਖਾਸ ਏਤੇ ਪਦਾਰਥ ਹੈ ॥

੧ ਨਾਗ ਕੀ ਕਤਾ ਕੀ ਨਾਗਣੀ ਬਰਛੀ ਚਾਰ ਹਾਥ ਕੀ ਲੰਬੀ ਵਜਨ
ਸੇਰ ਕੱਚੇ ਕੀ

੨ ਦੁਧਾਰਾ ਕਰਪਾ ਦੋ ਪਾਸੇ ਤੇ ਖੰਡੇ ਜੈਸਾ ਤੀਖਾ ਮੋਹਰਾ ਤੀਖ ਹੈ ਪੀਛੇ ਕ
ਦਸਤਾ ਹੈ ਦਸਤੇ ਮੋ ਜਮੀਨ ਮੇਂ ਗਾਡਨੇ ਹੇਤ ਨੇਜੇ ਸਰੀਖੀ ਤੀਖੀ ਮੋਹਰੀ ਹੈ ਏਕ ਬ
ਗੋਲੀ ਲਗੀ ਹੈ ॥ ਯੇਹੀ ਸਾਂਗ ਬਚਿੱਤ੍ਰ ਸਿੰਘ ਰਠੌੜ ਨੇ ਗੁਰੂ ਜੀ ਕੇ ਹੁਕਮ ਸੇ ਜ
ਪਹਾੜੀਯੋ ਕੇ ਮਸਤ ਹਾਥੀ ਕੇ ਸਿਰ ਮੋ ਮਾਰੀ ਥੀ ਚਾਰ ਹਾਥ ਕੀ ਲੰਬੀ ਹੈ

੩ ਦੁਧਾਰਾ ਖੰਡਾ ਤੀਨ ਹਾਥ ਕਾ ਲੰਬਾ ਹੈ ਉਪਰ ਅਰਬੀ ਹਰਫੋ ਮੇਂ ਕੁਛ
ਹੂਆ ਹੈ ਵਜਨ ਮੇਂ ਪੰਦ੍ਰਾਂ ਸੇਰ ਕੱਚੇ ਕਾ ਹੈ

੪ ਛੋਟਾ ਖੰਡਾ ਇਸ ਕਾ ਨਾਂਮ ਕੱਤੀ ਭੀ ਹੈ

੫ ਬਿਛੂਆ ਇਸ ਕੇ ਨਾਮ ਜੰਭੀਆ ਜਮਧਰ ਜਮਦਾੜ ਭੀ ਹੈ ਹਾ
ਕਾ ਲੰਬਾ ਹੈ

੭ ਦੋ ਤੋਪ ਈਹਾਂ ਸੇ ਨਿਕਸੀ ਥੀ ਅਸਟਭੁਜੀ ਸੇਰ ਬਾਹਨੀ ਦੁਰਗਾ ਕੀ
ਵਾਲੀ ਸੋ ਲਹੌਰ ਕੇ ਅਜਾਇਬ ਘਰ ਮੋ ਗਈ ਅਸਲ ਮੇਂ ਗੁਰੂ ਜੀ ਕੀ ਵਸਤੂ ਦਰਸਨ ਹੇ
ਚਾਹੀਏ ਥੀ

੮ ਕਟਾਰ ਸਾਢੇ ਸਾਤ ਸੇਰ ਵਜਨ ਕਾ ਹੈ

੪੪ ਨਿਰਮੋਹ ਗਢ ਕੀਰਤਪੁਰ ਸੇ ਡੇਢ ਕੋਸ ਪੂਰਬ ੧—ਗੁਰਦੁਵਾਰਾ
੩—ਅਮ੍ਰਿਤ ਛਕਾਯ ਲੂਟ ਮਾਰੇ ਕੀ ਰੀਤ ਸਿਖਾਵਨੇ ਹੇਤ ਗੁਰੂ ਜੀ ਨੇ ਸਿੱਖੋ ਕੋ
ਸਿਕਾਰ ਖੇਲਨੇ ਕਾ ਹੁਕਮ ਦੀਆ ॥ ਸਿਕਾਰ ਮੇਂ ਜੋ ਆਦਮੀ ਸਿੱਖੋ ਕਾ ਸਾਮਣਾ ਕ
ਕੋ ਮਾਰ ਕੂਟ ਲੂਟ ਕੇ ਚਲੇ ਆਵੇਂ ॥ ਤਬ ਪਹਾੜੀ ਰਾਜਿਓ ਨੇ ਮਿਲ ਕੇ ਸਲ
ਜੰਗ ਕਰ ਗੁਰੂ ਕੋ ਈਹਾਂ ਸੇ ਨਿਕਾਸੋ ॥ ਅਰ ਜਿਸ ਮੇਂ ਇਨ ਕੇ ਸਿੱਖ ਤਕੜੇ ਹੋ ਕ
ਕਰਤੇ ਹੈਂ ॥ ਲੋਹ ਗਢ ਕਿਲੇ ਕੇ ਕਿਵਾੜ ਹਾਥੀ ਸੇ ਤੁੜਾਇ ਸਿੱਖੋਂ ਕੋ ਸਮਾਪਤ
ਇਸ ਲੀਏ ਸਿਰ ਮੇਂ ਤਵੇ ਬਾਂਧ ਮਸਤ ਹਾਥੀ ਕਿਲ੍ਹੇ ਕੇ ਦਰਵਜੇ ਓਰ ਲਿਆਏ ॥ ਤ
ਕੀ ਆਗਯਾ ਸੇਂ ਬਚਿੱਤ੍ਰ ਸਿੰਘ ਰਠੌੜ ਨੇ ਹਾਥੀ ਕੇ ਸਿਰ ਮੇਂ ਸਾਂਗ ਮਾਰ ਹਾਥੀ ਕਾ
ਕੀ ਸੇਨਾ ਓਰ ਕਰ ਦੀਆ ॥ ਤਬ ਸਭੀ ਪਹਾੜੀ ਹਾਰ ਗਏ ॥ ਔਰ ਕੋਈ ਉਪਾਯ ਨ

ਦੇਖ ਗੁਰੂ ਜੀ ਸੇ ਆਨੰਦਪੁਰ ਛਡਾਵਣੇ ਹੇਤ ਸੁਗਮ ਉਪਾਯ ਜਾਣ ਗਊ ਕੀ ਆਣ ਕਰੀ ਜੋ ਆਪ ਕੋ ਗਊ ਕੀ ਸੁਗੰਦ ਹੈ ਜੇਕਰ ਈਹਾਂ ਰਹੋ ॥ ਗੁਰੂ ਜੀ ਨੇ ਗਊ ਕੀ ਆਣ ਸੁਨ ਸੀਘ੍ਰ ਆਨੰਦਪੁਰ ਕਾ ਮੋਹ ਛੋੜ ਈਹਾਂ ਡੇਰਾ ਕੀਆ ॥ ਇਸ ਲੀਏ ਇਸ ਥਾਨ ਕਾ ਨਾਮ ਨਿਰਮੋਹ ਗਢ ਹੈ ॥ ਈਹਾਂ ਭੀ ਗੁਰੂ ਜੀ ਨੇ ਜੰਗ ਮੇਂ ਸਭ ਪਹਾੜੀ ਹਰਾਏ ੪

੪੫ ਬਿਸਾਲੀ ਗ੍ਰਾਂਮ ਸਤਲੁਜ ਪਾਰ ਆਨੰਦਪੁਰ ਸੇ ਨੌ ਕੋਸ ਦੱਖਣ ੧—ਗੁਰਦੁਵਾਰਾ ੨—ਸਿੱਖ ੩—ਨਿਰਮੋਹ ਗਢ ਮੇਂ ਪਹੁਚ ਬਿਸਾਲੀ ਕਾ ਰਾਵ ਗੁਰੂ ਜੀ ਕੋ ਲੇ ਗਯਾ ॥ ਕਹਯਾ ਆਪ ਭੀਮ ਚੰਦ ਕਾ ਰਾਜ ਛੋਡ ਮੇਰੇ ਗ੍ਰਾਂਮ ਮੇਂ ਨਿਵਾਸ ਕਰੀਏ ॥ ਰਾਵ ਕਾ ਪ੍ਰੇਮ ਦੇਖ ਗੁਰੂ ਜੀ ਗਏ ॥ ਕਈ ਦਿਨ ਰਹ ਕਰ ਸਿਕਾਰ ਖੇਲਤੇ ਬਭੌਰ ਗਏ ੪

੪੬ ਬਭੌਰ ਗ੍ਰਾਂਮ ਆਨੰਦਪੁਰ ਸੇ ਬਾਰਾਂ ਕੋਸ ਪੱਛਮ ੧—ਗੁਰਦੁਵਾਰਾ ੨—ਸਿੱਖ ੩—ਬਭੌਰ ਕੇ ਰਾਵ ਨੇ ਬਡੀ ਖਾਤ੍ਰ ਕਰੀ ਅਰ ਕਹਯ ਮਹਾਰਾਜ ਮੇਰੇ ਗ੍ਰਾਂਮ ਮੇਂ ਹੀ ਨਿਵਾਸ ਕਰੇਂ ਸਭ ਸਮਾਜ ਈਹਾਂ ਮੰਗਵਾਈਏ ਗੁਰੂ ਜੀ ਨੇ ਬਿਸਾਲੀ ਸੇ ਸਭ ਕੋ ਈਹਾਂ ਮੰਗਵਾਯਾ ॥ ਈਹਾਂ ਹੀ ਗੁਰੂ ਜੀ ਨੇ ਕ੍ਰਿਸਨ ਅਵਤਾਰ ਕੀ ਕਥਾ ਪੂਰਨ ਕਰੀ ਜੋ ਨੇਤ੍ਰ ਤੁੰਗ ਕੇ ਚਰਨ ਤਟ ਇਤਯਾਦਿ ਲਿਖਾ ਹੈ ੪

੪੭ ਗੁਰੂ ਪਲਾਹ ਗ੍ਰਾਂਮ ਆਨੰਦਪੁਰ ਸੇ ਬਾਰਾ ਕੋਸ ਪੱਛਮ ੧—ਗੁਰਦੁਵਾਰਾ ੨—ਸਿੱਖ ੩—ਬਭੌਰ ਸੇ ਗੁਰੂ ਜੀ ਈਹਾਂ ਆਏ ੪

੪੮ ਕਲਮੋਟ ਗ੍ਰਾਂਮ ਗੁਰੂ ਪਲਾਹ ਸੇ ਤੀਨ ਕੋਸ ੧—ਗੁਰਦੁਵਾਰਾ ੨—ਸਿੱਖ ੩—ਬਭੌਰ ਮੇਂ ਗੁਰੂ ਜੀ ਪਾਸ ਫਰਿਆਦ ਹੂਈ ਕਿ ਕਲਮੋਟ ਗ੍ਰਾਂਮ ਮੇਂ ਸੰਗਤ ਲੁਟ ਗਈ ਹੈ ਖਾਲਸੇ ਕੋ ਆਗਯਾ ਦਈ ਚੜਾਈ ਕਰ ਗ੍ਰਾਂਮ ਕੋ ਲੂਟੋ ॥ ਕੁਛ ਦੇਰ ਲੜ ਗ੍ਰਾਂਮ ਵਾਸੀ ਲੋਗੋ ਨੇ ਪੱਲਾ ਫੇਰ ॥ ਆਪ ਕੇ ਹੈ ਰੱਖ ਲੇਵੋ ॥ ਲੜਾਈ ਬੰਦ ਹੂਈ ॥ ਇਨ ਦਿਨੋ ਸੇ ਕੋਈ ਸੰਗਤ ਕੀ ਓਰ ਨਾ ਦੇਖੇ ॥ ਕੋਈ ਕਿਸੇ ਰਸਤੇ ਕੁਛ ਲੀਏ ਚਲਾ ਆਵੇ ੪

੪੯ ਗੰਦੀਆਲ ਕਲਮੋਟ ਸੇ ਤੀਨ ਕੋਸ ਉੱਤਰ ੧—ਗੁਰਦੁਵਾਰਾ ੨—ਸਿੱਖ ੩—ਕਲਮੋਟ ਸੇ ਸੈਲ ਕਰਨੇ ਗਏ ਉਤਰੇ ੪

੫0 ਆਨੰਦਪੁਰ ੧—ਗੁਰੂ ਕੇ ਮਹਲ ੨—ਸੋਢੀ ੩—ਕਲਮੋਟ ਸੇ ਬਦਲ ਕਰ ਗੁਰੂ ਜੀ ਨੇ ਆਨੰਦਪੁਰ ਮੇਂ ਆਇ ਬਹੁਤ ਲੋਕ ਬਸਾਏ ॥ ਫੇਰ ਪਹਾੜੀ ਦੰਗੇ ਸੇ ਚੁਪ ਰਹੇ ॥ ਅੰਤਰ ਕਪਟ ਰਖ ਬਾਹਰ ਸੇ ਅਨਸਾਰੀ ਬਨੇ ॥ ਇਨ ਹੀ ਦਿਨੋ ਮੇਂ ਸੰਬਤ ੧੭੫੭ ਮੋ ਸਾਹਬ ਦੇਵੀ ਕੇ ਪਿਤਾ ਕੀ ਬੇਨਤੀ ਮਾਨ ਸਾਹਬ ਦੇਵੀ ਸੇ ਗੁਰੂ ਜੀ ਕਾ ਤੀਸਰਾ ਬਿਵਾਹ ਹੂਆ ॥ ਜਿਸ ਕਾ ਪੁਤ੍ਰ ਸਭ ਖਾਲਸਾ ਬਨਾਯਾ ॥ ਅਰ ਭੀਮ ਚੰਦ ਕਾ ਵਜੀਰ ਪੰਮਾ ਗੁਰੂ ਜੀ ਪਾਸ ਵਕੀਲ ਬਨ ਕੇ ਰਹਨੇ ਲਗਾ ॥ ਉਸੀ ਨੇ ਗੁਰੂ ਜੀ ਕੋ ਰਵਾਲਸਰ ਕੀ ਓਰ ਤਿਆਰ ਕੀਆ ੪

੫੧ ਰਵਾਲਸਰ ਤੀਰਥ ਮੰਡੀ ਸੇ ਪਾਂਚ ਕੋਸ ਗੁਰਦੁਵਾਰਾ ੨—ਸਿੱਖ ੩—ਜਬ ਗੁਰੂ ਜੀ ਈਹਾਂ ਕੋ ਤਿਯਾਰ ਹੂਏ ਸਭ ਪਰਵਾਰ ਸਾਥ ਗਯਾ ॥ ਮੇਲੇ ਮੋ ਆਏ ਸਭੀ ਪਹਾੜੀ ਰਾਜੇ ਮਿਲੇ ॥ ਮੇਲੇ ਪੀਛੇ ਗੁਰੂ ਜੀ ਮੰਡੀ ਗਏ ੪

੫੨ ਮੰਡੀ ਸਹਰ—ਜਿਲਾ ਕਾਂਗੜਾ ਰਜਧਾਨੀ ੧—ਗੁਰਦੁਵਾਰਾ ਬਿਆਸਾ ਕਿਨਾਰੇ ੨—ਉਦਾਸੀ ੩—ਮੰਡੀ ਕਾ ਰਾਜਾ ਅਪਨੇ ਨਗਰ ਮੇਂ ਗੁਰੂ ਜੀ ਕੋ ਲੇ ਗਯਾ ਪਹਲੇ ਬਯਾਸਾ ਤੀਰੇ ਉਤਰੇ ੪

੫੩ ੦੧—ਮਹਲ ਮੇਂ ਗੁਰੁਦੁਵਾਰਾ ੨—੦ ੩—ਗੁਰੂ ਜੀ ਕੇ ਮਹਲ ਰਾਜਾ ਨੇ ਮਹਲੋ ਮੇਂ ਉਤਾਰੇ ॥ ਊਹਾ ਹੀ ਗੁਰੂ ਜੀ ਕੋ ਲੇ ਗਯਾ ॥ ਕੁਛ ਦਿਨ ਬਾਦ ਮੰਡੀ ਕਾ ਰਾਜਾ ਗੁਰੂ ਜੀ ਕੋ

ਕਮਲਾਹ ਗੜ ਮੇਂ ਲੇ ਗਯਾ ।। ਉਸ ਕੇ ਸਮੀਪ ਗੁਰੂ ਜੀ ਕਈ ਦਿਨ ਰਹੇ ।। ਏਕ ਅਪਨੇ ਨਾਮ ਕਾ ਗੋਬਿੰਦ ਗੜ ਬਨਾਯਾ ।। ਊਹਾਂ ਸੇ ਬਦਲ ਕੇ ਫੇਰ ਆਨੰਦਪੁਰ ਆਏ ।। ਆਇ ਕਰ ਲੋਹਾ ਉੜਦ ਪੁੰਨ ਕੀਏ ਬ੍ਰਾਹਮਣ ਲੇਕਰ ਮੰਦਰ ਸੇ ਬਾਹਰ ਨਿਕਸਾ ਸੂਧੇ ਸਿੱਖਾਂ ਪੁੱਛਿਆ ਕਿਆ ਲਿਆਯਾ ਉਸ ਨੇ ਕਹਯਾ ਗੁਰੂ ਕਾ ਸਿਰ ਸੱਦਕਾ ਸੁਨ ਕਰ ਸਿੱਖਾਂ ਨੇ ਖੋਸ ਲੀਏ ।। ਗੁਰੂ ਜੀ ਨੇ ਬ੍ਰਾਹਮਣ ਕੋ ਔਰ ਦੇ ਉਨ ਕੋ ਹੁਕਮ ਦੀਆ ਉੜਦ ਕੇ ਬੜੇ ਛਕੋ ਲੋਹੇ ਕੇ ਕੜੇ ਪਹਰੋ ਉਨ ਕਾ ਪੰਥ ਵਹੀਰੀਏ ਸਿੱਖ ਹੈ ੪

੫੪ ਆਨੰਦਪੁਰ ੧—ਅਗੰਮਪੁਰ ਸਮਾਧ ਜੀਤੋ ਜੀ ਕੀ ੨—ਸਿੱਖ ੩—ਸੰਬਤ ੧੭੫੭ ਮੇਂ ਮੰਡੀ ਸੇ ਆਇ ਕੇ ਜੀਤੋ ਜੀ ਕਾ ਚਲਾਣਾ ਹੂਆ ਸਮਾਧ ਕਾ ਥਾਨ ਅਗੰਮ ਪੁਤ੍ਰਾ ਹੈ ਹਲ ਗਢ ਸੇ ਪਾਂਚ ਸੈ ਕਦਮ ਉੱਤ੍ਰ ਹੈ ੪

੫੫ ਰੋਪੜ ਸਹਰ ੧—ਗੁਰਦੁਵਾਰਾ ੨—ਸਿੱਖ ੩—ਪਾਂਵਟੇ ਜਾਤੇ ਯਾ ਕੁਰਖੇਤ੍ਰ ਜਾਤੇ ਰਹੇ ੪

੫੬ ਸੰਘੋਲ ਗ੍ਰਾਮ ਰੋਪੜ ਸੇ ਤੇਰਾ ਕੋਸ ਦੱਖਣ ਰਾਜ ਪਟਯਾਲਾ ੧—ਗੁਰਦੁਵਾਰਾ ੨—ਸਿੱਖ ੩—ਕੁਰਛੇਤ੍ਰ ਆਵਤੇ ਈਹਾਂ ਰਹੇ ੪

੫੭ ਕਰ੍ਹਾ ਸਾਹਿਬ ੧—ਗੁਰਦੁਵਾਰਾ ੨—ਸਿੱਖ ੩—ਸਥਾਨ ਗੁਰੂ ਜੀ ਕਾ ਪਿਤਾ ਦਾਦਾ ਵਾਲੇ ਸਥਾਨੋ ਕੇ ਪਾਸ ਹੈ ੪

੫੮ ਸਯਾਣਾ ਗ੍ਰਾਮ ਕਰ੍ਹੇ ਸੇ ਤੀਨ ਕੋਸ ਦੱਖਣ ੧—ਗੁਰਦੁਵਾਰਾ ੨—ਸਿੱਖ ੩—ਸਬਤ ਸਤਾਰਾਂ ਸੈ ਇਕਾਹਟ ਮੋ ਗੁਰੂ ਜੀ ਥਨੇਸਰ ਗ੍ਰਹਣ ਕੋ ਆਏ ਤਬ ਇਸ ਗ੍ਰਾਮ ਮੇਂ ਸੱਯਦ ਭੀਖ ਕੋ ਮਿਲੇ ।। ਵੋਹ ਈਹਾਂ ਅਰ ਘੁੜਾਮ ਮੇਂ ਰਹਯਾ ਕਰਤਾ ਥਾ ।। ਗੁਰਦੁਵਾਰਾ ਗ੍ਰਾਮ ਮੇ ਹੈ ਊਹਾਂ ਕੀ ਰਜ ਸਥਾਪਨ ਕਰ ਪੁਜਾਰੀਓ ਨੇ ਸੜਕ ਪੈ ਭੀ ਬਨਾਯ ਹੂਆ ਹੈ ੪

੫੯ ਪਹੋਯਾ ਤੀਰਥ ੧—ਗੁਰਦੁਵਾਰਾ ੨—ਸਿੱਖ ੩—ਪਹੋਏ ਮੇਂ ਗੁਰੂ ਜੀ ਕਾ ਥਾਨ ਪੁਲ ਕੇ ਸਮੀਪ ਹੈ ੪

੬੦ ਜੋਤੀਸਰ ਥਨੇਸਰ ਸੇ ਤੀਨ ਕੋਸ ਪੱਛਮ ੧—ਗੁਰਦੁਵਾਰਾ ੨—ਨਿਰਮਲੇ ੩—ਜਹਾਂ ਕ੍ਰਿਸ਼ਨ ਜੀ ਨੇ ਯੁੱਧ ਸਮੇ ਅਰਜਨ ਕੋ ਗੀਤਾ ਸੁਨਾਈ ਤਿਸ ਕਾ ਨਾਮ ਜੋਤੀ ਸਰ ਹੈ ਪਹੋਯੇ ਕੀ ਸੜਕ ਕੇ ਪਾਸ ਹੈ ।। ਪਹੋਯੇ ਸੇ ਜਾਤੇ ਗੁਰੂ ਜੀ ਈਹਾਂ ਰਹੇ ੪

੬੧ ਕਰਣ ਕਾ ਥੇਹ ਥਨੇਸਰ ਸੇ ਏਕ ਕੋਸ ਦੱਖਣ ੧—ਗੁਰਦੁਵਾਰਾ ੨—ਸਿੱਖ ੩ ਈਹਾਂ ਭੀ ਗੁਰੂ ਜੀ ਮਹਾਂ ਸੂਰਬੀਰ ਕਰਣ ਕੇ ਥੇਹ ਪੈ ਗਏ ੪

